Golden State Realty
JASSI GILL
Broker/Owner

Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
IN MORGAN HILL, GILROY,& HOLLISTER

Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING THE ENTIRE SOUTHBAY FROM SAN JOSE TO SALINAS

COVERED CALIFORNIA
Certified Insurance Agent
Global Green INSURANCE AGENCY

ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM

Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 25, Issue 21; May 25, 2024
20451 N. Plum Grove Rd., Palatine, IL 60074
Ph:847-359-0746, Fax:847-705-9388


## ਪੰਜਾਬ ਟਾਈਮਜ਼ ਦਾ ਸ਼ਾਨਾਮੱਤਾ ਸਫਰ




ਪੱਤਰਕਾਰੀ ਦੇ ਖੇਤਰ ਵਿਚ ਨਵੀਆਂ ਨਿਵੇਕਲੀਆਂ ਅਤੇ ਗੂੜ੍ਹੀਆਂ ਪੈੜਾਂ ਪਾਉਣ ਵਾਲੇ ਹਫਤਾਵਾਰੀ ਪਰਚੇ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਮੌਕੇ ਮੌਜੂਦ ਐਡਵਾਈਜ਼ਰੀ ਬੋਰਡ ਦੇ ਮੈਂਬਰਾਂ ਨਾਲ ਉੱਘੇ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ। ਸਾਡੇ ਆਪਣੇ ਅਤੇ ਸਭ ਦੇ ਪਿਆਰੇ ਸ. ਅਮੋਲਕ ਸਿੰਘ ਜੰਮੂ ਦੀ ਅਗਵਾਈ ਹੇਠ ਹਰ ਹਫਤੇ ਪਾਠਕਾਂ ਦੇ ਦਰਾਂ 'ਤੇ ਦਸਤਕ ਦੇ ਵਾਲੇ ਪੰਜਾਬ ਟਾਈਮਜ਼ ਨੂੰ ਇਹ ਮਾਣ ਹਾਸਿਲ ਹੈ ਕਿ ਅਨੇਕ ਔਕੜਾਂ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਇਸ ਨੂੰ ਇਸ ਲੰਮੇ ਸਫਰ ਦੌਰਾਨ ਅਜਿਹੇ ਜਿਊੜਿਆਂ ਦਾ ਸਾਥ ਮਿਲਿਆ ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਇਸ ਮੁਕਾਮ 'ਤੇ ਪੁੱਜੇ ਹਾਂ। ਪ੍ਰੋਗਰਾਮ ਦੀ ਵਿਸਤ੍ਰਿਤ ਰਿਪੋਰਟ ਅਗਲੇ ਅੰਕ ਵਿਚ।


ਸਟਾਰਟ ਸੀ ਡੀ ਐਲ ਤੋਂ ਲਵੋ
ਟਰੱਕਾਂ ਦੀ ਸਿਖਲਾਈ


Call us at: +18442272162
Address: 2605 US-130 Cinnaminson, NJ 08077
* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਦੋ ਹਫਤੇ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS


Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

# ‘ਪੰਜਾਬ ਟਾਈਮਜ਼ ਨਾਈਟ’ ਨੂੰ ਕਾਮਯਾਬ ਕਰਨ ਲਈ ਧੰਨਵਾਦ

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਮਰਹੂਮ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਮੌਕੇ ਸ਼ਿਰਕਤ ਕਰ ਕੇ ਇਸ ਨੂੰ ਸਫਲ ਬਣਾਉਣ ਲਈ ਪੰਜਾਬ ਟਾਈਮਜ਼ ਦੇ ਸਮੂਹ ਸਮਰਥਕਾਂ, ਦੂਰੋਂ-ਨੇੜਿਓਂ ਪੁੱਜੀਆਂ ਅਦਬੀ ਸ਼ਖਸੀਅਤਾਂ ਅਤੇ ਸਹਿਯੋਗੀ ਸੰਸਥਾਵਾਂ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜ਼ੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਅਤੇ ਸਵੇਰਾ ਇੰਕ ਦਾ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਅਤੇ ਸਮੂਹ ਟੀਮ ਵਲੋਂ ਕੋਟਾਨਿ-ਕੋਟਿ ਧੰਨਵਾਦ।

**ਅਸੀਂ ਆਸ ਕਰਦੇ ਹਾਂ ਕਿ ਤੁਸੀਂ ਅੱਗੇ ਵੀ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹੋਗੇ ਅਤੇ ਪੰਜਾਬ ਟਾਈਮਜ਼ ਨੂੰ ਹੋਰ ਬੁਲੰਦੀਆਂ ’ਤੇ ਲੈ ਕੇ ਜਾਣ ਵਿਚ ਸਾਡਾ ਸਹਿਯੋਗ ਕਰੋਗੇ!**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ



ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ



ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਰਾਜਿੰਦਰ ਸਿੰਘ ਬੈਂਸ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ



ਭੁਪਿੰਦਰ ਸਿੰਘ ਧਾਲੀਵਾਲ


ਗੁਰਦੇਵ ਸਿੰਘ ਜੌੜਾ



ਅੰਮ੍ਰਿਤਪਾਲ ਸਿੰਘ ਸੰਘਾ


ਗੁਰਵੀਰ ਸਿੰਘ ਗਿੱਲ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ


ਹਰਵਿੰਦਰ ਪਾਲ ਸਿੰਘ ਲੈਲ


ਜਗਜੀਤ ਸਿੰਘ ਢੀਂਡਸਾ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

# ਡਾ: ਸੁਰਜੀਤ ਪਾਤਰ ਦੀ ਯਾਦ ਵਿਚ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮ ਲਈ ਸੱਦਾ

## *ਵਿਪਸਾਅ ਕਰੇਗੀ ਯਾਦ ਪਾਤਰ ਦੀ ਸ਼ਾਇਰੀ ਅਤੇ ਜ਼ਿੰਦਗੀ*



**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਨੇ ਅਚਾਨਕ ਵਿਛੋੜਾ ਦੇ ਗਏ ਸਿਰਮੌਰ ਪੰਜਾਬੀ ਸ਼ਾਇਰ ਡਾ: ਸੁਰਜੀਤ ਪਾਤਰ ਦੀ ਸ਼ਾਇਰੀ ਅਤੇ ਜ਼ਿੰਦਗੀ ਨੂੰ ਯਾਦ ਕਰਨ ਅਤੇ ਸ਼ਰਧਾਂਜਲੀਆਂ ਭੇਟ ਕਰਨ ਲਈ 26 ਮਈ ਨੂੰ ਸ਼ਾਮ 5 ਤੋਂ 8:30 ਵਜੇ ਤਕ ਵਿਸ਼ੇਸ਼ ਸਾਹਿਤਕ ਇਕੱਠ ਰੱਖਿਆ ਹੈ, ਜਿਸ ਵਿਚ ਸ਼ਾਮਲ ਹੋਣ ਲਈ ਸਭਨਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਅਕਾਦਮੀ ਦੇ ਪ੍ਰਬੰਧਕ ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਕਿ ਇਸ ਸਮਾਗਮ ਵਿਚ ਡਾ: ਪਾਤਰ ਦੀ ਸ਼ਾਇਰੀ ਦਾ ਸੁਖਦੇਵ ਸਾਹਿਲ ਅਤੇ ਹੋਰਨਾਂ ਵੱਲੋਂ ਗਾਇਨ ਹੋਏਗਾ, ਮੈਂਬਰ ਅਤੇ ਹੋਰ ਪੰਜਾਬੀ ਸਾਹਿਤ ਪਿਆਰੇ ਉਨ੍ਹਾਂ ਦੀ ਮਨਭਾਉਂਦੀ ਸ਼ਾਇਰੀ ਪੜ੍ਹਨਗੇ, ਉਨ੍ਹਾਂ ਨਾਲ ਆਪਣੀ ਸਾਂਝ ਅਤੇ ਬਿਤਾਏ ਵਕਤ ਦੀਆਂ ਯਾਦਾਂ ਤਾਜ਼ਾ ਕਰਦਿਆਂ ਅਕੀਦਤ ਦੇ ਫ਼ੁੱਲ ਭੇਟ ਕਰਨਗੇ। ਇਹ ਸਮਾਗਮ ਫਰੀਮੌਂਟ ਦੇ Irvington Community Center, 41885 Blacow Rd, Fremont, CA 94538 (ਇਰਵਿੰਗਟਨ ਕਮਿਊਨਿਟੀ ਸੈਂਟਰ, 41885 ਬਲੈਕਾਓ ਰੋਡ, ਫਰੀਮੌਂਟ) ਵਿਖੇ ਹੋਏਗਾ। ਸਮਾਗਮ 5 ਵਜੇ ਸ਼ਾਮ ਨੂੰ ਸ਼ੁਰੂ ਹੋਏਗਾ ਅਤੇ ਰਾਤ ਦੇ ਖਾਣੇ ਨਾਲ 8:30 ਵਜੇ ਸਮਾਪਤ ਹੋਏਗਾ। ਬੇ-ਏਰੀਆ ਇਲਾਕੇ ਨਾਲ ਸਬੰਧਿਤ ਸਭ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿਚ ਸ਼ਿਰਕਤ ਕਰਨ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

**-ਜਗਜੀਤ ਨੌਸ਼ਹਿਰਵੀ, ਜਨਰਲ ਸਕੱਤਰ**
**ਵਿਸ਼ਵ ਪੰਜਾਬੀ ਸਾਹਿਤ ਅਕਾਦਮੀ**


# ਤਜਰਬੇਕਾਰ ਕਰੀ ਕੁੱਕ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਕਰੀ ਕੁੱਕ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ**

***ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ***





**ਕਾਲ ਕਰੋ: ਮਿ. ਸਿੰਘ**

**ਫੋਨ: 515-291-1961**





Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



# SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**





*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**


# Matrimonials

## ਲੜਕੀ ਦੀ ਲੋੜ ਹੈ

Parjapat Punjabi family looking for a H1B or Student visa holder Match for their Engineer son, working in MNC at Texas, USA. Age- 28, 5.10". Caste no Bar. Please Contact us at: singh.dapinder@gmail.com or call at 732-407-6683.

20-23

Looking for a suitable Ramgarhia Sikh Dhiman match in the USA/Canada for our well-settled boy (US citizen), 31, 5'11" tall, residing in Chicago. Please contact: man.rupal93@gmail.com

20-23

Ramgarhia family looking for a suitable match for their USA born Electtrical Engineer boy, 31, 5'11" tall. Gilr should be educated. Please call us at: **586-549-0107** or E-mail: sukhjitusa@att.net.

20-23

Jatt Sikh family seeks a suitable match for their US Citizen, very handsome, teetotaller, trimmed hair, son, 31, 5'8", Master in Education and diploma in Administration. Working as Program specialist in Maths with California govt. He is very knowledgeable, sincere and progressive. Caste no bar, no demand. Send profile with photo at whatsapp no. 661-578-2261

19-22

Jat Sikh family from California Bay Area looking for a suitable match for their son born & raised in the US , 38 Yrs., 6.2", Engineer working in an executive Position in the Bay Area. Girl should be tall and from the US. For more info. E-mail: SVSCC2013@gmail.com or call (408) 309-9026.

19-22

Looking for Educated Girl for 30 year old, Engineer Ramgharia Sikh Boy, Height 5-7 Canada Citizen. Works with planes. Girl can be from Canada or USA. Please Contact: (559) 801-5475 (USA) or WhatsApp at +919592062095 (India).

17-18

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'3" , residing in Michigan (Canton). Bachelors degree holder and currently working as a Embedded Software Engineer. please call us at : +17348001448

17-20

Affluent Sikh family seeks a beautiful, well-educated, Gursikh, Jat, family-oriented girl for a Keshdhari and Turban wearing boy. Height 6'-2" and Sr. Network Engineer, June 1994 Born and Raised in Michigan, USA. Preferred USA/Canadian born/raised girl. Call/Whatsapp: +1-586-873-3444

17-20

## ਲੜਕੇ ਦੀ ਲੋੜ ਹੈ

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2" , residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744

17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793

17-20

Ramgarhia Sikh family is looking for a suitable match for their Canadian Citizen daughter 30, 5'-8" beautiful, family oriented, graduated in M.B.A (Canada). The boy must be from USA or Canada, professionally qualified, well settled, and with good family values. Serious enquiries only. Please respond to hunjan.inders@gmail.com with biodata.

16-19

# ਚੋਣਾਂ ਵਿਚ ਮਾਝੇ ਦੇ ਵੱਡੇ ਆਗੂਆਂ ਦਾ ਵੱਕਾਰ ਦਾਅ ਉਤੇ ਲੱਗਾ

**ਅੰਮ੍ਰਿਤਸਰ:** ਮਾਝੇ ਦੇ ਤਿੰਨ ਲੋਕ ਸਭਾ ਹਲਕਿਆਂ ਵਿਚ ਇਸ ਵਾਰ ਦੋ ਮੌਜੂਦਾ ਮੰਤਰੀਆਂ, ਇਕ ਸਾਬਕਾ ਉਪ ਮੁੱਖ ਮੰਤਰੀ, ਦੋ ਸਾਬਕਾ ਮੰਤਰੀਆਂ ਅਤੇ ਇਕ ਮੌਜੂਦਾ ਲੋਕ ਸਭਾ ਮੈਂਬਰ ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਜੋ ਮੌਜੂਦਾ ਮੈਂਬਰ ਪਾਰਲੀਮੈਂਟ ਵੀ ਹਨ ਅਤੇ ਇਕ ਸਾਬਕਾ ਅਕਾਲੀ ਮੰਤਰੀ ਅਨਿਲ ਜੋਸ਼ੀ ਜੋ ਅਕਾਲੀ ਦਲ ਵੱਲੋਂ ਚੋਣ ਮੈਦਾਨ ਵਿਚ ਹਨ, ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ।



ਇਸੇ ਤਰ੍ਹਾਂ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਅਕਾਲੀ ਦਲ ਦੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਮੈਦਾਨ ਵਿਚ ਹਨ। ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ 'ਆਪ' ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਮੁਕਾਬਲੇ ਵਿੱਚ ਹਨ। ਮਾਝੇ ਵਿਚ ਤਿੰਨ ਲੋਕ ਸਭਾ ਹਲਕਿਆਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਖਡੂਰ ਸਾਹਿਬ ਵਿਚ ਚੌਕੋਣਾ ਮੁਕਾਬਲਾ ਨਜ਼ਰ ਆ ਰਿਹਾ ਹੈ। ਉਂਝ ਖਡੂਰ ਸਾਹਿਬ ਹਲਕੇ ਤੋਂ ਪੰਜ ਵੱਡੀਆਂ ਧਿਰਾਂ ਮੈਦਾਨ ਵਿਚ ਹਨ। ਇਸ ਹਲਕੇ ਤੋਂ ਕਾਂਗਰਸ, ਆਪ, ਅਕਾਲੀ ਦਲ ਅਤੇ ਭਾਜਪਾ ਮਗਰੋਂ ਆਜ਼ਾਦ ਰੂਪ ਵਿਚ ਮੈਦਾਨ ਵਿਚ ਉਤਰੇ ਭਾਈ ਅੰਮ੍ਰਿਤਪਾਲ ਸਿੰਘ ਨੇ ਸਥਿਤੀ ਵਿਗਾੜੀ ਹੋਈ ਹੈ।

ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਵੱਲੋਂ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਵਲੋਂ ਵੀ ਕਿਸਮਤ ਅਜ਼ਮਾਈ ਕੀਤੀ ਜਾ ਰਹੀ ਹੈ। ਉਧਰ, 'ਆਪ' ਨੂੰ ਦੂਜੀਆਂ ਪਾਰਟੀਆਂ ਛੱਡ ਕੇ ਧੜਾਧੜ ਆ ਰਹੇ ਲੀਡਰਾਂ ਦਾ ਲਾਹਾ ਤਾਂ ਮਿਲ ਸਕਦਾ ਹੈ ਪਰ ਨਾਲ ਹੀ ਕੁਝ ਹਲਕਿਆਂ ਵਿਚ ਵਿਧਾਇਕਾਂ ਦੀ ਕਾਰਗੁਜ਼ਾਰੀ ਨੂੰ ਲੈ ਕੇ ਵੀ ਲੋਕਾਂ ਵੱਲੋਂ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਭਾਜਪਾ ਪਹਿਲਾਂ ਹੀ ਪਿੰਡਾਂ ਵਿਚ ਕਿਸਾਨਾਂ ਦੇ ਵਿਰੋਧ ਦਾ ਸ਼ਿਕਾਰ ਹੋਣ ਕਰਨ ਪੇਂਡੂ ਖੇਤਰਾਂ ਵਿੱਚ ਆਪਣੀ ਚੋਣ ਮੁਹਿੰਮ ਪੂਰੀ ਤਰ੍ਹਾਂ ਨਹੀਂ ਭਖਾ ਸਕੀ।

ਗੁਰਦਾਸਪੁਰ ਹਲਕੇ ਵਿਚ ਅਕਾਲੀ ਦਲ ਵੱਲੋਂ ਡੇਰਾ ਬਾਬਾ ਨਾਨਕ ਹਲਕੇ ਤੋਂ ਰਵੀਕਰਨ ਸਿੰਘ ਕਾਹਲੋਂ ਨੂੰ ਪਾਰਟੀ ਵਿਚੋਂ ਕੱਢਣ ਕਰਕੇ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਲਈ ਹਾਲਦੀ ਘੜੀ ਮੁਸੀਬਤ ਖੜ੍ਹੀ ਹੋ ਗਈ ਹੈ। 'ਆਪ' ਉਮੀਦਵਾਰ ਸ਼ੈਰੀ ਕਲਸੀ ਦੀ ਮੁਹਿੰਮ ਨੂੰ ਦੂਜੀਆਂ ਪਾਰਟੀਆਂ ਛੱਡ ਕੇ ਆ ਰਹੇ ਲੀਡਰ ਹਾਲਦੀ ਘੜੀ ਹੁਲਾਰਾ ਜ਼ਰੂਰ ਦੇ ਰਹੇ ਹਨ ਪਰ ਇਨ੍ਹਾਂ ਵਿਚੋਂ ਕਿੰਨੀਆਂ ਵੋਟਾਂ ਬਣਦੀਆਂ ਹਨ, ਇਹ ਸਮਾਂ ਹੀ ਦੱਸੇਗਾ।

# ਜੰਮੂ ਕਸ਼ਮੀਰ ਵਿਚ ਜਲੰਧਰ ਦੇ ਮੇਜਰ ਵੱਲੋਂ ਖੁਦਕੁਸ਼ੀ

**ਜਲੰਧਰ:** ਜੰਮੂ ਕਸ਼ਮੀਰ ਦੇ ਅਖਨੂਰ ਬਾਰਡਰ 'ਤੇ ਤਾਇਨਾਤ ਜਲੰਧਰ ਦੇ ਲੱਧੇਵਾਲੀ ਦੇ ਰਹਿਣ ਵਾਲੇ ਮੇਜਰ ਨੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਮੇਜਰ ਦੀ ਪਛਾਣ ਮੁਬਾਰਕ ਸਿੰਘ ਪੱਡਾ ਵਜੋਂ ਹੋਈ ਹੈ। ਪੱਡਾ ਦੀ ਮ੍ਰਿਤਕ ਦੇਹ ਨੂੰ ਜਲੰਧਰ ਲਿਆਂਦਾ ਗਿਆ ਜਿੱਥੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।



ਉਨ੍ਹਾਂ ਦੀ ਦੇਹ ਨੂੰ ਤਿਰੰਗੇ ਵਿਚ ਲਪੇਟ ਕੇ ਭੇਜਿਆ ਗਿਆ। ਮੁਬਾਰਕ ਸਿੰਘ ਨਾਲ ਤਾਇਨਾਤ ਫੌਜ ਦੇ ਮੇਜਰ ਰਮਿਤ ਸਿੰਘ ਨੇ ਦੱਸਿਆ ਕਿ ਮੇਜਰ ਪੱਡਾ ਉਨ੍ਹਾਂ ਨਾਲ ਤਾਇਨਾਤ ਸੀ। ਦੋਵਾਂ ਨੇ ਇਕੱਠੇ ਟਰੇਨਿੰਗ ਕੀਤੀ ਤੇ ਦੋਵੇਂ ਇਕੱਠੇ ਪਾਸ ਆਊਟ ਹੋਏ। ਮੇਜਰ ਮੁਬਾਰਕ ਸਿੰਘ ਪੱਡਾ ਨੂੰ ਸਭ ਤੋਂ ਪਹਿਲਾਂ ਉਤਰਾਖੰਡ ਵਿਚ ਤਾਇਨਾਤ ਕੀਤਾ ਗਿਆ ਸੀ। ਫਿਰ ਉਹ ਪੱਛਮੀ ਬੰਗਾਲ ਅਤੇ ਬਾਅਦ ਵਿਚ ਜੰਮੂ ਕਸ਼ਮੀਰ ਵਿਚ ਤਾਇਨਾਤ ਸਨ। ਮੇਜਰ ਰਮਿਤ ਸਿੰਘ ਨੇ ਦੱਸਿਆ ਕਿ ਮੁਬਾਰਕ ਨੇ ਇਹ ਕਦਮ ਕਿਉਂ ਚੁੱਕਿਆ, ਇਸ ਬਾਰੇ ਫਿਲਹਾਲ ਕੋਈ ਜਾਣਕਾਰੀ ਨਹੀਂ ਹੈ। ਖੁਦਕੁਸ਼ੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪਰਿਵਾਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਮੁਬਾਰਕ ਨੇ ਅਜਿਹਾ ਕਿਉਂ ਕੀਤਾ। ਮੇਜਰ ਨੇ ਖੁਦ ਨੂੰ ਕਮਰੇ 'ਚ ਬੰਦ ਕਰ ਲਿਆ ਸੀ ਜਿਸ ਤੋਂ ਬਾਅਦ ਉਸ ਨੇ ਖੁਦ ਨੂੰ ਗੋਲੀ ਮਾਰ ਲਈ।

# ਗਰਮੀ ਵਾਂਗ ਬਿਜਲੀ ਦੀ ਮੰਗ ਵੀ ਛੜੱਪੇ ਮਾਰਨ ਲੱਗੀ

**ਪਟਿਆਲਾ:** ਮੌਸਮ ਵਿਗਿਆਨੀਆਂ ਵੱਲੋਂ ਕੀਤੀ ਗਈ ਪੇਸ਼ੀਨਗੋਈ ਤਹਿਤ ਗਰਮੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਦੂਜੇ ਬੰਨੇ ਇਨ੍ਹਾਂ ਦਿਨੀਂ ਗਰਮੀ ਵਾਂਗ ਬਿਜਲੀ ਦੀ ਮੰਗ ਵੀ ਛੜੱਪੇ ਮਾਰਨ ਲੱਗੀ ਹੈ। ਅੱਗੇ ਤਾਂ ਝੋਨੇ ਦੀ ਲੁਆਈ ਸ਼ੁਰੂ ਹੋਣ 'ਤੇ ਹੀ ਬਿਜਲੀ ਦੀ ਵਧੇਰੇ ਮੰਗ ਵਧਦੀ ਰਹੀ ਹੈ, ਪਰ ਐਤਕੀਂ ਅਗਾਊਂ ਹੀ ਇਸ ਮੰਗ 'ਚ ਵਾਧਾ ਹੋ ਗਿਆ ਹੈ।



ਬਿਜਲੀ ਦੀ ਮੰਗ 13 ਹਜ਼ਾਰ ਮੈਗਾਵਾਟ ਤੋਂ ਵੀ ਉੱਪਰ ਟੱਪ ਗਈ ਜਦਕਿ ਪਿਛਲੇ ਸਾਲ 18 ਮਈ ਨੂੰ ਬਿਜਲੀ ਦੀ ਇਹ ਮੰਗ 10165 ਮੈਗਾਵਾਟ ਸੀ। ਇਸ ਤਰ੍ਹਾਂ ਪਿਛਲੇ ਸਾਲ ਦੇ ਮੁਕਾਬਲੇ 2835 ਮੈਗਾਵਾਟ ਜ਼ਿਆਦਾ ਹੈ। ਉਂਜ ਸ਼ਾਮ ਨੂੰ ਬਿਜਲੀ ਦੀ ਇਹ ਮੰਗ 12,923 ਹੋ ਗਈ ਸੀ ਪਰ ਪਾਵਰਕੌਮ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਿਜਲੀ ਮੰਗ ਦੇ ਬਰਾਬਰ ਹੀ ਸਪਲਾਈ ਵੀ ਦਿੱਤੀ ਗਈ ਹੈ ਤੇ ਮੰਗ ਵਧਣ ਦੇ ਬਾਵਜੂਦ ਪੰਜਾਬ 'ਚ ਕਿਤੇ ਵੀ ਬਿਜਲੀ ਕੱਟ ਨਹੀਂ ਲਾਇਆ ਗਿਆ। ਉਧਰ 17 ਮਈ ਨੂੰ ਇਹ ਮੰਗ 12600 ਮੈਗਾਵਾਟ ਰਹੀ, ਜਦਕਿ ਪਿਛਲੇ ਸਾਲ ਇਸ ਦਿਨ 976 ਮੈਗਾਵਾਟ ਹੀ ਬਿਜਲੀ ਦੀ ਮੰਗ ਸੀ। ਇਸ ਤਰ੍ਹਾਂ ਐਤਕੀਂ ਗਰਮੀ ਜ਼ਿਆਦਾ ਪੈਣ ਸਮੇਤ ਕੁਝ ਹੋਰ ਕਾਰਨਾਂ ਕਰਕੇ ਵੀ ਬਿਜਲੀ ਦੀ ਮੰਗ ਵਧ ਰਹੀ ਹੈ। ਉਧਰ ਬਿਜਲੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੰਗ ਵਧਣ ਦੇ ਬਾਵਜੂਦ ਪਾਵਰਕੌਮ ਵੱਲੋਂ ਪੰਜਾਬ 'ਚ ਕਿਤੇ ਵੀ ਬਿਜਲੀ ਕੱਟ ਲਾਉਣ ਦਾ ਸ਼ਡਿਊਲ ਨਹੀਂ ਸੀ।

ਬਿਜਲੀ ਮਾਹਰਾਂ ਦਾ ਕਹਿਣਾ ਹੈ ਕਿ ਬਿਜਲੀ ਦੀ ਮੰਗ ਵਧਣ ਦਾ ਇਕ ਕਾਰਨ ਤਾਂ ਐਤਕੀਂ ਮਈ 'ਚ ਵਧੀ ਗਰਮੀ ਹੀ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ 600 ਯੂਨਿਟ ਤੱਕ ਬਿਜਲੀ ਬਿੱਲਾਂ ਦੀ ਕੀਤੀ ਗਈ ਮੁਆਫ਼ੀ ਕਰਕੇ ਵੀ ਬਿਜਲੀ ਦੀ ਮੰਗ ਵਧੀ ਹੈ ਕਿਉਂਕਿ ਅਜਿਹੀ ਸੂਰਤ 'ਚ ਅੱਤ ਦੀ ਗਰਮੀ ਤੋਂ ਬਚਣ ਲਈ ਲੋਕ ਏ.ਸੀ, ਕੂਲਰ ਆਦਿ ਦੀ ਵੀ ਜ਼ਿਆਦਾ ਵਰਤੋਂ ਕਰ ਰਹੇ ਹਨ।

# ਸਾਬਕਾ ਕੈਬਨਿਟ ਮੰਤਰੀ ਕੰਗ ਦੀ ਦੋ ਸਾਲ ਮਗਰੋਂ ਘਰ ਵਾਪਸੀ

**ਕੁਰਾਲੀ:** ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਸਾਬਕਾ ਕੈਬਨਿਟ ਮੰਤਰੀ ਜਗਮੋਹਨ ਸਿੰਘ ਕੰਗ ਆਪਣੇ ਪੁੱਤਰਾਂ ਸਣੇ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ। ਦਿੱਲੀ ਵਿਚ ਪਾਰਟੀ ਦਫ਼ਤਰ ਵਿਚ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸ੍ਰੀ ਕੰਗ ਦਾ ਮੁੜ ਕਾਂਗਰਸ ਵਿਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ।



ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਦੇ ਸਹਿਯੋਗ ਨਾਲ ਮੁੜ ਕਾਂਗਰਸ ਵਿਚ ਸ਼ਾਮਲ ਹੋਏ ਸਾਬਕਾ ਕੈਬਨਿਟ ਮੰਤਰੀ ਜਗਮੋਹਨ ਸਿੰਘ ਕੰਗ ਅਤੇ ਉਨ੍ਹਾਂ ਦੇ ਪੁੱਤਰਾਂ ਯਾਦਵਿੰਦਰਾ ਸਿੰਘ ਕੰਗ (ਬੰਨੀ) ਅਤੇ ਅਮਰਿੰਦਰ ਸਿੰਘ ਕੰਗ (ਰੋਮੀ) ਨੇ ਕਾਂਗਰਸ ਪਾਰਟੀ ਵਿਚ ਘਰ ਵਾਪਸੀ ਕੀਤੀ।

ਇਸ ਮੌਕੇ ਸ੍ਰੀ ਕੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿਚ ਦੋ ਸਾਲ ਦੇ ਸਫ਼ਰ ਦੌਰਾਨ ਉਨ੍ਹਾਂ ਦਾ ਤਜਰਬਾ ਬਹੁਤ ਮਾੜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕਾ ਖਰੜ ਸਣੇ ਪੰਜਾਬ ਦੇ ਲੋਕਾਂ ਨੇ ਵੱਡੀਆਂ ਉਮੀਦਾਂ ਲੈ ਕੇ 'ਆਪ' ਨੂੰ ਬਹੁਮਤ ਦਿੱਤਾ ਸੀ ਪਰ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿਚ ਆਈ 'ਆਪ' ਨੇ ਸਭ ਨੂੰ ਵਿਸਾਰ ਕੇ ਰੱਖ ਦਿੱਤਾ।

ਸ੍ਰੀ ਕੰਗ ਨੇ ਕਿਹਾ ਕਿ ਉਨ੍ਹਾਂ ਨੇ ਹਲਕੇ ਵਿਚ 'ਆਪ' ਦੀ ਜਿੱਤ ਲਈ ਦਿਨ ਰਾਤ ਇਕ ਕੀਤਾ ਪਰ ਕਿਸੇ ਨੇ ਉਨ੍ਹਾਂ ਦੀ ਮਿਹਨਤ ਤੇ ਵੋਟਰਾਂ ਦੇ ਪਿਆਰ ਦੀ ਕਦਰ ਨਹੀਂ ਪਾਈ। ਉਨ੍ਹਾਂ ਕਿਹਾ ਕਿ ਹੁਣ ਮੁੜ ਕਾਂਗਰਸ ਵਿਚ ਆ ਕੇ ਉਹ ਸਕੂਨ ਮਹਿਸੂਸ ਕਰ ਰਹੇ ਹਨ।

# ਐਨ.ਆਈ.ਏ. ਦੇ ਸਾਬਕਾ ਡੀ.ਜੀ. ਦਿਨਕਰ ਗੁਪਤਾ ਨੂੰ ਜ਼ੈੱਡ ਪਲੱਸ ਸੁਰੱਖਿਆ

**ਨਵੀਂ ਦਿੱਲੀ:** ਖਾਲਿਸਤਾਨ ਪੱਖੀ ਅਨਸਰਾਂ ਤੋਂ ਸੰਭਾਵੀ ਖ਼ਤਰੇ ਦੇ ਮੱਦੇਨਜ਼ਰ ਕੇਂਦਰ ਸਰਕਾਰ ਵੱਲੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੇ ਸਾਬਕਾ ਡਾਇਰੈਕਟਰ ਜਨਰਲ (ਡੀ.ਜੀ.) ਦਿਨਕਰ ਗੁਪਤਾ ਨੂੰ ਜ਼ੈੱਡ ਪਲੱਸ ਸ਼੍ਰੇਣੀ ਦੀ ਵੀ.ਆਈ.ਪੀ. ਸੁਰੱਖਿਆ ਛੱਤਰੀ ਮੁਹੱਈਆ ਕਰਵਾਈ ਗਈ ਹੈ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ।

ਪੰਜਾਬ ਪੁਲਿਸ ਦੇ ਸਾਬਕਾ ਡੀ.ਜੀ.ਪੀ. ਦਿਨਕਰ ਗੁਪਤਾ ਅਪਰੈਲ ਮਹੀਨੇ ਸੇਵਾਮੁਕਤ ਹੋਏ ਸਨ। ਸੂਤਰਾਂ ਨੇ ਦੱਸਿਆ ਕਿ 1987 ਬੈਚ ਦੇ ਆਈ.ਪੀ.ਐਸ. ਅਧਿਕਾਰੀ ਦੀ ਸੁਰੱਖਿਆ ਦਾ ਜਿੰਮਾ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐਫ) ਦੇ ਵੀ.ਆਈ.ਪੀ. ਸਕਿਉਰਿਟੀ ਵਿੰਗ ਨੂੰ ਸੌਂਪਿਆ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਗੁਪਤਾ ਦੀ ਪੰਜਾਬ ਤੇ ਦਿੱਲੀ ਵਿਚ ਮੌਜੂਦਗੀ ਦੌਰਾਨ ਸੀ.ਆਰ.ਪੀ.ਐਫ. ਦੇ



40 ਮੈਂਬਰੀ ਦਸਤੇ ਦੇ ਜਵਾਨ ਵਾਰੀ ਸਿਰ ਉਨ੍ਹਾਂ ਦੀ ਸੁਰੱਖਿਆ 'ਚ ਤਾਇਨਾਤ ਰਹਿਣਗੇ।

# ਮੂਸੇਵਾਲਾ ਦੀ ਵਿਰਾਸਤ ਦਾ ਲਾਹਾ ਲੈਣ ਦੀ ਤਿਆਰੀ 'ਚ ਕਾਂਗਰਸ

**ਚੰਡੀਗੜ੍ਹ:** ਪੰਜਾਬ 'ਚ ਕਾਂਗਰਸ ਮਰਹੂਮ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਵਿਰਾਸਤ ਦਾ ਲਾਹਾ ਲੈਣ ਦੀ ਤਿਆਰੀ 'ਚ ਹੈ। ਪਿਛਲੇ ਕੁਝ ਦਿਨਾਂ ਦੌਰਾਨ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਕਾਂਗਰਸ ਉਮੀਦਵਾਰਾਂ ਨਾਲ ਪਰਚੇ ਦਾਖ਼ਲ ਕਰਨ ਸਮੇਂ ਦੇਖਿਆ ਗਿਆ। ਉਹ ਲੁਧਿਆਣਾ, ਆਨੰਦਪੁਰ ਸਾਹਿਬ ਅਤੇ ਬਠਿੰਡਾ 'ਚ ਕਾਂਗਰਸੀ ਉਮੀਦਵਾਰਾਂ ਨਾਲ ਮੌਜੂਦ ਸਨ।

ਮੂਸੇਵਾਲਾ ਦੀ ਹੱਤਿਆ ਲਈ ਜ਼ਿੰਮੇਵਾਰ ਦੋਸ਼ੀਆਂ ਖ਼ਿਲਾਫ਼ ਪੁਖ਼ਤਾ ਕਾਰਵਾਈ ਨਾ ਕੀਤੇ ਜਾਣ ਤੋਂ ਨਾਰਾਜ਼ ਪਰਿਵਾਰ ਦੇ ਭਾਜਪਾ ਅਤੇ 'ਆਪ' ਖ਼ਿਲਾਫ਼ ਰਵੱਈਏ ਦੀ ਕਾਂਗਰਸ ਵਰਤੋਂ ਕਰਨ ਦੇ ਰੌਂਅ 'ਚ ਜਾਪ ਰਹੀ ਹੈ। ਪਿਛਲੇ ਸਾਲ ਜਲੰਧਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਮੂਸੇਵਾਲਾ ਦੇ ਪਿਤਾ ਨੇ 'ਆਪ' ਖ਼ਿਲਾਫ਼ ਪ੍ਰਚਾਰ ਕੀਤਾ ਸੀ। ਉਂਜ ਤਤਕਾਲੀ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਚੋਣ ਜਿੱਤ ਗਿਆ ਸੀ। ਰਿੰਕੂ ਹੁਣ ਭਾਜਪਾ 'ਚ ਸ਼ਾਮਲ ਹੋ ਗਿਆ ਹੈ ਅਤੇ ਉਸ ਨੂੰ ਜਲੰਧਰ ਤੋਂ ਟਿਕਟ ਦਿੱਤੀ ਗਈ ਹੈ। ਸੀਨੀਅਰ ਕਾਂਗਰਸ ਆਗੂਆਂ ਨੇ ਮੰਨਿਆ ਕਿ ਮਰਹੂਮ ਪੰਜਾਬੀ ਗਾਇਕ ਦੀ ਮਕਬੂਲੀਅਤ ਅਤੇ ਉਸ ਦੇ ਪਿਤਾ ਨੂੰ ਦਿੱਤੀ ਜਾ ਰਹੀ ਹਮਾਇਤ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਹੈ।



ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ,''ਪਰਿਵਾਰ ਆਪਣੇ ਪੁੱਤਰ ਦੀ ਹੱਤਿਆ ਮਗਰੋਂ ਇਨਸਾਫ਼ ਲਈ ਲਗਾਤਾਰ ਸੰਘਰਸ਼ ਕਰ ਰਿਹਾ ਹੈ। 'ਆਪ' ਨੇ ਉਨ੍ਹਾਂ ਦੇ ਜਜ਼ਬਾਤ ਦੀ ਕੋਈ ਕਦਰ ਨਹੀਂ ਪਾਈ। ਕਾਂਗਰਸ ਪਾਰਟੀ ਮਰਹੂਮ ਗਾਇਕ ਨੂੰ ਇਨਸਾਫ਼ ਦਿਵਾਉਣ ਲਈ ਲਗਾਤਾਰ ਸੰਘਰਸ਼ ਕਰਨਾ ਜਾਰੀ ਰੱਖੇਗੀ।'' ਮੂਸੇਵਾਲਾ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਮਾਨਸਾ ਤੋਂ ਕਾਂਗਰਸ ਦੀ ਟਿਕਟ 'ਤੇ ਲੜੀਆਂ ਸਨ ਪਰ ਉਹ 'ਆਪ' ਦੇ ਵਿਜੈ ਸਿੰਗਲਾ ਤੋਂ ਹਾਰ ਗਿਆ ਸੀ। ਚੋਣ ਹਾਰਨ ਮਗਰੋਂ ਮੂਸੇਵਾਲਾ ਦੀ ਮਾਨਸਾ 'ਚ 29 ਮਈ, 2022 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਕੁਝ ਦਿਨ ਪਹਿਲਾਂ ਪੰਜਾਬ ਕਾਂਗਰਸ ਨੇ ਬਲਕੌਰ ਸਿੰਘ ਨੂੰ ਮਨਾਇਆ ਸੀ ਕਿ ਉਹ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਨਾ ਲੜਨ। ਕਾਂਗਰਸ ਵਿਧਾਇਕ ਦਲ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੂਸੇਵਾਲਾ ਦੇ ਘਰ ਜਾ ਕੇ ਬਲਕੌਰ ਸਿੰਘ ਨੂੰ ਭਰੋਸਾ ਦਿੱਤਾ ਸੀ ਕਿ ਉਹ ਇਨਸਾਫ਼ ਲਈ ਸੰਸਦ 'ਚ ਆਵਾਜ਼ ਬੁਲੰਦ ਕਰਨਗੇ। ਉਂਜ ਇਹ ਵੀ ਚਰਚਾ ਸੀ ਕਿ ਕਾਂਗਰਸ ਬਲਕੌਰ ਸਿੰਘ ਨੂੰ ਬਠਿੰਡਾ ਤੋਂ ਟਿਕਟ ਦੇਣਾ ਚਾਹੁੰਦੀ ਸੀ ਪਰ ਉਨ੍ਹਾਂ ਇਨਕਾਰ ਕਰ ਦਿੱਤਾ ਸੀ। ਇਸ ਸਾਲ ਮਾਰਚ 'ਚ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਆਈ.ਵੀ.ਐਫ. ਤਕਨੀਕ ਰਾਹੀਂ ਇਕ ਬੱਚੇ ਨੂੰ ਜਨਮ ਦਿੱਤਾ ਹੈ। ਉਸ ਸਮੇਂ ਵੀ ਰੌਲਾ ਪੈ ਗਿਆ ਸੀ ਕਿ 'ਆਪ' ਸਰਕਾਰ ਜੋੜੇ ਨੂੰ ਪਰੇਸ਼ਾਨ ਕਰ ਰਹੀ ਹੈ। ਕੇਂਦਰੀ ਸਿਹਤ ਮੰਤਰਾਲੇ ਨੇ ਵੀ ਪੰਜਾਬ ਸਰਕਾਰ ਨੂੰ ਕਿਹਾ ਸੀ ਕਿ ਉਹ ਆਈ.ਵੀ.ਐੱਫ. ਇਲਾਜ ਬਾਰੇ ਵਿਸਥਾਰਤ ਰਿਪੋਰਟ ਪੇਸ਼ ਕਰੇ ਕਿਉਂਕਿ ਚਰਨ ਕੌਰ ਦੀ ਵੱਡੀ ਉਮਰ ਹੋਣ ਕਾਰਨ ਉਹ ਏਆਰਟੀ (ਰੈਗੂਲੇਸ਼ਨ) ਐਕਟ, 2021 ਤਹਿਤ ਬੱਚੇ ਨੂੰ ਜਨਮ ਨਹੀਂ ਦੇ ਸਕਦੀ ਸੀ।

# ਸਿੰਘ ਸਾਹਿਬਾਨ ਵੱਲੋਂ ਜੂਨ 84 ਦਾ ਹਮਲਾ ਤੀਜਾ ਘੱਲੂਘਾਰਾ ਕਰਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਜੂਨ 1984 ਵਿਚ ਭਾਰਤ ਦੀ ਕਾਂਗਰਸ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਕੀਤੇ ਫੌਜੀ ਹਮਲੇ ਨੂੰ ਤੀਜਾ ਘੱਲੂਘਾਰਾ ਕਰਾਰ ਦਿੱਤਾ ਗਿਆ। ਉਨ੍ਹਾਂ ਸਿੱਖ ਜਗਤ ਨੂੰ ਆਦੇਸ਼ ਦਿੱਤਾ ਹੈ ਇਸ ਤੀਜੇ ਘੱਲੂਘਾਰੇ ਦੇ 40ਵੇਂ ਵਰ੍ਹੇ ਮੌਕੇ 1 ਤੋਂ 6 ਜੂਨ ਤੱਕ ਸ਼ਹੀਦੀ ਸਪਤਾਹ ਮਨਾਏ ਜਾਣ।



ਸ੍ਰੀ ਅਕਾਲ ਤਖ਼ਤ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਹੇਠ ਹੋਈ ਇਕੱਤਰਤਾ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ, ਸ੍ਰੀ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਵਿਚੋਂ ਗਿਆਨੀ ਮੰਗਲ ਸਿੰਘ ਅਤੇ ਗਿਆਨੀ ਸੁਖਦੇਵ ਸਿੰਘ ਸ਼ਾਮਲ ਹੋਏ। ਇਕੱਤਰਤਾ ਉਪਰੰਤ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਸ ਵੇਲੇ ਭਾਰਤ ਸਰਕਾਰ ਵੱਲੋਂ ਫੌਜ ਰਾਹੀਂ 1 ਜੂਨ ਤੋਂ 6 ਜੂਨ 1984 ਤੱਕ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਨੂੰ ਤੋਪਾਂ-ਟੈਂਕਾਂ ਨਾਲ ਨਿਸ਼ਾਨਾ ਬਣਾਇਆ ਗਿਆ ਸੀ। ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਸਮੇਤ 37 ਹੋਰ ਗੁਰਧਾਮਾਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਆਈਆਂ ਸੰਗਤਾਂ ਨੂੰ ਸ਼ਹੀਦ ਕੀਤਾ ਗਿਆ ਸੀ।

ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਆਦੇਸ਼ ਦਿੱਤਾ ਹੈ ਕਿ ਇਸ ਸਾਲ ਜੂਨ ਮਹੀਨੇ 40ਵਾਂ ਘੱਲੂਘਾਰਾ ਦਿਹਾੜਾ ਵੱਡੇ ਪੱਧਰ 'ਤੇ ਮਨਾਉਂਦਿਆਂ ਸ਼ਹੀਦੀ ਸਪਤਾਹ ਮਨਾਇਆ ਜਾਵੇ। ਇਸ ਦੌਰਾਨ ਦੇਸ਼-ਵਿਦੇਸ਼ ਦੇ ਹਰੇਕ ਗੁਰਦੁਆਰੇ ਵਿਚ ਗੁਰਮਤਿ ਸਮਾਗਮ ਕੀਤੇ ਜਾਣ ਅਤੇ ਜੂਨ 1984 ਦੇ ਘੱਲੂਘਾਰੇ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ 6 ਜੂਨ ਨੂੰ ਸਵੇਰੇ 9 ਵਜੇ ਹਰੇਕ ਗੁਰਦੁਆਰੇ ਵਿਖੇ ਅਰਦਾਸ ਕੀਤੀ ਜਾਵੇ।

# ਜਥੇਦਾਰ ਨੇ ਰੁਮਾਲਿਆਂ ਦੇ ਮਾਮਲੇ ਦਾ ਨੋਟਿਸ ਲਿਆ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੜ੍ਹਾਏ ਜਾਂਦੇ ਹਲਕੇ ਦਰਜੇ ਦੇ ਰੁਮਾਲਿਆਂ ਦਾ ਸਖ਼ਤ ਨੋਟਿਸ ਲਿਆ। ਉਨ੍ਹਾਂ ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਢੁਕਵੀਂ ਕਾਰਵਾਈ ਵਾਸਤੇ ਆਖਿਆ। ਇਸ ਸਬੰਧੀ ਅਕਾਲ ਤਖ਼ਤ ਸਾਹਿਬ ਵਿਖੇ ਸੰਗਤ ਵੱਲੋਂ ਕਈ ਵਾਰ ਸ਼ਿਕਾਇਤਾਂ ਕੀਤੀਆਂ ਗਈਆਂ ਸਨ, ਜਿਸ ਦਾ ਉਨ੍ਹਾਂ ਸਖ਼ਤ ਨੋਟਿਸ ਲਿਆ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਕਈ ਵਾਰ ਸੰਗਤ ਤੋਂ ਸ਼ਿਕਾਇਤਾਂ ਮਿਲੀਆਂ ਸਨ ਕਿ ਸਾਰਾਗੜ੍ਹੀ ਪਾਰਕਿੰਗ ਤੋਂ ਲੈ ਕੇ ਘੰਟਾ ਘਰ ਚੌਕ ਅਤੇ ਮਾਈ ਸੇਵਾ ਬਾਜ਼ਾਰ ਵਾਲੇ ਪਾਸੇ ਗੰਦੇ ਅਤੇ ਬਦਬੂਦਾਰ ਰੁਮਾਲੇ ਵੇਚੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਗੁਰੂ ਘਰ ਚੜ੍ਹਾਏ ਜਾਂਦੇ ਰੁਮਾਲਿਆਂ ਵਿਚੋਂ ਸਿਰਫ ਪੰਜ ਫ਼ੀਸਦੀ ਰੁਮਾਲੇ ਹੀ ਗੁਰੂ ਘਰ ਦੀ ਮਰਿਆਦਾ ਮੁਤਾਬਕ ਠੀਕ ਹੁੰਦੇ ਹਨ, ਜਦੋਂ ਕਿ 95 ਫੀਸਦ ਰੁਮਾਲੇ ਪੁਰਾਣੇ



ਅਤੇ ਮਾੜੀ ਪੈਕਿੰਗ ਵਿਚ ਲਪੇਟੇ ਹੋਏ ਘਟੀਆ ਪੱਧਰ ਦੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸੰਗਤ ਕਈ ਵਾਰ ਖਰੀਦਣ ਸਮੇਂ ਰੁਮਾਲੇ ਨੂੰ ਖੋਲ੍ਹ ਕੇ ਦੇਖਣ ਦੀ ਕੋਸ਼ਿਸ਼ ਵੀ ਨਹੀਂ ਕਰਦੀ। ਜਦੋਂ ਗੁਰੂ ਸਾਹਿਬ ਦੇ ਸਰੂਪ 'ਤੇ ਰੁਮਾਲਾ ਨੂੰ ਚੜ੍ਹਾਇਆ ਜਾਂਦਾ ਹੈ ਤਾਂ ਖੋਲ੍ਹਣ ਸਮੇਂ ਇਸ ਵਿਚੋਂ ਬਦਬੂ ਆਉਂਦੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਘਰ ਵਿਖੇ ਭੇਟ ਕੀਤੇ ਜਾਣ ਵਾਲੇ ਰੁਮਾਲੇ ਲਈ ਵਰਤਿਆ ਗਿਆ ਕੱਪੜਾ ਉੱਚ ਗੁਣਵੱਤਾ ਵਾਲਾ ਹੋਵੇ, ਜਿਸ ਉੱਪਰ ਸਾਫ਼-ਸੁਥਰੀ ਕਢਾਈ ਅਤੇ ਪੂਰਾ ਮਾਪ ਹੋਣਾ ਚਾਹੀਦਾ ਹੈ।

# ਸਿੱਖ ਸੰਸਥਾਵਾਂ ਨੂੰ ਖਤਮ ਕਰਨ ਦੇ ਮਨਸੂਬੇ ਘੜ ਰਿਹੈ ਕੇਂਦਰ: ਸੁਖਬੀਰ

**ਤਰਨ ਤਾਰਨ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੜ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ 'ਤੇ ਸ਼ਬਦੀ ਹਮਲੇ ਕੀਤੇ। ਸੁਖਬੀਰ ਬਾਦਲ ਨੇ ਅੰਮ੍ਰਿਤਪਾਲ ਸਿੰਘ ਨੂੰ ਆਰ.ਐਸ.ਐਸ. ਅਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਦਾ ਬੰਦਾ ਆਖਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਰਾਹੀਂ ਅਕਾਲੀ ਦਲ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀਆਂ ਸਿੱਖ ਸੰਸਥਾਵਾਂ ਨੂੰ ਖਤਮ ਕਰਨ ਦੇ ਮਨਸੂਬੇ ਘੜ ਰਹੀ ਹੈ, ਜਿਸ ਤੋਂ ਸਿੱਖਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ।

ਸੁਖਬੀਰ ਬਾਦਲ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡ ਨੌਰੰਗਾਬਾਦ ਵਿਚ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਪਾਰਟੀ ਪ੍ਰਧਾਨ ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ



ਉਮੀਦਵਾਰ ਵਿਰਸਾ ਸਿੰਘ ਵਲਟੋਹਾ ਲਈ ਸਮਰਥਨ ਦੀ ਮੰਗ ਕੀਤੀ ਅਤੇ ਵਲਟੋਹਾ ਵੱਲੋਂ ਉਸ ਵੇਲੇ ਦੀ ਸਰਕਾਰ ਖ਼ਿਲਾਫ਼ ਸੰਘਰਸ਼ ਕਰਦਿਆਂ ਕੈਦ ਕੱਟਣ ਅਤੇ ਸਰਕਾਰ ਦਾ ਜ਼ੁਲਮ ਬਰਦਾਸ਼ਤ ਕਰਨ ਨੂੰ ਇਕ ਮਿਸਾਲੀ ਕੁਰਬਾਨੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹੀ ਇਕੋ-ਇਕ ਪੰਥਕ ਪਾਰਟੀ ਹੈ ਜਿਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸੁਖਬੀਰ ਬਾਦਲ ਨੇ ਆਪਣੇ ਪਿਤਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵਲੋਂ ਕੀਤੇ ਕੰਮਾਂ ਨੂੰ ਯਾਦ ਕਰਦਿਆਂ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾਂ ਕਿਸਾਨ ਦੇ ਹਿੱਤਾਂ ਦੀ ਗੱਲ ਕੀਤੀ ਹੈ।

## ਮਾਨ ਸਰਕਾਰ ਕੇਜਰੀਵਾਲ ਨੂੰ ਦੇ ਰਹੀ ਹਵਾਈ ਝੂਟੇ: ਮਜੀਠੀਆ

**ਚੰਡੀਗੜ੍ਹ:** ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੇ ਜਦੋਂ ਵੀ ਕਰਜ਼ਾ ਲਿਆ ਤਾਂ ਉਹ ਪੰਜਾਬ ਦੇ ਵਿਕਾਸ ਲਈ ਖਰਚਿਆ ਜਦੋਂ ਕਿ ਮੌਜੂਦਾ ਭਗਵੰਤ ਮਾਨ ਸਰਕਾਰ ਸਿਰਫ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਜਹਾਜ਼ਾਂ 'ਤੇ ਝੂਟੇ ਦਿਵਾਉਣ ਅਤੇ ਅਖ਼ਬਾਰੀ ਇਸ਼ਤਿਹਾਰਾਂ ਲਈ ਹੀ ਪੰਜਾਬ ਸਿਰ ਹਜ਼ਾਰਾਂ ਕਰੋੜ ਰੁਪਏ ਦਾ ਕਰਜ਼ਾ ਚੜ੍ਹਾ ਰਹੀ ਹੈ। ਇਸ ਦਾ ਸੂਬੇ ਦੇ ਆਮ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ।

# ਸੜਕ ਹਾਦਸੇ 'ਚ ਚਾਰ ਵਿਦਿਆਰਥੀ ਹਲਾਕ

**ਪਟਿਆਲਾ:** ਇਥੇ ਭਾਦਸੋਂ ਰੋਡ ਉਤੇ ਵਾਪਰੇ ਹਾਦਸੇ ਵਿਚ 'ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਪਟਿਆਲਾ' ਦੀ ਵਿਦਿਆਰਥਣ ਸਮੇਤ ਚਾਰ ਵਿਦਿਆਰਥੀਆਂ ਦੀ ਮੌਤ ਹੋ ਗਈ ਜਦੋਂਕਿ ਦੋ ਜਣੇ ਹੋਰ ਜ਼ਖਮੀ ਹੋ ਗਏ। ਇਨ੍ਹਾਂ ਸਾਰਿਆਂ ਦੇ ਮਾਪਿਆਂ ਨੇ ਕਿਸੇ ਖ਼ਿਲਾਫ਼ ਕੋਈ ਕਾਰਵਾਈ ਕਰਵਾਏ ਬਿਨਾਂ ਸਥਾਨਕ ਰਾਜਿੰਦਰਾ ਹਸਪਤਾਲ ਵਿਚੋਂ ਆਪੋ-ਆਪਣੇ ਬੱਚਿਆਂ ਦੀਆਂ ਮ੍ਰਿਤਕ ਦੇਹਾਂ ਹਾਸਲ ਕਰ ਲਈਆਂ ਹਨ।

ਜਾਣਕਾਰੀ ਅਨੁਸਾਰ ਇਸ ਯੂਨੀਵਰਸਿਟੀ ਦੇ ਕੁਝ ਵਿਦਿਆਰਥੀਆਂ ਨੇ ਪਟਿਆਲਾ ਸ਼ਹਿਰ 'ਚ ਪਾਰਟੀ ਕੀਤੀ ਸੀ। ਇਸ ਮਗਰੋਂ ਅੱਧੀ ਰਾਤ ਤੋਂ ਬਾਅਦ ਤਿੰਨ ਕਾਰਾਂ ਰਾਹੀਂ ਜਦੋਂ ਉਹ ਯੂਨੀਵਰਸਿਟੀ ਕੈਂਪਸ 'ਚ ਵਾਪਸ ਆ ਰਹੇ ਸਨ, ਤਾਂ ਯੂਨੀਵਰਸਿਟੀ ਦੇ ਨੇੜੇ ਹੀ ਇਨ੍ਹਾਂ ਦੀਆਂ ਦੋ ਕਾਰਾਂ ਦਰਮਿਆਨ ਹਾਦਸਾ ਵਾਪਰ ਗਿਆ। ਇਸ ਦੌਰਾਨ ਕਾਰ ਪਲਟ ਗਈ ਤੇ ਦੂਜੀ ਐਨਡੈਵਰ ਕਾਰ ਦਰੱਖਤ 'ਚ ਜਾ ਵੱਜੀ ਜਿਸ 'ਚ ਸਵਾਰ ਚਾਰੋਂ ਜਣਿਆਂ ਦੀ ਮੌਤ ਹੋ ਗਈ ਜਦਕਿ ਦੂਜੀ ਕਾਰ ਵਿਚ ਸਵਾਰ ਦੋ ਵਿਦਿਆਰਥੀ ਜ਼ਖ਼ਮੀ ਹੋ ਗਏ। ਸਾਰਿਆਂ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਤਿੰਨ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਕ ਗੰਭੀਰ ਜ਼ਖ਼ਮੀ ਦੀ ਵੀ ਮਗਰੋਂ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕਾਂ 'ਚ 24 ਸਾਲਾ ਇਸ਼ਾਨ ਸੂਦ ਪੁੱਤਰ ਸੰਜੀਵ ਸੂਦ ਸੈਕਟਰ 26 ਪੰਚਕੂਲਾ (ਹਰਿਆਣਾ), 22 ਸਾਲਾ ਰਿਬੂ ਸਹਿਗਲ ਪੁੱਤਰ ਬਿਕਰਮ ਸਿੰਘ ਵਾਸੀ ਫਰੀਦਾਬਾਦ (ਹਰਿਆਣਾ), ਕੁਸ਼ਾਗਰ ਯਾਦਵ ਪੁੱਤਰ ਮਹਿੰਦਰ ਯਾਦਵ ਮੋਹਲ ਕਲੋਨੀ ਗੁੜਗਾਓਂ (ਹਰਿਆਣਾ) ਅਤੇ 23 ਸਾਲਾ ਰੀਤ ਕੌਰ ਵਾਸੀ ਚੰਡੀਗੜ੍ਹ ਦੇ ਨਾਮ ਸ਼ਾਮਲ ਹਨ।


# ਬੱਸ ਨੂੰ ਅੱਗ ਲੱਗਣ ਕਾਰਨ ਨੌਂ ਜਣਿਆਂ ਦੀ ਮੌਤ

**ਹੁਸ਼ਿਆਰਪੁਰ:** ਹਰਿਆਣਾ ਦੇ ਨੂਹ ਜ਼ਿਲ੍ਹੇ ਦੇ ਪਿੰਡ ਧੁਲਾਵਤ ਨੇੜੇ ਤੜਕੇ ਇਕ ਚੱਲਦੀ ਬੱਸ ਨੂੰ ਅੱਗ ਲੱਗਣ ਕਾਰਨ ਪੰਜ ਔਰਤਾਂ ਅਤੇ ਇਕ ਨਾਬਾਲਗ ਲੜਕੀ ਸਮੇਤ 9 ਵਿਅਕਤੀਆਂ ਦੀ ਝੁਲਸਣ ਕਾਰਨ ਮੌਤ ਹੋ ਗਈ ਜਦਕਿ 17 ਹੋਰ ਜ਼ਖ਼ਮੀ ਹੋ ਗਏ। ਇਹ ਘਟਨਾ ਕੁੰਡਲੀ-ਮਾਨੇਸਰ-ਪਲਵਲ (ਕੇ.ਐਮ.ਪੀ.) ਐੱਕਸਪ੍ਰੈਸਵੇਅ 'ਤੇ ਸਵੇਰੇ 2 ਵਜੇ ਦੇ ਕਰੀਬ ਵਾਪਰੀ। ਪੁਲਿਸ ਨੇ ਦੱਸਿਆ ਕਿ ਬੱਸ ਵਿਚ ਕਰੀਬ 60 ਵਿਅਕਤੀ ਸਵਾਰ ਸਨ।

ਸਾਰੇ ਪੰਜਾਬ ਦੇ ਹੁਸ਼ਿਆਰਪੁਰ ਅਤੇ ਲੁਧਿਆਣਾ ਦੇ ਵਸਨੀਕ ਸਨ ਅਤੇ ਆਪਸ ਵਿਚ ਰਿਸ਼ਤੇਦਾਰ ਸਨ। ਉਹ ਵਰਿੰਦਾਵਨ ਤੋਂ ਪਰਤ ਰਹੇ ਸਨ। ਪੁਲਿਸ ਅਨੁਸਾਰ ਅੱਗ ਲੱਗਣ ਦਾ ਕਾਰਨ ਬੱਸ ਦੇ ਏਸੀ ਬਾਕਸ ਵਿਚ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਮੌਕੇ ਤੋਂ ਫਰਾਰ ਹੋਏ ਬੱਸ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਇਕ ਅਧਿਕਾਰੀ ਨੇ ਦੱਸਿਆ ਕਿ 17 ਜ਼ਖ਼ਮੀਆਂ 'ਚੋਂ 14 ਨੂੰ ਨਲਹਾਰ ਮੈਡੀਕਲ ਕਾਲਜ ਨੂਹ ਤੋਂ ਛੁੱਟੀ ਦੇ ਦਿੱਤੀ ਗਈ ਹੈ। ਤਿੰਨ ਔਰਤਾਂ ਦਾ ਹਾਲੇ ਵੀ ਵੱਖ-ਵੱਖ ਹਸਪਤਾਲਾਂ ਵਿਚ ਇਲਾਜ ਚੱਲ ਰਿਹਾ ਹੈ। ਸਥਾਨਕ ਵਾਸੀ ਵਸੀਮ ਨੇ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਮਿਲਣ ਤੋਂ ਬਾਅਦ ਕੁਝ ਲੋਕਾਂ ਨੇ ਡਰਾਈਵਰ ਨੂੰ ਫੋਨ ਕਰ ਕੇ ਬੱਸ ਰੋਕਣ ਲਈ ਕਿਹਾ ਪਰ ਉਹ ਬੱਸ ਚਲਾਉਂਦਾ ਰਿਹਾ। ਉਸ ਨੇ ਦੱਸਿਆ ਕਿ ਉਸ ਨੇ ਆਪਣੇ ਮੋਟਰਸਾਈਕਲ 'ਤੇ ਬੱਸ ਦਾ ਪਿੱਛਾ ਵੀ ਕੀਤਾ ਪਰ ਉਦੋਂ ਤੱਕ ਅੱਗ ਬੱਸ ਦੇ ਅੰਦਰ ਫੈਲ ਚੁੱਕੀ ਸੀ।

# ਅਟਾਰੀ-ਵਾਹਗਾ ਸਰਹੱਦ 'ਤੇ ਰੀਟਰੀਟ ਵਾਲੀ ਰਸਮ ਦਾ ਸਮਾਂ ਬਦਲਿਆ

ਅਟਾਰੀ: ਭਾਰਤ-ਪਾਕਿਸਤਾਨ ਦੀ ਸਰਹੱਦ ਅਟਾਰੀ-ਵਾਹਗਾ 'ਤੇ ਦੋਵਾਂ ਮੁਲਕਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਸੀਮਾ ਸੁਰੱਖਿਆ ਬਲ ਅਤੇ ਪਾਕਿਸਤਾਨ ਰੇਂਜਰਜ਼ ਦਰਮਿਆਨ ਰੋਜ਼ਾਨਾ ਸ਼ਾਮ ਸਮੇਂ ਹੁੰਦੀ ਝੰਡਾ ਉਤਾਰਨ ਦੀ ਰਸਮ ਪਰੇਡ (ਰੀਟਰੀਟ ਸੈਰੇਮਨੀ) ਦਾ ਸਮਾਂ ਅੱਜ ਤੋਂ ਸ਼ਾਮ 6 ਵਜੇ ਹੋ ਗਿਆ ਹੈ। ਮੌਸਮ ਬਦਲਣ ਤੇ ਗਰਮੀ ਵਧਣ ਦੇ ਮੱਦੇਨਜ਼ਰ ਸੀਮਾ ਸੁਰੱਖਿਆ ਬਲ ਅਤੇ ਪਾਕਿਸਤਾਨ ਰੇਂਜਰਜ਼ ਵੱਲੋਂ ਦੋਵਾਂ ਮੁਲਕਾਂ ਦੀ ਸਾਂਝੀ ਚੌਕੀ ਅਟਾਰੀ-ਵਾਹਗਾ ਸਰਹੱਦ ਦੀ ਜ਼ੀਰੋ ਲਾਈਨ 'ਤੇ ਮੀਟਿੰਗ ਕੀਤੀ ਗਈ ਜਿਸ ਵਿਚ ਦੋਵਾਂ ਮੁਲਕਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਨੇ ਸਹਿਮਤੀ ਪ੍ਰਗਟ ਕਰਦਿਆਂ ਫੈਸਲਾ ਕੀਤਾ ਕਿ 16 ਮਈ ਤੋਂ ਦੋਵਾਂ ਮੁਲਕਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਰੀਟਰੀਟ ਪਰੇਡ ਕਰਨ ਤੋਂ ਬਾਅਦ ਸ਼ਾਮ 6 ਵਜੇ



ਕੌਮੀ ਝੰਡੇ ਉਤਾਰਨ ਦੀ ਰਸਮ ਅਦਾ ਕਰਨਗੀਆਂ।


## One stop shop for all your taxi needs

**The Friendly Group Ltd.**
**Chelsea Taxi Brokers**

Address: 287 10 AVE 2nd Floor, New York NY 10001

Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# ਕਿਸਾਨਾਂ ਦੇ ਰੋਹ ਨੇ ਭਾਜਪਾ ਦੇ ਹੱਥ ਖੜ੍ਹੇ ਕਰਵਾਏ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਵੋਟਿੰਗ ਵਿਚ ਹੁਣ ਗਿਣਵੇਂ ਦਿਨ ਬਚੇ ਹਨ। ਸੂਬੇ ਵਿਚ ਪਹਿਲੀ ਜੂਨ ਨੂੰ ਵੋਟਾਂ ਪੈਣਗੀਆਂ। ਸਿਆਸੀ ਧਿਰਾਂ ਨੇ ਸਰਗਰਮੀਆਂ ਵਧਾ ਦਿੱਤੀਆਂ ਹਨ ਪਰ ਭਾਜਪਾ ਦੀ ਹਾਲਤ ਅਜੇ ਵੀ 'ਵਿਚਾਰੀ' ਵਾਲੀ ਹੈ।

ਇਸੇ ਦੌਰਾਨ ਕਿਸਾਨ ਜਥੇਬੰਦੀਆਂ ਨੇ ਭਾਜਪਾ ਆਗੂਆਂ ਦੀ ਘੇਰਾਬੰਦੀ ਹੋਰ ਤਿੱਖੀ ਕਰਨ ਦੇ ਐਲਾਨ ਨੇ ਭਗਵਾ ਧਿਰ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਪੰਜਾਬ ਹੀ ਨਹੀਂ, ਹਰਿਆਣਾ ਵਿਚ ਵੀ ਕਿਸਾਨ ਜਥੇਬੰਦੀਆਂ ਨੇ ਭਾਜਪਾ ਆਗੂਆਂ ਦਾ ਘਰੋਂ ਨਿਕਲਣਾ ਮੁਸ਼ਕਿਲ ਕੀਤਾ ਹੋਇਆ ਹੈ। ਸੰਯੁਕਤ ਕਿਸਾਨ ਮੋਰਚੇ ਨੇ ਜਗਰਾਉਂ 'ਚ ਕਿਸਾਨ ਮਹਾਂ ਪੰਚਾਇਤ ਕਰ ਕੇ ਭਾਜਪਾ ਨੂੰ ਘੇਰਨ ਦਾ ਐਲਾਨ ਕਰ ਦਿੱਤਾ ਹੈ। ਇਸ ਦੌਰਾਨ ਪੰਜਾਬ ਵਿਚ ਆਏ ਕਿਸੇ ਵੀ ਕੇਂਦਰੀ ਆਗੂ ਦੀ ਘੇਰਾਬੰਦੀ ਕਰ ਕੇ ਤਿੱਖੇ ਸਵਾਲ ਪੁੱਛੇ ਜਾਣਗੇ।



ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਦੋ-ਟੁੱਕ ਆਖ ਦਿੱਤਾ ਹੈ ਕਿ ਪੰਜਾਬ ਦੀ ਧਰਤੀ ਉਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਨਹੀਂ ਹੋ ਸਕਦਾ। ਉਧਰ, ਹਰਿਆਣਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਿਸਾਨਾਂ ਦੀ ਰਿਹਾਈ ਲਈ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ 17 ਅਪਰੈਲ ਤੋਂ ਸ਼ੰਭੂ ਰੇਲਵੇ ਸਟੇਸ਼ਨ ਕੋਲ ਰੇਲਵੇ ਟਰੈਕ 'ਤੇ ਲਾਇਆ ਪੱਕਾ ਧਰਨਾ ਸਮਾਪਤ ਕਰ ਕੇ ਭਾਜਪਾ ਆਗੂਆਂ ਦੀ ਘੇਰਾਬੰਦੀ ਉਤੇ ਸਾਰਾ ਜ਼ੋਰ ਲਾਉਣ ਲਈ ਰਣਨੀਤੀ ਬਣਾਈ ਹੈ। ਭਾਜਪਾ ਆਗੂਆਂ ਦੇ ਘਰਾਂ ਅੱਗੇ ਵੀ ਮੋਰਚੇ ਲਾਏ ਜਾਣਗੇ।

ਕਿਸਾਨਾਂ ਦੀ ਇਸ ਮੁਹਿੰਮ ਤੋਂ ਅੱਕ ਕੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪਿਛਲੇ ਹਫ਼ਤੇ ਪੰਜਾਬ ਦੇ ਮੁੱਖ ਚੋਣ ਅਫ਼ਸਰ ਕੋਲ ਸ਼ਿਕਾਇਤ ਕੀਤੀ ਸੀ ਅਤੇ ਦੋਸ਼ ਲਾਇਆ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਾਰੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਨ ਵਾਸਤੇ ਬਰਾਬਰ ਦਾ ਮਾਹੌਲ ਮੁਹੱਈਆ ਕਰਵਾਉਣ ਵਿਚ ਨਾਕਾਮ ਰਹੀ ਹੈ। ਯਾਦ ਰਹੇ ਕਿ ਕਿਸਾਨ ਜਥੇਬੰਦੀਆਂ ਨੇ ਫਰਵਰੀ ਮਹੀਨੇ 'ਦਿੱਲੀ ਚਲੋ' ਦਾ ਪ੍ਰੋਗਰਾਮ ਉਲੀਕਿਆ ਸੀ ਪਰ ਹਰਿਆਣਾ ਦੀ ਭਾਜਪਾ ਸਰਕਾਰ ਨੇ ਸ਼ੰਭੂ ਅਤੇ ਖਨੌਰੀ ਲਾਂਘਿਆਂ ਉਪਰ ਕਿਸਾਨਾਂ ਨੂੰ ਰੋਕ ਲਿਆ। ਹੁਣ ਭਾਜਪਾ ਦੀ ਹਾਲਤ ਇਹ ਹੈ ਕਿ ਪਟਿਆਲਾ ਤੋਂ ਪਾਰਟੀ ਉਮੀਦਵਾਰ ਪ੍ਰਨੀਤ ਕੌਰ ਦੇ ਬਰਾਬਰ ਕਿਸਾਨ ਆਗੂਆਂ ਨੇ ਆਪਣਾ ਮੰਚ ਲਗਾ ਕੇ ਭਾਸ਼ਣ ਦਿੱਤੇ।

ਡੇਢ ਘੰਟੇ ਤੋਂ ਵੱਧ ਸਮਾਂ ਚੱਲੇ ਭਾਸ਼ਣ ਵਿਚ ਕਿਸਾਨ ਆਗੂਆਂ ਨੇ ਨੋਟਬੰਦੀ, ਕਰੋਨਾ ਮੌਕੇ ਲੋੜ ਨਾਲੋਂ ਸਖ਼ਤ ਤਾਲਾਬੰਦੀ, ਫਿਰ ਕਿਸਾਨ ਅੰਦੋਲਨ ਸਮੇਂ ਲਖੀਮਪੁਰ ਖੀਰੀ, ਬਿਲਕੀਸ ਬਾਨੋ ਦੇ ਦੋਸ਼ੀਆਂ ਦੀ ਰਿਹਾਈ, ਪਹਿਲਵਾਨ ਮਹਿਲਾਵਾਂ ਦੇ ਸੰਘਰਸ਼, ਫਿਰਕਾਪ੍ਰਸਤੀ, ਕਿਸਾਨਾਂ ਨੂੰ ਦਿੱਲੀ, ਹਰਿਆਣਾ ਵਿਚ ਜਾਣ ਤੋਂ ਰੋਕਣ ਆਦਿ ਘਟਨਾਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਹੇਠ ਹੁਣ ਛੋਟੇ ਵਪਾਰ ਵੀ ਦਮ ਤੋੜ ਰਹੇ ਹਨ ਕਿਉਂਕਿ ਕਾਰਪੋਰੇਟ ਸਰਕਾਰ ਤੋਂ ਗੱਫੇ ਲੈ ਕੇ ਪ੍ਰਚੂਨ ਦੁਕਾਨਦਾਰਾਂ ਖ਼ਿਲਾਫ਼ ਵੱਡੇ ਮਾਲ ਖੋਲ੍ਹ ਰਿਹਾ ਹੈ। ਭਾਜਪਾ ਦੇ ਸੂਬਾ ਆਗੂਆਂ ਨੇ ਹਾਈ ਕਮਾਨ ਕੋਲ ਪਹੁੰਚ ਕਰ ਕੇ ਪੰਜਾਬ ਤੇ ਹਰਿਆਣਾ ਵਿਚ ਆਪਣੀ ਹੋਣੀ ਬਾਰੇ ਸਪਸ਼ਟ ਕੀਤਾ ਹੈ ਪਰ ਕੇਂਦਰੀ ਲੀਡਰਸ਼ਿਪ ਵੀ ਇਸ ਔਖੇ ਸਮੇਂ ਵਿਚ ਦੜ ਵੱਟਣ ਦੀ ਸਲਾਹ ਦੇ ਰਹੀ ਹੈ।

ਇਸੇ ਦੌਰਾਨ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦਾ ਕਹਿਣਾ ਸੀ ਕਿ ਆਪਣੀ ਹਾਰ ਤੋਂ ਬੁਖਲਾਈ ਆਮ ਆਦਮੀ ਪਾਰਟੀ ਦੇ ਵਰਕਰ ਭੇਸ ਬਦਲ ਕੇ ਕਿਸਾਨਾਂ ਦੇ ਧਰਨਿਆਂ ਵਿਚ ਸ਼ਾਮਲ ਹੋ ਰਹੇ ਹਨ।

## ਪੰਜਾਬ ਲਈ ਮੋਦੀ ਦੇ ਕੰਮ ਗਿਣਵਾਉਣ ਲੱਗੇ ਭਾਜਪਾ ਲੀਡਰ

**ਚੰਡੀਗੜ੍ਹ:** ਪੰਜਾਬ ਵਿਚ ਭਾਜਪਾ ਉਮੀਦਵਾਰਾਂ ਦੇ ਹੋ ਰਹੇ ਵਿਰੋਧ ਨੂੰ ਠੰਢਾ ਕਰਨ ਲਈ ਭਗਵਾ ਧਿਰ ਨੇ ਸੂਬੇ ਲਈ ਕੇਂਦਰ ਸਰਕਾਰ ਵੱਲੋਂ ਕੀਤੇ ਕੰਮ ਗਿਣਵਾਉਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰ ਸਰਕਾਰ ਵੱਲੋਂ 10 ਸਾਲਾਂ ਵਿਚ ਸੂਬੇ ਲਈ ਕੀਤੇ ਕੰਮਾਂ ਦਾ ਰਿਪੋਰਟ ਕਾਰਡ ਵੀ ਜਾਰੀ ਕੀਤਾ।

ਭਾਜਪਾ ਆਗੂ ਨੇ ਦਾਅਵਾ ਕੀਤਾ ਹੈ ਕਿ ਮੋਦੀ ਸਰਕਾਰ ਨੇ ਬਿਨਾਂ ਕਿਸੇ ਭੇਦ-ਭਾਵ ਦੇ ਪੰਜਾਬ ਨੂੰ ਤਰੱਕੀ ਵੱਲ ਲਿਜਾਣ ਲਈ ਲਗਾਤਾਰ ਫੰਡ ਜਾਰੀ ਕੀਤੇ ਹਨ ਜਦੋਂਕਿ ਪੰਜਾਬ 'ਚ ਸੱਤਾਧਾਰੀ 'ਆਪ' ਨੇ ਆਪਣੇ ਵਾਅਦੇ ਪੂਰੇ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਕੇਂਦਰ ਨੇ ਪਿਛਲੇ 10 ਸਾਲਾਂ ਦੌਰਾਨ ਸੂਬੇ ਦੇ 22.05 ਲੱਖ ਕਿਸਾਨਾਂ ਲਈ 56,754 ਕਰੋੜ ਰੁਪਏ ਦਾ ਭਾਰੀ ਫੰਡ ਜਾਰੀ ਕੀਤਾ ਹੈ। ਇਸੇ ਤਰ੍ਹਾਂ ਕਿਸਾਨ ਸਨਮਾਨ ਨਿਧੀ ਸਕੀਮ ਤਹਿਤ ਕਿਸਾਨਾਂ ਲਈ 4758 ਕਰੋੜ ਰੁਪਏ ਜਾਰੀ ਕੀਤੇ ਤੇ ਸੌਇਲ ਹੈਲਥ ਕਾਰਡ ਸਕੀਮ ਤਹਿਤ ਪੰਜਾਬ ਦੇ ਕਿਸਾਨਾਂ ਦੇ 24.50 ਲੱਖ ਕਾਰਡ ਬਣਵਾਏ ਗਏ। ਕੇਂਦਰ ਸਰਕਾਰ ਨੇ ਨੈਸ਼ਨਲ ਹੈਲਥ ਮਿਸ਼ਨ (ਐਨ.ਐਚ.ਐਮ.) ਯੋਜਨਾ ਤਹਿਤ ਪੰਜਾਬ ਨੂੰ 4173 ਕਰੋੜ ਰੁਪਏ ਜਾਰੀ ਕੀਤੇ ਹਨ। ਕੇਂਦਰ ਵਿਚ ਦੁਬਾਰਾ ਸਰਕਾਰ ਬਣਨ 'ਤੇ ਪੰਜਾਬ ਵੱਲ ਵੱਧ ਧਿਆਨ ਦਿੱਤਾ ਜਾਵੇਗਾ।

# ਮੂਸੇਵਾਲਾ ਕੇਸ: ਪਹਿਲੀ ਪੇਸ਼ੀ 'ਤੇ ਮੁੱਖ ਸਰਕਾਰੀ ਗਵਾਹ ਪੇਸ਼ ਨਾ ਹੋਏ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਹੋਣ ਤੋਂ ਬਾਅਦ ਪਹਿਲੀ ਪੇਸ਼ੀ 'ਤੇ ਦੋ ਮੁੱਖ ਸਰਕਾਰੀ ਗਵਾਹ ਆਪਣੇ ਬਿਆਨ ਦਰਜ ਕਰਵਾਉਣ ਲਈ ਮਾਨਸਾ ਦੀ ਹੇਠਲੀ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ।

ਜ਼ਿਕਰਯੋਗ ਹੈ ਕਿ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਲਗਭਗ 24 ਮਹੀਨੇ ਬਾਅਦ ਮਾਨਸਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਐਚ.ਐਸ. ਗਰੇਵਾਲ ਦੀ ਅਦਾਲਤ ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ ਤੇ ਜੱਗੂ ਸਮੇਤ 27 ਦੋਸ਼ੀਆਂ ਖ਼ਿਲਾਫ਼ ਦੋਸ਼ ਆਇਦ ਕੀਤੇ ਸਨ। ਅਦਾਲਤ ਨੇ ਇਸਤਗਾਸਾ ਧਿਰ ਦੇ ਗਵਾਹਾਂ ਦੇ ਬਿਆਨ ਦਰਜ ਕਰਨ ਦਾ ਹੁਕਮ ਦਿੱਤਾ ਸੀ ਅਤੇ ਉਨ੍ਹਾਂ ਨੂੰ 20 ਮਈ ਲਈ ਤਲਬ ਕੀਤਾ ਸੀ। ਹਾਲਾਂਕਿ, ਇਸਤਗਾਸਾ ਧਿਰ ਵੱਲੋਂ ਸੂਚੀਬੱਧ ਦੋ ਮੁੱਖ ਗਵਾਹ ਅਦਾਲਤ ਵਿਚ ਪੇਸ਼ ਨਹੀਂ ਹੋਏ। ਇਸ 'ਤੇ ਅਦਾਲਤ ਨੇ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਅਤੇ ਇਸਤਗਾਸਾ ਧਿਰ ਦੇ ਗਵਾਹਾਂ ਨੂੰ 5 ਜੁਲਾਈ ਲਈ ਮੁੜ ਸੰਮਨ ਜਾਰੀ ਕਰ ਦਿੱਤੇ ਗਏ ਹਨ।

ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਐਸ.ਆਈ.ਟੀ. (ਸਿਟ) ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਕੈਨੇਡਾ ਸਥਿਤ ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 32 ਮੁਲਜ਼ਮਾਂ ਖ਼ਿਲਾਫ਼ ਚਾਰ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ, ਜਿਨ੍ਹਾਂ ਵਿਚ ਤਿੰਨ ਸਪਲੀਮੈਂਟਰੀ ਚਾਰਜਸ਼ੀਟਾਂ ਸ਼ਾਮਲ ਹਨ।

ਐਡਵੋਕੇਟ ਸਤਿੰਦਰਪਾਲ ਸਿੰਘ, ਜੋ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਵਕੀਲ ਹਨ, ਨੇ ਕਿਹਾ ਕਿ ਇਸਤਗਾਸਾ ਪੱਖ ਨੇ ਜੇਲ੍ਹ ਤੋਂ ਲਾਰੈਂਸ ਬਿਸ਼ਨੋਈ ਦੇ ਇੰਟਰਵਿਊਆਂ ਦੀ ਜਾਂਚ ਬਾਰੇ ਪੁਲਿਸ ਤੋਂ ਸਟੇਟਸ ਰਿਪੋਰਟ ਦੀ ਮੰਗ ਕਰਨ ਲਈ ਅਰਜ਼ੀ ਦਾਇਰ ਕੀਤੀ ਸੀ। ਗੈਂਗਸਟਰ ਜੱਗੂ ਦੇ ਵਕੀਲ ਨੇ ਜਵਾਬ ਦਾਇਰ ਕੀਤਾ ਹੈ, ਪਰ ਬਿਸ਼ਨੋਈ ਦੇ ਵਕੀਲ ਨੇ ਅਜੇ ਤੱਕ ਕੋਈ ਜਵਾਬ ਦਾਖ਼ਲ ਨਹੀਂ ਕੀਤਾ। ਅਦਾਲਤ ਨੇ ਉਸ ਨੂੰ 5 ਜੁਲਾਈ ਤੱਕ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ।

## ਜੂਲੀਅਨ ਅਸਾਂਜ ਨੂੰ ਅਪੀਲ ਕਰਨ ਦੀ ਇਜਾਜ਼ਤ

**ਲੰਡਨ:** ਬਰਤਾਨੀਆ ਦੀ ਅਦਾਲਤ ਨੇ ਨਿਰਦੇਸ਼ ਦਿੱਤੇ ਹਨ ਕਿ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਜਾਸੂਸੀ ਦੇ ਦੋਸ਼ ਹੇਠ ਖੁਦ ਨੂੰ ਅਮਰੀਕਾ ਹਵਾਲੇ ਕਰਨ ਦੇ ਹੁਕਮਾਂ ਖ਼ਿਲਾਫ਼ ਅਪੀਲ ਕਰ ਸਕਦੇ ਹਨ।

ਹਾਈ ਕੋਰਟ ਦੇ ਇਸ ਫ਼ੈਸਲੇ ਮਗਰੋਂ ਅਸਾਂਜ ਲਈ ਅਪੀਲ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ ਜਿਸ ਕਾਰਨ ਇਹ ਕਾਨੂੰਨੀ ਲੜਾਈ ਸਾਲਾਂ ਤੱਕ ਖਿੱਚੀ ਜਾ ਸਕਦੀ ਹੈ। ਅਸਾਂਜ 'ਤੇ ਜਾਸੂਸੀ ਦੇ 17 ਦੋਸ਼ ਅਤੇ ਤਕਰੀਬਨ 15 ਸਾਲ ਪਹਿਲਾਂ ਉਸ ਦੀ ਵੈੱਬਸਾਈਟ 'ਤੇ ਅਮਰੀਕੀ ਦਸਤਾਵੇਜ਼ਾਂ ਦੇ ਪ੍ਰਕਾਸ਼ਨ ਨੂੰ ਲੈ ਕੇ ਕੰਪਿਊਟਰ ਦੀ ਦੁਰਵਰਤੋਂ ਦਾ ਦੋਸ਼ ਹੈ। ਅਸਾਂਜ ਨੇ ਸੱਤ ਸਾਲ ਤੱਕ ਲੰਡਨ 'ਚ ਇਕੁਆਡੋਰ ਦੇ ਦੂਤਾਵਾਸ 'ਚ ਸ਼ਰਨ ਲੈਣ ਮਗਰੋਂ ਪਿਛਲੇ ਪੰਜ ਸਾਲ ਬਰਤਾਨੀਆ ਦੀ ਜੇਲ੍ਹ 'ਚ ਬਿਤਾਏ ਹਨ।

## 'ਆਪ' ਨੂੰ ਖ਼ਾਲਿਸਤਾਨ ਪੱਖੀਆਂ ਤੋਂ ਵਿਦੇਸ਼ੀ ਫੰਡਿੰਗ ਦੀ ਜਾਂਚ ਸ਼ੁਰੂ

**ਨਵੀਂ ਦਿੱਲੀ:** ਦਿੱਲੀ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਨੂੰ ਖ਼ਾਲਿਸਤਾਨ ਪੱਖੀ ਸੰਗਠਨ ਸਿੱਖਸ ਫਾਰ ਜਸਟਿਸ ਤੋਂ ਫੰਡ ਪ੍ਰਾਪਤ ਕਰਨ ਦੇ ਲੱਗੇ ਦੋਸ਼ਾਂ ਦੀ ਜਾਂਚ ਕੌਮੀ ਜਾਂਚ ਏਜੰਸੀ ਤੋਂ ਕਰਾਉਣ ਦੀ ਕੀਤੀ ਸਿਫ਼ਾਰਸ਼ ਤੋਂ ਕੁਝ ਦਿਨਾਂ ਬਾਅਦ ਕੇਂਦਰੀ ਏਜੰਸੀ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਈ.ਡੀ. ਨੇ ਗ੍ਰਹਿ ਮੰਤਰਾਲੇ ਨੂੰ ਅਗਸਤ 2023 ਵਿਚ 'ਆਪ' ਦੇ ਵਿਦੇਸ਼ੀ ਫੰਡਿੰਗ ਬਾਰੇ ਜਾਣਕਾਰੀ ਦਿੱਤੀ ਸੀ ਤੇ ਕਿਹਾ ਸੀ ਕਿ ਪਾਰਟੀ ਨੇ ਫੰਡ ਦੇਣ ਵਾਲਿਆਂ ਦੀ ਪਛਾਣ ਲੁਕਾਈ ਹੈ। ਸੂਤਰਾਂ ਨੇ ਕਿਹਾ ਕਿ 5 ਮਈ ਨੂੰ ਕੇਂਦਰੀ ਗ੍ਰਹਿ ਸਕੱਤਰ ਨੂੰ ਭੇਜੇ ਐੱਲਜੀ ਦੇ ਪ੍ਰਮੁੱਖ ਸਕੱਤਰ ਦੇ ਪੱਤਰ 'ਤੇ ਐੱਨ.ਆਈ.ਏ. ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਗ੍ਰਹਿ ਮੰਤਰਾਲੇ ਨੂੰ ਪੱਤਰ ਇਕ ਸ਼ਿਕਾਇਤ ਤੋਂ ਬਾਅਦ ਦਿੱਤਾ ਗਿਆ, ਜਿਸ ਵਿਚ ਦੋਸ਼ ਲਾਇਆ ਗਿਆ ਹੈ ਕਿ 'ਆਪ' ਨੇ 1993 ਦੇ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਵਿਚ ਸਹਾਇਤਾ ਕਰਨ ਅਤੇ ਖਾਲਿਸਤਾਨੀ ਪੱਖੀ ਭਾਵਨਾਵਾਂ ਦਾ ਸਮਰਥਨ ਕਰਨ ਲਈ ਖਾਲਿਸਤਾਨੀ ਸਮੂਹਾਂ ਤੋਂ 1.6 ਕਰੋੜ ਡਾਲਰ ਪ੍ਰਾਪਤ ਕੀਤੇ ਸਨ। ਸ਼ਿਕਾਇਤਕਰਤਾ ਰਾਸ਼ਟਰੀ ਜਨਰਲ ਸਕੱਤਰ ਵਰਲਡ ਹਿੰਦੂ ਫੈਡਰੇਸ਼ਨ ਇੰਡੀਆ ਆਸ਼ੂ ਮੋਂਗੀਆ ਸੀ।

ਸ੍ਰੀ ਸਕਸੈਨਾ ਨੇ ਜਾਂਚ ਦੀ ਸਿਫਾਰਸ਼ 'ਚ ਕਿਹਾ ਕਿ ਸ਼ਿਕਾਇਤ ਮੌਜੂਦਾ ਮੁੱਖ ਮੰਤਰੀ ਖ਼ਿਲਾਫ਼ ਹੈ ਅਤੇ ਪਾਬੰਦੀਸ਼ੁਦਾ ਅਤਿਵਾਦੀ ਸੰਗਠਨ ਵੱਲੋਂ ਸਿਆਸੀ ਫੰਡਿੰਗ ਨਾਲ ਸਬੰਧਤ ਹੈ, ਇਸ ਲਈ ਇਸ ਦੀ ਡੂੰਘੀ ਜਾਂਚ ਦੀ ਲੋੜ ਹੈ।

## ਹੇਮਕੁੰਟ ਸਾਹਿਬ ਨੂੰ 10ਵੇਂ ਗੁਰੂ ਦੇ ਪਿਛਲੇ ਜਨਮ ਨਾਲ ਜੋੜਨ 'ਤੇ ਇਤਰਾਜ਼ ਜਤਾਇਆ

**ਅੰਮ੍ਰਿਤਸਰ:** ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਸ਼ੁਰੂ ਹੋ ਗਈ ਹੈ। ਇਸ ਦੌਰਾਨ ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਗੁਰਦੁਆਰਾ ਹੇਮਕੁੰਟ ਬਾਰੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਿਛਲੇ ਜਨਮ ਵਿਚ ਭਗਤੀ ਵਾਲੀ ਗੱਲ ਨਾਲ ਜੋੜਨ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ 'ਚ ਅਜਿਹੇ ਪਿਛਲੇ ਜਨਮ ਦੇ ਤੀਰਥਾਂ ਜਾਂ ਤਪ ਅਸਥਾਨ ਦੀ ਕੋਈ ਮਾਨਤਾ ਨਹੀਂ ਹੈ। ਉਧਰ, ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਸਿੱਖ ਸ਼ਰਧਾਲੂਆਂ ਦਾ ਪਹਿਲਾ ਜੱਥਾ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਤੋਂ ਰਵਾਨਾ ਹੋਵੇਗਾ।


**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com



**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395



Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਧੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼੍ਰੋਮਣੀ ਅਕਾਲੀ ਦਲ ਦੀ ਪੰਥਕ ਮਸਲਿਆਂ ਵੱਲ ਵਾਪਸੀ



**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਲਈ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਪਾਰਟੀ ਨੂੰ ਮੁੜ ਰਵਾਇਤੀ, ਪੰਥਕ ਤੇ ਖੇਤਰੀ ਬਣਾਉਣ 'ਤੇ ਜ਼ੋਰ ਦਿੱਤਾ। ਅਕਾਲੀ ਦਲ ਜਿਹੜੀਆਂ ਮੰਗਾਂ ਨੂੰ ਬਿਲਕੁਲ ਹੀ ਵਿਸਾਰ ਚੁੱਕਾ ਸੀ, ਉਸ ਨੂੰ ਵੀ ਇਸ ਚੋਣ ਮਨੋਰਥ ਪੱਤਰ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਦੌਰਾਨ ਵਾਅਦਾ ਕੀਤਾ ਗਿਆ ਕਿ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਾਸਤੇ ਲੈਣ ਲਈ ਸੰਘਰਸ਼ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਸੀ, ਹੈ ਅਤੇ ਰਹੇਗਾ। ਇਸ ਨੂੰ ਸਿਰਫ ਪੰਜ ਸਾਲਾਂ ਵਾਸਤੇ ਯੂਟੀ ਬਣਾਇਆ ਗਿਆ ਸੀ। ਉਹ ਇਸ ਮਾਮਲੇ ਵਿਚ ਪੰਜਾਬ ਨਾਲ ਕੇਂਦਰ ਵੱਲੋਂ ਕੀਤੀ ਗੱਦਾਰੀ ਦੇ ਖਿਲਾਫ ਡਟ ਕੇ ਸੰਘਰਸ਼ ਕਰਨਗੇ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਦੀ ਹਾਜ਼ਰੀ ਵਿਚ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿਚ ਪਾਰਟੀ ਦੇ ਸੰਘਰਸ਼ ਦੇ ਅਮੀਰ ਵਿਰਸੇ ਅਤੇ ਯੋਧਿਆਂ ਤੇ ਜਰਨੈਲਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ ਗਿਆ।

ਜਾਣਕਾਰੀ ਅਨੁਸਾਰ ਚੋਣ ਮਨੋਰਥ ਪੱਤਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਲਈ 'ਐਲਾਨਨਾਮੇ' ਦਾ ਨਾਂ ਦਿੱਤਾ ਹੈ। ਇਸ ਵਿਚ ਸੱਤਾ ਅਤੇ ਕੈਬਨਿਟ ਦੇ ਅਹੁਦਿਆਂ ਦੀ ਪੇਸ਼ਕਸ਼ ਠੁਕਰਾ ਕੇ ਦਿੱਤੀਆਂ ਕੁਰਬਾਨੀਆਂ ਅਤੇ ਆਪਣੇ ਪੰਥਕ ਸਿਧਾਂਤਾਂ 'ਤੇ ਡਟੇ ਰਹਿਣ ਦਾ ਹਵਾਲਾ ਦਿੱਤਾ ਗਿਆ ਹੈ। ਇਸ ਦੌਰਾਨ ਅਕਾਲੀ ਦਲ ਨੇ ਲੋਕਾਂ ਨੂੰ ਪੰਜਾਬ ਨੂੰ ਮੁੜ ਕਾਲੇ ਦੌਰ ਵਿਚ ਧੱਕਣ ਤੇ ਹੁੱਲੜਬਾਜ਼ ਸਿਆਸਤ ਨਾਲ ਸਰਕਾਰੀ ਜਬਰ ਕਰਨ ਤੋਂ ਸੁਚੇਤ ਕੀਤਾ ਹੈ। ਅਕਾਲੀ ਦਲ ਨੇ ਪੰਥਕ ਤੇ ਪੰਜਾਬ ਪੱਖੀ ਮਜ਼ਬੂਤੀ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਸੁਖਬੀਰ ਸਿੰਘ ਬਾਦਲ ਨੇ ਐਲਾਨਨਾਮਾ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਿਚ ਪੁਲਿਸ ਜਬਰ ਦਾ ਦੌਰ ਪਰਤ ਰਿਹਾ ਹੈ। ਪੰਜਾਬ ਦੀ ਸ਼ਾਂਤੀ ਤੇ ਫਿਰਕੂ ਸਦਭਾਵਨਾ ਨੂੰ ਲਾਂਬੂ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੀ ਸ਼ਾਂਤੀ ਤੇ ਭਾਈਚਾਰਕ ਸਾਂਝ ਬਚਾਉਣ ਦੀ ਵੱਡੀ ਜ਼ਰੂਰਤ ਹੈ। ਲੋਕਾਂ ਦੇ ਫਤਵੇ ਨਾਲ ਇਹ ਪੰਜਾਬ ਦੀ ਸਹਿਮਤੀ ਤੋਂ ਬਗੈਰ ਦਰਿਆਈ ਪਾਣੀਆਂ ਬਾਰੇ ਕੀਤੇ ਸਾਰੇ ਸਮਝੌਤਿਆਂ ਤੇ ਫੈਸਲਿਆਂ ਨੂੰ ਰੱਦ ਕੀਤਾ ਜਾਵੇਗਾ। ਸੁਖਬੀਰ ਬਾਦਲ ਨੇ ਇਹ ਵੀ ਐਲਾਨ ਕੀਤਾ ਕਿ ਪਾਰਟੀ ਗੈਰ ਰੀਪੇਰੀਅਨ ਰਾਜਾਂ ਤੋਂ ਆਪਣੇ ਦਰਿਆਈ ਪਾਣੀਆਂ ਦੀ ਰਾਇਲਟੀ ਵੀ ਮੰਗੇਗੀ। ਚੋਣ ਮਨੋਰਥ ਪੱਤਰ ਵਿਚ ਕਿਹਾ ਗਿਆ ਕਿ ਅਕਾਲੀ ਦਲ ਹਰ ਵਰਗ ਲਈ ਡਟੇਗਾ ਤੇ ਹਰ ਹਾਲ ਵਿਚ ਇਕਸਾਰ ਸਾਂਝਾ ਸਿਵਲ ਕੋਡ ਲਾਉਣ ਦਾ ਵਿਰੋਧ ਕਰੇਗਾ। ਇਸ ਦੌਰਾਨ ਪੰਜਾਬ ਲਈ ਵਿਸ਼ੇਸ਼ ਐਸਸੀ ਰੁਤਬੇ ਦੀ ਮੰਗ ਕੀਤੀ ਗਈ। ਸੁਖਬੀਰ ਨੇ ਕਿਹਾ ਕਿ ਅਕਾਲੀ ਦਲ ਕਿਸਾਨਾਂ ਵਾਸਤੇ ਇਕ ਵਾਰ ਪੂਰਨ ਕਰਜ਼ਾ ਮੁਆਫ਼ੀ ਦੀ ਵਕਾਲਤ ਕਰੇਗਾ। ਇਸ ਦੇ ਨਾਲ ਪਾਰਟੀ ਨੇ ਛੋਟੇ ਕਿਸਾਨਾਂ ਨੂੰ ਡੀਜ਼ਲ 'ਤੇ 20 ਫੀਸਦੀ ਸਬਸਿਡੀ ਦੇਣ ਦਾ ਵਾਅਦਾ ਕੀਤਾ। ਐਲਾਨਨਾਮੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਪਾਰਟੀ ਲੋਕਾਂ ਦੇ ਫਤਵੇ ਦੀ ਵਰਤੋਂ ਕਰਦਿਆਂ ਕਰਤਾਰਪੁਰ ਸਾਹਿਬ ਨੂੰ ਪਾਕਿਸਤਾਨ ਤੋਂ ਭਾਰਤ ਵਾਲੇ ਪਾਸੇ ਪੂਰਬੀ ਪੰਜਾਬ 'ਚ ਸ਼ਾਮਲ ਕਰਨ ਵਾਸਤੇ ਦੋਵਾਂ ਦੇਸ਼ਾਂ ਵਿਚ ਆਪਸੀ ਸਮਝੌਤੇ ਦੇ ਆਧਾਰ 'ਤੇ ਕੰਮ ਕਰੇਗੀ ਜਿਵੇਂ ਕਿ ਪਹਿਲਾਂ ਹੁਸੈਨੀਵਾਲਾ ਬਾਰਡਰ ਅਤੇ ਬੰਗਲਾਦੇਸ਼ ਦੇ ਮਾਮਲੇ ਵਿੱਚ ਕੀਤਾ ਗਿਆ। ਪਾਰਟੀ ਨੇ ਵਾਅਦਾ ਕੀਤਾ ਕਿ ਉਹ ਭਾਰਤ ਸਰਕਾਰ ਰਾਹੀਂ ਕੰਮ ਕਰਦਿਆਂ ਇਹ ਯਕੀਨੀ ਬਣਾਵੇਗੀ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਵਾਸਤੇ ਪਾਸਪੋਰਟ ਦੀ ਸ਼ਰਤ ਖਤਮ ਕੀਤੀ ਜਾਵੇ ਤੇ ਇਸ ਦੀ ਥਾਂ ਇਕ ਸਾਧਾਰਣ ਪਰਮਿਟ ਸਿਸਟਮ ਲਾਗੂ ਕੀਤਾ ਜਾਵੇ।

### ਅਕਾਲੀ ਦਲ ਕਿਸ ਤੋਂ ਪੰਜਾਬ ਨੂੰ ਬਚਾਉਣਾ ਚਾਹੁੰਦੈ: ਭਗਵੰਤ

**ਕਾਦੀਆਂ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਾਦੀਆਂ ਵਿਚ ਗੁਰਦਾਸਪੁਰ ਲੋਕ ਸਭਾ ਹਲਕੇ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਹੱਕ ਵਿਚ ਚੋਣ ਰੈਲੀ ਕੀਤੀ। ਉਨ੍ਹਾਂ ਕਿਹਾ ਕਿ ਪਿਛਲੀਆਂ ਜਿੰਨੀਆਂ ਵੀ ਸਰਕਾਰਾਂ ਹੁਣ ਤੱਕ ਆਈਆਂ ਹਨ, ਉਨ੍ਹਾਂ ਨੇ ਲੋਕਾਂ ਦਾ ਕੋਈ ਭਲਾ ਨਹੀਂ ਕੀਤਾ। ਉਨ੍ਹਾਂ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਅਕਾਲੀ ਦਲ ਪੰਜਾਬ ਬਚਾਓ ਯਾਤਰਾ ਦੀ ਗੱਲ ਕਰ ਰਿਹਾ ਹੈ ਪਰ ਉਹ ਕਿਸ ਤੋਂ ਪੰਜਾਬ ਨੂੰ ਬਚਾਉਣ ਦੀ ਗੱਲ ਕਰਦਾ ਹੈ, ਅੱਜ ਅਕਾਲੀ ਦਲ ਪੂਰੀ ਤਰ੍ਹਾਂ ਟੁੱਟ ਚੁੱਕਿਆ ਹੈ ਅਤੇ ਇਸ ਦੇ ਆਗੂ ਪਾਰਟੀ ਛੱਡ ਕੇ ਜਾ ਰਹੇ ਹਨ।

## ਪੰਜਾਬ ਦੇ ਲੋਕ ਵਿਕਾਸ ਦੇ ਕੰਮਾਂ ਨੂੰ ਯਾਦ ਰੱਖਣਗੇ: ਭਗਵੰਤ ਮਾਨ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਮੁੱਖ ਮੰਤਰੀਆਂ ਨੇ ਸੂਬੇ ਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ ਅਤੇ ਉਹ ਜਿੱਤ ਕੇ ਆਪਣੇ ਮਹਿਲਾਂ ਅੰਦਰ ਵੜ ਕੇ ਕੁੰਡੀ ਲਗਾ ਲੈਂਦੇ ਸਨ, ਜਦੋਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਵਾ ਦੋ ਸਾਲ ਦੇ ਸਮੇਂ ਵਿਚ ਸੂਬੇ ਦੇ ਕੰਮ ਕਰਨ ਦੇ ਨਾਲ ਲੋਕਾਂ ਦਾ ਦਿਲ ਜਿੱਤਿਆ ਹੈ। ਉਨ੍ਹਾਂ ਕਰਤਾਰਪੁਰ ਵਿਚ ਕੈਬਨਿਟ ਮੰਤਰੀ ਬਲਕਾਰ ਸਿੰਘ ਦੀ ਅਗਵਾਈ ਵਿਚ ਪਵਨ ਕੁਮਾਰ ਟੀਨੂ ਦੇ ਹੱਕ ਵਿਚ ਕੀਤੇ ਰੋਡ ਸ਼ੋਅ ਦੌਰਾਨ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ 'ਤੇ ਸਿਆਸੀ ਹਮਲੇ ਕਰਦਿਆਂ ਕਿਹਾ ਕਿ ਤਾਪਮਾਨ ਵਧਣ ਕਾਰਨ ਇਹ ਦੋਵੇਂ ਆਪਣੇ ਮਹਿਲਾਂ ਵਿਚੋਂ ਨਹੀਂ ਨਿਕਲਦੇ ਸਨ। ਸ੍ਰੀ ਮਾਨ ਨੇ ਕਿਹਾ ਕਿ ਜੇਕਰ ਕੋਈ ਸਿਆਸੀ ਧਿਰ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਸਾਬਤ ਕਰਦੀ



ਹੈ ਤਾਂ ਉਹ ਉਨ੍ਹਾਂ ਲਈ ਜ਼ਹਿਰ ਦੀ ਗੋਲੀ ਵਾਂਗ ਹੋਵੇਗਾ।

ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਤਰੱਕੀ ਕਰ ਰਿਹਾ ਹੈ। ਜਲੰਧਰ ਤੋਂ ਲੋਕ ਸਭਾ ਦੇ ਉਮੀਦਵਾਰ ਪਵਨ ਕੁਮਾਰ ਟੀਨੂ ਨੇ ਕਿਹਾ ਕਿ ਜਲੰਧਰ ਦੇ ਲੋਕ 'ਆਪ' ਸਰਕਾਰ ਵੱਲੋਂ ਕੀਤੇ ਗਏ ਕੰਮਾਂ 'ਤੇ ਮੋਹਰ ਲਗਾਉਣਗੇ।

## ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਬੈਂਸ ਭਰਾਵਾਂ ਦਾ ਸ਼ਕਤੀ ਪ੍ਰਦਰਸ਼ਨ

**ਲੁਧਿਆਣਾ:** ਲੋਕ ਇਨਸਾਫ਼ ਪਾਰਟੀ ਦਾ ਕਾਂਗਰਸ ਵਿਚ ਰਲੇਵਾਂ ਕਰਨ ਮਗਰੋਂ ਕਾਂਗਰਸ ਵਿਚ ਸ਼ਾਮਲ ਹੋਏ ਬੈਂਸ ਭਰਾਵਾਂ ਨੇ ਆਪਣੇ ਹਲਕੇ 'ਚ ਸ਼ਕਤੀ ਪ੍ਰਦਰਸ਼ਨ ਕੀਤਾ। ਪੰਜਾਬ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਆਮਦ ਸਬੰਧੀ ਇਕ ਪੈਲੇਸ ਵਿਚ ਕਰਵਾਏ ਗਏ ਸਮਾਗਮ ਦੌਰਾਨ ਬੈਂਸ ਭਰਾਵਾਂ ਨੇ ਇਕ ਵਾਰ ਫਿਰ ਆਪਣੇ ਪੁਰਾਣੇ ਅੰਦਾਜ਼ 'ਚ ਸ਼ਕਤੀ ਪ੍ਰਦਰਸ਼ਨ ਕਰਦਿਆਂ ਰਾਜਾ ਵੜਿੰਗ ਦੇ ਹੱਕ 'ਚ ਵੋਟਰਾਂ ਨੂੰ ਡਟਣ ਦਾ ਸੱਦਾ ਦਿੱਤਾ।

ਉਨ੍ਹਾਂ ਦਾਅਵਾ ਕੀਤਾ ਕਿ ਲੁਧਿਆਣਾ ਸੀਟ ਕਾਂਗਰਸ ਦੀ ਹੀ ਹੋਵੇਗੀ ਅਤੇ ਰਾਜਾ ਵੜਿੰਗ ਲੁਧਿਆਣਾ ਤੋਂ ਵੱਡੇ ਫਰਕ ਨਾਲ ਜਿੱਤ ਦਰਜ ਕਰਨਗੇ। ਰਾਜਾ ਵੜਿੰਗ ਦੇ ਨਾਲ ਬੈਂਸ ਭਰਾਵਾਂ ਦੇ ਸਮਾਗਮ 'ਚ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਵੀ ਪੁੱਜੇ ਸਨ। ਇਸ ਦੌਰਾਨ ਸਾਰੇ ਆਗੂਆਂ ਦੇ ਨਿਸ਼ਾਨੇ 'ਤੇ ਆਮ ਆਦਮੀ ਪਾਰਟੀ ਦੇ ਨਾਲ-ਨਾਲ ਸਭ ਤੋਂ ਵੱਧ ਰਵਨੀਤ ਸਿੰਘ ਬਿੱਟੂ ਰਹੇ। ਸਿਮਰਜੀਤ ਸਿੰਘ ਬੈਂਸ ਨੇ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਖ਼ਿਲਾਫ਼ ਰੱਜ ਕੇ ਭੜਾਸ



ਕੱਢੀ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਕੋਈ ਫੈਸਲਾ ਨਹੀਂ ਲਿਆ ਸੀ ਤਾਂ ਬਿੱਟੂ ਉਨ੍ਹਾਂ ਨੂੰ ਭਾਜਪਾ 'ਚ ਆਉਣ ਦਾ ਸੱਦਾ ਦੇ ਰਿਹਾ ਸੀ। ਜਦੋਂ ਹੁਣ ਉਹ ਕਾਂਗਰਸ 'ਚ ਆ ਗਏ ਤਾਂ ਬੈਂਸ ਬਲਾਤਕਾਰੀ, ਗੁੰਡਾ ਤੇ ਕਬਜ਼ੇ ਕਰਨ ਵਾਲਾ ਹੋ ਗਿਆ। ਉਨ੍ਹਾਂ ਕਿਹਾ, "ਮੇਰੇ ਕੋਲ ਬਿੱਟੂ ਦੀ ਰਿਕਾਰਡਿੰਗ ਹੈ ਜਿਸ 'ਚ ਉਹ ਆਖ ਰਿਹਾ ਹੈ ਕਿ ਬੈਂਸ ਸਾਬਹ ਜੇਕਰ ਤੁਸੀਂ ਭਾਜਪਾ 'ਚ ਆਉਂਦੇ ਹੋ ਤਾਂ ਉਹ ਜਿੱਤ ਸਕਦਾ ਹੈ।" ਇਸ ਦੌਰਾਨ ਰਾਜਾ ਵੜਿੰਗ ਦੇ ਨਾਲ ਸਾਬਕਾ ਮੰਤਰੀ ਆਸ਼ੂ ਨੇ ਵੀ ਵਿਰੋਧੀਆਂ 'ਤੇ ਖੂਬ ਤਨਜ ਕੱਸੇ।

## ਪੰਜਾਬ ਲਈ ਨੌਕਰੀਆਂ 'ਚ ਓ.ਬੀ.ਸੀ. ਕੋਟਾ ਵਧਾਉਣ ਦੀ ਸਿਫ਼ਾਰਸ਼

**ਨਵੀਂ ਦਿੱਲੀ:** ਪੱਛੜੀਆਂ ਸ਼੍ਰੇਣੀਆਂ ਲਈ ਕੌਮੀ ਕਮਿਸ਼ਨ (ਐਨ.ਸੀ.ਬੀ.ਸੀ.) ਨੇ ਪੰਜਾਬ ਅਤੇ ਪੱਛਮੀ ਬੰਗਾਲ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਲਈ ਨੌਕਰੀਆਂ ਵਿਚ ਰਾਖਵਾਂਕਰਨ ਕੋਟਾ ਵਧਾਉਣ ਦੀ ਸਿਫ਼ਾਰਸ਼ ਕੀਤੀ ਹੈ। ਕਮਿਸ਼ਨ ਦਾ ਫੈਸਲਾ ਮੌਜੂਦਾ ਰਿਜ਼ਰਵੇਸ਼ਨ ਨੀਤੀਆਂ, ਮੌਖਿਕ ਬਿਆਨਾਂ ਅਤੇ ਦਸਤਾਵੇਜ਼ੀ ਸਬੂਤਾਂ ਦੀ ਸਮੀਖਿਆ ਕਰਨ ਤੋਂ ਬਾਅਦ ਆਇਆ ਹੈ, ਜਿਸ ਦਾ ਉਦੇਸ਼ ਇੰਦਰਾ ਸਾਹਨੀ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰਨਾ ਹੈ। ਇਸ ਸਮੇਂ ਪੰਜਾਬ ਵਿਚ ਰੁਜ਼ਗਾਰ ਦੇ ਖੇਤਰ ਵਿਚ ਕੁੱਲ 37 ਫੀਸਦੀ ਰਾਖਵਾਂਕਰਨ ਦਿੱਤਾ ਗਿਆ ਹੈ, ਜਿਸ ਵਿਚ ਅਨੁਸੂਚਿਤ ਜਾਤੀਆਂ ਨੂੰ 25 ਫੀਸਦੀ ਰਾਖਵਾਂਕਰਨ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਦੇ ਲੋਕਾਂ ਨੂੰ 12 ਫੀਸਦੀ ਰਾਖਵਾਂਕਰਨ ਦਿੱਤਾ ਗਿਆ ਹੈ। ਕਮਿਸ਼ਨ ਨੇ ਰੁਜ਼ਗਾਰ ਵਿੱਚ ਓ.ਬੀ.ਸੀ. ਲਈ 13 ਫੀਸਦ ਹੋਰ ਵਾਧਾ ਕਰਨ ਦੀ ਸਿਫਾਰਸ਼ ਕੀਤੀ ਹੈ। ਇਸ ਨਾਲ ਇਸ ਵਰਗ ਲਈ ਕੁੱਲ ਰਾਖਵਾਂਕਰਨ 25 ਫੀਸਦ ਹੋ ਜਾਵੇਗਾ। ਜੇ ਓ.ਬੀ.ਬੀ. ਵਰਗ ਨੂੰ ਨੌਕਰੀਆਂ ਵਿਚ 13 ਫੀਸਦੀ ਵੱਧ ਰਾਖਵਾਂਕਰਨ ਮਿਲਦਾ ਹੈ ਤਾਂ ਸੁਪਰੀਮ ਕੋਰਟ ਦੇ ਉਸ ਹੁਕਮ ਦੀ ਤਾਮੀਲ ਹੋਵੇਗੀ, ਜਿਸ ਵਿਚ ਸਮਾਜਿਕ ਤੇ ਸਿੱਖਿਆ ਖੇਤਰ 'ਚ ਪਛੜਿਆਂ ਲਈ 50 ਫੀਸਦ ਰਾਖਵਾਂਕਰਨ ਤੈਅ ਕੀਤਾ ਗਿਆ ਹੈ।

## ਭਾਜਪਾ ਦੇ ਰਾਜ ਵਿਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ: ਮਾਨ



**ਮਾਲੇਰਕੋਟਲਾ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਜਿਹੜੇ ਲੋਕ ਇਹ ਕਹਿੰਦੇ ਹਨ ਕਿ ਦੇਸ਼ ਧਰਮ ਸਣੇ ਹੋਰਨਾਂ ਮਾਮਲਿਆਂ ਵਿਚ ਨਿਰਪੱਖ ਨੀਤੀਆਂ 'ਤੇ ਚੱਲਦਾ ਹੈ ਤਾਂ ਉਹ ਇਹ ਦੱਸਣ ਕਿ ਦੇਸ਼ ਵਿਚ ਸਭਨਾਂ ਲਈ ਇਕੋ ਜਿਹੇ ਮੌਕੇ, ਹੱਕ-ਹਕੂਕ ਅਤੇ ਇਨਸਾਫ਼ ਲਈ ਕਾਨੂੰਨ ਬਰਾਬਰ ਕਿਉਂ ਨਹੀਂ ਹਨ। ਦੇਸ਼ ਅੰਦਰ ਬਹੁਗਿਣਤੀ ਲਈ ਹੋਰ ਅਤੇ ਘੱਟ ਗਿਣਤੀਆਂ ਲਈ ਹੋਰ ਕਾਨੂੰਨ ਕਿਉਂ ਹੈ। ਸਿੱਖ ਕਤਲੇਆਮ ਅਤੇ ਗੁਜਰਾਤ ਦੇ ਮੁਸਲਿਮ ਕਤਲੇਆਮ ਦਾ ਇਨ੍ਹਾਂ ਭਾਈਚਾਰਿਆਂ ਨੂੰ ਹੁਣ ਤੱਕ ਇਨਸਾਫ਼ ਨਾ ਮਿਲਣਾ ਦੇਸ਼ ਦੇ ਦੋਹਰੇ ਕਾਨੂੰਨ ਦੀ ਉੱਘੜਵੀਂ ਮਿਸਾਲ ਹੈ। ਉਨ੍ਹਾਂ ਕਿਹਾ ਜੇ ਭਾਜਪਾ ਮੁੜ ਸੱਤਾ ਵਿਚ ਆਉਂਦੀ ਹੈ ਤਾਂ ਧਾਰਮਿਕ ਘੱਟ ਗਿਣਤੀਆਂ, ਔਰਤਾਂ ਆਦਿ ਸੁਰੱਖਿਅਤ ਨਹੀਂ ਰਹਿਣਗੇ।

## ਲਾਲੀ ਮਜੀਠੀਆ ਅਕਾਲੀ ਦਲ 'ਚ ਸ਼ਾਮਲ

**ਬਟਾਲਾ:** ਆਮ ਆਦਮੀ ਪਾਰਟੀ ਦੇ ਮਜੀਠਾ ਹਲਕੇ ਦੇ ਇੰਚਾਰਜ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਆਪਣੇ ਸਮਰਥਕਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਉਹ ਪਹਿਲਾਂ ਕਾਂਗਰਸ ਦੇ ਸੀਨੀਅਰ ਆਗੂ ਸਨ ਅਤੇ ਕੁਝ ਸਮਾਂ ਪਹਿਲਾਂ ਕਾਂਗਰਸ ਛੱਡ ਕੇ 'ਆਪ' ਵਿਚ ਸ਼ਾਮਲ ਹੋਏ ਸਨ। ਇਸ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਲਾਲੀ ਮਜੀਠੀਆ ਦੇ ਪਾਰਟੀ ਵਿਚ ਆਉਣ ਨਾਲ ਲੋਕ ਸਭਾ ਹਲਕਾ ਅੰਮ੍ਰਿਤਸਰ 'ਚ ਉਮੀਦਵਾਰ ਅਨਿਲ ਜੋਸ਼ੀ ਨੂੰ ਰਾਜਸੀ ਬਲ ਮਿਲੇਗਾ। ਉਨ੍ਹਾਂ ਦੱਸਿਆ ਕਿ ਉਹ ਲੰਘੇ ਢਾਈ-ਤਿੰਨ ਦਹਾਕਿਆਂ ਤੋਂ ਇਕ-ਦੂਸਰੇ ਦੇ ਕੱਟੜ ਵਿਰੋਧੀ ਸਨ। ਇਸ ਮੌਕੇ ਬਿਕਰਮ ਮਜੀਠੀਆ ਨੇ ਲਾਲੀ ਮਜੀਠੀਆ ਦੇ ਪੈਰੀਂ ਹੱਥ ਲਗਾਉਂਦਿਆਂ ਤੇ ਇਹ ਕਹਿੰਦਿਆਂ ਮੁਆਫ਼ੀ ਮੰਗੀ ਕਿ ਉਨ੍ਹਾਂ ਕੋਲੋਂ ਅਤੀਤ ਵਿਚ ਕੁਝ ਗ਼ਲਤੀਆਂ ਹੋਈਆਂ ਜਿਸ ਲਈ ਉਨ੍ਹਾਂ ਨੂੰ ਮੁਆਫ਼ ਕੀਤਾ ਜਾਵੇ। ਇਸ ਮੌਕੇ ਲਾਲੀ ਮਜੀਠੀਆ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ 1971 ਤੋਂ ਅਕਾਲੀ ਦਲ ਵਿਚ ਸੀ ਪਰ ਕੁਝ ਮਤਭੇਦ ਹੋਣ 'ਤੇ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ 'ਆਪ' 'ਤੇ ਧੋਖਾ ਕਰਨ ਵਰਗੇ ਦੋਸ਼ ਲਾਏ।

## ਰਵੀਕਰਨ ਕਾਹਲੋਂ ਦੇ ਭਾਜਪਾ 'ਚ ਜਾਣ ਨਾਲ ਅਕਾਲੀ ਦਲ ਨੂੰ ਲੱਗੇਗਾ ਖੋਰਾ

**ਡੇਰਾ ਬਾਬਾ ਨਾਨਕ:** ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਡੇਰਾ ਬਾਬਾ ਨਾਨਕ ਤੋਂ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਅਤੇ ਪਾਰਟੀ ਦੇ ਹੋਰ ਆਗੂਆਂ ਦੇ ਭਾਜਪਾ 'ਚ ਸ਼ਾਮਲ ਹੋਣ ਨਾਲ ਜਿੱਥੇ ਇਸ ਹਲਕੇ ਤੋਂ ਅਕਾਲੀ ਦਲ ਨੂੰ ਆਉਂਦੇ ਦਿਨਾਂ 'ਚ ਸਿਆਸੀ ਖੋਰਾ ਲੱਗੇਗਾ, ਉਥੇ ਇਸੇ ਹਲਕੇ ਨਾਲ ਲੱਗਦੇ ਹਲਕਾ ਫਤਹਿਗੜ੍ਹ ਚੂੜੀਆਂ ਤੋਂ ਵੀ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ।

2022 ਦੀਆਂ ਵਿਧਾਨ ਸਭਾ ਚੋਣਾ 'ਚ ਕਾਹਲੋਂ ਹਲਕਾ ਡੇਰਾ ਬਾਬਾ ਨਾਨਕ ਤੋਂ ਤਤਕਾਲੀ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੋਂ 234 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਸ੍ਰੀ ਕਾਹਲੋਂ ਦੇ ਪਿਤਾ ਮਰਹੂਮ ਨਿਰਮਲ ਸਿੰਘ ਕਾਹਲੋਂ ਮੰਤਰੀ ਤੇ ਫਿਰ ਸਪੀਕਰ ਰਹੇ। ਇਨ੍ਹਾਂ ਦੋਵਾਂ ਹਲਕਿਆਂ 'ਚ ਉਨ੍ਹਾਂ ਦਾ ਚੰਗਾ ਆਧਾਰ ਹੈ। ਹਲਕਾ ਡੇਰਾ ਬਾਬਾ ਨਾਨਕ 2012 'ਚ ਹੋਂਦ 'ਚ ਆਇਆ ਸੀ। ਪਹਿਲਾਂ ਇਹ ਹਲਕਾ ਫਤਹਿਗੜ੍ਹ ਚੂੜੀਆਂ 'ਚ ਆਉਂਦਾ ਸੀ।

## ਸਫ਼ਰ ਦੌਰਾਨ 50 ਹਜ਼ਾਰ ਤੋਂ ਵੱਧ ਨਕਦੀ ਲਈ ਸਬੂਤ ਜ਼ਰੂਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ 'ਟਾਕ ਟੂ ਯੁਅਰ ਸੀ.ਈ.ਓ. ਪੰਜਾਬ' ਦੇ ਬੈਨਰ ਹੇਠ ਕਰਵਾਏ ਗਏ ਦੂਜੇ ਫੇਸਬੁੱਕ ਲਾਈਵ ਸੈਸ਼ਨ ਦੌਰਾਨ ਪੰਜਾਬ ਵਾਸੀਆਂ ਨੂੰ ਸਲਾਹ ਦਿੱਤੀ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਦੇ ਮੱਦੇਨਜ਼ਰ ਜੇ ਕੋਈ ਵੀ ਵਿਅਕਤੀ ਆਪਣੇ ਸਫ਼ਰ ਦੌਰਾਨ 50,000 ਰੁਪਏ ਜਾਂ ਇਸ ਤੋਂ ਵੱਧ ਦੀ ਨਕਦੀ ਲੈ ਕੇ ਜਾ ਰਿਹਾ ਹੈ ਤਾਂ ਉਹ ਸਬੂਤ ਵਜੋਂ ਆਪਣੇ ਨਾਲ ਢੁਕਵੇਂ ਦਸਤਾਵੇਜ਼ ਜਿਵੇਂ ਕਿ ਬੈਂਕ ਦੀ ਰਸੀਦ ਆਦਿ ਜ਼ਰੂਰ ਰੱਖੇ।

ਇਸ ਦੇ ਨਾਲ ਹੀ ਵਪਾਰੀਆਂ ਨੂੰ ਅਜਿਹੇ ਮਾਮਲੇ ਵਿਚ ਆਪਣੇ ਕੋਲ ਰਸੀਦ ਬੁੱਕ ਜਾਂ ਕੋਈ ਢੁਕਵਾਂ ਦਸਤਾਵੇਜ਼ ਰੱਖਣ ਦੀ ਸਲਾਹ ਦਿੱਤੀ ਗਈ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਚੋਣ ਜ਼ਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਦੀ ਰਿਪੋਰਟ ਲਈ ਸੀ-ਵਿਜਿਲ ਐਪ, ਟੌਲ-ਫਰੀ ਨੰਬਰ 1950 ਅਤੇ ਭਾਰਤੀ ਚੋਣ ਕਮਿਸ਼ਨ ਦੇ ਕੌਮੀ ਸ਼ਿਕਾਇਤ ਸੇਵਾ ਪੋਰਟਲ (ਐਨ.ਜੀ.ਪੀ.ਐਸ.) ਦੀ ਵਰਤੋਂ ਜ਼ਰੂਰ ਕਰਨ ਤਾਂ ਜੋ ਨਿਰਪੱਖ ਅਤੇ ਸ਼ਾਂਤਮਈ ਚੋਣਾਂ ਯਕੀਨੀ ਬਣਾਈਆਂ ਜਾ ਸਕਣ।

### ਪੰਜਾਬ ਅੰਦਰ 13 ਹਜ਼ਾਰ ਪੋਲਿੰਗ ਬੂਥ ਸੰਵੇਦਨਸ਼ੀਲ ਕਰਾਰ

**ਲੁਧਿਆਣਾ:** ਪੰਜਾਬ ਪੁਲਿਸ ਦੇ ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ) ਅਰਪਿਤ ਸ਼ੁਕਲਾ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਸੂਬੇ ਵਿਚ ਲੋਕ ਸਭਾ ਚੋਣਾਂ ਨੂੰ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨਾ ਯਕੀਨੀ ਬਣਾਉਣ ਲਈ ਵੱਖ-ਵੱਖ ਹਲਕਿਆਂ ਵਿਚ ਕਰੀਬ 13 ਹਜ਼ਾਰ ਸੰਵੇਦਨਸ਼ੀਲ ਪੋਲਿੰਗ ਬੂਥਾਂ ਦੀ ਸ਼ਨਾਖ਼ਤ ਕਰਦਿਆਂ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਹ ਇੱਥੇ ਪੁਲਿਸ ਕਮਿਸ਼ਨਰ ਦਫ਼ਤਰ ਵਿਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਪੁਲਿਸ ਦੇ ਨਾਕਿਆਂ ਦੌਰਾਨ ਪਾਬੰਦੀਸ਼ੁਦਾ ਵਸਤਾਂ ਬਰਾਮਦ ਕਰਦਿਆਂ ਬਰਾਮਦਗੀ ਦੇ ਮਾਮਲੇ ਵਿਚ ਭਾਰਤ ਭਰ ਵਿਚੋਂ ਚੌਥਾ ਸਥਾਨ ਹਾਸਲ ਕੀਤਾ ਗਿਆ ਹੈ।

# ਬਰਤਾਨੀਆ: ਗ੍ਰੈਜੂਏਟ ਰੂਟ ਵੀਜ਼ਾ ਰੱਦ ਕਰਨ ਨੂੰ ਲੈ ਕੇ ਸੂਨਕ ਦਾ ਵਿਰੋਧ

**ਲੰਡਨ:** ਪ੍ਰਧਾਨ ਮੰਤਰੀ ਰਿਸ਼ੀ ਸੂਨਕ ਵੱਲੋਂ ਬਰਤਾਨੀਆ ਦੇ ਪੋਸਟ ਸਟੱਡੀ ਵੀਜ਼ਾ 'ਤੇ ਰੋਕ ਲਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਇਹ ਵੀਜ਼ਾ ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀ ਕੋਰਸ ਪੂਰਾ ਕਰਨ ਤੋਂ ਬਾਅਦ ਬਰਤਾਨੀਆ ਵਿਚ ਰੁਕਣ ਅਤੇ ਦੋ ਸਾਲਾਂ ਤੱਕ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਇਕ ਖ਼ਬਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੂਨਕ ਵੱਲੋਂ ਇਹ ਕਦਮ ਬਰਤਾਨੀਆ ਵਿਚ ਵਧ ਰਹੇ ਕਾਨੂੰਨੀ ਪਰਵਾਸ ਦੇ ਅੰਕੜਿਆਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਉਠਾਇਆ ਜਾ ਰਿਹਾ ਹੈ। ਹਾਲਾਂਕਿ, ਉਨ੍ਹਾਂ ਦੇ ਕੁਝ ਮੰਤਰੀਆਂ ਵੱਲੋਂ ਇਸ ਯੋਜਨਾ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।



'ਦਿ ਆਬਜ਼ਰਵਰ' ਅਖ਼ਬਾਰ ਮੁਤਾਬਕ ਗ੍ਰੈਜੂਏਟ ਰੂਟ ਯੋਜਨਾ ਰੱਦ ਕਰਨ ਦੇ ਵਿਚਾਰ ਕਰ ਕੇ ਸੂਨਕ ਨੂੰ ਮੰਤਰੀ ਮੰਡਲ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਵਿਦਿਆਰਥੀਆਂ ਵੱਲੋਂ ਬਰਤਾਨਵੀ ਯੂਨੀਵਰਸਿਟੀਜ਼ ਨੂੰ ਚੁਣੇ ਜਾਣ ਪਿੱਛੇ ਇਹ ਵੀਜ਼ਾ ਹੀ ਮੁੱਖ ਕਾਰਕ ਹੈ। ਜ਼ਿਕਰਯੋਗ ਹੈ ਕਿ 2021 ਵਿਚ ਗ੍ਰੈਜੂਏਟ ਰੂਟ ਵੀਜ਼ਾ ਸ਼ੁਰੂ ਹੋਣ ਤੋਂ ਹੁਣ ਤੱਕ ਇਹ ਪੋਸਟ ਸਟੱਡੀ ਵੀਜ਼ਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿਚ ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਹੈ। ਡਾਊਨਿੰਗ ਸਟਰੀਟ ਵੱਲੋਂ ਇਸ ਵੀਜ਼ੇ 'ਤੇ ਰੋਕ ਲਾਉਣ ਜਾਂ ਇਸ ਨੂੰ ਬੰਦ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਹਾਲਾਂਕਿ, ਆਜ਼ਾਦ ਪਰਵਾਸ ਸਲਾਹਕਾਰ ਕਮੇਟੀ (ਐਮ.ਏ.ਸੀ.) ਇਹ ਐਲਾਨ ਕਰ ਚੁੱਕੀ ਹੈ ਕਿ ਇਸ ਵੀਜ਼ਾ ਦਾ ਗ਼ਲਤ ਇਸਤੇਮਾਲ ਨਹੀਂ ਹੋ ਰਿਹਾ ਹੈ ਅਤੇ ਇਹ ਅੱਗੇ ਵੀ ਜਾਰੀ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਵੀਜ਼ਾ ਬਰਤਾਨਵੀ ਯੂਨੀਵਰਸਿਟੀਜ਼ ਦੀ ਵਿੱਤੀ ਘਾਟੇ ਪੂਰਨ ਵਿਚ ਮਦਦ ਕਰਦਾ ਹੈ ਕਿ ਜੋ ਕਿ ਉਨ੍ਹਾਂ ਨੂੰ ਘਰੇਲੂ ਪੱਧਰ 'ਤੇ ਹੁੰਦੇ ਹਨ।

ਅਖ਼ਬਾਰ ਨੇ ਵੀਜ਼ਾ ਰੱਦ ਕਰਨ ਦਾ ਵਿਰੋਧ ਕਰ ਰਹੇ ਮੰਤਰੀਆਂ ਦੇ ਨੇੜਲੇ ਸੂਤਰਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ, ''ਹੁਣ ਸੂਨਕ ਆਪਣੇ ਆਪ ਨੂੰ ਸੱਜੇ ਪੱਖੀਆਂ ਦੀਆਂ ਮੰਗਾਂ ਵਿਚਾਲੇ ਫਸਿਆ ਹੋਇਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੀ ਇਕ ਅੱਖ ਟੋਰੀ ਲੀਡਰਸ਼ਿਪ ਅਤੇ ਦੂਜੀ ਕੰਜ਼ਰਵੇਟੀਵਜ਼ 'ਤੇ ਹੈ।'' ਸੂਨਕ ਦੀ ਇਸ ਯੋਜਨਾ ਦਾ ਵਿਰੋਧ ਕਰਨ ਵਾਲੇ ਆਗੂਆਂ ਦੀ ਅਗਵਾਈ ਕਰਨ ਵਾਲਿਆਂ ਵਿਚ ਸੂਨਕ ਸਰਕਾਰ ਦੀ ਸਿੱਖਿਆ ਮੰਤਰੀ ਗਿਲੀਅਨ ਕੀਗਨ, ਚਾਂਸਲਰ ਜੈਰੇਮੀ ਹੰਟ ਅਤੇ ਵਿਦੇਸ਼ ਮੰਤਰੀ ਡੇਵਿਡ ਕੈਮਰੋਨ ਸ਼ਾਮਲ ਹਨ। ਇਹ ਗੱਲ ਸਾਹਮਣੇ ਆ ਰਹੀ ਹੈ ਕਿ ਯੂਨੀਵਰਸਿਟੀਜ਼ ਤੇ ਕਾਰੋਬਾਰਾਂ ਦੇ ਮੁਖੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਪੋਸਟ ਸਟੱਡੀ ਪੇਸ਼ਕਸ਼ ਵਿਚ ਕਿਸੇ ਵੀ ਤਰ੍ਹਾਂ ਦੀ ਕਟੌਤੀ ਕੀਤੀ ਗਈ ਤਾਂ ਭਾਰਤੀਆਂ ਸਣੇ ਵਿਦੇਸ਼ੀ ਵਿਦਿਆਰਥੀਆਂ ਵਿਚ ਬਰਤਾਨੀਆ ਦਾ ਰੁਝਾਨ ਘੱਟ ਸਕਦਾ ਹੈ।

## ਕੈਨੇਡਾ ਵਿਚ ਪਾੜ੍ਹਿਆਂ 'ਤੇ ਕੱਸਿਆ ਜਾ ਰਿਹਾ ਸ਼ਿਕੰਜਾ

**ਵੈਨਕੂਵਰ:** ਕੈਨੇਡਾ ਦੇ ਆਵਾਸ ਵਿਭਾਗ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਉਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਨੂੰ ਹੋਰ ਸਖ਼ਤ ਕਰਦੇ ਹੋਏ ਹੁਣ ਉਨ੍ਹਾਂ ਨੂੰ ਪੋਸਟ ਗ੍ਰੈਜੂਏਸ਼ਨ ਦੌਰਾਨ ਮਿਲਣ ਵਾਲਾ ਓਪਨ ਵਰਕ ਪਰਮਿਟ ਸਿਰਫ਼ ਉਸੇ ਕਿੱਤੇ ਨਾਲ ਸਬੰਧਤ ਹੋਵੇਗਾ, ਜਿਸ ਵਿਚ ਉਹ ਉਚੇਰੀ ਸਿੱਖਿਆ ਗ੍ਰਹਿਣ ਕਰ ਰਹੇ ਹੋਣਗੇ। ਆਵਾਸ ਮੰਤਰੀ ਮਾਈ ਮਿਲਰ ਨੇ ਇਸ ਵੱਲ ਇਸ਼ਾਰਾ ਦੋ ਹਫ਼ਤੇ ਪਹਿਲਾਂ ਕਰ ਦਿੱਤਾ ਸੀ। ਉਦੋਂ ਤੋਂ ਹੋਰ ਵਿਚਾਰਾਂ ਕੀਤੇ ਜਾਣ ਬਾਅਦ ਇਹ ਫੈਸਲਾ ਲਿਆ ਗਿਆ ਹੈ, ਜਿਸ ਦਾ ਐਲਾਨ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਹੈ। ਮੰਤਰੀ ਨੇ ਇਸ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਦੇਸ਼ ਵਿਚ ਆਏ ਹੋਏ ਵਿਦੇਸ਼ੀ ਲੋਕਾਂ ਨੂੰ ਪੱਕਾ ਕਰਨ ਨੂੰ ਪਹਿਲ ਦਿੱਤੀ ਜਾਵੇਗੀ। ਇਨ੍ਹਾਂ ਵਿਚ ਜ਼ਿਆਦਾਤਰ ਸਿਹਤ ਸੇਵਾਵਾਂ, ਵਪਾਰ, ਟਰਾਂਸਪੋਰਟ, ਖੇਤੀ ਤੇ ਬੁਨਿਆਦੀ ਸੇਵਾਵਾਂ ਵਿਚ ਕੰਮ ਕਰਦੇ ਲੋਕ ਸ਼ਾਮਲ ਹੋਣਗੇ।

# ਭਾਰੀ ਟੈਕਸ ਕਾਰਨ ਭਾਰਤ ਨਾਲ ਵਪਾਰਕ ਸਬੰਧ ਮੁਅੱਤਲ: ਪਾਕਿਸਤਾਨ

**ਇਸਲਾਮਾਬਾਦ:** ਵਿਦੇਸ਼ ਮੰਤਰੀ ਇਸ਼ਾਕ ਡਾਰ ਨੇ ਕਿਹਾ ਕਿ ਪੁਲਵਾਮਾ ਹਮਲੇ ਮਗਰੋਂ ਭਾਰਤ ਵੱਲੋਂ ਪਾਕਿਸਤਾਨ ਤੋਂ ਦਰਾਮਦ ਉਤੇ ਲਗਾਏ ਗਏ 'ਭਾਰੀ ਟੈਕਸ' ਕਾਰਨ ਦੋਵਾਂ ਦੇਸ਼ਾਂ ਦਰਮਿਆਨ ਵਪਾਰਕ ਸਬੰਧ 2019 ਤੋਂ ਮੁਅੱਤਲ ਹਨ। ਡਾਰ ਨੇ ਨੈਸ਼ਨਲ ਅਸੈਂਬਲੀ ਵਿਚ ਇਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕਿਹਾ, ''ਪੁਲਵਾਮਾ ਹਮਲੇ ਮਗਰੋਂ ਭਾਰਤ ਨੇ ਪਾਕਿਸਤਾਨ ਤੋਂ ਦਰਾਮਦ 'ਤੇ 200 ਫੀਸਦ ਡਿਊਟੀ ਲਗਾਉਣ ਦਾ ਫ਼ੈਸਲਾ ਕੀਤਾ, ਕਸ਼ਮੀਰ ਬੱਸ ਸੇਵਾ ਅਤੇ ਸਰਹੱਦ ਪਾਰ ਵਪਾਰ ਮੁਅੱਤਲ ਕਰ ਦਿੱਤਾ ਹੈ।'' ਡਾਰ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਵੀ ਹਨ। 'ਡਾਅਨ' ਅਖ਼ਬਾਰ ਦੀ ਰਿਪੋਰਟ ਮੁਤਾਬਕ ਡਾਰ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸੰਸਦ ਮੈਂਬਰ ਸ਼ਰਮੀਲਾ ਫਾਰੂਕੀ ਦੇ ਉਸ ਸਵਾਲ ਦਾ ਜਵਾਬ ਦੇ ਰਹੇ ਸਨ, ਜਿਸ ਵਿਚ ਉਨ੍ਹਾਂ ਨੇ ਗੁਆਂਢੀ ਮੁਲਕਾਂ,



ਖਾਸ ਕਰ ਭਾਰਤ ਨਾਲ ਪਾਕਿਸਤਾਨ ਦੇ ਸਬੰਧਾਂ ਵਿਚ ਦਰਪੇਸ਼ ਵਪਾਰਕ ਚੁਣੌਤੀਆਂ ਬਾਰੇ ਜਾਣਕਾਰੀ ਮੰਗੀ ਸੀ।

# ਮਨਪ੍ਰੀਤ ਬਾਦਲ ਨੇ ਲੰਮੇ ਸਮੇਂ ਮਗਰੋਂ ਚੁੱਪ ਤੋੜੀ

**ਬਠਿੰਡਾ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਸੋਸ਼ਲ ਮੀਡੀਆ 'ਤੇ ਲੰਮੇ ਸਮੇਂ ਮਗਰੋਂ ਚੁੱਪ ਤੋੜਦਿਆਂ ਭਾਜਪਾ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਜ਼ਿਕਰਯੋਗ ਹੈ ਕਿ ਮਨਪ੍ਰੀਤ ਬਾਦਲ ਕਾਫ਼ੀ ਸਮੇਂ ਤੋਂ ਦਿਲ ਦੀ ਬਿਮਾਰੀ ਤੋਂ ਪੀੜਤ ਚਲੇ ਆ ਰਹੇ ਹਨ। ਉਨ੍ਹਾਂ ਵੱਲੋਂ ਆਪਣੀ ਬਿਮਾਰੀ ਕਾਰਨ ਲੋਕ ਸਭਾ ਚੋਣਾਂ ਵਿਚ ਵੀ ਸਰਗਰਮ ਭੂਮਿਕਾ ਨਹੀਂ ਨਿਭਾਈ ਜਾ ਰਹੀ ਅਤੇ ਉਨ੍ਹਾਂ ਵੱਲੋਂ ਧਾਰੀ ਚੁੱਪ 'ਤੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਸਨ। ਮਨਪ੍ਰੀਤ ਬਾਦਲ ਨੇ ਕਿਹਾ, 'ਬਿਮਾਰੀ ਦੀ ਵਜ੍ਹਾ ਕਾਰਨ ਹਲਕੇ ਵਿਚ ਮੇਰੀ ਗੈਰਹਾਜ਼ਰੀ ਦੇ ਚੱਲਦਿਆਂ ਕੁਝ ਫੇਲ੍ਹ ਜਿਹੇ ਸਿਆਸਤਦਾਨ ਆਪਣੀ ਸਿਆਸਤ ਚਮਕਾਉਣ ਅਤੇ ਕੁਝ ਚੈਨਲਾਂ 'ਤੇ ਆਪਣੀ ਟੀ.ਆਰ.ਪੀ. ਵਧਾਉਣ ਲਈ ਮੇਰੇ



ਖ਼ਿਲਾਫ਼ ਬੇਬੁਨਿਆਦ ਅਫ਼ਵਾਹਾਂ ਫੈਲਾ ਰਹੇ ਹਨ।' ਉਨ੍ਹਾਂ ਸਪੱਸ਼ਟ ਕੀਤਾ ਕਿ ਮਨਪ੍ਰੀਤ ਵਿਚ ਲੱਖ ਕਮੀ ਹੋ ਸਕਦੀ ਹੈ, ਪਰ ਵਤਨ ਲਈ ਮੇਰਾ ਇਸ਼ਕ ਤੇ ਮੇਰੀ ਮੁਹੱਬਤ ਘੱਟ ਨਹੀਂ।" ਇਸ ਦੌਰਾਨ ਉਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਜੋੜੀ ਦੀ ਸ਼ਲਾਘਾ ਕਰਦਿਆਂ ਕਿਹਾ, "ਜੇਕਰ ਮੇਰੇ ਵਤਨ ਨੂੰ ਕੋਈ ਇੱਜ਼ਤ ਦਵਾ ਸਕਦਾ ਹੈ ਤਾਂ ਉਹ ਹੈ ਭਾਜਪਾ ਅਤੇ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ, ਜਿਨ੍ਹਾਂ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਭਾਰਤ ਨੇ ਬਹੁਤ ਤਰੱਕੀ ਕੀਤੀ ਹੈ।"


ਉਨ੍ਹਾਂ ਸ਼ੇਅਰੋ-ਸ਼ਾਇਰੀ ਅੰਦਾਜ਼ ਵਿਚ ਕਿਹਾ ਕਿ ਕਮਲ ਦਾ ਫੁੱਲ ਤਾਂ ਹੁਣ ਖਿੜ ਕੇ ਰਹੇਗਾ। ਇਸ ਦੌਰਾਨ ਉਨ੍ਹਾਂ ਆਪਣੇ ਵਰਕਰਾਂ ਨੂੰ ਭਾਜਪਾ ਨਾਲ ਡਟਣ ਦੀ ਅਪੀਲ ਕੀਤੀ ਹੈ।

## ਕਮਜ਼ੋਰ ਵਰਗਾਂ ਨੂੰ ਗੁਮਰਾਹ ਕਰਦੀਆਂ ਨੇ ਸਿਆਸੀ ਪਾਰਟੀਆਂ: ਗੜ੍ਹੀ

ਆਨੰਦਪੁਰ ਸਾਹਿਬ ਤੋਂ ਚੋਣ ਲੜ ਰਹੇ ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਆਖਿਆ ਕਿ ਪੰਜਾਬੀਆਂ ਨੇ ਸਾਰੀਆਂ ਪਾਰਟੀਆਂ ਪਰਖ ਕੇ ਵੇਖ ਲਈਆਂ ਹਨ ਤੇ ਹੁਣ ਇਕ ਮੌਕਾ ਬਸਪਾ ਨੂੰ ਦੇਣਾ ਚਾਹੀਦਾ ਹੈ। ਉਹ ਪਿੰਡ ਕੁੰਭੜਾ ਵਿਚ ਅੱਤਿਆਚਾਰ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਪ੍ਰਧਾਨ ਬਲਵਿੰਦਰ ਸਿੰਘ ਕੁੰਭੜਾ ਵੱਲੋਂ ਬਸਪਾ ਵਿਚ ਸ਼ਾਮਲ ਹੋਣ ਲਈ ਰੱਖੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਗੜ੍ਹੀ ਨੇ ਕਿਹਾ ਕਿ ਕਮਜ਼ੋਰ ਵਰਗਾਂ ਨੂੰ ਸਾਰੀਆਂ ਸਿਆਸੀ ਪਾਰਟੀਆਂ ਵੋਟਾਂ ਸਮੇਂ ਲਾਰੇ ਲਾ ਕੇ ਗੁਮਰਾਹ ਕਰਦੀਆਂ ਹਨ।

# ਸਿੰਗਾਪੁਰ 'ਚ ਮੁੜ ਪੈਰ ਪਸਾਰਨ ਲੱਗਾ ਕਰੋਨਾ

**ਸਿੰਗਾਪੁਰ:** ਸਿੰਗਾਪੁਰ ਵਿਚ ਕਰੋਨਾ ਵਾਇਰਸ ਦੇ ਨਵੇਂ ਮਾਮਲਿਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਸਿਹਤ ਅਧਿਕਾਰੀਆਂ ਨੇ ਕਿਹਾ ਕਿ 5 ਤੋਂ 11 ਮਈ ਤੱਕ ਕਰੋਨਾ ਵਾਇਰਸ ਨਾਲ ਸਬੰਧਤ 25,900 ਕੇਸ ਦਰਜ ਕੀਤੇ ਗਏ ਹਨ। ਸਿਹਤ ਮੰਤਰੀ ਆਂਗ ਯੀ ਕੁੰਗ ਨੇ ਲੋਕਾਂ ਨੂੰ ਮਾਸਕ ਪਾਉਣ ਦੀ ਸਲਾਹ ਦਿੱਤੀ ਹੈ। 'ਦਿ ਸਟਰੇਟਸ ਟਾਈਮਜ਼' ਅਖ਼ਬਾਰ ਨੇ ਮੰਤਰੀ ਆਂਗ ਯੀ ਦੇ ਹਵਾਲੇ ਨਾਲ ਕਿਹਾ, ''ਅਸੀਂ ਲਹਿਰ ਦੇ ਸ਼ੁਰੂਆਤੀ ਮੋੜ ਉਤੇ ਹਾਂ ਜਿੱਥੇ ਕੇਸ ਤੇਜ਼ੀ ਨਾਲ ਵਧ ਰਹੇ ਹਨ। ਇਸ ਲਈ, ਮੈਂ ਕਹਾਂਗਾ ਕਿ ਲਹਿਰ ਅਗਲੇ ਦੋ ਤੋਂ ਚਾਰ ਹਫ਼ਤਿਆਂ ਮਤਲਬ ਜੂਨ ਦੇ ਅੱਧ ਤੋਂ ਅਖ਼ੀਰ ਤੱਕ ਸਿਖਰ 'ਤੇ ਪਹੁੰਚ ਸਕਦੀ ਹੈ।'' ਸਿਹਤ ਮੰਤਰਾਲੇ ਨੇ ਕਿਹਾ ਕਿ ਕਰੋਨਾ ਕੇਸਾਂ ਦੀ ਗਿਣਤੀ 5 ਤੋਂ 11 ਮਈ ਤੱਕ ਅੰਦਾਜ਼ਨ




25,900 'ਤੇ ਪਹੁੰਚ ਗਈ ਹੈ ਜੋ ਪਿਛਲੇ ਹਫ਼ਤੇ 13,700 ਸੀ। ਇਕ ਹਫ਼ਤਾ ਪਹਿਲਾਂ ਦੇ ਮੁਕਾਬਲੇ ਹਸਪਤਾਲ ਵਿਚ ਦਾਖ਼ਲ ਹੋਣ ਵਾਲੇ ਕਰੋਨਾ ਪੀੜਤਾਂ ਦੀ ਗਿਣਤੀ 181 ਤੋਂ ਵਧ ਕੇ ਲਗਭਗ 250 ਹੋ ਗਈ ਹੈ।

# ਹੁਣ ਨੇਪਾਲ ਨੇ ਭਾਰਤੀ ਮਸਾਲਾ ਉਤਪਾਦਾਂ 'ਤੇ ਪਾਬੰਦੀ ਲਗਾਈ

**ਕਾਠਮੰਡੂ:** ਸਿੰਗਾਪੁਰ ਅਤੇ ਹਾਂਗਕਾਂਗ ਤੋਂ ਬਾਅਦ ਨੇਪਾਲ ਨੇ ਵੀ ਕਥਿਤ ਗੁਣਵੱਤਾ ਸਬੰਧੀ ਚਿੰਤਾਵਾਂ ਕਾਰਨ ਭਾਰਤੀ ਕੰਪਨੀਆਂ ਦੇ ਕੁਝ ਮਸਾਲਾ ਉਤਪਾਦਾਂ ਦੀ ਦਰਾਮਦ ਅਤੇ ਵਿਕਰੀ ਉਤੇ ਪਾਬੰਦੀ ਲਗਾ ਦਿੱਤੀ ਹੈ। ਨੇਪਾਲ ਦੇ ਖ਼ੁਰਾਕ ਤਕਨਾਲੋਜੀ ਤੇ ਗੁਣਵੱਤਾ ਕੰਟਰੋਲ ਵਿਭਾਗ ਮੁਤਾਬਕ ਐਮ.ਡੀ.ਐਚ. ਤੇ ਐਵਰੈਸਟ ਦੇ ਚਾਰ ਮਸਾਲਾ ਉਤਪਾਦਾਂ 'ਤੇ ਸ਼ੱਕੀ 'ਇਥੇਲੀਨ ਆਕਸਾਈਡ' ਜਾਂ ਈ.ਟੀ.ਓ. ਕੀਟਨਾਸ਼ਕ ਕਾਰਨ ਪਾਬੰਦੀ ਲਗਾਈ ਗਈ ਹੈ। ਇਸ ਤਹਿਤ ਐਮ.ਡੀ.ਐਚ. ਦੇ 'ਮਦਰਾਸ ਕਰੀ ਪਾਊਡਰ', 'ਸਾਂਬਰ ਮਸਾਲਾ ਪਾਊਡਰ' ਅਤੇ 'ਮਿਕਸਡ ਮਸਾਲਾ ਕਰੀ ਪਾਊਡਰ' ਅਤੇ 'ਐਵਰੈਸਟ ਫਿਸ਼ ਕਰੀ ਮਸਾਲਾ' 'ਤੇ ਪਾਬੰਦੀ ਲਗਾਈ ਗਈ ਹੈ।

## ਨੇਪਾਲ: ਪ੍ਰਚੰਡ ਨੇ ਵਿਸ਼ਵਾਸ ਮਤ ਜਿੱਤਿਆ

**ਕਾਠਮੰਡੂ:** ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਿਲ 'ਪ੍ਰਚੰਡ' ਨੇ ਸੰਸਦ ਵਿਚ ਵਿਸ਼ਵਾਸ ਮਤ ਜਿੱਤ ਲਿਆ। ਅਹੁਦਾ ਸੰਭਾਲਣ ਦੇ 18 ਮਹੀਨਿਆਂ ਦੇ ਅੰਦਰ ਉਨ੍ਹਾਂ ਨੇ ਚੌਥੀ ਵਾਰ ਪ੍ਰੀਖਿਆ ਦਿੱਤੀ ਹੈ। ਨੇਪਾਲ ਦੇ ਪ੍ਰਤੀਨਿਧ ਸਦਨ ਦੀ ਤੀਜੀ ਸਭ ਤੋਂ ਵੱਡੀ ਪਾਰਟੀ ਕਮਿਊਨਿਸਟ ਪਾਰਟੀ ਆਫ ਨੇਪਾਲ (ਮਾਓਵਾਦੀ ਕੇਂਦਰ) ਦੇ ਆਗੂ ਪ੍ਰਚੰਡ (69) ਨੂੰ 275 ਮੈਂਬਰੀ ਪ੍ਰਤੀਨਿਧ ਸਦਨ ਵਿਚ 157 ਵੋਟਾਂ ਮਿਲੀਆਂ।

ਕੁੱਲ 158 ਸੰਸਦ ਮੈਂਬਰਾਂ ਨੇ ਵੋਟਿੰਗ ਵਿਚ ਹਿੱਸਾ ਲਿਆ। ਮੁੱਖ ਵਿਰੋਧੀ ਪਾਰਟੀ ਨੇਪਾਲੀ ਕਾਂਗਰਸ ਨੇ ਵੋਟਿੰਗ ਦਾ ਬਾਈਕਾਟ ਕੀਤਾ। ਪ੍ਰਤੀਨਿਧ ਸਦਨ ਦੇ ਇਕ ਨੇ ਵੋਟ ਨਹੀਂ ਪਾਈ। ਸ਼ਕਤੀ ਪ੍ਰਦਰਸ਼ਨ ਪਿਛਲੇ ਹਫ਼ਤੇ ਗਠਜੋੜ ਦੀ ਭਾਈਵਾਲ ਜਨਤਾ ਸਮਾਜਵਾਦੀ ਪਾਰਟੀ (ਜੇ.ਐਸ.ਪੀ.) ਵੱਲੋਂ ਗੱਠਜੋੜ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈਣ ਦੇ ਕੁਝ ਦਿਨ ਬਾਅਦ ਆਇਆ ਹੈ।

# ਬਿਸ਼ਕੇਕ ਹਿੰਸਾ: ਭਾਰਤੀ ਵਿਦਿਆਰਥੀਆਂ ਨੂੰ ਘਰਾਂ ਅੰਦਰ ਰਹਿਣ ਦੀ ਸਲਾਹ

**ਨਵੀਂ ਦਿੱਲੀ:** ਕਿਰਗਿਜ਼ਸਤਾਨ ਦੀ ਰਾਜਧਾਨੀ ਬਿਸ਼ਕੇਕ ਵਿਚ ਸਥਾਨਕ ਲੋਕਾਂ ਅਤੇ ਵਿਦੇਸ਼ੀਆਂ ਦਰਮਿਆਨ ਕਥਿਤ ਝੜਪ ਦੇ ਮੱਦੇਨਜ਼ਰ ਭਾਰਤ ਨੇ ਉਥੇ ਰਹਿ ਰਹੇ ਭਾਰਤੀ ਵਿਦਿਆਰਥੀਆਂ ਨੂੰ ਆਪਣੇ ਘਰਾਂ ਅੰਦਰ ਰਹਿਣ ਦੀ ਸਲਾਹ ਦਿੱਤੀ ਹੈ। ਮੱਧ ਏਸ਼ਿਆਈ ਦੇਸ਼ ਸਥਿਤ ਭਾਰਤੀ ਦੂਤਘਰ ਨੇ ਕਿਹਾ ਕਿ ਉਹ ਭਾਰਤੀ ਵਿਦਿਆਰਥੀਆਂ ਦੇ ਸੰਪਰਕ ਵਿਚ ਹੈ ਅਤੇ ਸਥਿਤੀ ਹੁਣ 'ਸ਼ਾਂਤ' ਹੈ।


ਮਿਸ਼ਨ ਨੇ ਸ਼ਹਿਰ ਵਿਚ ਰਹਿਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਘਰ ਦੇ ਅੰਦਰ ਰਹਿਣ ਦੀ ਸਲਾਹ ਦਿੱਤੀ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਭਾਰਤੀ ਵਿਦਿਆਰਥੀਆਂ ਨੂੰ ਭਾਰਤੀ ਦੂਤਘਰ ਨਾਲ ਲਗਾਤਾਰ ਸੰਪਰਕ ਵਿਚ ਰਹਿਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਕਿਹਾ, ''ਬਿਸ਼ਕੇਕ ਵਿਚ ਭਾਰਤੀ ਵਿਦਿਆਰਥੀਆਂ ਦੀ ਭਲਾਈ ਲਈ ਕਦਮ ਚੁੱਕੇ ਜਾ ਰਹੇ ਹਨ। ਫਿਲਹਾਲ ਸਥਿਤੀ ਸ਼ਾਂਤੀਪੂਰਨ ਹੈ। ਵਿਦਿਆਰਥੀਆਂ ਨੂੰ ਦੂਤਘਰ ਨਾਲ ਲਗਾਤਾਰ ਸੰਪਰਕ ਵਿਚ ਰਹਿਣ ਦੀ ਸਲਾਹ ਦਿੱਤੀ ਗਈ ਹੈ।'' ਭਾਰਤੀ ਸਫ਼ਾਰਤਖ਼ਾਨੇ ਨੇ ਕਿਹਾ, ''ਅਸੀਂ ਵਿਦਿਆਰਥੀਆਂ ਦੇ ਸੰਪਰਕ ਵਿਚ ਹਾਂ।

ਫਿਲਹਾਲ ਸਥਿਤੀ ਸ਼ਾਂਤੀਪੂਰਨ ਹੈ ਪਰ ਵਿਦਿਆਰਥੀਆਂ ਨੂੰ ਇਸ ਸਮੇਂ ਘਰ ਅੰਦਰ ਹੀ ਰਹਿਣ ਦੀ ਸਲਾਹ ਦਿੱਤੀ ਗਈ ਹੈ। ਕਿਸੇ ਵੀ ਮਾਮਲੇ 'ਤੇ ਦੂਤਘਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।'' 'ਦਿ ਟਾਈਮਜ਼ ਆਫ ਸੈਂਟਰਲ ਏਸ਼ੀਆ' ਦੀ ਰਿਪੋਰਟ ਮੁਤਾਬਕ, ਕਿਰਗਿਜ਼ਸਤਾਨ ਦੀ ਰਾਜਧਾਨੀ ਦੇ ਇਕ ਹਿੱਸੇ 'ਚ ਸਥਾਨਕ ਲੋਕਾਂ ਅਤੇ ਵਿਦੇਸ਼ੀਆਂ ਵਿਚਕਾਰ ਕਥਿਤ ਝੜਪ ਕਾਰਨ ਹਾਲਾਤ ਤਣਾਅਪੂਰਨ ਹੋਣ ਮਗਰੋਂ ਸਥਿਤੀ ਉਤੇ ਕਾਬੂ ਪਾਉਣ ਲਈ ਪੁਲਿਸ ਬਲ ਤਾਇਨਾਤ ਕੀਤੇ ਗਏ ਹਨ।

# ਹੈਲੀਕਾਪਟਰ ਹਾਦਸਾ: ਇਰਾਨ ਦੇ ਰਾਸ਼ਟਰਪਤੀ ਦੀ ਮੌਤ

**ਦੁਬਈ:** ਉੱਤਰੀ-ਪੱਛਮੀ ਇਰਾਨ ਦੇ ਪਹਾੜੀ ਖੇਤਰ ਵਿਚ ਹੈਲੀਕਾਪਟਰ ਹਾਦਸੇ ਦਾ ਸ਼ਿਕਾਰ ਹੋਏ ਰਾਸ਼ਟਰਪਤੀ ਇਬਰਾਹਿਮ ਰਈਸੀ, ਵਿਦੇਸ਼ ਮੰਤਰੀ ਅਤੇ ਹੋਰ ਵਿਅਕਤੀਆਂ ਦੀਆਂ ਹਾਦਸੇ ਵਾਲੀ ਥਾਂ ਉਤੇ ਲਾਸ਼ਾਂ ਮਿਲੀਆਂ ਹਨ। ਰਈਸੀ 63 ਸਾਲ ਦੇ ਸਨ। ਘਟਨਾ ਅਜਿਹੇ ਸਮੇਂ 'ਚ ਹੋਈ ਹੈ, ਜਦੋਂ ਇਰਾਨ ਨੇ ਆਪਣੇ ਸੁਪਰੀਮ ਨੇਤਾ ਆਯਤੁੱਲਾ ਅਲੀ ਖਮੇਨੀ ਦੀ ਅਗਵਾਈ ਵਿਚ ਪਿਛਲੇ ਮਹੀਨੇ ਇਜ਼ਰਾਈਲ ਉਤੇ ਵੱਡਾ ਡਰੋਨ ਅਤੇ ਮਿਜ਼ਾਈਲ ਹਮਲਾ ਕੀਤਾ ਸੀ। ਇਸ ਤੋਂ ਇਲਾਵਾ ਇਰਾਨ ਦਾ ਯੂਰੇਨੀਅਮ ਸੋਧ ਵੀ ਹਥਿਆਰ ਬਣਾਉਣ ਲਈ ਲੋੜੀਂਦੇ ਪੱਧਰ ਦੇ ਨੇੜੇ ਪਹੁੰਚ ਗਈ ਹੈ।

ਰਈਸੀ ਇਰਾਨ ਦੇ ਪੂਰਬੀ ਅਜ਼ਰਬਾਈਜਾਨ ਸੂਬੇ ਦੀ ਯਾਤਰਾ ਕਰ ਰਹੇ ਸਨ। ਸਰਕਾਰੀ ਟੀਵੀ ਨੇ ਹਾਲੇ ਤੱਕ ਪੂਰਬੀ ਅਜ਼ਰਬਾਈਜਾਨ ਸੂਬੇ ਵਿਚ ਹੋਏ ਹਾਦਸੇ ਦਾ ਕੋਈ ਕਾਰਨ ਨਹੀਂ ਦੱਸਿਆ ਹੈ। ਉਨ੍ਹਾਂ ਦੱਸਿਆ ਕਿ ਇਸ ਹਾਦਸੇ 'ਚ ਰਈਸੀ ਨਾਲ ਜਿਨ੍ਹਾਂ ਦੀਆਂ ਲਾਸ਼ਾਂ ਮਿਲੀਆਂ ਹਨ, ਉਨ੍ਹਾਂ 'ਚ ਇਰਾਨ ਦੇ ਵਿਦੇਸ਼ ਮੰਤਰੀ ਹੁਸੈਨ





ਅਮੀਰਬਦੁੱਲਾਹੀਨ (60) ਵੀ ਸ਼ਾਮਲ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਈਸੀ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ ਅਤੇ ਕਿਹਾ ਕਿ ਭਾਰਤ-ਇਰਾਨ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ 'ਚ ਉਨ੍ਹਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਗਰਮੀ ਕਾਰਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਆਮਦ ਘਟੀ



**ਅੰਮ੍ਰਿਤਸਰ:** ਪੰਜਾਬ ਤੇ ਹਰਿਆਣਾ ਵਿਚ ਜੇਠ ਮਹੀਨੇ ਦੀ ਗਰਮੀ ਨੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਪਿਛਲੇ ਇਕ ਹਫ਼ਤੇ ਤੋਂ ਚੱਲ ਰਹੀ ਲੂ ਨੇ ਲੋਕਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਗਰਮੀ ਕਰਕੇ ਲੋਕ ਘਰਾਂ ਵਿਚ ਤੜੇ ਰਹਿਣ ਲਈ ਮਜਬੂਰ ਹਨ। ਅੰਮ੍ਰਿਤਸਰ ਵਿਚ 40 ਡਿਗਰੀ ਸੈਲਸੀਅਸ ਤੋਂ ਵੱਧ ਚੱਲ ਰਹੇ ਤਾਪਮਾਨ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਆਮਦ ਨੂੰ ਵੀ ਪ੍ਰਭਾਵਿਤ ਕੀਤਾ ਹੈ। ਆਮ ਦਿਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਲਗਭਗ ਇਕ ਲੱਖ ਸੈਲਾਨੀ ਮੱਥਾ ਟੇਕਣ ਆਉਂਦੇ ਹਨ ਪਰ ਪਿਛਲੇ ਕੁਝ ਦਿਨਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਇਹ ਗਿਣਤੀ ਕਾਫੀ ਘਟ ਗਈ ਹੈ।

ਦੂਜੇ ਪਾਸੇ ਗਰਮੀ ਤੋਂ ਬਚਣ ਲਈ ਸ਼੍ਰੋਮਣੀ ਕਮੇਟੀ ਨੇ ਸੰਗਤ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ (ਪਰਿਕਰਮਾ) ਨਰਿੰਦਰ ਸਿੰਘ ਨੇ ਕਿਹਾ ਕਿ ਐਤਵਾਰ ਨੂੰ ਛੱਡ ਕੇ ਬਾਕੀ ਦਿਨਾਂ ਵਿਚ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਸਿਰਫ ਅਤਿ ਦੀ ਗਰਮੀ ਵਾਲੀ ਸਥਿਤੀ ਕਾਰਨ ਹੈ। ਉਨ੍ਹਾਂ ਕਿਹਾ ਕਿ ਪਰਿਕਰਮਾ ਦੇ ਪੱਥਰ ਨੂੰ ਠੰਢਾ ਰੱਖਣ ਵਾਸਤੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਅਤੇ ਸ਼ਰਧਾਲੂਆਂ ਵੱਲੋਂ ਜਲ ਨਾਲ ਇੱਥੇ ਵਿਛਾਏ ਹੋਏ ਗਲੀਚੇ ਠੰਢੇ ਰੱਖਣ ਦਾ ਯਤਨ ਕੀਤਾ ਜਾਂਦਾ ਹੈ।

ਪ੍ਰਬੰਧਕ ਇਹ ਯਤਨ ਕਰਦੇ ਹਨ ਕਿ ਇਹ ਮੈਟ ਪਾਣੀ ਨਾਲ ਭਿੱਜੇ ਰਹਿਣ ਅਤੇ ਠੰਢੇ ਰਹਿਣ। ਦਰਸ਼ਨੀ ਡਿਓਢੀ ਵਾਲੇ ਹਿੱਸੇ ਵਿਚ ਸੰਗਤ 'ਤੇ ਛੱਤ ਵਾਲੇ ਪੱਖਿਆਂ ਤੋਂ ਇਲਾਵਾ ਪਾਣੀ ਦੇ ਛਿੜਕਾਅ ਦੀ ਇਕ ਵਿਸ਼ੇਸ਼ ਵਿਧੀ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਵਿਸ਼ੇਸ਼ ਵਿਧੀ ਹਾਲ ਹੀ ਵਿਚ ਸ਼ੁਰੂ ਕੀਤੀ ਗਈ ਹੈ, ਜਿਸ ਲਈ ਪਾਣੀ ਨੂੰ ਉੱਪਰੋਂ ਫਿੱਟ ਕੀਤੀਆਂ ਵਿਸ਼ੇਸ਼ ਪਾਈਪਾਂ ਰਾਹੀਂ ਸੰਚਾਰਿਤ ਕੀਤਾ ਜਾਂਦਾ ਹੈ।

ਉਧਰ, ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਅਗਲੇ 4-5 ਦਿਨਾਂ ਵਿਚ ਸੂਬੇ ਦਾ ਤਾਪਮਾਨ 46 ਤੋਂ 47 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। ਗਰਮ ਹਵਾਵਾਂ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ। ਇਸ ਦੇ ਨਾਲ ਹੀ ਕਿਸਾਨਾਂ ਦੇ ਸਾਹ ਵੀ ਸੁੱਕਣੇ ਪਏ ਹੋਏ ਹਨ। ਅਤਿ ਦੀ ਗਰਮੀ ਪੈਣ ਕਰਕੇ ਪੰਜਾਬ ਵਿਚ ਬਿਜਲੀ ਦੀ ਮੰਗ ਵੀ ਵਧੀ ਹੈ। ਜਾਣਕਾਰੀ ਅਨੁਸਾਰ ਦੁਪਹਿਰ ਸਮੇਂ ਪੰਜਾਬ ਵਿਚ ਬਿਜਲੀ ਦੀ ਮੰਗ 11 ਹਜ਼ਾਰ ਮੈਗਾਵਾਟ ਦੇ ਕਰੀਬ ਪਹੁੰਚ ਗਈ ਸੀ, ਜੋ ਸ਼ਾਮ ਹੁੰਦਿਆਂ ਘੱਟ ਕੇ 9200 ਮੈਗਾਵਾਟ ਰਹਿ ਗਈ। ਮੌਸਮ ਵਿਗਿਆਨੀਆਂ ਵੱਲੋਂ ਵੀ ਲੋਕਾਂ ਨੂੰ ਲੋੜ ਅਨੁਸਾਰ ਹੀ ਘਰੋਂ ਬਾਹਰ ਨਿਕਲਣ ਦੀ ਅਪੀਲ ਕੀਤੀ ਜਾ ਰਹੀ ਹੈ।

## ਪੰਜਾਬ 'ਚ ਭਿਆਨਕ ਗਰਮੀ ਕਾਰਨ ਸਕੂਲਾਂ ਵਿਚ ਛੁੱਟੀਆਂ

**ਮਾਨਸਾ:** ਪੰਜਾਬ ਵਿਚ ਪੈ ਰਹੀ ਭਿਆਨਕ ਗਰਮੀ ਕਾਰਨ ਸਰਕਾਰ ਵੱਲੋਂ ਰਾਜ ਸਾਰੇ ਸਕੂਲਾਂ ਵਿਚ 21 ਮਈ ਤੋਂ 30 ਜੂਨ ਤੱਕ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਰਾਜ ਦੀਆਂ ਅਧਿਆਪਕ ਜਥੇਬੰਦੀਆਂ ਅਤੇ ਮਾਪਿਆਂ ਵੱਲੋਂ ਇਸ ਮੰਗ ਨੂੰ ਕਈ ਦਿਨਾਂ ਤੋਂ ਕੀਤਾ ਜਾ ਰਿਹਾ ਸੀ। ਸਰਕਾਰੀ ਫੈਸਲੇ ਅਨੁਸਾਰ ਇਹ ਛੁੱਟੀਆਂ ਸੂਬੇ ਦੇ ਸਾਰੇ ਸਰਕਾਰੀ, ਅਰਧ ਸਰਕਾਰੀ, ਮਾਨਤਾ ਪ੍ਰਾਪਤ, ਪ੍ਰਾਈਵੇਟ ਸਕੂਲਾਂ ਵਿਚ ਲਾਗੂ ਹੋਣਗੀਆਂ। ਇਸ ਤੋਂ ਪਹਿਲਾਂ ਸਕੂਲਾਂ ਦਾ ਸਮਾਂ ਬਦਲ ਕੇ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਕਰ ਦਿੱਤਾ ਗਿਆ ਸੀ।

# ਹੇਮਕੁੰਟ ਸਾਹਿਬ ਦੀ ਯਾਤਰਾ ਲਈ ਰੋਜ਼ਾਨਾ 3500 ਸ਼ਰਧਾਲੂ ਭੇਜਣ ਦਾ ਫੈਸਲਾ

**ਅੰਮ੍ਰਿਤਸਰ:** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਵਾਸਤੇ ਫਿਲਹਾਲ 3500 ਸ਼ਰਧਾਲੂ ਹੀ ਪ੍ਰਤੀ ਦਿਨ ਗੁਰਦੁਆਰਾ ਸਾਹਿਬ ਦੇ ਦਰਸ਼ਨ ਵਾਸਤੇ ਜਾ ਸਕਣਗੇ। ਸ਼ਰਧਾਲੂਆਂ ਦੀ ਗਿਣਤੀ ਉੱਤਰਾਖੰਡ ਸਰਕਾਰ ਵੱਲੋਂ ਤੈਅ ਕੀਤੀ ਗਈ ਹੈ। ਇਹ ਫੈਸਲਾ ਹਾਲ ਹੀ ਵਿਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਗੁਰਦੁਆਰਾ ਮੈਨੇਜਮੈਂਟ ਟਰੱਸਟ ਦੇ ਅਧਿਕਾਰੀਆਂ ਵੱਲੋਂ ਸਥਿਤੀ ਦਾ ਨਿਰੀਖਣ ਕਰਨ ਤੋਂ ਬਾਅਦ ਕੀਤਾ ਗਿਆ।

ਇਸ ਬਾਰੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਜ਼ਿਲ੍ਹਾ ਅਧਿਕਾਰੀ ਹਿਮਾਂਸ਼ੂ ਖੁਰਾਣਾ ਦੀ ਅਗਵਾਈ ਹੇਠ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਗੁਰਦੁਆਰਾ ਟਰੱਸਟ ਦੇ ਪ੍ਰਬੰਧਕਾਂ ਨੇ ਗੁਰਦੁਆਰਾ ਗੋਬਿੰਦ ਘਾਟ ਤੋਂ ਗੁਰਦੁਆਰਾ ਹੇਮਕੁੰਟ ਸਾਹਿਬ ਤੱਕ ਦਾ ਲਗਭਗ 19 ਕਿਲੋਮੀਟਰ ਲੰਬੇ ਪੈਦਲ ਮਾਰਗ ਦਾ ਨਿਰੀਖਣ ਕੀਤਾ ਸੀ। ਉਨ੍ਹਾਂ ਦੱਸਿਆ ਕਿ ਮੌਜੂਦਾ ਜ਼ਮੀਨੀ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਉਤਰਾਖੰਡ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਅਤੇ ਪ੍ਰਬੰਧਕਾਂ ਵੱਲੋਂ ਪ੍ਰਤੀ ਦਿਨ 3500 ਸ਼ਰਧਾਲੂਆਂ ਦੀ ਗਿਣਤੀ ਨਿਰਧਾਰਿਤ ਕੀਤੀ ਗਈ ਹੈ ਜੋ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦਰਸ਼ਨ ਕਰਨ ਵਾਸਤੇ ਜਾ ਸਕਣਗੇ। ਉਨ੍ਹਾਂ ਦੱਸਿਆ ਕਿ ਮੌਜੂਦਾ ਸਥਿਤੀ ਵਿਚ ਉੱਥੇ ਕਾਫੀ ਬਰਫ਼ ਹੈ ਅਤੇ ਬਰਫ਼ ਪਿਘਲਣ



ਤੋਂ ਬਾਅਦ ਯਾਤਰੀਆਂ ਦੀ ਗਿਣਤੀ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ। ਇਸੇ ਦੇ ਮੱਦੇਨਜ਼ਰ ਬਜ਼ੁਰਗ ਅਤੇ ਬੱਚਿਆਂ ਨੂੰ ਵੀ ਫਿਲਹਾਲ 15 ਦਿਨ ਯਾਤਰਾ ਨਾ ਕਰਨ ਦਾ ਸੁਝਾਅ ਦਿੱਤਾ ਗਿਆ।

ਸ੍ਰੀ ਬਿੰਦਰਾ ਨੇ ਦੱਸਿਆ ਕਿ ਸਾਲਾਨਾ ਯਾਤਰਾ ਦੀ ਸ਼ੁਰੂਆਤ 22 ਮਈ ਨੂੰ ਹੋਵੇਗੀ। ਇਸ ਸਬੰਧੀ ਸਿੱਖ ਸ਼ਰਧਾਲੂਆਂ ਦਾ ਪਹਿਲਾ ਜਥਾ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਰਵਾਨਾ ਹੋਵੇਗਾ, ਜਿਸ ਨੂੰ ਸੂਬੇ ਦੇ ਰਾਜਪਾਲ ਅਤੇ ਸੰਤ ਸਮਾਜ ਵੱਲੋਂ ਰਵਾਨਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਨੂੰ ਸੰਗਤ ਵਾਸਤੇ ਖੋਲ੍ਹ ਦਿੱਤੇ ਜਾਣਗੇ। 25 ਮਈ ਨੂੰ ਸਿੱਖ ਮਰਿਆਦਾ ਦੇ ਮੁਤਾਬਕ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇਗਾ ਅਤੇ ਪਹਿਲੀ ਅਰਦਾਸ ਹੋਵੇਗੀ। ਸ੍ਰੀ ਬਿੰਦਰਾ ਨੇ ਦੱਸਿਆ ਕਿ ਇਸ ਯਾਤਰਾ ਵਾਸਤੇ ਆਉਣ ਵਾਲੇ ਹਰੇਕ ਯਾਤਰੀ ਨੂੰ ਸਰਕਾਰ ਦੇ ਕੋਲ ਆਨਲਾਈਨ ਰਜਿਸਟਰੇਸ਼ਨ ਕਰਵਾਉਣੀ ਜ਼ਰੂਰੀ ਹੋਵੇਗੀ। ਇਹ ਵਿਵਸਥਾ ਸ਼ਰਧਾਲੂਆਂ ਦੀ ਸੁਵਿਧਾ ਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ।

# ਪੰਜਾਬ ਨੂੰ ਸੋਨੇ ਦੀ ਚਿੜੀ ਬਣਾਵਾਂਗੇ: ਭਗਵੰਤ

**ਜੈਤੋ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੇ ਹੱਕ 'ਚ ਰੋਡ ਸ਼ੋਅ ਕੀਤਾ। ਇਸ ਮੌਕੇ ਉਨ੍ਹਾਂ ਨਾਲ ਕਰਮਜੀਤ ਅਨਮੋਲ, ਜੈਤੋ ਦੇ ਵਿਧਾਇਕ ਅਮੋਲਕ ਸਿੰਘ ਅਤੇ ਫ਼ਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਵੀ ਮੌਜੂਦ ਰਹੇ। ਮਹਿਜ਼ ਇਹ ਵੀ ਇਤਫ਼ਾਕ ਰਿਹਾ ਕਿ ਜਿਸ ਸਮੇਂ ਬਾਜ਼ਾਰ ਵਿਚ ਭਗਵੰਤ ਮਾਨ ਦਾ ਰੋਡ ਸ਼ੋਅ ਸੀ, ਠੀਕ ਉਸ ਵਕਤ ਇਥੇ ਰਾਮਲੀਲਾ ਮੈਦਾਨ ਵਿਚ ਸੁਖਬੀਰ ਸਿੰਘ ਬਾਦਲ ਚੋਣ ਜਲਸੇ ਨੂੰ ਸੰਬੋਧਨ ਕਰਨ ਪੁੱਜੇ ਹੋਏ ਸਨ।

ਮੁੱਖ ਮੰਤਰੀ ਨੇ ਕਟਾਖਸ਼ ਕੀਤਾ, 'ਪਤਾ ਲੱਗਾ ਹੈ ਕਿ ਇੱਥੇ 'ਪਰਿਵਾਰ ਬਚਾਓ' ਵਾਲੇ ਵੀ ਆਏ ਹੋਏ ਨੇ।' ਉਨ੍ਹਾਂ ਕਿਹਾ, 'ਜੈਤੋ ਉਹੀ ਨਗਰੀ ਹੈ, ਜਿੱਥੇ ਮੋਰਚਾ ਲੱਗਾ ਸੀ ਅਤੇ ਖੂਹਾਂ 'ਚ ਜ਼ਹਿਰ ਪਾਈ ਗਈ ਸੀ।' ਸੁਖਬੀਰ ਬਾਦਲ ਦੀ 'ਪੰਜਾਬ ਬਚਾਓ' ਯਾਤਰਾ 'ਤੇ ਨਿਸ਼ਾਨਾ ਸੇਧਦਿਆਂ ਭਗਵੰਤ ਮਾਨ ਨੇ ਕਿਹਾ, ''ਉਹ ਆਪਣੇ ਨਾਲ ਦੇ ਅਫ਼ਸਰਾਂ ਨੂੰ ਕਹਿੰਦੇ ਨੇ ਜਦੋਂ ਤਾਪਮਾਨ ਘਟ ਗਿਆ ਦੱਸਿਓ, ਫਿਰ ਪੰਜਾਬ ਬਚਾਉਣ ਚੱਲਾਂਗੇ। ਇਹ ਲੋਕ ਪੈਰਾਂ ਹੇਠੋਂ ਖਿਸਕ ਚੁੱਕੀ ਜ਼ਮੀਨ ਭਾਲਦੇ ਫਿਰਦੇ ਹਨ, ਜੋ ਕਦੇ ਲੱਭਣੀ ਨਹੀਂ'। ਮੁੱਖ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਸਰਕਾਰ 'ਸੁੱਖ ਵਿਲਾਸ' ਹੋਟਲ 'ਚ ਸਕੂਲ ਬਣਾਵੇਗੀ ਤੇ ਨਾਅਰਾ ਹੋਵੇਗਾ 'ਇਹੋ ਜਿਹਾ ਸਕੂਲ, ਜਿੱਥੇ ਹਰ ਕਮਰੇ ਨਾਲ ਪੂਲ'। ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਕਿਹਾ ਕਿ ਗਰੀਬੀ ਦੇ ਜੂਲੇ ਹੇਠੋਂ ਨਿਕਲਣ ਦਾ ਇਕੋ ਹੱਲ ਹੈ ਕਿ ਗਰੀਬਾਂ ਦੇ ਬੱਚਿਆਂ ਨੂੰ ਸਸਤੀ ਤੇ ਮਿਆਰੀ ਸਿੱਖਿਆ ਦਿੱਤੀ ਜਾਵੇ। ਉਨ੍ਹਾਂ ਕਿਹਾ, 'ਅਗਲੇ ਤਿੰਨ ਸਾਲ ਖੁੱਲ੍ਹ ਕੇ ਕੰਮ ਕਰਾਂਗੇ ਅਤੇ ਪੰਜਾਬ ਨੂੰ ਸੋਨੇ ਦੀ ਚਿੜੀ ਬਣਾ ਕੇ ਦਮ ਲਵਾਂਗੇ।' ਕਰਮਜੀਤ ਅਨਮੋਲ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਦੋਵੇਂ ਗਿਆਰ੍ਹਵੀਂ ਤੋਂ ਇਕੱਠੇ ਪੜ੍ਹੇ ਹਨ ਅਤੇ ਮਿਹਨਤ ਕਰਕੇ ਛੋਟੇ ਘਰਾਂ ਤੋਂ ਇੱਥੋਂ ਤੱਕ ਅੱਪੜੇ ਹਨ। ਕਰਮਜੀਤ ਅਨਮੋਲ ਨੇ ਧੰਨਵਾਦੀ ਭਾਸ਼ਣ 'ਚ ਕਿਹਾ ਕਿ ਪਹਿਲਾਂ ਗਾਇਕੀ, ਫਿਰ ਅਦਾਕਾਰੀ ਅਤੇ ਹੁਣ ਰਾਜਨੀਤੀ 'ਚ ਮੁੱਖ ਮੰਤਰੀ ਨੇ ਹਮੇਸ਼ਾ ਹੀ ਉਨ੍ਹਾਂ ਦੀ ਬਾਂਹ ਫੜ ਕੇ ਨਾਲ ਤੋਰਿਆ ਹੈ।

# ਪੰਜਾਬੀਆਂ ਨੇ ਚੋਣ ਫੰਡ ਦੇਣ ਤੋਂ ਹੱਥ ਘੁੱਟਿਆ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਸਮੁੱਚੀਆਂ ਪਾਰਟੀਆਂ ਦੇ ਜ਼ਿਆਦਾਤਰ ਉਮੀਦਵਾਰਾਂ ਨੂੰ ਲੋਕਾਂ ਵੱਲੋਂ ਚੋਣ ਫ਼ੰਡ ਦੇ ਲਿਫ਼ਾਫ਼ਿਆਂ ਦੀ ਤੋਟ ਸਤਾ ਰਹੀ ਹੈ। ਉਮੀਦਵਾਰਾਂ ਨੂੰ ਲੱਡੂਆਂ ਤੇ ਸਿੱਕਿਆਂ ਨਾਲ ਤੋਲ-ਤੁਲਾਈ ਕਰਨ ਦਾ ਵਰਤਾਰਾ ਵੀ ਨਾਮਾਤਰ ਰਹਿ ਗਿਆ ਹੈ। ਹੋਰ ਤਾਂ ਹੋਰ ਉਮੀਦਵਾਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਚੋਣ ਪ੍ਰਚਾਰ ਦੌਰਾਨ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਵੀ ਪੱਲਿਓਂ ਕਰਨਾ ਪੈ ਰਿਹਾ ਹੈ।



ਜਾਣਕਾਰੀ ਅਨੁਸਾਰ ਹੁਣ ਲੋਕਾਂ ਵੱਲੋਂ ਉਮੀਦਵਾਰਾਂ ਨੂੰ ਫ਼ੰਡ ਦੇਣ ਦੀ ਪਿਰਤ ਬਿਲਕੁੱਲ ਘਟ ਗਈ ਹੈ। ਪਹਿਲਾਂ ਹਰ ਚੋਣ ਸਮੇਂ ਤਕਰੀਬਨ ਹਰ ਪਿੰਡ ਵਿਚ ਪਾਰਟੀ ਅਤੇ ਉਮੀਦਵਾਰਾਂ ਦੇ ਸਥਾਨਕ ਸਮਰਥਕ ਆਪਣੇ ਵਿੱਤ ਅਨੁਸਾਰ ਪਿੰਡ ਵਿਚੋਂ ਮਾਇਆ ਇਕੱਤਰ ਕਰਕੇ ਕੁਝ ਨਾ ਕੁਝ ਰਾਸ਼ੀ ਵਾਲਾ ਲਿਫ਼ਾਫ਼ਾ ਪਿੰਡ ਆਏ ਹਰ ਪਾਰਟੀ ਦੇ ਉਮੀਦਵਾਰ ਨੂੰ ਭੇਟ ਕਰਦੇ ਸਨ।

ਇਸੇ ਤਰ੍ਹਾਂ ਤਕਰੀਬਨ ਹਰ ਪਿੰਡ ਵਿਚ ਆਪੋ ਆਪਣੇ ਉਮੀਦਵਾਰ ਨੂੰ ਸਿੱਕਿਆਂ ਅਤੇ ਲੱਡੂਆਂ ਨਾਲ ਤੋਲੇ ਜਾਣਾ ਆਮ ਗੱਲ ਸੀ। ਇਕ-ਇਕ ਉਮੀਦਵਾਰ ਕਈ ਵਾਰ ਰੋਜ਼ਾਨਾ ਦਰਜਨ ਵਾਰ ਤੱਕੜੀ ਵਿਚ ਤੁਲਦਾ ਸੀ। ਸਿੱਕੇ ਉਮੀਦਵਾਰ ਦੀ ਗੱਡੀ ਵਿਚ ਰੱਖੇ ਹੁੰਦੇ ਸਨ ਤੇ ਪਿੰਡ ਵਾਸੀ ਉਸ ਦੇ ਬਰਾਬਰ ਦਾ ਫ਼ੰਡ ਉਮੀਦਵਾਰ ਨੂੰ ਦੇ ਦਿੰਦੇ ਸਨ। ਲੱਡੂਆਂ ਨਾਲ ਤੋਲੇ ਜਾਣ ਸਮੇਂ ਲੱਡੂ ਮੌਕੇ 'ਤੇ ਹਾਜ਼ਰ ਲੋਕਾਂ ਨੂੰ ਵੰਡ ਦਿੱਤੇ ਜਾਂਦੇ ਸਨ। ਚੋਣ ਪ੍ਰਚਾਰ ਦੌਰਾਨ ਜਿੱਥੇ ਵੀ ਦੁਪਹਿਰ ਦਾ ਸਮਾਂ ਹੁੰਦਾ ਸੀ, ਸਬੰਧਤ ਪਿੰਡਾਂ ਵਾਲੇ ਉਮੀਦਵਾਰਾਂ ਤੇ ਉਨ੍ਹਾਂ ਦੇ ਨਾਲ ਆਏ ਕਾਫ਼ਲੇ ਲਈ ਖਾਣੇ ਦਾ ਪ੍ਰਬੰਧ ਵੀ ਕਰਦੇ ਸਨ। ਹੁਣ ਇਹ ਸਾਰਾ ਕੁਝ ਚੋਣ ਦ੍ਰਿਸ਼ 'ਚੋਂ ਗਾਇਬ ਹੋ ਗਿਆ ਹੈ। ਉਮੀਦਵਾਰਾਂ ਨੂੰ ਆਪਣੇ ਪੱਲਿਓਂ ਹੀ ਸਾਰਾ ਖ਼ਰਚਾ ਕਰਨਾ ਪੈ ਰਿਹਾ ਹੈ। ਜਿੱਥੇ ਉਮੀਦਵਾਰ ਨਹੀਂ ਖਰਚ ਰਿਹਾ, ਉੱਥੇ ਉਸ ਦੀ ਪਾਰਟੀ ਦੇ ਵਿਧਾਨ ਸਭਾ ਹਲਕਿਆਂ ਦੇ ਵਿਧਾਇਕ ਜਾਂ ਹਲਕਾ ਇੰਚਾਰਜਾਂ ਵੱਲੋਂ ਇਹ ਸਾਰਾ ਖਰਚਾ ਚੁੱਕਿਆ ਜਾ ਰਿਹਾ ਹੈ। ਫ਼ੰਡਾਂ ਦੇ ਲਿਫ਼ਾਫ਼ੇ ਦੇਣ ਅਤੇ ਤੋਲ ਤੁਲਾਈ ਦੀ ਬੰਦ ਹੋ ਰਹੀ ਪਿਰਤ ਬਾਰੇ ਪੇਂਡੂਆਂ ਦੀ ਦਲੀਲ ਹੈ ਕਿ ਹੁਣ ਰਾਜਨੀਤੀ ਵਿਚ ਸੇਵਾ ਘੱਟ ਤੇ ਮੇਵਾ ਵੱਧ ਹੈ, ਦੂਜਾ ਮਹਿੰਗਾਈ ਦੀ ਮਾਰ ਕਾਰਨ ਆਪਣੇ ਪਰਿਵਾਰਾਂ ਦੇ ਖਰਚੇ ਚਲਾਉਣੇ ਔਖੇ ਹੋਏ ਪਏ ਹਨ ਤੇ ਤੀਜਾ ਉਮੀਦਵਾਰਾਂ ਤੇ ਪਾਰਟੀਆਂ ਦੀ ਗਿਣਤੀ ਬਹੁਤ ਵਧ ਗਈ ਹੈ।

# ਪੰਜਾਬ ਦੀਆਂ 13 ਸੀਟਾਂ 'ਤੇ ਚੋਣ ਲੜ ਰਹੇ 328 ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ

**ਚੰਡੀਗੜ੍ਹ:** ਪੰਜਾਬ 'ਚ ਲੋਕ ਸਭਾ ਦੀਆਂ 13 ਸੀਟਾਂ 'ਤੇ ਚੋਣ ਲੜ ਰਹੇ 328 ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ ਹਨ। ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ ਹਨ।

ਇਸ ਵਾਰ ਕੁੱਲ 328 ਉਮੀਦਵਾਰਾਂ ਵਿੱਚੋਂ 169 ਆਜ਼ਾਦ ਉਮੀਦਵਾਰ ਚੋਣ ਲੜ ਰਹੇ ਹਨ। ਆਜ਼ਾਦ ਉਮੀਦਵਾਰਾਂ ਨੇ ਐਤਕੀਂ ਘਰੇਲੂ ਉਤਪਾਦਾਂ ਨੂੰ ਚੋਣ ਨਿਸ਼ਾਨ ਵਜੋਂ ਲੈਣ ਵਿਚ ਰੁਚੀ ਦਿਖਾਈ ਹੈ। 9 ਆਜ਼ਾਦ ਉਮੀਦਵਾਰਾਂ ਨੇ ਗੈਸ ਸਿਲੰਡਰ ਚੋਣ ਨਿਸ਼ਾਨ ਲਿਆ ਹੈ ਜਦੋਂਕਿ ਪੰਜ ਉਮੀਦਵਾਰਾਂ ਨੇ ਅਲਮਾਰੀ ਚੋਣ ਨਿਸ਼ਾਨ ਲਿਆ ਹੈ। 9 ਆਜ਼ਾਦ ਉਮੀਦਵਾਰਾਂ ਨੇ ਬੈਟਰੀ ਚੋਣ ਨਿਸ਼ਾਨ ਅਤੇ 12 ਉਮੀਦਵਾਰਾਂ ਨੇ ਬਾਲਟੀ ਚੋਣ ਨਿਸ਼ਾਨ ਲਿਆ ਹੈ। ਇਸੇ ਤਰ੍ਹਾਂ ਛੇ ਉਮੀਦਵਾਰਾਂ ਨੇ ਕੇਤਲੀ ਅਤੇ 11 ਉਮੀਦਵਾਰਾਂ ਨੇ ਡਾਇਮੰਡ ਚੋਣ ਨਿਸ਼ਾਨ ਲਿਆ ਹੈ।

ਇੰਜ ਹੀ 8 ਆਜ਼ਾਦ ਉਮੀਦਵਾਰਾਂ ਨੇ ਗੰਨਾ ਕਿਸਾਨ, 12 ਉਮੀਦਵਾਰਾਂ ਨੇ ਟਰੱਕ ਅਤੇ ਛੇ ਉਮੀਦਵਾਰਾਂ ਨੇ ਬੰਸਰੀ ਚੋਣ ਨਿਸ਼ਾਨ ਚੁਣਿਆ ਹੈ। ਗੁਰਦਾਸਪੁਰ ਤੋਂ ਆਜ਼ਾਦ ਉਮੀਦਵਾਰ ਗੁਰਪ੍ਰੀਤ ਕੌਰ ਬਾਜਵਾ ਨੇ ਬੈਟਰੀ ਚੋਣ ਨਿਸ਼ਾਨ ਲਿਆ ਹੈ, ਜਦੋਂ ਕਿ ਅੰਮ੍ਰਿਤਸਰ ਤੋਂ ਆਜ਼ਾਦ ਉਮੀਦਵਾਰ ਰਾਜਿੰਦਰ ਕੁਮਾਰ ਸ਼ਰਮਾ ਨੇ ਬੰਸਰੀ ਨਿਸ਼ਾਨ ਲਿਆ। ਪਟਿਆਲਾ ਤੋਂ ਆਜ਼ਾਦ ਉਮੀਦਵਾਰ ਬਿੰਦਰ ਕੌਰ




ਨੇ ਚੋਣ ਨਿਸ਼ਾਨ ਕੈਂਚੀ ਅਤੇ ਅੰਮ੍ਰਿਤਸਰ ਤੋਂ ਆਜ਼ਾਦ ਉਮੀਦਵਾਰ ਨੀਲਮ ਨੇ ਚੋਣ ਨਿਸ਼ਾਨ ਆਟੋ ਰਿਕਸ਼ਾ ਲਿਆ ਹੈ। ਹਰ ਉਮੀਦਵਾਰ ਨੇ ਆਪਣੀ ਰੁਚੀ ਅਨੁਸਾਰ ਚੋਣ ਨਿਸ਼ਾਨ ਲਿਆ ਹੈ।

ਵੇਰਵਿਆਂ ਅਨੁਸਾਰ ਗੁਰਦਾਸਪੁਰ ਤੋਂ 26 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ 14 ਆਜ਼ਾਦ ਉਮੀਦਵਾਰ ਸ਼ਾਮਲ ਹਨ ਜਦੋਂ ਕਿ ਅੰਮ੍ਰਿਤਸਰ ਤੋਂ 30 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ ਆਜ਼ਾਦ ਉਮੀਦਵਾਰਾਂ ਦੀ ਗਿਣਤੀ 18 ਹੈ। ਖਡੂਰ ਸਾਹਿਬ ਤੋਂ 27 ਉਮੀਦਵਾਰ ਚੋਣ ਮੈਦਾਨ ਵਿਚ ਹਨ, ਜਿਨ੍ਹਾਂ ਵਿੱਚ 18 ਆਜ਼ਾਦ ਉਮੀਦਵਾਰ ਹਨ। ਇਸੇ ਤਰ੍ਹਾਂ ਜਲੰਧਰ ਤੋਂ 20 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ 8 ਆਜ਼ਾਦ ਉਮੀਦਵਾਰ ਸ਼ਾਮਲ ਹਨ। ਹੁਸ਼ਿਆਰਪੁਰ ਤੋਂ ਕੁੱਲ 16 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ 'ਚੋਂ ਆਜ਼ਾਦ ਉਮੀਦਵਾਰਾਂ ਦੀ ਗਿਣਤੀ 4 ਹੈ। ਸ੍ਰੀ ਆਨੰਦਪੁਰ ਸਾਹਿਬ ਤੋਂ ਕੁੱਲ 28 ਉਮੀਦਵਾਰਾਂ 'ਚੋਂ 13 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਲੁਧਿਆਣਾ ਤੋਂ 43 ਉਮੀਦਵਾਰਾਂ 'ਚੋਂ 26 ਆਜ਼ਾਦ, ਫ਼ਤਹਿਗੜ੍ਹ ਸਾਹਿਬ ਤੋਂ ਕੁੱਲ 14 ਉਮੀਦਵਾਰਾਂ 'ਚੋਂ 7 ਆਜ਼ਾਦ, ਫ਼ਰੀਦਕੋਟ ਤੋਂ ਕੁੱਲ 28 'ਚੋਂ 12 ਆਜ਼ਾਦ, ਫ਼ਿਰੋਜ਼ਪੁਰ ਤੋਂ ਕੁੱਲ 29 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ 17 ਆਜ਼ਾਦ, ਬਠਿੰਡਾ ਤੋਂ ਕੁੱਲ 18 ਉਮੀਦਵਾਰਾਂ 'ਚੋਂ 8 ਆਜ਼ਾਦ, ਸੰਗਰੂਰ ਤੋਂ 23 'ਚੋਂ 9 ਆਜ਼ਾਦ, ਜਦੋਂਕਿ ਪਟਿਆਲਾ ਤੋਂ 26 ਉਮੀਦਵਾਰਾਂ ਵਿੱਚੋਂ 15 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿਚ ਉੱਤਰੇ ਹਨ।

# ਲੋਕ ਸਭਾ ਚੋਣਾਂ: ਸਿਆਸੀ ਧਿਰਾਂ ਲਈ ਚੁਣੌਤੀ ਬਣਿਆ ਮਾਝਾ ਖੇਤਰ

**ਅੰਮ੍ਰਿਤਸਰ:** ਲੋਕ ਸਭਾ ਚੋਣਾਂ ਵਿਚ ਗਰਮੀ ਦੇ ਪਾਰੇ ਨਾਲ ਸਿਆਸੀ ਪਾਰਾ ਵੀ ਚੜ੍ਹ ਗਿਆ ਹੈ। ਲੋਕ ਸਭਾ ਚੋਣਾਂ ਲਈ ਚੱਲ ਰਹੇ ਚੋਣ ਪ੍ਰਚਾਰ ਦੌਰਾਨ ਮਾਝੇ ਦੇ ਲੋਕਾਂ ਨੇ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਨਾਖੁਸ਼ੀ ਪ੍ਰਗਟਾਈ ਹੈ, ਪਰ ਵੋਟ ਕਿਸ ਪਾਰਟੀ ਨੂੰ ਪਾਉਣੀ ਹੈ, ਫਿਲਹਾਲ ਇਸ ਮਾਮਲੇ ਨੂੰ ਲੈ ਕੇ ਵੋਟਰ ਚੁੱਪ ਹਨ।



ਮਾਝੇ ਵਿਚ ਅੰਮ੍ਰਿਤਸਰ, ਖਡੂਰ ਸਾਹਿਬ ਅਤੇ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ ਇਸ ਵਾਰ ਬਹੁਕੋਨੀ ਮੁਕਾਬਲੇ ਹੋ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਵੱਖ-ਵੱਖ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਚਾਰ ਤੋਂ ਵੱਧ ਉਮੀਦਵਾਰ ਮੈਦਾਨ ਵਿਚ ਹਨ। ਮਾਝੇ ਵਿਚ ਅੰਮ੍ਰਿਤਸਰ ਅਤੇ ਗੁਰਦਾਸਪੁਰ ਸੰਸਦੀ ਹਲਕੇ ਕਾਂਗਰਸ ਦਾ ਗੜ੍ਹ ਰਹੇ ਹਨ। ਜਦੋਂ ਕਿ ਖਡੂਰ ਸਾਹਿਬ ਹਲਕਾ ਪੰਥਕ ਰਿਹਾ ਹੈ। ਇਸ ਹਲਕੇ ਨੂੰ ਪਹਿਲਾਂ ਤਰਨ ਤਾਰਨ ਲੋਕ ਸਭਾ ਹਲਕੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ 2009 ਵਿਚ ਇਸ ਨੂੰ ਖਡੂਰ ਸਾਹਿਬ ਹਲਕੇ ਦਾ ਨਾਂ ਦਿੱਤਾ ਗਿਆ।

ਇਸ ਤੋਂ ਪਹਿਲਾਂ ਮਾਝੇ ਵਿਚ ਵਧੇਰੇ ਤੌਰ 'ਤੇ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰਾਂ ਵਿਚਾਲੇ ਹੀ ਮੁੱਖ ਮੁਕਾਬਲਾ ਹੁੰਦਾ ਰਿਹਾ ਪਰ ਹੁਣ ਆਮ ਆਦਮੀ ਪਾਰਟੀ ਵੀ ਮੁੱਖ ਪਾਰਟੀ ਬਣ ਗਈ ਹੈ। ਇਸ ਵੇਲੇ ਮਾਝੇ ਦੇ ਤਿੰਨ ਹਲਕਿਆਂ ਵਿਚ ਵੋਟਰ ਇਸ ਮੁੱਦੇ ਨੂੰ ਲੈ ਕੇ ਚੁੱਪ ਹਨ ਕਿ ਉਹ ਵੋਟ ਕਿਸ ਸਿਆਸੀ ਧਿਰ ਦੇ ਉਮੀਦਵਾਰ ਨੂੰ ਪਾਉਣਗੇ ਪਰ ਇਕ ਗੱਲ ਸਪਸ਼ਟ ਹੈ ਕਿ ਉਹ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਹਨ। ਲੋਕ ਇਹ ਗੱਲ ਖੁੱਲ੍ਹ ਕੇ ਆਖ ਰਹੇ ਹਨ ਕਿ ਮੌਜੂਦਾ ਅਤੇ ਪਿਛਲੀ ਸਰਕਾਰ ਨੇ ਲੋਕ ਹਿੱਤਾਂ ਅਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਾਸਤੇ ਕੁਝ ਵਿਸ਼ੇਸ਼ ਨਹੀਂ ਕੀਤਾ। ਮਜੀਠਾ ਹਲਕੇ ਦੇ ਸ਼ਹਿਰ ਵਿਚ ਜਸਬੀਰ ਸਿੰਘ ਦਾ ਕਹਿਣਾ ਹੈ ਕੇ ਸ਼ਹਿਰ ਵਿਚ ਸਾਫ ਸਫਾਈ ਦਾ ਮੁੱਦਾ ਅੱਜ ਵੀ ਵੱਡਾ ਹੈ। ਸ਼ਹਿਰ ਦੀਆਂ 13 ਵਾਰਡਾਂ ਦਾ ਕੂੜਾ ਕਰਕਟ ਸੁੱਟਣ ਵਾਸਤੇ ਕੋਈ ਡੰਪ ਨਹੀਂ ਹੈ।

ਅਟਾਰੀ ਹਲਕੇ ਵਿਚ ਰਣਜੀਤ ਸਿੰਘ ਦਾ ਕਹਿਣਾ ਹੈ ਕਿ ਅਟਾਰੀ-ਵਾਹਗਾ ਸਰਹੱਦ ਨੂੰ ਦੁਵੱਲੇ ਵਪਾਰ ਵਾਸਤੇ ਬੰਦ ਕੀਤੇ ਜਾਣ ਕਾਰਨ ਲੋਕ ਬੇਰੁਜ਼ਗਾਰ ਹੋ ਗਏ ਹਨ ਪਰ ਸਰਕਾਰਾਂ ਦਾ ਇਸ ਪਾਸੇ ਧਿਆਨ ਹੀ ਨਹੀਂ ਹੈ। ਕੰਡਿਆਲੀ ਤਾਰ ਤੋਂ ਪਾਰਲੀ ਜ਼ਮੀਨ ਵਾਲੇ ਕਿਸਾਨ ਅੱਜ ਵੀ ਮੁਆਵਜ਼ੇ ਦੀ ਉਡੀਕ ਕਰ ਰਹੇ ਹਨ। ਭਾਵੇਂ ਲੋਕ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਹਨ ਪਰ ਇਸ ਦੇ ਬਾਵਜੂਦ ਬਿਜਲੀ ਦੇ 300 ਯੂਨਿਟ ਮੁਫਤ ਕਰਨ ਅਤੇ ਮੁਹੱਲਾ ਕਲੀਨਿਕਾਂ ਦਾ ਲਾਭ ਹਾਕਮ ਧਿਰ ਨੂੰ ਮਿਲੇਗਾ। ਖਡੂਰ ਸਾਹਿਬ ਲੋਕ ਸਭਾ ਹਲਕੇ ਦੇ ਵਧੇਰੇ ਪੰਥਕ ਖੇਤਰ ਵਿਚ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਦੀ ਚਰਚਾ ਹੈ ਪਰ ਇਸ ਹਲਕੇ ਵਿਚ ਹਿੰਦੂ ਵੋਟ ਅਤੇ ਸ਼ਹਿਰੀ ਵੋਟ ਇਸ ਵਿਚਾਰਧਾਰਾ ਤੋਂ ਵੱਖ ਹੈ।

ਇਧਰ, ਜੇਕਰ ਗੱਲ ਫਿਰੋਜ਼ਪੁਰ ਲੋਕ ਸਭਾ ਹਲਕਾ ਦੀ ਕਰੀਏ ਤਾਂ ਇੱਥੋਂ ਦਾ ਚੁਣਾਵੀ ਮੌਸਮ ਕੁਝ ਹੋਰ ਹੀ ਰੰਗ ਦਿਖਾ ਰਿਹਾ ਹੈ। ਇਕ ਪਾਸੇ ਇਸ ਖਿੱਤੇ ਵਿਚ ਕਿਸਾਨ ਜਥੇਬੰਦੀਆਂ ਦਾ ਪੂਰਾ ਦਬਦਬਾ ਹੈ, ਜਿਸ ਨੇ ਭਾਜਪਾ ਦੀ ਪੂਰੀ ਜ਼ੋਰ ਅਜ਼ਮਾਇਸ਼ ਕਾਰਵਾਈ ਹੋਈ ਹੈ, ਦੂਜੇ ਪਾਸੇ ਮਾਲਬਰੋਜ਼ ਸ਼ਰਾਬ ਫੈਕਟਰੀ ਵਿਚ ਲੱਗੇ ਪੱਕੇ ਮੋਰਚੇ ਨੇ ਮੌਜੂਦਾ 'ਆਪ' ਸਰਕਾਰ ਨੂੰ ਵੀ ਵਖ਼ਤ ਪਾਇਆ ਹੋਇਆ ਹੈ।

ਬੇਸ਼ੱਕ ਇਹ ਖਡੂਰ ਸਾਹਿਬ ਹਲਕੇ ਨਾਲ ਸਬੰਧਤ ਹੈ ਪਰ ਇਸ ਮੋਰਚੇ ਦਾ ਸੇਕ ਫ਼ਿਰੋਜ਼ਪੁਰ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਨੂੰ ਝੱਲਣਾ ਪੈ ਰਿਹਾ ਹੈ। ਲੋਕ ਸਭਾ ਹਲਕਾ ਫਿਰੋਜ਼ਪੁਰ 'ਚ ਕੁੱਲ ਅੱਠ ਵਿਧਾਨ ਸਭਾ ਹਲਕੇ, ਫਿਰੋਜ਼ਪੁਰ ਸ਼ਹਿਰੀ, ਫਿਰੋਜ਼ਪੁਰ ਦਿਹਾਤੀ, ਗੁਰੂਹਰਸਹਾਏ, ਫਾਜ਼ਿਲਕਾ, ਅਬੋਹਰ, ਬੱਲੂਆਣਾ, ਮਲੋਟ ਤੇ ਮੁਕਤਸਰ ਸਾਹਿਬ ਸ਼ਾਮਲ ਹਨ। ਅੱਠਾਂ 'ਚੋਂ ਸੱਤ ਵਿਧਾਨ ਸਭਾ ਸੀਟਾਂ ਮੌਜੂਦਾ 'ਆਪ' ਸਰਕਾਰ ਦੇ ਖੇਮੇ 'ਚ ਹਨ ਜਦੋਂ ਕਿ ਸਿਰਫ਼ ਇਕੋ ਅਬੋਹਰ ਵਿਧਾਨ ਸਭਾ ਤੋਂ ਸੰਦੀਪ ਜਾਖੜ ਕਾਂਗਰਸ ਪਾਰਟੀ ਤੋਂ ਜੇਤੂ ਹਨ।

ਜਾਣਕਾਰੀ ਅਨੁਸਾਰ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਆਮ ਆਦਮੀ ਪਾਰਟੀ ਤੋਂ ਜਗਦੀਪ ਸਿੰਘ ਕਾਕਾ ਬਰਾੜ, ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ, ਸ਼੍ਰੋਮਣੀ ਅਕਾਲੀ ਦਲ ਦੇ ਨਰਦੇਵ ਸਿੰਘ ਬੌਬੀ ਮਾਨ, ਭਾਜਪਾ ਵੱਲੋਂ ਰਾਣਾ ਗੁਰਮੀਤ ਸਿੰਘ, ਅਕਾਲੀ ਦਲ (ਅੰਮ੍ਰਿਤਸਰ) ਦੇ ਭੁਪਿੰਦਰ ਸਿੰਘ ਭੁੱਲਰ ਚੋਣ ਮੈਦਾਨ ਵਿਚ ਨਿੱਤਰੇ ਹੋਏ ਹਨ। ਇੱਥੇ ਸ਼੍ਰੋਮਣੀ ਅਕਾਲੀ ਦਲ ਲਈ ਕਰੋ ਜਾਂ ਮਾਰੋ ਵਾਲੀ ਸਥਿਤੀ ਪੈਦਾ ਹੋ ਗਈ ਹੈ ਅਤੇ ਆਮ ਆਦਮੀ ਪਾਰਟੀ ਵੀ ਜਿੱਤਣ ਲਈ ਹਰ ਹੀਲਾ ਵਰਤ ਰਹੀ ਹੈ। ਭਾਜਪਾ ਨਾਲੋਂ ਤੋੜ ਵਿਛੋੜਾ ਹੋਣ ਮਗਰੋਂ ਸ਼ਹਿਰੀ ਵੋਟ ਹਾਸਲ ਕਰਨਾ ਅਕਾਲੀ ਦਲ ਲਈ ਔਖਾ ਕੰਮ ਹੈ। ਇਸੇ ਤਰ੍ਹਾਂ ਭਾਜਪਾ ਲਈ ਪੇਂਡੂ ਅਤੇ ਪੰਥਕ ਵੋਟ ਲੈਣਾ ਚੁਣੌਤੀ ਬਣਿਆ ਹੋਇਆ ਹੈ। ਜੇਕਰ ਕਾਂਗਰਸ ਦੀ ਗੱਲ ਕੀਤੀ ਜਾਵੇ ਤਾਂ ਪਾਰਟੀ ਨੂੰ ਪੁਰਾਣੀ ਲੀਡਰਸ਼ਿਪ ਦੀ ਘਾਟ ਰੜਕੇਗੀ, ਕਿਉਂਕਿ ਦੋ ਵੱਡੇ ਸਿਆਸੀ ਚਿਹਰੇ ਰਾਣਾ ਗੁਰਮੀਤ ਸਿੰਘ ਅਤੇ ਸੁਨੀਲ ਜਾਖੜ ਭਾਜਪਾ ਦੀ ਕਮਾਨ ਸੰਭਾਲੀ ਬੈਠੇ ਹਨ।

### ਬਾਹਰੀ ਉਮੀਦਵਾਰਾਂ ਦਾ ਮੁੱਦਾ ਭਖਿਆ

**ਬੰਗਾ:** ਇਸ ਵਾਰ ਚੋਣ ਪ੍ਰਚਾਰ ਦੌਰਾਨ ਆਨੰਦਪੁਰ ਸਾਹਿਬ ਹਲਕੇ ਅੰਦਰ ਬਾਹਰੀ ਉਮੀਦਵਾਰਾਂ ਦੀ ਚਰਚਾ ਹੋ ਰਹੀ ਹੈ। ਬਸਪਾ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਅਤੇ ਭਾਜਪਾ ਉਮੀਦਵਾਰ ਸੁਭਾਸ਼ ਸ਼ਰਮਾ ਵੱਲੋਂ ਖੁਦ ਨੂੰ ਹਲਕੇ ਦਾ ਉਮੀਦਵਾਰ ਦੱਸਿਆ ਜਾ ਰਿਹਾ ਹੈ ਤੇ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਨੂੰ ਬਾਹਰਲੇ ਦੱਸਦਿਆਂ ਆਲੋਚਨਾ ਕੀਤੀ ਜਾ ਰਹੀ ਹੈ। ਸ੍ਰੀ ਗੜ੍ਹੀ ਨੇ ਕਿਹਾ ਕਿ ਕਾਂਗਰਸ ਵਲੋਂ ਵਿਜੈਇੰਦਰ ਸਿੰਗਲਾ ਹਲਕਾ ਸੰਗਰੂਰ ਤੋਂ ਲਿਆਂਦੇ ਗਏ ਹਨ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਹਲਕਾ ਪਟਿਆਲਾ ਤੋਂ ਲਿਆ ਕੇ ਉਮੀਦਵਾਰ ਬਣਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰੇਮ ਸਿੰਘ ਚੰਦੂਮਾਜਰਾ ਨੇ 2014 'ਚ ਇੱਥੋਂ ਚੋਣ ਜਿੱਤ ਕੇ ਆਪਣੇ ਅਖਤਿਆਰੀ ਫੰਡ 'ਚੋਂ ਬਹੁਤੀਆਂ ਗਰਾਂਟਾਂ ਦੀ ਵੰਡ ਆਪਣੇ ਜੱਦੀ ਹਲਕਾ ਘਨੌਰ 'ਚ ਕੀਤੀ ਸੀ। ਉਨ੍ਹਾਂ 'ਆਪ' ਦੇ ਮਲਵਿੰਦਰ ਸਿੰਘ ਕੰਗ ਨੂੰ ਵੀ ਮਹਾਰਾਸ਼ਟਰ ਸੂਬੇ ਦੇ ਪਿਛੋਕੜ ਵਾਲਾ ਦੱਸਿਆ।

# ਮਲੂਕਾ ਵੱਲੋਂ ਭਾਜਪਾ ਅਤੇ ਅਕਾਲੀ ਦਲ ਨਾਲੋਂ ਦੂਰੀ ਬਣਾ ਕੇ ਰੱਖਣ ਦਾ ਫ਼ੈਸਲਾ

**ਚੰਡੀਗੜ੍ਹ:** ਪੰਜਾਬ 'ਚ ਜਦੋਂ ਲੋਕ ਸਭਾ ਚੋਣਾਂ ਦਾ ਪਿੜ ਭਖਿਆ ਹੋਇਆ ਤਾਂ ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਦੁਬਈ ਚਲੇ ਗਏ ਹਨ। ਪਹਿਲੀ ਵਾਰ ਇੰਜ ਹੋਇਆ ਹੈ ਕਿ ਮਲੂਕਾ ਚੋਣਾਂ ਦੇ ਭਰੇ ਮੈਦਾਨ 'ਚੋਂ ਗ਼ੈਰਹਾਜ਼ਰ ਹੋ ਗਏ ਹੋਣ।

ਉਨ੍ਹਾਂ ਦੀ ਨੂੰਹ ਪਰਮਪਾਲ ਕੌਰ ਸਿੱਧੂ ਬਠਿੰਡਾ ਤੋਂ ਭਾਜਪਾ ਉਮੀਦਵਾਰ ਵਜੋਂ ਚੋਣ ਲੜ ਰਹੀ ਹੈ। ਵੇਰਵਿਆਂ ਅਨੁਸਾਰ ਸਿਕੰਦਰ ਸਿੰਘ ਮਲੂਕਾ ਚੁੱਪ-ਚੁਪੀਤੇ ਹੀ 15 ਮਈ ਨੂੰ ਦੁਬਈ ਲਈ ਰਵਾਨਾ ਹੋ ਗਏ ਹਨ। ਉਸ ਤੋਂ ਪਹਿਲਾਂ ਉਹ ਪਿੰਡ ਮਲੂਕਾ ਵਿਚਲੇ ਘਰ ਵਿਚ ਹੀ ਰਹੇ ਅਤੇ ਚੋਣਾਂ ਨੂੰ ਲੈ ਕੇ ਉਨ੍ਹਾਂ ਨੇ ਬਿਲਕੁਲ ਖ਼ਾਮੋਸ਼ੀ ਧਾਰੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਨਾਲ ਉਨ੍ਹਾਂ ਦੇ ਮਨ-ਮੁਟਾਵ ਕਿਸੇ ਤੋਂ ਹੁਣ ਗੁੱਝੇ ਨਹੀਂ ਰਹੇ ਹਨ ਅਤੇ ਉਹ ਪਹਿਲੀ ਜੂਨ ਮਗਰੋਂ ਹੀ ਹੁਣ ਆਪਣੇ ਪੱਤੇ ਖੋਲ੍ਹ ਸਕਦੇ ਹਨ। ਪਰਮਪਾਲ ਕੌਰ ਸਿੱਧੂ ਨੇ 11 ਅਪਰੈਲ ਨੂੰ ਭਾਜਪਾ ਵਿਚ ਸ਼ਮੂਲੀਅਤ ਕੀਤੀ ਸੀ ਅਤੇ 16 ਅਪਰੈਲ ਨੂੰ ਭਾਜਪਾ ਨੇ ਉਨ੍ਹਾਂ ਨੂੰ ਬਠਿੰਡਾ ਹਲਕੇ ਤੋਂ ਉਮੀਦਵਾਰ ਐਲਾਨ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਹਲਕਾ ਮੌੜ ਤੋਂ ਮਲੂਕਾ ਦੀ ਥਾਂ



ਨਵਾਂ ਹਲਕਾ ਇੰਚਾਰਜ ਜਨਮੇਜਾ ਸਿੰਘ ਸੇਖੋਂ ਨੂੰ ਲਗਾ ਦਿੱਤਾ ਹੈ। ਸੂਤਰਾਂ ਮੁਤਾਬਕ ਮਲੂਕਾ ਨੇ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਤੋਂ ਇੱਕੋ ਜਿੰਨੀ ਦੂਰੀ ਬਣਾ ਕੇ ਰੱਖਣ ਦਾ ਫ਼ੈਸਲਾ ਕੀਤਾ ਹੈ।

ਹਲਕਾ ਫ਼ਰੀਦਕੋਟ ਤੋਂ ਅਕਾਲੀ ਉਮੀਦਵਾਰ ਰਾਜਵਿੰਦਰ ਸਿੰਘ ਦੋ ਵਾਰ ਹਲਕਾ ਰਾਮਪੁਰਾ ਫੂਲ ਦੇ ਡੇਢ ਦਰਜਨ ਪਿੰਡਾਂ ਵਿਚ ਚੋਣ ਪ੍ਰਚਾਰ ਕਰ ਚੁੱਕੇ ਹਨ ਅਤੇ ਮਲੂਕਾ ਇਨ੍ਹਾਂ ਸਮਾਗਮਾਂ ਤੋਂ ਦੂਰ ਹੀ ਰਹੇ ਹਨ। ਪਹਿਲੀ ਦਫ਼ਾ ਰਾਜਵਿੰਦਰ ਸਿੰਘ 24 ਅਪਰੈਲ ਨੂੰ ਰਾਮਪੁਰਾ ਫੂਲ ਹਲਕੇ ਵਿਚ ਆਏ ਸਨ ਅਤੇ ਦੂਜੀ ਵਾਰ 11 ਮਈ ਨੂੰ ਅਕਾਲੀ ਉਮੀਦਵਾਰ ਨੇ 9 ਪਿੰਡਾਂ ਵਿਚ ਚੋਣ ਪ੍ਰਚਾਰ ਕੀਤਾ ਸੀ। ਰਾਜਵਿੰਦਰ ਸਿੰਘ ਨੇ ਪਿੰਡ ਮਲੂਕਾ ਵਿਚ ਵੀ ਚੋਣ ਸਮਾਗਮ ਕੀਤਾ ਸੀ ਪਰ ਮਲੂਕਾ ਉਸ ਵਿਚੋਂ ਵੀ ਗ਼ੈਰਹਾਜ਼ਰ ਰਹੇ। ਸੂਤਰਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਲੂਕਾ ਨਾਲ ਫ਼ੋਨ 'ਤੇ ਰਾਬਤਾ ਬਣਾਇਆ ਸੀ ਪ੍ਰੰਤੂ ਉਨ੍ਹਾਂ ਪਹਿਲੀ ਜੂਨ ਤੱਕ ਕੁੱਝ ਵੀ ਨਾ ਕਹਿਣ ਦਾ ਫ਼ੈਸਲਾ ਕੀਤਾ ਹੈ।

# ਪੰਜਾਬ ਦਾ ਸ਼ਰਾਬ ਘੁਟਾਲਾ ਦਿੱਲੀ ਨਾਲੋਂ ਵੀ ਵੱਡਾ: ਸੁਖਬੀਰ ਬਾਦਲ

**ਨਥਾਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਸ਼ਰਾਬ ਘੁਟਾਲੇ ਨਾਲੋਂ ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤਾ ਗਿਆ ਸ਼ਰਾਬ ਘੁਟਾਲਾ ਕਿਤੇ ਵੱਡਾ ਹੈ। ਦਿੱਲੀ ਸ਼ਰਾਬ ਘੁਟਾਲੇ ਸਬੰਧੀ ਕੇਜਰੀਵਾਲ ਨੂੰ ਜੇਲ੍ਹ ਦੀ ਹਵਾ ਖਾਣੀ ਪਈ ਪਰ ਭਗਵੰਤ ਮਾਨ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਗੋਡੇ ਹੱਥ ਲਾਉਣ ਕਰ ਕੇ ਪੰਜਾਬ ਦਾ ਸ਼ਰਾਬ ਘੁਟਾਲਾ ਠੰਢੇ ਬਸਤੇ ਪਾ ਦਿੱਤਾ ਗਿਆ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਇੱਥੇ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ



ਕੇਜਰੀਵਾਲ ਦੇ ਡਰਾਈਵਰ ਦੀ ਡਿਊਟੀ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹੀਂ ਦਿਨੀਂ ਭਗਵੰਤ ਮਾਨ ਤੇ ਕੇਜਰੀਵਾਲ ਜਿਸ ਇਲਾਕੇ ਵਿਚ ਜਾਂਦੇ ਹਨ, ਉਥੇ ਕਰਫਿਊ ਵਰਗੇ ਹਾਲਾਤ ਬਣਾ ਦਿੱਤੇ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਦਿੱਲੀ ਅਤੇ ਹਰਿਆਣਾ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ 'ਤੇ ਆਰ.ਐਸ.ਐਸ. ਨੇ ਕਬਜ਼ਾ ਕੀਤਾ ਹੋਇਆ ਹੈ। ਸੁਖਬੀਰ ਨੇ ਕਿਹਾ ਕਿ ਚਾਰ ਦਹਾਕੇ ਪਹਿਲਾਂ ਕਾਂਗਰਸ ਨੇ ਦਿੱਲੀ ਵਿਚ ਦੰਗੇ ਕਰਵਾਏ ਸਨ ਅਤੇ ਸ੍ਰੀ ਦਰਬਾਰ ਸਾਹਿਬ ਸਮੇਤ ਸਿੱਖਾਂ ਦੇ ਧਾਰਮਿਕ ਅਸਥਾਨ ਢਹਿ-ਢੇਰੀ ਕੀਤੇ ਪਰ ਕਿਸੇ ਵੀ ਦੋਸ਼ੀ ਨੂੰ ਅੱਜ ਤੱਕ ਸਜ਼ਾ ਨਹੀਂ ਮਿਲੀ। ਉਨ੍ਹਾਂ ਦੋਸ਼ ਲਾਇਆ ਕਿ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨੇ 'ਤੇ ਲਿਆ ਹੋਇਆ ਹੈ। ਉਨ੍ਹਾਂ ਪੰਜਾਬੀਆਂ ਦੇ ਭਲੇ ਖਾਤਰ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

## 'ਆਪ' ਦੇ ਸੀਨੀਅਰ ਆਗੂ ਮਰਵਾਹਾ ਦੀ ਸੜਕ ਹਾਦਸੇ 'ਚ ਮੌਤ

**ਕਰਤਾਰਪੁਰ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਡਾਕਟਰ ਵਿੰਗ ਦੇ ਸੂਬਾ ਜਨਰਲ ਸਕੱਤਰ ਡਾ. ਮਹਿੰਦਰਜੀਤ ਸਿੰਘ ਮਰਵਾਹਾ ਦੀ ਕਰਤਾਰਪੁਰ ਨੇੜੇ ਸੜਕ ਹਾਦਸੇ ਵਿਚ ਮੌਤ ਹੋ ਗਈ। ਉਹ ਆਪਣੀ ਕਾਰ ਰਾਹੀਂ ਕਰਤਾਰਪੁਰ ਚੋਣ ਪ੍ਰਚਾਰ ਲਈ ਜਾ ਰਹੇ ਸਨ। ਲਿੱਦੜਾਂ ਨੇੜੇ ਨੈਸ਼ਨਲ ਹਾਈਵੇਅ 'ਤੇ ਸੜਕ ਵਿਚਕਾਰ ਖੜ੍ਹੇ ਟਿੱਪਰ ਵਿਚ ਉਨ੍ਹਾਂ ਦੀ ਕਾਰ ਪਿੱਛੋਂ ਟਕਰਾਅ ਗਈ। ਹਾਦਸੇ ਵਿਚ ਗੰਭੀਰ ਜ਼ਖ਼ਮੀ ਹੋਣ ਕਾਰਨ ਉਨ੍ਹਾਂ ਨੂੰ ਜਲੰਧਰ ਦੇ ਪ੍ਰਾਈਵੇਟ ਹਸਪਤਾਲ ਵਿਚ ਇਲਾਜ ਲਈ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਹੈ।

# ਅੰਮ੍ਰਿਤਸਰ ਲੋਕ ਸਭਾ ਹਲਕੇ ਵਿਚ ਬਹੁਕੋਣਾ ਮੁਕਾਬਲਾ

**ਅੰਮ੍ਰਿਤਸਰ:** ਨਾਮਜ਼ਦਗੀ ਪੱਤਰ ਵਾਪਸ ਲੈਣ ਦਾ ਆਖਰੀ ਦਿਨ ਲੰਘਣ ਮਗਰੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਵਾਸਤੇ ਹੁਣ ਸੱਤ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਸਮੇਤ ਕੁੱਲ 30 ਉਮੀਦਵਾਰ ਮੈਦਾਨ ਵਿਚ ਹਨ ਜਿਨ੍ਹਾਂ ਵਿਚ ਚਾਰ ਔਰਤਾਂ ਵੀ ਸ਼ਾਮਲ ਹਨ। ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਨਿਲ ਜੋਸ਼ੀ, ਆਮ ਆਦਮੀ ਪਾਰਟੀ ਵੱਲੋਂ ਕੁਲਦੀਪ ਸਿੰਘ ਧਾਲੀਵਾਲ, ਕਾਂਗਰਸ ਵੱਲੋਂ ਗੁਰਜੀਤ ਸਿੰਘ ਔਜਲਾ, ਭਾਜਪਾ ਵੱਲੋਂ ਤਰਨਜੀਤ ਸਿੰਘ ਸੰਧੂ ਸਮੁੰਦਰੀ, ਬਸਪਾ ਵੱਲੋਂ ਵਿਸ਼ਾਲ ਸਿੱਧੂ, ਮਾਨ ਦਲ ਵੱਲੋਂ ਇਮਾਨ ਸਿੰਘ ਮਾਨ ਅਤੇ ਸੀ.ਪੀ.ਆਈ. ਦੀ ਉਮੀਦਵਾਰ ਦਸਵਿੰਦਰ ਕੌਰ ਸ਼ਾਮਲ ਹਨ।

ਇਸ ਕਾਰਨ ਇਸ ਹਲਕੇ ਵਿਚ ਬਹੁਕੋਣਾ ਮੁਕਾਬਲਾ ਹੋਵੇਗਾ ਪਰ ਜੇਕਰ ਸਿਆਸੀ ਮਾਹਿਰਾਂ ਦੀ ਮੰਨੀ ਜਾਵੇ ਤਾਂ ਮੁਕਾਬਲਾ ਚਾਰ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਹੀ ਹੋਵੇਗਾ। ਇਨ੍ਹਾਂ ਵਿਚ ਭਾਜਪਾ, ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਸ਼ਾਮਲ ਹੈ। ਚਾਰੋਂ ਹੀ ਸਿਆਸੀ ਧਿਰਾਂ ਦੇ ਉਮੀਦਵਾਰਾਂ ਵੱਲੋਂ ਆਪੋ-ਆਪਣੀ ਜਿੱਤ ਵਾਸਤੇ ਲਗਾਤਾਰ ਸਖਤ ਮਿਹਨਤ ਕੀਤੀ ਜਾ ਰਹੀ ਹੈ। ਚੋਣ ਪ੍ਰਚਾਰ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋ ਵਾਰ ਪਾਰਟੀ ਉਮੀਦਵਾਰ ਅਨਿਲ ਜੋਸ਼ੀ ਦੇ ਹੱਕ ਵਿਚ ਹਲਕੇ ਦਾ ਦੌਰਾ ਕਰ ਗਏ ਹਨ। 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੇ ਹੱਕ ਵਿਚ ਹਾਲ ਹੀ ਵਿਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਰੋਡ ਸ਼ੋਅ ਕੀਤਾ ਗਿਆ ਹੈ।

ਕਾਂਗਰਸ ਤੇ ਭਾਜਪਾ ਦੇ ਉਮੀਦਵਾਰ ਵੱਲੋਂ ਫਿਲਹਾਲ ਆਪਣੇ ਪੱਧਰ 'ਤੇ ਹੀ ਚੋਣ ਪ੍ਰਚਾਰ ਕੀਤਾ ਜਾ ਰਿਹਾ ਪਰ ਆਉਣ ਵਾਲੇ ਦਿਨਾਂ ਵਿਚ ਕਾਂਗਰਸ ਤੇ ਭਾਜਪਾ ਦੇ ਵੱਡੇ ਆਗੂ ਵੀ ਚੋਣ ਪ੍ਰਚਾਰ ਲਈ ਇੱਥੇ ਪੁੱਜਣਗੇ। ਇਸ ਵੇਲੇ ਚੋਣ ਪਿੜ ਵਿਚ ਚਾਰ ਔਰਤਾਂ ਵੀ ਉਮੀਦਵਾਰ ਵਜੋਂ



ਨਿੱਤਰੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਇਕ ਸੀ.ਪੀ.ਆਈ. ਦੀ ਦਸਵਿੰਦਰ ਕੌਰ, ਜੋ ਪਹਿਲਾਂ ਵੀ ਲੋਕ ਸਭਾ ਚੋਣ ਲੜ ਚੁੱਕੇ ਹਨ, 'ਆਪ' ਦੀ ਨਰਿੰਦਰ ਕੌਰ, ਆਜ਼ਾਦ ਉਮੀਦਵਾਰ ਵੱਜੋਂ ਸ਼ਰਨਜੀਤ ਕੌਰ ਤੇ ਨੀਲਮ ਸ਼ਾਮਲ ਹਨ। ਇਸ ਵਾਰ ਕੁੱਲ 18 ਉਮੀਦਵਾਰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਇਨ੍ਹਾਂ ਸਾਰਿਆਂ ਨੂੰ ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ। ਇਨ੍ਹਾਂ ਵਿਚ ਸ਼ਾਮਲ ਸ਼ਾਮ ਲਾਲ ਗਾਂਧੀ ਤੇ ਬਾਲ ਕ੍ਰਿਸ਼ਨ ਸ਼ਰਮਾ ਕਈ ਵਾਰ ਪਹਿਲਾਂ ਵੀ ਚੋਣ ਲੜ ਚੁੱਕੇ ਹਨ। ਇਸ ਵੇਲੇ ਭਾਵੇਂ ਸਖਤ ਗਰਮੀ ਪੈ ਰਹੀ ਪਰ ਇਸ ਦੇ ਬਾਵਜੂਦ ਚੋਣ ਪ੍ਰਚਾਰ ਦਾ ਪਿੜ ਵੀ ਲਗਾਤਾਰ ਭਖ ਰਿਹਾ ਹੈ। ਵਧੇਰੇ ਪੈ ਰਹੀ ਗਰਮੀ ਨੂੰ ਧਿਆਨ ਵਿਚ ਰੱਖਦਿਆਂ ਸਿਆਸੀ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਦੀ ਰਣਨੀਤੀ ਵਿਚ ਵੀ ਤਬਦੀਲੀ ਕੀਤੀ ਗਈ ਹੈ। ਦੁਪਹਿਰ ਵੇਲੇ ਹੋਣ ਵਾਲੇ ਚੋਣ ਜਲਸਿਆਂ ਦੀ ਗਿਣਤੀ ਵਿਚ ਕਮੀ ਕੀਤੀ ਗਈ ਹੈ ਅਤੇ ਇਸ ਦੇ ਬਦਲੇ ਸ਼ਾਮ ਵੇਲੇ ਚੋਣ ਗਤੀਵਿਧੀ ਤੇਜ਼ ਕੀਤੀ ਗਈ ਹੈ।

# ਲੋਕ ਸਭਾ ਚੋਣਾਂ ਦੌਰਾਨ ਕਿਸਾਨੀ ਮਸਲੇ ਮੁੱਖ ਮੁੱਦੇ ਵਜੋਂ ਉੱਭਰੇ



**ਪਟਿਆਲਾ:** ਸੰਸਦੀ ਚੋਣਾਂ ਦੌਰਾਨ ਕਿਸਾਨੀ ਮਸਲੇ ਮੁੱਖ ਮੁੱਦੇ ਵਜੋਂ ਉੱਭਰੇ ਹੋਏ ਹਨ। ਪੰਜਾਬ ਭਰ ਦੀਆਂ ਤਕਰੀਬਨ ਸਾਰੀਆਂ ਚੋਣ ਸਭਾਵਾਂ 'ਚ ਕਿਸਾਨਾਂ ਦੀ ਗੱਲ ਹੋ ਰਹੀ ਹੈ। ਇੱਥੋਂ ਤੱਕ ਕਿ ਕਿਸਾਨਾਂ ਦੇ ਭਾਰੀ ਰੋਹ ਦਾ ਸਾਹਮਣਾ ਕਰਨ ਵਾਲੇ ਬਹੁਤੇ ਭਾਜਪਾ ਉਮੀਦਵਾਰ ਕਿਸਾਨਾਂ ਦੀਆਂ ਮੁਸ਼ਕਲਾਂ ਤੇ ਮੰਗਾਂ ਦੀ ਬਾਤ ਪਾਉਂਦੇ ਨਜ਼ਰ ਆਉਂਦੇ ਹਨ। ਸ਼ੰਭੂ ਅਤੇ ਢਾਬੀ ਗੁੱਜਰਾਂ ਬਾਰਡਰ ਉਤੇ ਜਾਰੀ ਪੱਕੇ ਕਿਸਾਨ ਮੋਰਚਿਆਂ ਕਾਰਨ ਪਟਿਆਲਾ ਜ਼ਿਲ੍ਹਾ ਕਿਸਾਨੀ ਮਸਲਿਆਂ ਦਾ ਮੁੱਖ ਕੇਂਦਰ ਬਿੰਦੂ ਬਣਿਆ ਹੋਣ ਕਰਕੇ ਕੋਈ ਵੀ ਉਮੀਦਵਾਰ ਇਨ੍ਹਾਂ ਮੋਰਚਿਆਂ ਵੱਲ ਮੂੰਹ ਨਹੀਂ ਕਰ ਰਿਹਾ। ਹਾਲਾਂ ਕਿ ਸਾਰੇ ਹੀ ਉਮੀਦਵਾਰ ਇਨ੍ਹਾਂ ਮੋਰਚਿਆਂ ਦੇ ਆਸੇ-ਪਾਸੇ ਦੇ ਪਿੰਡਾਂ 'ਚ ਚੋਣ ਮੀਟਿੰਗਾਂ ਵੀ ਕਰ ਚੁੱਕੇ ਹਨ।

ਸ਼ੰਭੂ ਮੋਰਚਾ ਘਨੌਰ ਹਲਕੇ 'ਚ ਲੱਗਾ ਹੋਇਆ ਹੈ ਤੇ ਘਨੌਰ ਦੇ ਸਾਬਕਾ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ, ਇਸੇ ਖੇਤਰ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਅਕਾਲੀ ਆਗੂ ਸੁਰਜੀਤ ਸਿੰਘ ਗੜ੍ਹੀ ਸਮੇਤ ਦੋ ਹੋਰ ਮੈਂਬਰ ਜਸਮੇਰ ਲਾਛੜੂ ਤੇ ਜਰਨੈਲ ਕਰਤਾਰਪੁਰ ਤਾਂ ਸ਼ੰਭੂ ਮੋਰਚੇ 'ਚ ਫੇਰੀਆਂ ਪਾ ਚੁੱਕੇ ਹਨ, ਪਰ ਉਨ੍ਹਾਂ ਨੂੰ ਕਿਸੇ ਵੀ ਕਿਸਾਨ ਨੇ ਕੁਝ ਨਹੀਂ ਕਿਹਾ। ਸ਼੍ਰੋਮਣੀ ਕਮੇਟੀ ਦਾ ਇੱਥੇ ਸ਼ੁਰੂ ਤੋਂ ਲੰਗਰ ਵੀ ਜਾਰੀ ਹੈ। ਮੰਨਿਆ ਕਿ ਭਾਜਪਾ ਦੇ ਉਮੀਦਵਾਰ ਪ੍ਰਨੀਤ ਕੌਰ ਦਾ ਤਾਂ ਕਿਸਾਨ ਰਾਹ ਵੀ ਰੋਕਣ ਤੱਕ ਜਾਂਦੇ ਹਨ ਪਰ ਕੋਈ ਹੋਰ ਉਮੀਦਵਾਰ ਵੀ ਹੁਣ ਤੱਕ ਇੱਥੇ ਨਹੀਂ ਬਹੁੜਿਆ। ਇੱਥੋਂ ਤੱਕ ਕਿ ਸਮਾਜ ਸੇਵਾ ਤੋਂ ਰਾਜਨੀਤੀ 'ਚ ਆਏ 'ਆਪ' ਉਮੀਦਵਾਰ ਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਤਾਂ ਪਿਛਲੇ ਕਿਸਾਨ ਅੰਦੋਲਨ ਦੌਰਾਨ ਸਾਲ ਭਰ ਦਿੱਲੀ ਰਹਿ ਕੇ ਇਕ ਡਾਕਟਰ ਵਜੋਂ ਕੈਂਪਾਂ ਜ਼ਰੀਏ ਕਿਸਾਨਾਂ ਦੀ ਸੇਵਾ ਵੀ ਕਰਦੇ ਰਹੇ ਹਨ ਪਰ ਆਪਣੇ ਹਲਕੇ ਵਿਚਲੇ ਇਨ੍ਹਾਂ ਮੋਰਚਿਆਂ 'ਚ ਉਨ੍ਹਾਂ ਦਸਤਕ ਹੀ ਨਹੀਂ ਦਿੱਤੀ।

ਕਾਂਗਰਸ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਤਾਂ ਸ਼ੰਭੂ ਪਿੰਡ 'ਚ ਚੋਣ ਮੀਟਿੰਗ ਵੀ ਕੀਤੀ ਪਰ ਸ਼ੰਭੂ ਮੋਰਚੇ ਤੱਕ ਅੱਪੜਨ ਦੀ ਹਿੰਮਤ ਉਨ੍ਹਾਂ ਦੀ ਵੀ ਨਹੀਂ ਪਈ। ਅਕਾਲੀ ਉਮੀਦਵਾਰ ਐਨ.ਕੇ. ਸ਼ਰਮਾ ਵੀ ਕਿਸਾਨਾਂ ਨਾਲ ਵਧੇਰੇ ਸਾਂਝ ਰੱਖਣ ਦੇ ਬਾਵਜੂਦ ਹੁਣ ਤੱਕ ਕਿਸਾਨ ਮੋਰਚੇ ਤੱਕ ਨਹੀਂ ਅੱਪੜੇ। 'ਪੰਜਾਬ ਬਚਾਓ ਯਾਤਰਾ' ਤਾਂ ਸ਼ੰਭੂ ਤੋਂ ਪਿਛਾਂਹ ਹੀ ਸਮੇਟ ਦਿੱਤੀ ਗਈ ਸੀ।

ਇਹ ਗੱਲ ਲੋਕਾਂ 'ਚ ਚਰਚਾ ਦਾ ਵਿਸ਼ਾ ਹੈ ਕਿ ਭਾਸ਼ਣਾਂ 'ਚ ਕਿਸਾਨਾਂ ਦੇ ਹਿਤੈਸ਼ੀ ਹੋਣ ਦਾ ਦਾਅਵਾ ਕਰਨ ਵਾਲੇ ਇਹ ਉਮੀਦਵਾਰ ਆਖਰ ਕਿਸਾਨਾਂ ਦਾ ਦੁੱਖ ਦਰਦ ਸੁਣਨ ਲਈ ਉਨ੍ਹਾਂ ਤੱਕ ਪਹੁੰਚ ਕਿਉਂ ਨਹੀਂ ਬਣਾ ਪਾ ਰਹੇ। ਸ਼ਾਇਦ ਉਨ੍ਹਾਂ ਨੂੰ ਉੱਥੇ ਜਾ ਕੇ ਘਿਰ ਜਾਣ ਦਾ ਖਦਸ਼ਾ ਹੋਵੇ।

## ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਵਿਰੋਧ

**ਅਜੀਤਵਾਲ:** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਭਾਜਪਾ ਦੇ ਫਰੀਦਕੋਟ ਲੋਕ ਸਭਾ ਹਲਕੇ ਤੋਂ ਉਮੀਦਵਾਰ ਹੰਸ ਰਾਜ ਹੰਸ ਦਾ ਪਿੰਡ ਕੋਕਰੀ ਕਲਾਂ ਤੇ ਮੱਦੋਕੇ ਪੁੱਜਣ 'ਤੇ ਵਿਰੋਧ ਕੀਤਾ ਗਿਆ। ਇਸ ਮੌਕੇ ਹੰਸ ਨੂੰ ਕਿਸਾਨਾਂ ਤੇ ਮਜ਼ਦੂਰਾਂ ਨੇ ਸਵਾਲ ਕੀਤੇ। ਉਨ੍ਹਾਂ ਭਾਜਪਾ ਦੀ ਮੋਦੀ ਸਰਕਾਰ ਵੱਲੋਂ ਕਿਸਾਨਾਂ 'ਤੇ ਤਸ਼ੱਦਦ ਕਰਨ, ਲਖੀਮਪੁਰ ਖੀਰੀ ਵਿਚ ਕਿਸਾਨਾਂ ਨੂੰ ਨਿਆਂ ਨਾ ਦੇਣ, ਕੇਂਦਰ ਸਰਕਾਰ ਦੇ ਸਾਰੀਆਂ ਫ਼ਸਲਾਂ 'ਤੇ ਐਮ.ਐਸ.ਪੀ. ਕਾਨੂੰਨ ਗਾਰੰਟੀ ਤੋਂ ਮੁੱਕਰਨ ਆਦਿ ਬਾਰੇ ਸਵਾਲ ਕੀਤੇ ਪਰ ਹੰਸ ਰਾਜ ਹੰਸ ਵਲੋਂ ਕੋਈ ਜਵਾਬ ਨਾ ਦੇਣ 'ਤੇ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਕੀਤਾ ਗਿਆ।

## ਭਾਜਪਾ ਦੇ ਮਨਸੂਬਿਆਂ ਤੋਂ ਚੌਕਸ ਰਹਿਣ ਦੀ ਲੋੜ: ਗਾਂਧੀ

**ਪਟਿਆਲਾ:** ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਦੇ ਪੱਖ ਵਿਚ ਪੰਜਾਬ ਕਾਂਗਰਸ ਦੇ ਬੁਲਾਰੇ ਸੰਦੀਪ ਸਿੰਗਲਾ ਦੀ ਅਗਵਾਈ ਵਿਚ ਪਟਿਆਲਾ 'ਚ ਵਿਸ਼ਾਲ ਮੋਟਰਸਾਈਕਲ ਰੈਲੀ ਕੀਤੀ ਗਈ। ਇਸ ਮੌਕੇ ਡਾ. ਗਾਂਧੀ ਨੇ ਕਿਹਾ ਕਿ ਭਾਜਪਾ ਪੰਜਾਬ ਵਿਚ ਦੰਗੇ ਕਰਵਾ ਕੇ ਪੰਜਾਬ ਨੂੰ ਇਕ ਵਾਰ ਫਿਰ ਖ਼ਤਰਨਾਕ ਦੌਰ ਵਿਚ ਧੱਕਣਾ ਚਾਹੁੰਦੀ ਹੈ। ਇਸੇ ਕਰ ਕੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਸਣੇ ਕੁਝ ਉਮੀਦਵਾਰ ਕਿਸਾਨਾਂ ਵਿਰੁੱਧ ਬਿਆਨਬਾਜ਼ੀ ਕਰ ਰਹੇ ਹਨ।

ਉਨ੍ਹਾਂ ਕਿਸਾਨਾਂ ਨੂੰ ਚੌਕਸ ਕਰਦਿਆਂ ਕਿਹਾ ਕਿ ਪੰਜਾਬ ਵਿਚ ਸ਼ਾਂਤੀ ਜ਼ਰੂਰੀ ਹੈ ਨਹੀਂ ਤਾਂ ਭਾਜਪਾ ਆਪਣੇ ਮਨਸੂਬਿਆਂ ਵਿਚ ਕਾਮਯਾਬ ਹੋ ਜਾਵੇਗੀ।

ਡਾ. ਗਾਂਧੀ ਨੇ ਕਿਹਾ ਕਿ ਲੋਕ ਸਭਾ ਹਲਕਾ ਪਟਿਆਲਾ ਤੋਂ ਪਿੰਡਾਂ ਤੇ ਸ਼ਹਿਰਾਂ ਵਿਚ ਵੱਡਾ ਸਮਰਥਨ ਮਿਲ ਰਿਹਾ ਹੈ ਇਸ ਲਈ ਜ਼ਰੂਰੀ ਹੈ ਕਿ ਇਸ ਸਮਰਥਨ ਨੂੰ ਵੋਟਾਂ ਵਿਚ ਬਦਲ ਲਿਆ ਜਾਵੇ।

## ਲੁਧਿਆਣਾ: ਰਾਜਾ ਵੜਿੰਗ ਦੇ ਮੈਦਾਨ 'ਚ ਆਉਣ ਨਾਲ ਦਿਲਚਸਪ ਹੋਇਆ ਮੁਕਾਬਲਾ



**ਲੁਧਿਆਣਾ:** ਜਿਉਂ ਜਿਉਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਤਿਉਂ ਤਿਉਂ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਆਪਣੀ ਮੁਹਿੰਮ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਲੁਧਿਆਣਾ ਵਿਚ ਲੋਕ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ, ਅਕਾਲੀ ਪਾਰਟੀ ਵੱਲੋਂ ਰਣਜੀਤ ਸਿੰਘ ਢਿੱਲੋਂ, ਭਾਜਪਾ ਵੱਲੋਂ ਰਵਨੀਤ ਸਿੰਘ ਬਿੱਟੂ ਅਤੇ ਆਮ ਆਦਮੀ ਪਾਰਟੀ ਵੱਲੋਂ ਅਸ਼ੋਕ ਪਰਾਸ਼ਰ ਪੱਪੀ ਉਮੀਦਵਾਰ ਚੋਣ ਮੈਦਾਨ ਵਿਚ ਨਿੱਤਰੇ ਹੋਏ ਹਨ। ਰਾਜਾ ਵੜਿੰਗ ਦੇ ਲੁਧਿਆਣਾ ਤੋਂ ਚੋਣ ਮੈਦਾਨ 'ਚ ਆਉਣ ਨਾਲ ਇਹ ਮੁਕਾਬਲਾ ਜਿੱਥੇ ਦਿਲਚਸਪ ਹੋ ਗਿਆ ਹੈ, ਉੱਥੇ ਭਾਜਪਾ ਉਮੀਦਵਾਰ ਰਵਨੀਤ ਬਿੱਟੂ ਦੀਆਂ ਮੁਸ਼ਕਲਾਂ ਵਧਦੀਆਂ ਮਹਿਸੂਸ ਹੋ ਰਹੀਆਂ ਹਨ। 'ਆਪ' ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਵੱਲੋਂ ਸ਼ਹਿਰੀ ਵੋਟਰਾਂ ਦੇ ਨਾਲ ਨਾਲ ਪੇਂਡੂ ਵੋਟਰਾਂ ਨੂੰ ਵੀ ਨਾਲ ਜੋੜਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਧਰ ਅਕਾਲੀ ਪਾਰਟੀ ਦੇ ਉਮੀਦਵਾਰ ਰਣਜੀਤ ਸਿੰਘ ਢਿੱਲੋਂ ਵੀ ਲੋਕਾਂ ਵਿਚ ਆਪਣਾ ਚੰਗਾ ਪ੍ਰਭਾਵ ਬਣਾਈ ਬੈਠੇ ਹਨ। ਇਨ੍ਹਾਂ ਚੋਣ ਜਲਸਿਆਂ ਅਤੇ ਮੀਟਿੰਗਾਂ ਤੋਂ ਪਹਿਲਾਂ ਰਾਤ ਸਮੇਂ ਹੀ ਉਮੀਦਵਾਰਾਂ ਦੇ ਹੱਕ ਵਿੱਚ ਵਰਕਰਾਂ ਵੱਲੋਂ ਕੰਧਾਂ, ਸੜਕਾਂ ਦੇ ਕਿਨਾਰਿਆਂ, ਪੁਲਾਂ ਦੇ ਪਿੱਲਰਾਂ 'ਤੇ ਪੋਸਟਰ ਲਗਾ ਦਿੱਤੇ ਜਾਂਦੇ ਹਨ। ਇਨ੍ਹਾਂ ਪੋਸਟਰਾਂ ਕਰਕੇ ਕਈ ਘਰਾਂ ਦੇ ਬਾਹਰ ਕਰਵਾਏ ਮਹਿੰਗੇ ਰੰਗ-ਰੋਗਨ ਵੀ ਖਰਾਬ ਹੋ ਰਹੇ ਹਨ ਜਿਸ ਕਰਕੇ ਲੋਕ ਕਾਫੀ ਪਰੇਸ਼ਾਨ ਹਨ।

## ਚੋਣ ਬਾਂਡ ਰਾਹੀਂ ਭਾਜਪਾ ਨੇ ਕੀਤਾ ਵੱਡਾ ਘੁਟਾਲਾ: ਪ੍ਰਸ਼ਾਂਤ ਭੂਸ਼ਣ



**ਪਟਿਆਲਾ:** ਇਥੇ ਬਾਰ ਐਸੋਸੀਏਸ਼ਨ ਵਿਚ ਹੋਏ ਸਮਾਗਮ ਵਿਚ ਸੁਪਰੀਮ ਕੋਰਟ ਦੇ ਉਘੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਪਟਿਆਲਾ ਤੋਂ ਕਾਂਗਰਸ ਉਮੀਦਵਾਰ ਡਾ. ਧਰਮਵੀਰ ਗਾਂਧੀ ਨੂੰ ਆਪਣਾ ਸਮਰਥਨ ਦਿੱਤਾ। ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਚੋਣ ਬਾਂਡ ਰਾਹੀਂ ਭਾਰਤੀ ਜਨਤਾ ਪਾਰਟੀ ਨੇ ਦੇਸ਼ ਵਿਚ ਵੱਡਾ ਭ੍ਰਿਸ਼ਟਾਚਾਰ ਕੀਤਾ ਹੈ। ਬਾਰ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਪ੍ਰਸ਼ਾਂਤ ਭੂਸ਼ਣ ਨੇ ਚੋਣ ਬਾਂਡ ਸਕੀਮ ਦਾ ਮੁੱਦਾ ਉਭਾਰਦਿਆਂ ਦਲੀਲ ਦਿੱਤੀ ਕਿ ਭਾਰਤ ਵਿਚ ਲੋਕਤੰਤਰੀ ਪ੍ਰਕਿਰਿਆ ਨੂੰ ਕਮਜ਼ੋਰ ਤੇ ਭ੍ਰਿਸ਼ਟ ਕਰਨ ਲਈ ਭਾਜਪਾ ਵੱਲੋਂ ਹੇਰਾਫੇਰੀ ਕੀਤੀ ਜਾ ਰਹੀ ਹੈ।

ਸਕੀਮ ਵਿਚ ਪਾਰਦਰਸ਼ਤਾ ਤੇ ਜਵਾਬਦੇਹੀ ਦੀ ਘਾਟ ਦੱਸਦਿਆਂ ਭੂਸ਼ਣ ਨੇ ਦਾਅਵਾ ਕੀਤਾ ਕਿ ਇਹ ਸਕੀਮ ਚੋਣ ਪ੍ਰਣਾਲੀ ਦੀ ਅਖੰਡਤਾ ਨਾਲ ਸਮਝੌਤਾ ਕਰਨ ਵਾਲੇ ਫੰਡਾਂ ਦੀ ਬੇਰੋਕ ਆਮਦ ਦੀ ਆਗਿਆ ਦਿੰਦੀ ਹੈ। ਉਨ੍ਹਾਂ ਵਕੀਲਾਂ ਨੂੰ ਨਿਆਂ ਤੇ ਲੋਕਤੰਤਰ ਦੇ ਰਾਖਿਆਂ ਵਜੋਂ ਆਪਣੀ ਇਤਿਹਾਸਕ ਭੂਮਿਕਾ ਨੂੰ ਬਰਕਰਾਰ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੱਤਾ। ਇਸ ਮੌਕੇ ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਵੀ ਭੂਸ਼ਣ ਦੀਆਂ ਤਕਰੀਰਾਂ ਦੀ ਪ੍ਰੋੜ੍ਹਤਾ ਕੀਤੀ। ਉਨ੍ਹਾਂ ਨੇ ਪਾਰਦਰਸ਼ੀ ਅਤੇ ਨਿਰਪੱਖ ਚੋਣ ਪ੍ਰਣਾਲੀ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਚੁਣੇ ਜਾਣ 'ਤੇ ਇਨ੍ਹਾਂ ਸਿਧਾਂਤਾਂ ਪ੍ਰਤੀ ਵਚਨਬੱਧ ਰਹਿਣ ਦਾ ਵਾਅਦਾ ਕੀਤਾ।

## ਇੰਗਲੈਂਡ ਬੈਠੇ ਲਾੜੇ ਦਾ ਵਿਆਹ ਇੰਟਰਨੈੱਟ ਜ਼ਰੀਏ ਮੋਬਾਈਲ 'ਤੇ ਹੋਇਆ

**ਜੰਡਿਆਲਾ ਗੁਰੂ:** ਇੰਟਰਨੈੱਟ ਰਾਹੀਂ ਇਥੋਂ ਦੀ ਲੜਕੀ ਦਾ ਵਿਆਹ ਵਿਦੇਸ਼ 'ਚ ਰਹਿੰਦੇ ਲਾੜੇ ਨਾਲ ਕੀਤਾ ਗਿਆ ਅਤੇ ਵਿਆਹ ਦੀਆਂ ਰਸਮਾਂ ਵੀ ਮੋਬਾਈਲ ਜ਼ਰੀਏ ਨਿਭਾਈਆਂ ਗਈਆਂ। ਇਥੋਂ ਨਜ਼ਦੀਕੀ ਪਿੰਡ ਮਥਰੇਵਾਲ ਦਾ ਨੌਜਵਾਨ ਗਗਨਪ੍ਰੀਤ ਸਿੰਘ 2019 ਵਿਚ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਇੰਗਲੈਂਡ ਗਿਆ ਸੀ। ਉਸ ਦਾ ਵਿਆਹ ਇਥੋਂ ਨਜ਼ਦੀਕੀ ਪਿੰਡ ਭੋਰਸ਼ੀ ਦੀ ਕੋਮਲਪ੍ਰੀਤ ਕੌਰ ਨਾਲ ਤੈਅ ਹੋਇਆ ਸੀ ਪਰ ਉਸ ਦੇ ਵਿਦੇਸ਼ ਜਾਣ ਕਾਰਨ ਹੁਣ ਵਿਆਹ ਦੀਆਂ ਰਸਮਾਂ ਮੋਬਾਈਲ 'ਤੇ ਇੰਟਰਨੈੱਟ ਰਾਹੀਂ ਨਿਭਾਅ ਕੇ ਵਿਆਹ ਕਰ ਦਿੱਤਾ ਗਿਆ। ਇਸ ਇੰਟਰਨੈੱਟ ਵਿਆਹ ਦੀ ਚਰਚਾ ਸਾਰੇ ਇਲਾਕੇ ਵਿਚ ਹੈ।

## ਕਿਸਾਨਾਂ ਤੇ ਮਜ਼ਦੂਰਾਂ ਨੇ ਖੁੱਡੀਆਂ ਦੇ ਪੁੱਤਰ ਨੂੰ ਘੇਰਿਆ

**ਲੰਬੀ:** ਗੜਿਆਂ ਨਾਲ ਫਸਲੀ ਨੁਕਸਾਨ ਦੇ ਪੰਜਾਬ ਸਰਕਾਰ ਵੱਲੋਂ ਤਾਜ਼ਾ ਜਾਰੀ ਕੀਤੇ ਗਏ 15 ਕਰੋੜ ਦੇ ਮੁਆਵਜ਼ੇ ਵਿਚੋਂ ਖੇਤ ਮਜ਼ਦੂਰਾਂ ਨੂੰ ਦਰਕਿਨਾਰ ਕੀਤੇ ਜਾਣ ਕਾਰਨ ਸੂਬਾ ਸਰਕਾਰ ਨੇ ਨਵੀਂ ਜਥੇਬੰਦਕ ਮੁਸੀਬਤ ਸਹੇੜ ਲਈ ਹੈ। ਜਿਸ ਦਾ ਅਸਰ 'ਆਪ' ਉਮੀਦਵਾਰਾਂ ਦੇ ਚੋਣ ਮੁਹਿੰਮ ਮੌਕੇ ਦਿਖਣਾ ਸ਼ੁਰੂ ਹੋ ਗਿਆ ਹੈ।

ਬਠਿੰਡਾ ਲੋਕ ਸਭਾ ਹਲਕੇ ਤੋਂ 'ਆਪ' ਉਮੀਦਵਾਰ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਖੁੱਡੀਆਂ ਦੇ ਲੜਕੇ ਅਮੀਤ ਖੁੱਡੀਆਂ ਨੂੰ ਲੰਬੀ ਹਲਕੇ ਦੇ ਪਿੰਡ ਸਿੰਘੇਵਾਲਾ-ਫੁਤੂਹੀਵਾਲਾ ਵਿਚ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਖੇਤ ਮਜ਼ਦੂਰ ਆਗੂ ਕਾਲਾ ਸਿੰਘ ਖੂਨਣ ਖੁਰਦ, ਬਲਾਕ ਪ੍ਰਧਾਨ ਕਾਲਾ ਸਿੰਘ ਸਿੰਘੇਵਾਲਾ ਅਤੇ ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਗੁਰਪਾਸ਼ ਸਿੰਘੇਵਾਲਾ ਦੀ ਅਗਵਾਈ ਹੇਠ ਇਕੱਠੇ ਹੋਏ ਕਿਸਾਨਾਂ ਤੇ ਮਜ਼ਦੂਰਾਂ ਨੇ ਖੇਤੀਬਾੜੀ ਮੰਤਰੀ ਦੇ ਲੜਕੇ ਨੂੰ 'ਆਪ' ਸਰਕਾਰ ਦੀਆਂ ਕਿਸਾਨ ਮਜ਼ਦੂਰ ਨੀਤੀਆਂ ਅਤੇ ਅਮਲਾਂ ਬਾਰੇ ਸੁਆਲਾਂ ਦੀ ਝੜੀ ਲਗਾ ਦਿੱਤੀ। ਮੰਤਰੀ ਦੇ ਲੜਕੇ ਨੂੰ ਨਵੀਂ ਖੇਤੀ ਨੀਤੀ ਅਮਲ 'ਚ ਨਾ ਲਿਆਉਣ ਅਤੇ ਮੋਦੀ ਸਰਕਾਰ ਦੀ ਤਰਜ਼ 'ਤੇ 26 ਦਾਣਾ ਮੰਡੀਆਂ ਖ਼ਤਮ ਕਰਨ ਦੇ ਫੈਸਲੇ ਬਾਰੇ ਜਵਾਬ ਤਲਬੀ ਕੀਤੀ ਗਈ।

## ਭਾਜਪਾ ਵੱਲੋਂ ਦਸ ਸਾਲਾਂ ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਹੋਣ ਦਾ ਦਾਅਵਾ



**ਚੰਡੀਗੜ੍ਹ:** ਪੰਜਾਬ ਵਿਚ ਵੱਖ-ਵੱਖ ਥਾਵਾਂ 'ਤੇ ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰਾਂ ਦੇ ਕੀਤੇ ਜਾ ਰਹੇ ਵਿਰੋਧ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਸਾਨਾਂ 'ਤੇ ਤਿੱਖਾ ਹਮਲਾ ਕੀਤਾ। ਸ੍ਰੀ ਜਾਖੜ ਨੇ ਚੰਡੀਗੜ੍ਹ ਦੇ ਸੈਕਟਰ-37 ਵਿਚ ਸਥਿਤ ਪੰਜਾਬ ਭਾਜਪਾ ਦੇ ਦਫ਼ਤਰ ਵਿਚ ਕਿਹਾ ਕਿ ਪੰਜਾਬ ਵਿਚ ਕੇਂਦਰ ਸਰਕਾਰ ਸਾਲ 2014 ਤੋਂ ਲਗਾਤਾਰ ਕਣਕ ਤੇ ਝੋਨੇ ਦੀ ਫ਼ਸਲ ਉਤੇ ਐਮ.ਐਸ.ਪੀ. ਦੇ ਰਹੀ ਹੈ। ਇੰਨਾ ਹੀ ਨਹੀਂ 10 ਸਾਲਾਂ ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦਿੱਤੀ ਹੈ।

ਇਸ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਵੱਲੋਂ ਸਵਾਲ ਪੁੱਛਣ ਦੇ ਨਾਮ 'ਤੇ ਸਿਰਫ਼ ਭਾਜਪਾ ਉਮੀਦਵਾਰਾਂ ਦਾ ਘਿਰਾਓ ਕੀਤਾ ਜਾ ਰਿਹਾ ਹੈ। ਇਹ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ ਤਾਂ ਜੋ ਭਾਜਪਾ ਲੋਕ ਹਿੱਤ ਵਿਚ ਕੀਤੇ ਕੰਮਾਂ ਨੂੰ ਲੋਕਾਂ ਵਿਚ ਨਾ ਲਿਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿਚ 23 ਲੱਖ ਵਿੱਚੋਂ 15 ਲੱਖ ਕਿਸਾਨਾਂ ਨੂੰ ਕਿਸਾਨ ਸਨਮਾਨ ਨਿਧੀ ਯੋਜਨਾ ਵਿਚੋਂ ਬਾਹਰ ਕਰ ਦਿੱਤਾ, ਜਿਸ ਕਰਕੇ 15 ਲੱਖ ਕਿਸਾਨਾਂ ਨੂੰ 6 ਹਜ਼ਾਰ ਰੁਪਏ ਸਾਲਾਨਾ ਨਹੀਂ ਮਿਲ ਰਹੇ। ਇਸ ਨਾਲ ਕਿਸਾਨਾਂ ਦਾ 900 ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ। ਸ੍ਰੀ ਜਾਖੜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਹੜ੍ਹ ਪੀੜਤ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ, ਪਰ ਪੰਜਾਬ ਵਿਚ 6800 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਗਿਆ ਹੈ। ਇਹ ਵੀ ਕੇਂਦਰ ਸਰਕਾਰ ਵੱਲੋਂ ਡਿਜ਼ਾਸਟਰ ਮੈਨੇਜਮੈਂਟ ਫੰਡ ਅਧੀਨ ਭੇਜੇ 180 ਕਰੋੜ ਵਿੱਚੋਂ ਅਦਾ ਕੀਤੇ ਗਏ ਹਨ, ਬਾਕੀ 13,200 ਰੁਪਏ ਪ੍ਰਤੀ ਏਕੜ ਦੇ ਨਹੀਂ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਮੱਧ ਪ੍ਰਦੇਸ਼ ਤੇ ਰਾਜਸਥਾਨ 'ਚ ਭਾਜਪਾ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਕਣਕ 'ਤੇ ਐਮ.ਐਸ.ਪੀ. ਤੋਂ ਇਲਾਵਾ 125 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾ ਰਿਹਾ ਹੈ, ਪਰ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਕੁਝ ਨਹੀਂ ਦਿੱਤਾ ਜਾ ਰਿਹਾ। ਇਸ ਦੇ ਬਾਵਜੂਦ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਪੰਜਾਬ ਸਰਕਾਰ ਜਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਵਾਲ ਪੁੱਛਣ ਦੀ ਥਾਂ 'ਤੇ ਭਾਜਪਾ ਉਮੀਦਵਾਰਾਂ ਨੂੰ ਸਵਾਲ ਪੁੱਛ ਰਹੇ ਹਨ ਅਤੇ ਘੇਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਤੇ 'ਆਪ' ਆਪਸ ਵਿਚ ਮਿਲੇ ਹੋਏ ਹਨ। ਸ੍ਰੀ ਜਾਖੜ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿੱਚ ਭਾਜਪਾ ਦਾ ਵਿਰੋਧ ਕਰਨ ਦੀ ਥਾਂ 'ਤੇ ਕਿਸੇ ਇਕ ਪਾਰਟੀ ਦਾ ਪੱਲਾ ਜ਼ਰੂਰ ਫੜਨ।

## ਜਾਖੜ ਨੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ: ਪੰਧੇਰ



**ਪਟਿਆਲਾ:** ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਕਰ ਕੇ ਭਾਜਪਾ ਦੇ ਸੂਬਾਈ ਪ੍ਰਧਾਨ ਜਾਖੜ ਅਤੇ ਫਰੀਦਕੋਟ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦੇ ਬਿਆਨਾਂ ਸਮੇਤ ਕਿਸਾਨਾਂ 'ਤੇ ਹਮਲਿਆਂ ਦੀ ਨਿਖੇਧੀ ਕੀਤੀ। ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਭਾਜਪਾ ਆਗੂ ਸੁਨੀਲ ਜਾਖੜ ਅਤੇ ਰਣਜੀਤ ਬ੍ਰਹਿਮ ਨੰਗਲ ਵੱਲੋਂ ਕਿਸਾਨ ਸੰਘਰਸ਼ ਨੂੰ ਬਦਨਾਮ ਕਰਨ ਦੀ ਜੋ ਸਾਜ਼ਿਸ਼ ਰਚੀ ਗਈ ਹੈ, ਇਹ ਭਾਜਪਾ ਦੀ ਬੁਖਲਾਹਟ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਿਸਾਨਾਂ 'ਤੇ ਹਮਲਾ ਕਰਨ ਵਾਲੇ ਆਰ.ਐਸ.ਐਸ. ਜਾਂ ਭਾਜਪਾ ਦੇ ਵਿਅਕਤੀ ਹਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 25 ਮਈ, 2024

# ਸਿਆਸਤ ਬਨਾਮ ਵਾਤਾਵਰਨ

ਭਾਰਤ ਵਿਚ ਇਕ ਪਾਸੇ ਲੋਕ ਸਭਾ ਚੋਣਾਂ ਦਾ ਪਿੜ ਭਖਿਆ ਹੋਇਆ ਹੈ, ਦੂਜੇ ਬੰਨੇ ਗਰਮੀ ਨੇ ਵੀ ਪੂਰੇ ਵੱਟ ਕੱਢੇ ਹੋਏ ਹਨ। ਬਹੁਤ ਥਾਈਂ ਪਾਰਾ 45 ਡਿਗਰੀ ਤੋਂ ਉਤਾਂਹ ਟੱਪ ਗਿਆ ਹੈ। ਇੰਨੀ ਗਰਮੀ ਕਾਰਨ ਬੱਚਿਆਂ ਨੂੰ ਸਕੂਲੋਂ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ ਅਤੇ ਆਮ ਕੰਮਕਾਰ ਵਿਚ ਵੀ ਸਾਵਧਾਨੀ ਵਰਤੀ ਜਾ ਰਹੀ ਹੈ। ਵਾਤਾਵਰਨ ਵਿਚ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਨੇ ਸਭ ਨੂੰ ਫਿਕਰ ਵਿਚ ਪਾਇਆ ਹੋਇਆ ਹੈ। ਵਾਤਾਵਰਨ ਮਾਹਿਰ ਕਈ ਸਾਲਾਂ ਤੋਂ ਖਬਰਦਾਰ ਕਰ ਰਹੇ ਹਨ ਕਿ ਜੇ ਵਿਕਾਸ ਦਾ ਇਹੀ ਮਾਡਲ ਜਾਰੀ ਰਿਹਾ ਤਾਂ ਬਹੁਤ ਛੇਤੀ ਇਹ ਧਰਤੀ ਮਨੁੱਖ ਤੇ ਹੋਰ ਜੀਆ-ਜੰਤ ਦੇ ਰਹਿਣ ਲਾਇਕ ਨਹੀਂ ਰਹੇਗੀ। ਇਸ ਬਾਰੇ ਵੱਖ-ਵੱਖ ਮੰਚਾਂ ਉਤੇ ਚਰਚਾ ਤਾਂ ਬਥੇਰੀ ਵਾਰ ਚੱਲਦੀ ਹੈ ਪਰ ਇਸ ਦੇ ਹੱਲ ਲਈ ਕੋਈ ਕਾਰਗਰ ਕਦਮ ਉਠਾਉਣ ਵਿਚ ਸੰਸਾਰ ਦੇ ਆਗੂ ਅਜੇ ਤੱਕ ਅਸਫਲ ਰਹੇ ਹਨ।

ਇਸ ਸਭ ਕੁਝ ਦੇ ਬਾਵਜੂਦ ਭਾਰਤ ਅੰਦਰ ਚੋਣ ਸਰਗਰਮੀਆਂ ਨੂੰ ਕੋਈ ਫਰਕ ਨਹੀਂ ਪਿਆ ਹੈ। ਹਰ ਪਾਰਟੀ ਅਤੇ ਉਮੀਦਵਾਰ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਹੈ। ਐਤਕੀਂ ਲੋਕ ਸਭਾ ਚੋਣਾਂ ਕੁੱਲ ਸੱਤ ਗੇੜਾਂ ਵਿਚ ਹੋ ਰਹੀਆਂ ਹਨ ਅਤੇ ਆਖਰੀ ਗੇੜ ਪਹਿਲੀ ਜੂਨ ਨੂੰ ਹੈ। ਪੰਜਾਬ ਵਿਚ ਵੀ ਇਸੇ ਦਿਨ ਵੋਟਾਂ ਪੈਣੀਆਂ ਹਨ। ਇਸ ਵਾਰ ਦੀਆਂ ਲੋਕ ਸਭਾ ਚੋਣਾਂ ਕਈ ਮਾਮਲਿਆਂ ਵਿਚ ਵਿਲੱਖਣ ਹਨ। ਕੇਂਦਰ ਵਿਚ ਪਿਛਲੇ ਦਸ ਸਾਲ ਤੋਂ ਕਾਬਜ਼ ਭਾਜਪਾ ਅਤੇ ਇਸ ਦੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਨੂੰ ਜਾਪਦਾ ਸੀ ਕਿ ਕਿਤੇ-ਕਿਤੇ ਸੱਤਾ-ਵਿਰੋਧੀ ਸੁਰ ਹੋਣ ਦੇ ਬਾਵਜੂਦ ਇਹ ਆਰਾਮ ਨਾਲ ਹੀ ਇਕ ਵਾਰ ਫਿਰ ਸੱਤਾ ਹਾਸਿਲ ਕਰ ਲਵੇਗੀ। ਇਸੇ ਕਰਕੇ ਇਨ੍ਹਾਂ ਨੇ ਐਤਕੀਂ ਕੁੱਲ 543 ਲੋਕ ਸਭਾ ਸੀਟਾਂ ਵਿਚੋਂ 400 ਤੋਂ ਵੱਧ ਉਤੇ ਜਿੱਤ ਹਾਸਿਲ ਕਰਨ ਦੇ ਨਾਅਰੇ ਮਾਰਨੇ ਆਰੰਭ ਕਰ ਦਿੱਤੇ। ਉਂਝ, ਪਹਿਲੇ ਹੀ ਗੇੜ ਵਿਚ ਕਨਸੋਆਂ ਮਿਲ ਗਈਆਂ ਕਿ 2019 ਵਾਲੀਆਂ ਪਿਛਲੀਆਂ ਚੋਣਾਂ ਵਾਂਗ ਇਸ ਵਾਰ ਮੁਕਾਬਲਾ ਇੰਨਾ ਆਸਾਨ ਨਹੀਂ। ਸ਼ਾਇਦ ਇਸੇ ਕਰਕੇ ਹੁਣ ਸੱਤਾ ਧਿਰ ਦੇ ਆਗੂ 400 ਸੀਟਾਂ ਜਿੱਤਣ ਵਾਲਾ ਨਾਅਰਾ ਤਕਰੀਬਨ ਹਜ਼ਮ ਹੀ ਕਰ ਗਏ ਹਨ। ਭਾਜਪਾ ਨੇ ਭਾਵੇਂ ਜਨਵਰੀ ਵਿਚ ਅਯੁੱਧਿਆ ਵਿਚ ਰਾਮ ਮੰਦਰ ਦਾ ਉਦਘਾਟਨ ਕਰ ਕੇ ਧਾਰਮਿਕ ਮੁਹਾਵਰਾ ਸਿਰਜਣ ਦਾ ਸੁਚੇਤ ਯਤਨ ਕੀਤਾ ਪਰ ਇਸ ਦੇ ਪ੍ਰਚਾਰ ਵਿਚ ਆਪਣੇ ਕੀਤੇ ਕੰਮਾਂ ਬਾਰੇ ਦਾਅਵੇ ਕੀਤੇ ਜਾਣ ਲੱਗੇ। ਸਭ ਤੋਂ ਵਧੇਰੇ ਚਰਚਾ ਤੇਜ਼ੀ ਨਾਲ ਵਧ-ਫੁੱਲ ਰਹੇ ਅਰਥਚਾਰੇ ਦੀ ਕੀਤੀ ਗਈ। ਉਂਝ, ਜਿਉਂ-ਜਿਉਂ ਵਕਤ ਗੁਜ਼ਰਦਾ ਗਿਆ, ਪਾਰਟੀ ਦੇ ਆਗੂ ਖਾਸ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁਸਲਮਾਨਾਂ ਖ਼ਿਲਾਫ ਲੋਕ-ਭਾਵਨਾਵਾਂ ਭੜਕਾਉਣ ਲੱਗ ਪਏ। ਸਿਆਸੀ ਮਾਹਿਰਾਂ ਨੇ ਇਸ ਤੋਂ ਇਹ ਨਤੀਜਾ ਕੱਢਿਆ ਕਿ ਭਾਜਪਾ ਦਾ ਵਿਕਾਸ ਵਾਲਾ ਨਾਅਰਾ ਉੱਕਾ ਹੀ ਠੁੱਸ ਹੋ ਗਿਆ ਹੈ ਅਤੇ ਪ੍ਰਧਾਨ ਮੰਤਰੀ ਤੱਕ ਨੂੰ ਬੁਖਲਾਹਟ ਵਿਚ ਫਿਰਕੂ ਭਾਵਨਾਵਾਂ ਭੜਕਾ ਕੇ ਵੋਟਾਂ ਲੈਣ ਲਈ ਤਰੱਦਦ ਕਰਨਾ ਪੈ ਰਿਹਾ ਹੈ। ਇਹੀ ਨਹੀਂ, ਵਿਰੋਧੀ ਧਿਰ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਬਹੁਗਿਣਤੀ ਵੋਟਰਾਂ ਨੂੰ ਖੌਫਜ਼ਦਾ ਕੀਤਾ ਜਾ ਰਿਹਾ ਹੈ।

ਪੰਜਾਬ ਅੰਦਰ ਇਨ੍ਹਾਂ ਚੋਣਾਂ ਦਾ ਰੰਗ ਵੱਖਰਾ ਹੈ। ਐਤਕੀਂ ਚੋਣ ਪਿੜ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਗੱਠਜੋੜ ਨਹੀਂ ਹੈ। ਦੋਵੇਂ ਪਾਰਟੀਆਂ 1996 ਤੋਂ ਗੱਠਜੋੜ ਅਧੀਨ ਚੋਣ ਪਿੜ ਵਿਚ ਨਿੱਤਰਦੀਆਂ ਰਹੀਆਂ ਹਨ ਪਰ ਚਾਰ ਸਾਲ ਪਹਿਲਾਂ ਖੇਤੀ ਕਾਨੂੰਨਾਂ ਦੇ ਰੱਫੜ ਕਾਰਨ ਦੋਹਾਂ ਵਿਚਕਾਰ ਤੋੜ-ਵਿਛੋੜਾ ਹੋ ਗਿਆ ਸੀ। ਹੁਣ ਹਾਲ ਇਹ ਹੈ ਕਿ ਕਿਸਾਨ ਜਥੇਬੰਦੀਆਂ ਭਾਜਪਾ ਦੇ ਉਮੀਦਵਾਰਾਂ ਨੂੰ ਪਿੰਡਾਂ ਵਿਚ ਵੜਨ ਨਹੀਂ ਦੇ ਰਹੀਆਂ। ਦੂਜੇ ਬੰਨੇ, ਬੇਅਦਬੀ ਅਤੇ ਕਈ ਹੋਰ ਮੁੱਦਿਆਂ ਕਾਰਨ ਸ਼੍ਰੋਮਣੀ ਅਕਾਲੀ ਦਲ ਪਿਛਲੇ ਕਈ ਸਾਲਾਂ ਤੋਂ ਸਿਆਸੀ ਪਛਾੜ ਝੱਲ ਰਿਹਾ ਹੈ। ਪੰਜਾਬ ਵਿਚ 2017 ਵਿਚ ਸੱਤਾ ਖੁੱਸਣ ਤੋਂ ਬਾਅਦ ਇਸ ਦੀ ਸਿਆਸੀ ਜ਼ਮੀਨ ਲਗਾਤਾਰ ਖਿਸਕ ਰਹੀ ਹੈ। ਇਸੇ ਦੌਰਾਨ ਇਸ ਨੂੰ ਅੰਦਰੂਨੀ ਬਗਾਵਤਾਂ ਦਾ ਸੇਕ ਵੀ ਝੱਲਣਾ ਪਿਆ ਹੈ। ਕੁੱਲ ਮਿਲਾ ਕੇ ਇਨ੍ਹਾਂ ਦੋਹਾਂ ਪਾਰਟੀਆਂ ਦੀ ਹਾਲਤ 'ਸਭ ਅੱਛਾ' ਵਾਲੀ ਨਹੀਂ। ਇਸ ਵਕਤ ਪੰਜਾਬ ਵਿਚ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਸਾਰੀਆਂ 13 ਸੀਟਾਂ ਉਤੇ ਜਿੱਤ ਦੇ ਦਾਅਵੇ ਹਰ ਰੋਜ਼ ਕਰ ਰਹੇ ਹਨ ਪਰ ਜ਼ਮੀਨੀ ਹਕੀਕਤ ਦੱਸਦੀ ਹੈ ਕਿ ਦੋ ਸਾਲ ਪਹਿਲਾਂ ਬਣੀ ਸਰਕਾਰ ਖ਼ਿਲਾਫ ਲੋਕਾਂ ਅੰਦਰ ਕਿੰਨਾ ਰੋਸ ਹੈ। ਮੁੱਖ ਮੰਤਰੀ ਦੇ ਦਾਅਵੇ ਭਾਵੇਂ ਬਹੁਤ ਵੱਡੇ ਹਨ ਪਰ ਆਮ ਲੋਕਾਂ ਦੀ ਰਾਇ ਇਹੀ ਹੈ ਕਿ ਇਹ ਸਰਕਾਰ ਪਹਿਲੀਆਂ ਸਰਕਾਰਾਂ ਨਾਲੋਂ ਕੋਈ ਬਹੁਤੀ ਵੱਖਰੀ ਸਾਬਤ ਨਹੀਂ ਹੋਈ। ਅਸਲ ਵਿਚ 92 ਸੀਟਾਂ ਵਾਲੀ ਵੱਡੀ ਜਿੱਤ ਕਰਕੇ ਲੋਕਾਂ ਨੇ ਸਰਕਾਰ ਤੋਂ ਕੁਝ ਜ਼ਿਆਦਾ ਹੀ ਆਸ ਲਾ ਲਈ ਸੀ।

ਅਜਿਹੀ ਡਾਵਾਂਡੋਲ ਹਾਲਤ ਵਿਚ ਕਾਂਗਰਸ ਆਗੂਆਂ ਨੂੰ ਲੱਗਦਾ ਹੈ ਕਿ ਇਹ 13 ਵਿਚੋਂ ਬਹੁਤੀਆਂ ਸੀਟਾਂ ਉਤੇ ਜਿੱਤ ਹਾਸਲ ਕਰ ਲਵੇਗੀ। ਚੋਣ ਮਾਹਿਰ ਵੀ ਇਨ੍ਹਾਂ ਸਾਰੀਆਂ ਪਾਰਟੀਆਂ ਦੇ ਦਾਅਵਿਆਂ ਬਾਰੇ ਵੱਖ-ਵੱਖ ਰਾਇ ਰੱਖਦੇ ਹਨ। ਉਂਝ, ਚਰਚਾ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਕਿਸੇ ਵੀ ਪਾਰਟੀ ਨੇ ਪੰਜਾਬ ਦੇ ਅਸਲ ਮੁੱਦਿਆਂ ਬਾਰੇ ਕੋਈ ਠੋਸ ਗੱਲ ਨਹੀਂ ਕੀਤੀ। ਸੂਬੇ ਦਾ ਅਰਥਚਾਰਾ ਡੋਲ ਰਿਹਾ ਹੈ। ਬੇਰੁਜ਼ਗਾਰੀ ਸਿਖਰ 'ਤੇ ਹੈ ਜਿਸ ਕਾਰਨ ਔਕੜਾਂ ਵਧ ਰਹੀਆਂ ਹਨ। ਨਸ਼ਿਆਂ ਦੀ ਮਾਰ ਜਿਉਂ ਦੀ ਤਿਉਂ ਹੈ। ਸਿੱਖਿਆ ਤੇ ਸਿਹਤ ਖੇਤਰ ਦਾ ਜਿੰਨਾ ਮਾੜਾ ਹਾਲ ਹੁਣ ਹੋ ਗਿਆ ਹੈ, ਪਹਿਲਾਂ ਕਦੀ ਨਹੀਂ ਸੀ। ਭ੍ਰਿਸ਼ਟਾਚਾਰ ਲੋਕਾਂ ਨੂੰ ਖਾ ਰਿਹਾ ਹੈ। ਪ੍ਰਸ਼ਾਸਨ ਦਾ ਮਾੜਾ ਹਾਲ ਹੈ। ਹੋਰ ਤਾਂ ਹੋਰ, ਸਰਕਾਰ ਕਿਸਾਨਾਂ ਨੂੰ ਖੇਤਾਂ ਵਿਚ ਰਹਿੰਦ-ਖੂੰਹਦ ਸਾੜਨ ਤੋਂ ਮੋੜਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਆਉਣ ਵਾਲੇ ਸਮੇਂ ਵਿਚ ਪਾਣੀ ਵੱਡਾ ਸੰਕਟ ਬਣ ਕੇ ਉਭਰੇਗਾ। ਸਵਾਲ ਹੈ: ਕੀ ਚੋਣਾਂ ਇਨ੍ਹਾਂ ਹਾਲਾਤ ਨੂੰ ਕੋਈ ਫਰਕ ਪਾਉਣਗੀਆਂ? ਫਿਲਹਾਲ ਜਵਾਬ ਨਾਂਹ ਵਿਚ ਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕੁਦਰਤੀ ਕ੍ਰੋਪੀ ਨੂੰ ਸੱਦਾ !

'ਸੱਦਾ' ਆਪ ਹੀ ਦੇਣ ਬੀਮਾਰੀਆਂ ਨੂੰ ਜਿਹੜੇ ਸਾੜਦੇ ਖੇਤਾਂ ਵਿਚ ਨਾੜ ਭਾਈ।
ਡਰਦੇ ਮੂਲੋਂ ਨਾ ਪਾਪ ਕਮਾਉਣ ਤੋਂ ਵੀ ਜੀਆਂ ਜੰਤ ਨੂੰ ਅੱਗ ਵਿਚ ਸਾੜ ਭਾਈ।
ਭਾਂਬੜ ਬਾਲ ਕੇ ਚਾਹੜਦੇ ਹੋਰ 'ਪਾਰਾ' ਲੂੰਹਦੇ ਪਹਿਲਾਂ ਹੀ ਜੇਠ ਤੇ ਹਾੜ੍ਹ ਭਾਈ।
ਮਾਤਾ ਧਰਤਿ ਤੇ ਪਵਣ ਨੂੰ ਗੁਰੂ ਕਹਿ ਕੇ ਭੁੱਲਦੇ ਅਕਲ ਨੂੰ ਛਿੱਕੇ 'ਤੇ ਚਾੜ੍ਹ ਭਾਈ।
ਛਲਣੀ ਹੋਈ 'ਓਜ਼ੋਨ' ਦੀ ਪਰਤ ਪਹਿਲੋਂ ਵਾਯੂ ਮੰਡਲ ਵਿਚ ਆਏ ਵਿਗਾੜ ਭਾਈ।
'ਹਾਏ ਰੱਬਾ' ਕਹਿ ਚੀਕਾਂ ਫਿਰ ਮਾਰਦੇ ਆਂ ਜਦੋਂ ਚਿੱਥਦੀ ਕੁਦਰਤ ਦੀ ਦਾੜ੍ਹ ਭਾਈ!

# ਮਾਲੀਵਾਲ ਮਾਮਲਾ: 'ਆਪ' ਤੇ ਭਾਜਪਾ ਦੀ ਪਹੁੰਚ ਬਾਰੇ ਸਵਾਲ

**ਔਰਤਾਂ ਦੇ ਮਾਮਲੇ ਵਿਚ ਰਾਜਨੀਤਕ ਪਾਰਟੀਆਂ ਦੀ ਪਹੁੰਚ ਹਮੇਸ਼ਾ ਦੋਹਰੇ ਮਾਪਦੰਡਾਂ ਵਾਲੀ ਰਹੀ ਹੈ। ਨਿਰਭਯਾ, ਪਹਿਲਵਾਨ ਕੁੜੀਆਂ ਸਮੇਤ ਕਈ ਮਾਮਲਿਆਂ ਵਿਚ ਇਨਸਾਫ਼ ਦੀ ਮੰਗ ਕਰਨ ਵਾਲੀ 'ਆਪ' ਹੁਣ ਬਗੈਰ ਕਿਸੇ ਠੋਸ ਜਾਂਚ ਪੜਤਾਲ ਦੇ ਪੀ.ਏ. ਵਿਭਵ ਦਾ ਪੱਖ ਪੂਰ ਰਹੀ ਹੈ। ਦੂਜੇ ਪਾਸੇ, ਚੋਣਾਂ ਦੇ ਇਸ ਭਖੇ ਮਾਹੌਲ ਵਿਚ ਭਾਜਪਾ ਵਰਗੀਆਂ ਸਿਰੇ ਦੀਆਂ ਪਿਛਾਖੜੀ ਪਾਰਟੀਆਂ ਵੀ ਔਰਤ ਹੱਕਾਂ ਦੀਆਂ ਅਲੰਬਰਦਾਰ ਹੋਣ ਦਾ ਦੰਭ ਰਚ ਰਹੀਆਂ ਹਨ। ਇਸ ਮਸਲੇ ਬਾਰੇ ਵਿਸਥਾਰ ਸਹਿਤ ਚਰਚਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਆਮ ਆਦਮੀ ਪਾਰਟੀ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ 13 ਮਈ ਨੂੰ ਵਾਪਰਿਆ ਘਟਨਾਕ੍ਰਮ ਸਭ ਤੋਂ ਚਰਚਿਤ ਮਾਮਲਾ ਬਣਿਆ ਹੋਇਆ ਹੈ। ਸਵਾਤੀ ਮਾਲੀਵਾਲ ਅਨੁਸਾਰ, ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ ਉੱਪਰ ਜਦ ਉਹ ਕੇਜਰੀਵਾਲ ਨੂੰ ਮਿਲਣ ਪਹੁੰਚੀ ਤਾਂ ਕੇਜਰੀਵਾਲ ਦੇ ਪੀ.ਏ. ਵਿਭਵ ਕੁਮਾਰ ਨੇ ਉਸ ਦੇ ਥੱਪੜ, ਠੁੱਡੇ ਮਾਰੇ ਅਤੇ ਅਪਸ਼ਬਦਾਂ ਦਾ ਇਸਤੇਮਾਲ ਕੀਤਾ। ਇਸ ਸਬੰਧੀ ਮਾਲੀਵਾਲ ਨੇ ਬਕਾਇਦਾ ਦਿੱਲੀ ਪੁਲਿਸ ਕੋਲ ਬਿਆਨ ਦਰਜ ਕਰਵਾਏ ਹਨ। ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਬਣਦਾ ਤਾਂ ਇਹ ਸੀ ਕਿ ਸਵਾਤੀ ਮਾਲੀਵਾਲ ਨਾਲ



ਨਵਕਿਰਨ ਸਿੰਘ ਪੱਤੀ
**ਈਮੇਲ:** n4navkiran@gmail.com

ਹਮਦਰਦੀ ਜ਼ਾਹਿਰ ਕਰਦਿਆਂ ਦਿੱਲੀ ਸਰਕਾਰ/ਮੁੱਖ ਮੰਤਰੀ ਦੇ ਪੀ.ਏ. ਵਿਭਵ ਕੁਮਾਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਕੇ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਕਰਵਾ ਕੇ ਹਕੀਕਤ ਸਾਹਮਣੇ ਲਿਆਉਂਦੇ ਪਰ ਹੋਇਆ ਇਹ ਕਿ ਅਰਵਿੰਦ ਕੇਜਰੀਵਾਲ ਨੇ ਇਸ ਮਾਮਲੇ ਉੱਪਰ ਖੁਦ ਚੁੱਪ ਵੱਟ ਲਈ ਅਤੇ ਪੂਰੀ ਪਾਰਟੀ ਪੀ.ਏ. ਵਿਭਵ ਦੇ ਪੱਖ ਵਿਚ ਝੋਕ ਦਿੱਤੀ।

ਘਟਨਾ ਦੇ ਅਗਲੇ ਹੀ ਦਿਨ ਉੱਤਰ ਪ੍ਰਦੇਸ਼ ਵਿਚ ਅਖਿਲੇਸ਼ ਯਾਦਵ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਮੀਡੀਆ ਵੱਲੋਂ ਇਸ ਸਬੰਧੀ ਸਵਾਲ ਪੁੱਛਣ 'ਤੇ ਵੀ ਕੇਜਰੀਵਾਲ ਟੱਸ ਤੋਂ ਮੱਸ ਨਹੀਂ ਹੋਏ। 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਪਹਿਲੇ ਦਿਨ ਸਵਾਤੀ ਮਾਲੀਵਾਲ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਪੀ.ਏ. ਵਿਭਵ ਕੁਮਾਰ ਖਿਲਾਫ ਕਾਰਵਾਈ ਦੀ ਹਾਮੀ ਭਰੀ ਪਰ ਅਗਲੇ ਹੀ ਦਿਨ ਮਾਮਲੇ ਦੀ ਕਿਸੇ ਵੀ ਤਰ੍ਹਾਂ ਦੀ ਜਾਂਚ ਤੋਂ ਬਗੈਰ ਹੀ 'ਆਪ' ਜਿਸ ਤਰ੍ਹਾਂ ਪੀ.ਏ. ਵਿਭਵ ਕੁਮਾਰ ਦੇ ਪੱਖ ਵਿਚ ਨਿੱਤਰੀ, ਉਸ ਉੱਪਰ ਸਵਾਲ ਉੱਠਣੇ ਸੁਭਾਵਿਕ ਹਨ। ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਘਟਨਾ ਬਾਰੇ ਦਿੱਤੇ ਬਿਆਨ ਤੋਂ ਯੂ-ਟਰਨ ਮਾਰਦਿਆਂ ਆਮ ਆਦਮੀ ਪਾਰਟੀ ਦੀ ਆਗੂ ਅਤੇ ਦਿੱਲੀ ਦੀ ਸਿੱਖਿਆ ਮੰਤਰੀ ਆਤਿਸ਼ੀ ਨੇ ਸਵਾਤੀ ਮਾਲੀਵਾਲ ਦੇ ਇਲਜ਼ਾਮਾਂ ਨੂੰ ਰੱਦ ਕਰਦਿਆਂ ਕਿਹਾ ਕਿ 'ਉਹ ਭਾਜਪਾ ਦੀ ਸਾਜ਼ਿਸ਼ ਦਾ ਚਿਹਰਾ' ਹੈ। ਆਤਿਸ਼ੀ ਨੇ ਇਹ ਵੀ ਕਿਹਾ ਕਿ ਵਿਭਵ ਕੁਮਾਰ ਨੇ ਵੀ ਮਾਲੀਵਾਲ ਦੇ ਖਿਲਾਫ਼ ਐੱਫ.ਆਈ.ਆਰ. ਦਰਜ ਕਰਵਾਈ ਹੈ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਵੀਡੀਓ ਦਾ ਹਵਾਲਾ ਦਿੰਦਿਆਂ ਆਤਿਸ਼ੀ ਨੇ ਕਿਹਾ ਕਿ ਇਹ ਸਾਰਾ ਘਟਨਾਕ੍ਰਮ ਮੁੱਖ ਮੰਤਰੀ ਕੇਜਰੀਵਾਲ ਨੂੰ ਫਸਾਉਣ ਲਈ ਭਾਜਪਾ ਦੀ ਸਾਜ਼ਿਸ਼ ਸੀ, ਮਾਲੀਵਾਲ ਨੂੰ ਇਸ ਦਾ ਚਿਹਰਾ ਬਣਾਇਆ ਗਿਆ ਸੀ।

ਮੰਤਰੀ ਆਤਿਸ਼ੀ ਦਾ ਇਹ ਬਿਆਨ ਮਾਲੀਵਾਲ ਮਾਮਲੇ ਉੱਪਰ ਸੰਜੇ ਸਿੰਘ ਵਾਲੇ ਸਟੈਂਡ ਅਤੇ ਬਿਆਨ ਤੋਂ ਐਨ ਉਲਟ ਹੈ। ਸੰਜੇ ਸਿੰਘ ਨੇ ਤਾਂ ਕਿਹਾ ਸੀ ਕਿ ਮਾਲੀਵਾਲ ਨਾਲ ਹੋਈ ਬਦਸਲੂਕੀ ਦਾ ਮੁੱਖ ਮੰਤਰੀ ਨੇ ਨੋਟਿਸ ਲਿਆ ਹੈ ਅਤੇ ਇਸ ਮਾਮਲੇ ਵਿਚ ਸਖ਼ਤ ਕਾਰਵਾਈ ਕੀਤੀ ਜਾਵੇਗੀ ਪਰ ਇਸ ਬਿਆਨ ਦੇ ਕੁਝ ਘੰਟੇ ਬਾਅਦ ਹੀ ਆਤਿਸ਼ੀ ਨੇ ਮਾਮਲੇ ਦਾ ਪ੍ਰਸੰਗ ਹੀ ਬਦਲ ਦਿੱਤਾ। ਇਸ ਤਰ੍ਹਾਂ 'ਆਪ' ਦੇ ਔਰਤਾਂ ਦੀ ਸੁਰੱਖਿਆ ਅਤੇ ਨਿਆਂ ਪ੍ਰਤੀ ਸਰੋਕਾਰ ਸਵਾਲਾਂ ਦੇ ਘੇਰੇ ਹੇਠ ਆ ਗਏ ਹਨ।

ਜਿਸ ਵਾਇਰਲ ਵੀਡੀਓ ਦਾ ਜ਼ਿਕਰ ਮੰਤਰੀ ਆਤਿਸ਼ੀ ਨੇ ਕੀਤਾ, ਉਸ ਉੱਪਰ ਵੀ ਸਵਾਲ ਉੱਠਦਾ ਹੈ ਕਿ ਮੁੱਖ ਮੰਤਰੀ ਅਰਵਿੰਦ



ਕੇਜਰੀਵਾਲ ਦੀ ਅਤਿ ਸੁਰੱਖਿਆ ਵਾਲੀ ਰਿਹਾਇਸ਼ ਤੋਂ ਉਕਤ ਦਿਨ ਦੀਆਂ ਮਾਲੀਵਾਲ ਨਾਲ ਸਬੰਧਿਤ ਵੀਡੀਓਜ਼ ਦਾ ਕਿਸੇ ਜਾਂਚ ਟੀਮ ਕੋਲ ਪਹੁੰਚਣ ਤੋਂ ਪਹਿਲਾਂ ਹੀ ਸੋਸ਼ਲ ਮੀਡੀਆ ਉੱਪਰ ਵਾਇਰਲ ਕਿਵੇਂ ਹੋ ਗਈਆਂ। ਦਿੱਲੀ ਪੁਲਿਸ ਨੇ ਇਸ ਮਾਮਲੇ ਵਿਚ ਵਿਭਵ ਕੁਮਾਰ ਦਾ ਅਦਾਲਤ ਤੋਂ ਪੰਜ ਦਿਨ ਦਾ ਰਿਮਾਂਡ ਹਾਸਲ ਕਰ ਲਿਆ ਹੈ। ਦਿੱਲੀ ਪੁਲਿਸ ਨੇ ਰਿਮਾਂਡ ਦੀ ਮੰਗ ਸਮੇਂ ਅਦਾਲਤ ਨੂੰ ਦੱਸਿਆ ਕਿ ਵਿਭਵ ਨੇ ਮਾਲੀਵਾਲ ਉੱਪਰ 'ਬੇਰਹਿਮੀ ਨਾਲ ਹਮਲਾ' ਕੀਤਾ ਹੈ।

'ਆਪ' ਆਗੂ ਇਹ ਦਲੀਲ ਵੀ ਦੇ ਰਹੇ ਹਨ ਕਿ ਸਵਾਤੀ ਮਾਲੀਵਾਲ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲਣ ਲਈ ਸਮਾਂ ਨਹੀਂ ਲਿਆ ਸੀ। ਜੇਕਰ ਮੁੱਖ ਮੰਤਰੀ ਦੀ ਰਿਹਾਇਸ਼ ਉੱਪਰ ਪਹੁੰਚੀ ਪਾਰਟੀ ਦੀ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਉਸ ਨੇ ਸਮਾਂ ਨਹੀਂ ਲਿਆ ਸੀ ਤਾਂ ਫਿਰ ਆਮ ਲੋਕਾਂ ਦੀ ਸਰਕਾਰ ਹੋਣ ਦੰਭ ਕਿਉਂ ਰਚਿਆ ਜਾ ਰਿਹਾ ਹੈ? ਫਿਰ 'ਅਸੀਂ ਰਾਜਨੀਤੀ ਕਰਨ ਨਹੀਂ, ਰਾਜਨੀਤੀ ਬਦਲਣ ਆਏ ਹਾਂ' ਵਰਗੇ ਨਾਅਰਿਆ ਦਾ ਕੀ ਮੰਤਵ ਰਹਿ ਗਿਆ ਹੈ?

ਅਰਵਿੰਦ ਕੇਜਰੀਵਾਲ ਨੇ ਇਸ ਮੁੱਦੇ 'ਤੇ ਅਜੇ ਤੱਕ ਕੁਝ ਵੀ ਖੁੱਲ੍ਹ ਕੇ ਨਹੀਂ ਬੋਲਿਆ ਹਾਲਾਂਕਿ ਸਵਾਤੀ ਮਾਲੀਵਾਲ ਕੇਜਰੀਵਾਲ ਦੇ ਸਭ ਤੋਂ ਭਰੋਸੇਯੋਗ ਆਗੂਆਂ ਵਿਚੋਂ ਰਹੀ ਹੈ। ਕੇਜਰੀਵਾਲ ਨਾਲ ਸਵਾਤੀ ਦਾ ਵਾਹ ਬਹੁਤ ਪੁਰਾਣਾ ਹੈ; ਸੂਚਨਾ ਤਕਨਾਲੋਜੀ ਵਿਚ ਗਰੈਜੂਏਟ ਸਵਾਤੀ ਬਹੁ-ਕੌਮੀ ਕੰਪਨੀ ਦੀ ਨੌਕਰੀ ਛੱਡ ਕੇ ਕੇਜਰੀਵਾਲ ਦੀ ਐਨ.ਜੀ.ਓ. ਨਾਲ ਜੁੜੀ ਸੀ। ਕੇਜਰੀਵਾਲ ਨਾਲ ਹੀ ਉਨ੍ਹਾਂ ਨੇ ਅੰਨਾ ਹਜ਼ਾਰੇ ਦੀ ਅਗਵਾਈ ਹੇਠਲੇ ਅੰਦੋਲਨ 'ਇੰਡੀਆ ਅਗੇਂਸਟ ਕੁਰੱਪਸ਼ਨ' ਵਿਚ ਹਿੱਸਾ ਲਿਆ ਸੀ। ਅੰਦੋਲਨ ਤੋਂ ਬਾਅਦ ਆਮ ਆਦਮੀ ਪਾਰਟੀ ਖੜ੍ਹੀ ਕਰਨ ਵਿਚ ਉਸ ਦਾ ਅਹਿਮ ਯੋਗਦਾਨ ਰਿਹਾ ਹੈ। ਇਸੇ ਕਰ ਕੇ ਦਿੱਲੀ ਵਿਚ ਸੱਤਾ ਹਾਸਲ ਕਰਨ ਤੋਂ ਬਾਅਦ 'ਆਪ' ਨੇ ਮਾਲੀਵਾਲ ਨੂੰ ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨਿਯੁਕਤ ਕੀਤਾ ਸੀ। ਦੋ ਵਾਰ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਹਿਣ ਤੋਂ ਬਾਅਦ ਉਨ੍ਹਾਂ ਨੂੰ ਕੁਝ ਮਹੀਨੇ ਪਹਿਲਾਂ ਰਾਜ ਸਭਾ ਮੈਂਬਰ ਨਾਮਜ਼ਦ ਕੀਤਾ ਗਿਆ ਸੀ।

ਜਿਸ ਤਰ੍ਹਾਂ ਹੁਣ ਸਵਾਤੀ ਮਾਲੀਵਾਲ ਨੂੰ ਭਾਜਪਾ ਨਾਲ ਜੋੜਿਆ ਜਾ ਰਿਹਾ ਹੈ, ਇਸ ਤਰ੍ਹਾਂ 'ਆਪ' ਨੇ ਪਹਿਲਾਂ ਵੀ ਬਹੁਤ ਵਾਰ ਪਾਰਟੀ ਆਗੂਆਂ ਦੀ ਕਿਰਦਾਰਕੁਸ਼ੀ ਕਰ ਕੇ ਉਹਨਾਂ ਨੂੰ ਪਾਰਟੀ ਵਿਚੋਂ ਬਾਹਰ ਧੱਕਿਆ ਹੈ। 'ਆਪ' ਦੀ ਪੰਜਾਬ ਇਕਾਈ ਦੇ ਮੁਖੀ ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ ਵਿਚੋਂ ਬਾਹਰ ਕੱਢਣ ਸਮੇਂ ਜੋ ਕਥਿਤ ਇਲਜ਼ਾਮ ਲਗਾਏ ਸਨ, ਉਸ ਮਾਮਲੇ ਦੀ ਹਕੀਕਤ ਅੱਜ ਤੱਕ ਲੋਕਾਂ ਸਾਹਮਣੇ ਨਹੀਂ ਲਿਆਂਦੀ ਗਈ। ਹੁਣ ਸਵਾਤੀ ਮਾਲੀਵਾਲ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਪਾਰਟੀ ਮੁਖੀ 'ਤੇ ਸਵਾਲ ਉਠਾ ਰਹੀ ਹੈ,ਉਸ ਨੇ ਸ਼ੁੱਕਰਵਾਰ ਨੂੰ ਟਵੀਟ ਕਰ ਕੇ ਕਿਹਾ ਕਿ 'ਸਿਆਸੀ ਹਿੱਟਮੈਨ ਨੇ ਆਪਣੇ ਆਪ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ'। ਵਾਇਰਲ ਵੀਡੀਓ ਬਾਰੇ ਕਿਹਾ ਸੀ ਕਿ 'ਕੋਈ ਕੁੱਟਮਾਰ ਕਰਨ ਦੀ ਵੀ ਵੀਡੀਓ ਬਣਾਉਂਦਾ ਹੈ' ਲੇਕਿਨ ਇਹ ਵੀ ਸੱਚ ਹੈ ਕਿ ਜਦ ਪਾਰਟੀ ਅੰਦਰ ਜਮਹੂਰੀਅਤ, ਅਨੁਸ਼ਾਸਨ ਵਰਗੇ ਮੁੱਦੇ ਉਠਾਉਂਦਿਆਂ ਪ੍ਰਸ਼ਾਂਤ ਭੂਸ਼ਨ, ਡਾ. ਧਰਮਵੀਰ ਗਾਂਧੀ, ਯੋਗੇਂਦਰ ਯਾਦਵ, ਪੱਤਰਕਾਰ ਆਸ਼ੂਤੋਸ਼, ਕਪਿਲ ਮਿਸ਼ਰਾ, ਅਸ਼ੀਸ਼ ਖੇਤਾਨ ਵਰਗੇ ਵੱਡੇ ਆਗੂਆਂ ਨੇ ਪਾਰਟੀ ਛੱਡੀ ਤਾਂ ਸਵਾਤੀ ਮਾਲੀਵਾਲ ਕੇਜਰੀਵਾਲ ਦੇ ਨਾਲ ਖੜ੍ਹੀ ਸੀ। ਹੁਣ ਵੀ ਸਵਾਤੀ ਨੇ ਅਜੇ ਤੱਕ ਪਾਰਟੀ ਦੇ ਸਿਧਾਂਤਾਂ ਬਾਰੇ ਕੁਝ ਨਹੀਂ ਬੋਲਿਆ ਹੈ।

ਵੈਸੇ ਔਰਤਾਂ ਦੇ ਮਾਮਲੇ ਵਿਚ ਰਾਜਨੀਤਕ ਪਾਰਟੀਆਂ ਦੀ ਪਹੁੰਚ ਹਮੇਸ਼ਾ ਦੋਹਰੇ ਮਾਪਦੰਡਾਂ ਵਾਲੀ ਰਹੀ ਹੈ। ਨਿਰਭਯਾ, ਪਹਿਲਵਾਨ ਕੁੜੀਆਂ ਸਮੇਤ ਕਈ ਮਾਮਲਿਆਂ ਵਿਚ ਇਨਸਾਫ਼ ਦੀ ਮੰਗ ਕਰਨ ਵਾਲੀ 'ਆਪ' ਹੁਣ ਬਗੈਰ ਕਿਸੇ ਠੋਸ ਜਾਂਚ ਪੜਤਾਲ ਦੇ ਪੀ.ਏ. ਵਿਭਵ ਦਾ ਪੱਖ ਪੂਰ ਰਹੀ ਹੈ। ਦੂਜੇ ਪਾਸੇ, ਚੋਣਾਂ ਦੇ ਇਸ ਭਖੇ ਮਾਹੌਲ ਵਿਚ ਭਾਜਪਾ ਵਰਗੀਆਂ ਸਿਰੇ ਦੀਆਂ ਪਿਛਾਖੜੀ ਪਾਰਟੀਆਂ ਵੀ ਔਰਤ ਹੱਕਾਂ ਦੀਆਂ ਅਲੰਬਰਦਾਰ ਹੋਣ ਦਾ ਦੰਭ ਰਚ ਰਹੀਆਂ ਹਨ। ਭਾਜਪਾ ਦੀ ਸਿਆਸੀ ਮੌਕਾਪ੍ਰਸਤੀ ਇਸ ਤੋਂ ਵੀ ਜ਼ਾਹਿਰ ਹੁੰਦੀ ਹੈ ਕਿ ਇਨ੍ਹੀਂ ਦਿਨੀਂ ਹੀ ਕਰਨਾਟਕ ਵਿਚ ਭਾਜਪਾ ਦੇ ਸਹਿਯੋਗੀ ਜਨਤਾ ਦਲ (ਐੱਸ) ਦੇ ਉਮੀਦਵਾਰ ਪ੍ਰਜਵਲ ਰੇਵੰਨਾ ਨਾਲ ਜੁੜੇ ਕਾਂਡ ਦੀ ਯਾਦ ਦਿਵਾ ਦਿੱਤੀ ਹੈ। ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ ਦੇ ਪੋਤਰੇ ਪ੍ਰਜਵਲ ਰੇਵੰਨਾ ਖ਼ਿਲਾਫ ਕਈ ਔਰਤਾਂ ਨਾਲ ਦੇ ਸ਼ੋਸ਼ਣ ਦੀਆਂ ਵੀਡੀਓਜ਼ ਸਾਹਮਣੇ ਆਉਣ ਤੋਂ ਬਾਅਦ ਵੀ ਭਾਜਪਾ ਨੇ ਉਸ ਖਿਲਾਫ ਰੋਸ ਪ੍ਰਦਰਸ਼ਨ ਨਹੀਂ ਕੀਤੇ ਹਨ।

ਇਸੇ ਤਰ੍ਹਾਂ ਭਾਰਤੀ ਕੁਸ਼ਤੀ ਸੰਘ ਦੇ ਸਾਬਕਾ ਮੁਖੀ ਅਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਮਹਿਲਾ ਭਲਵਾਨਾਂ ਵੱਲੋਂ ਗੰਭੀਰ ਦੋਸ਼ ਲਾਉਣ ਦੇ ਬਾਵਜੂਦ ਭਾਜਪਾ ਨੇ ਉਸ ਖਿਲਾਫ ਕਾਰਵਾਈ ਕਰਨ ਤੋਂ ਟਾਲਾ ਵੱਟੀ ਰੱਖਿਆ ਸੀ। ਜਦੋਂ ਪਹਿਲਵਾਨ ਕੁੜੀਆਂ ਜੰਤਰ-ਮੰਤਰ 'ਤੇ ਇਨਸਾਫ਼ ਦੀ ਮੰਗ ਕਰ ਰਹੀਆਂ ਸਨ ਤਾਂ ਭਾਜਪਾ ਹਕੂਮਤ ਵੱਲੋਂ ਉਹਨਾਂ 'ਤੇ ਕੀਤਾ ਪੁਲਿਸ ਤਸ਼ੱਦਦ ਕਿਸੇ ਤੋਂ ਭੁੱਲਿਆ ਨਹੀਂ ਹੈ। ਮਨੀਪੁਰ ਵਿਚ ਔਰਤਾਂ ਦੀ ਨਗਨ ਪਰੇਡ ਅਤੇ ਮਨੀਪੁਰ ਦੀਆਂ ਹਜ਼ਾਰਾਂ ਔਰਤਾਂ 'ਤੇ ਹੋਏ ਤਸ਼ੱਦਦ ਦੇ ਮਾਮਲੇ ਵਿਚ ਦੜ ਵੱਟ ਕੇ ਚੁੱਪ ਬੈਠਣ ਵਾਲੀ ਭਾਜਪਾ ਹੁਣ ਰੋਸ ਪ੍ਰਦਰਸ਼ਨ ਕਰ ਰਹੀ ਹੈ।

ਅਸਲ ਵਿਚ, ਸਵਾਤੀ ਮਾਲੀਵਾਲ ਨਾਲ ਵਾਪਰੇ ਘਟਨਾਕ੍ਰਮ ਜਾਂ ਇਸ ਤਰ੍ਹਾਂ ਦੇ ਹੋਰ ਮਾਮਲਿਆਂ ਪ੍ਰਤੀ 'ਆਪ', ਭਾਜਪਾ, ਕਾਂਗਰਸ ਵਰਗੀਆਂ ਰਾਜਨੀਤਕ ਪਾਰਟੀਆਂ ਦੀ ਪਹੁੰਚ ਰਾਜਨੀਤੀ ਤੋਂ ਪ੍ਰੇਰਿਤ ਹੁੰਦੀ ਹੈ। ਇਹ ਪਾਰਟੀਆਂ ਰਾਜਨੀਤਕ ਨਫਾ ਨੁਕਸਾਨ ਦੇਖ ਕੇ ਕੋਈ ਪੈਂਤੜਾ ਮੱਲਦੀਆਂ ਹਨ। ਇਸ ਕਰ ਕੇ ਇਹਨਾਂ ਪਾਰਟੀਆਂ ਤੋਂ ਇਨਸਾਫ ਦੀ ਆਸ ਕੀਤੀ ਹੀ ਨਹੀਂ ਜਾ ਸਕਦੀ।

# ਭੀਮਾ-ਕੋਰੇਗਾਓਂ ਅਤੇ ਨਿਊਜ਼ਕਲਿੱਕ ਕੇਸਾਂ ਦੇ ਫ਼ੈਸਲੇ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਪਿਛਲੇ ਦਿਨੀਂ ਦੋ ਵੱਡੇ ਪੱਤਰਕਾਰਾਂ- ਗੌਤਮ ਨਵਲਖਾ ਤੇ ਪ੍ਰਬੀਰ ਪੁਰਕਾਇਸਥ, ਦੇ ਕੇਸਾਂ 'ਚ ਭਾਰਤ ਦੀ ਸੁਪਰੀਮ ਕੋਰਟ ਦੇ ਦੋ ਫ਼ੈਸਲਿਆਂ ਨੂੰ ਲੈ ਕੇ ਚਰਚਾ ਹੋ ਰਹੀ ਹੈ। 14 ਮਈ ਨੂੰ ਸੁਪਰੀਮ ਕੋਰਟ ਦੇ ਐੱਮ.ਐੱਮ. ਸੁੰਦਰੇਸ਼ ਅਤੇ ਐੱਸ.ਵੀ.ਐੱਨ. ਭੱਟੀ ਬੈਂਚ ਨੇ ਉੱਘੇ ਕਾਰਕੁਨ ਤੇ ਬੁੱਧੀਜੀਵੀ ਗੌਤਮ ਨਵਲੱਖਾ ਨੂੰ ਇਹ ਦਲੀਲ ਦਿੰਦਿਆਂ ਜ਼ਮਾਨਤ ਦੇ ਦਿੱਤੀ ਕਿ ਉਹ ਪਹਿਲਾਂ ਹੀ ਤਕਰੀਬਨ ਚਾਰ ਸਾਲ ਜੇਲ੍ਹ ਵਿਚ ਬੰਦ ਰਹਿ ਚੁੱਕੇ ਹਨ ਅਤੇ ਮੁਕੱਦਮਾ ਮੁਕੰਮਲ ਹੋਣ ਲਈ ਕਈ ਸਾਲ ਲੱਗ ਸਕਦੇ ਹਨ। ਮੁਕੱਦਮਾ ਪੱਖ ਨੇ 20 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦੇ 54 ਥੱਬੇ ਪੇਸ਼ ਕੀਤੇ ਅਤੇ 370 ਗਵਾਹ ਬਣਾਏ ਹਨ। ਅਜੇ ਤੱਕ ਦੋਸ਼ ਵੀ ਤੈਅ ਨਹੀਂ ਹੋਏ ਤਾਂ ਨੇੜ ਭਵਿੱਖ 'ਚ ਮੁਕੱਦਮੇ ਦਾ ਨਿਬੇੜਾ ਹੋਣ ਦੀ ਸੰਭਾਵਨਾ ਵੀ ਨਹੀਂ ਹੈ। ਇਸੇ ਤਰ੍ਹਾਂ, ਨਿਊਜ਼ਕਲਿੱਕ ਕੇਸ ਵਿਚ ਜਸਟਿਸ ਬੀ.ਆਰ. ਗਵੱਈ ਅਤੇ ਜਸਟਿਸ ਸੰਦੀਪ ਮਹਿਤਾ ਬੈਂਚ ਨੇ 15 ਮਈ ਵਾਲੇ ਫ਼ੈਸਲੇ 'ਚ ਕਿਹਾ ਕਿ ਨਿਊਜ਼ਕਲਿੱਕ ਦੇ ਬਾਨੀ ਸੰਪਾਦਕ ਪ੍ਰਬੀਰ ਪੁਰਕਾਇਸਥ ਦੀ ਗ੍ਰਿਫ਼ਤਾਰੀ 'ਕਾਨੂੰਨ ਦੀਆਂ ਨਜ਼ਰਾਂ 'ਚ ਮੰਨਣਯੋਗ ਨਹੀਂ'। ਲਿਹਾਜ਼ਾ, ਬੈਂਚ ਨੇ ਗ੍ਰਿਫ਼ਤਾਰੀ ਅਤੇ ਰਿਮਾਂਡ ਦੇ ਹੁਕਮ ਰੱਦ ਕਰ ਦਿੱਤੇ ਜਿਨ੍ਹਾਂ ਤਹਿਤ ਉਸ ਨੂੰ ਪੁਲਿਸ ਹਿਰਾਸਤ 'ਚ ਰੱਖਿਆ ਜਾ ਰਿਹਾ ਸੀ।

ਬੰਬਈ ਹਾਈਕੋਰਟ ਨੇ 19 ਦਸੰਬਰ 2023 ਨੂੰ ਗੌਤਮ ਨਵਲਖਾ ਨੂੰ ਜ਼ਮਾਨਤ ਦੇ ਦਿੱਤੀ ਸੀ ਪਰ ਕੌਮੀ ਜਾਂਚ ਏਜੰਸੀ ਜੋ ਆਰ.ਐੱਸ.ਐੱਸ.-ਭਾਜਪਾ ਦੀ ਸ਼ਾਖਾ ਬਣ ਕੇ ਕੰਮ ਕਰ ਰਹੀ ਹੈ, ਨੇ ਸੁਪਰੀਮ ਕੋਰਟ ਵਿਚ ਜਾ ਕੇ ਜ਼ਮਾਨਤ ਉੱਪਰ ਰੋਕ ਲਗਵਾ ਦਿੱਤੀ। ਕੋਸ਼ਿਸ਼ ਸੀ ਕਿ ਨਵਲਖਾ ਨੂੰ ਬਿਨਾਂ ਜ਼ਮਾਨਤ ਵੱਧ ਤੋਂ ਵੱਧ ਸਮਾਂ ਜੇਲ੍ਹ ਵਿਚ ਬੰਦ ਰੱਖਿਆ ਜਾਵੇ। ਕੇਸ ਮਨਘੜਤ ਹੋਣ ਕਾਰਨ ਸੁਪਰੀਮ ਕੋਰਟ ਦੇ ਬੈਂਚ ਨੇ ਵੀ ਮਹਿਸੂਸ ਕੀਤਾ ਕਿ 'ਰੋਕ ਦੇ ਅੰਤ੍ਰਿਮ ਆਦੇਸ਼ ਨੂੰ ਵਧਾਉਣ ਦੀ ਕੋਈ ਲੋੜ ਨਹੀਂ'। ਜ਼ਮਾਨਤ ਦੀ ਪੂਰਵ-ਸ਼ਰਤ ਵਜੋਂ ਅਦਾਲਤ ਨੇ ਨਵਲਖਾ ਨੂੰ 20 ਲੱਖ ਰੁਪਏ ਸੁਰੱਖਿਆ ਖ਼ਰਚ ਵਜੋਂ ਜਮਾਂ ਕਰਾਉਣ ਦਾ ਆਦੇਸ਼ ਦਿੱਤਾ ਹੈ ਜੋ ਉਸ ਨੂੰ ਘਰ ਵਿਚ ਨਜ਼ਰਬੰਦ ਰੱਖਣ ਲਈ ਲਾਈ ਸੁਰੱਖਿਆ ਗਾਰਦ ਉੱਪਰ ਖ਼ਰਚੇ ਦੱਸੇ ਜਾ ਰਹੇ ਹਨ ਕਿਉਂਕਿ ਵਿਗੜ ਰਹੀ ਸਿਹਤ ਕਾਰਨ ਸੁਪਰੀਮ ਕੋਰਟ ਦੇ ਆਦੇਸ਼ 'ਤੇ ਨਵਲਖਾ ਨੂੰ ਨਵੰਬਰ 2022 ਤੋਂ ਲੈ ਕੇ 'ਹਾਊਸ ਅਰੈਸਟ' ਤਹਿਤ ਰੱਖਿਆ ਹੋਇਆ ਸੀ। ਕੌਮੀ ਜਾਂਚ ਏਜੰਸੀ ਨੇ ਸੁਰੱਖਿਆ ਖ਼ਰਚ ਦਾ 1.64 ਕਰੋੜ ਰੁਪਏ ਬਿੱਲ ਭੇਜਿਆ ਸੀ। ਨਵਲਖਾ ਦੇ ਵਕੀਲ ਨੇ ਇਸ ਬਿੱਲ ਨੂੰ 'ਫਿਰੌਤੀ ਵਸੂਲਣਾ' ਕਹਿ ਕੇ ਇਸ ਦਾ ਵਿਰੋਧ ਕੀਤਾ। ਹੁਣ ਬੈਂਚ ਨੇ 20 ਲੱਖ ਰੁਪਏ ਜਮ੍ਹਾਂ ਕਰਾਉਣ ਦਾ ਆਦੇਸ਼ ਦਿੱਤਾ ਹੈ।

ਗੌਤਮ ਨਵਲਖਾ ਸਮੇਤ ਚੋਟੀ ਦੇ 16 ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ 'ਸ਼ਹਿਰੀ ਨਕਸਲੀ' ਕਰਾਰ ਦੇ ਕੇ 2018 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਲਜ਼ਾਮ ਇਹ ਲਗਾਇਆ ਕਿ ਦੋ ਸਦੀਆਂ ਪਹਿਲਾਂ ਦਲਿਤ ਫ਼ੌਜ ਅਤੇ ਪੇਸ਼ਵਾ ਫ਼ੌਜਾਂ ਦਰਮਿਆਨ ਜੋ ਭੀਮਾ-ਕੋਰੇਗਾਓਂ ਯੁੱਧ ਲੜਿਆ ਗਿਆ ਸੀ ਅਤੇ ਜਿਸ ਦੇ ਦਲਿਤ ਜਥੇਬੰਦੀਆਂ ਵੱਲੋਂ 'ਭੀਮਾ-ਕੋਰੇਗਾਓਂ ਸ਼ੌਰੀਆ ਦਿਨ ਪ੍ਰੇਰਨਾ ਅਭਿਆਨ' ਵਜੋਂ 200 ਸਾਲਾ ਜਸ਼ਨ ਮਨਾਏ ਗਏ, ਉਸ ਤੋਂ ਅਗਲੇ ਦਿਨ, ਪਹਿਲੀ ਜਨਵਰੀ 2018 ਨੂੰ ਹੋਈ ਹਿੰਸਾ ਇਨ੍ਹਾਂ 'ਸ਼ਹਿਰੀ ਨਕਸਲੀਆਂ' ਨੇ ਕਰਵਾਈ ਸੀ; ਇਹ ਗਿਣੀ-ਮਿੱਥੀ ਹਿੰਸਾ 'ਜਮਹੂਰੀ ਤੌਰ 'ਤੇ ਚੁਣੀ ਹੋਈ ਸਰਕਾਰ ਨੂੰ ਉਲਟਾਉਣ ਦੀ ਵਿਆਪਕ ਮਾਓਵਾਦੀ ਸਾਜ਼ਿਸ਼ ਦਾ ਹਿੱਸਾ' ਸੀ। ਪੂਣੇ ਪੁਲਿਸ ਨੇ ਹਿੰਸਾ ਆਰ.ਐੱਸ.ਐੱਸ. ਨਾਲ ਸਬੰਧਿਤ ਹਿੰਦੂਤਵੀ ਆਗੂਆਂ ਸੰਭਾਜੀ ਭੀੜੇ, ਮਿਲਿੰਦ ਏਕਬੋਟੇ ਅਤੇ ਉਨ੍ਹਾਂ ਦੀ ਅਗਵਾਈ ਹੇਠਲੇ ਦਹਿਸ਼ਤੀ ਹਜੂਮ ਜਿਨ੍ਹਾਂ ਨੇ ਦਰਅਸਲ ਹਿੰਸਾ ਨੂੰ ਅੰਜਾਮ ਦਿੱਤਾ, ਵਿਰੁੱਧ ਕਾਰਵਾਈ ਕਰਨ ਦੀ ਬਜਾਇ ਪਹਿਲਾਂ ਦਲਿਤਾਂ ਨੂੰ ਪੁਲਿਸ ਜਬਰ ਅਤੇ ਝੂਠੇ ਕੇਸਾਂ ਨਾਲ ਕੁਚਲਿਆ, ਫਿਰ ਬੁੱਧੀਜੀਵੀਆਂ ਨੂੰ ਜੇਲ੍ਹਾਂ ਵਿਚ ਡੱਕਣ ਲਈ 'ਸ਼ਹਿਰੀ ਨਕਸਲੀ' ਦਾ ਬਿਰਤਾਂਤ ਘੜ ਲਿਆ ਅਤੇ ਯੂ.ਏ.ਪੀ.ਏ. ਲਗਾ ਕੇ ਬਿਨਾਂ ਜ਼ਮਾਨਤ ਜੇਲ੍ਹਾਂ 'ਚ ਸਾੜਨ ਦਾ ਫਾਸ਼ੀਵਾਦੀ ਸਿਲਸਿਲਾ ਸ਼ੁਰੂ ਹੋ ਗਿਆ।

> ***ਜੱਜ ਇਸ ਕੌੜੀ ਹਕੀਕਤ ਤੋਂ ਜਾਣੂ ਹਨ ਕਿ ਭਾਰਤੀ ਨਿਆਂ ਪ੍ਰਣਾਲੀ ਅੰਦਰ ਨਿਆਂ ਦਾ ਲੰਮਾ ਅਤੇ ਪੇਚੀਦਾ ਅਮਲ ਹੀ ਆਪਣੇ ਆਪ 'ਚ ਸਜ਼ਾ ਹੈ। ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨ ਲਗਾਉਣ ਨਾਲ ਇਹ ਅਮਲ ਅਣਮਿੱਥੇ ਸਮੇਂ ਦਾ ਸੰਤਾਪ ਬਣ ਜਾਂਦਾ ਹੈ। ਝੂਠੇ ਕੇਸਾਂ 'ਚ ਫਸਾਏ ਲੋਕਾਂ ਨੂੰ ਖ਼ੁਦ ਨੂੰ ਬੇਕਸੂਰ ਸਾਬਤ ਕਰਨ ਲਈ ਸਹਿਜੇ ਹੀ ਦਸ-ਪੰਦਰਾਂ ਸਾਲ ਲੱਗ ਜਾਂਦੇ ਹਨ।***

ਇਸ ਦੌਰਾਨ ਜੇਲ੍ਹ ਪ੍ਰਬੰਧ ਦੀ ਕਰੂਰਤਾ ਨੇ ਬਜ਼ੁਰਗ ਇਸਾਈ ਪਾਦਰੀ ਸਟੇਨ ਸਵਾਮੀ (84 ਸਾਲ) ਦੀ ਬਿਨਾਂ ਇਲਾਜ ਜੇਲ੍ਹ ਵਿਚ ਹੀ ਜਾਨ ਲੈ ਲਈ। ਕਈ-ਕਈ ਸਾਲ ਜੇਲ੍ਹ ਵਿਚ ਸੜਨ ਤੋਂ ਬਾਅਦ ਤਕਨੀਕੀ ਅਤੇ ਮੈਡੀਕਲ ਆਧਾਰ 'ਤੇ ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਆਨੰਦ ਤੇਲਤੁੰਬੜੇ, ਅਰੁਣ ਫਰੇਰਾ, ਪ੍ਰੋਫੈਸਰ ਵਰਨਨ ਗੋਂਜ਼ਾਲਵਿਜ਼, ਪ੍ਰੋਫੈਸਰ ਵਰਾਵਰਾ ਰਾਓ ਨੂੰ ਆਖ਼ਿਰਕਾਰ ਵੱਖ-ਵੱਖ ਸਮੇਂ 'ਤੇ ਜ਼ਮਾਨਤ ਮਿਲ ਗਈ। ਐਡਵੋਕੇਟ ਸੁਰਿੰਦਰ ਗਾਡਲਿੰਗ, ਰੋਨਾ ਵਿਲਸਨ, ਪ੍ਰੋਫੈਸਰ ਹਨੀ ਬਾਬੂ, ਸੁਧੀਰ ਧਾਵਲੇ, ਮਹੇਸ਼ ਰਾਵਤ ਅਤੇ ਕਬੀਰ ਕਲਾ ਮੰਚ ਦੇ ਕਲਾਕਾਰ- ਜੋਤੀ ਜਗਤਾਪ, ਸਾਗਰ ਗੋਰਖੇ ਤੇ ਰਮੇਸ਼ ਗਾਏਚੋਰ, ਅਜੇ ਵੀ ਜੇਲ੍ਹ ਵਿਚ ਬੰਦ ਹਨ। ਪ੍ਰੋਫੈਸਰ ਸ਼ੋਮਾ ਸੇਨ ਨੂੰ ਕੁਝ ਦਿਨ ਪਹਿਲਾਂ ਹੀ ਸੁਪਰੀਮ ਕੋਰਟ ਨੇ ਜ਼ਮਾਨਤ ਦਿੱਤੀ ਹੈ। ਜੋਤੀ ਜਗਤਾਪ, ਐਡਵੋਕੇਟ ਗਾਡਲਿੰਗ ਅਤੇ ਪ੍ਰੋਫੈਸਰ ਹਨੀ ਬਾਬੂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਦੀਆਂ ਉੱਪਰ ਸੁਣਵਾਈ ਅਜੇ ਹੋਣੀ ਹੈ।



*ਉਘੇ ਪੱਤਰਕਾਰ ਗੌਤਮ ਨਵਲਖਾ ਅਤੇ (ਸੱਜੇ) ਪ੍ਰਬੀਰ ਪੁਰਕਾਇਸਥ।*

ਪ੍ਰੋਫੈਸਰ ਸ਼ੋਮਾ ਸੇਨ ਦੀ ਜ਼ਮਾਨਤ ਇਸ ਦੀ ਤਾਜ਼ਾ ਮਿਸਾਲ ਹੈ ਕਿ ਕਿਵੇਂ ਯੂ.ਏ.ਪੀ.ਏ. ਵਰਗੇ ਕਾਨੂੰਨ ਹਕੂਮਤ ਅਤੇ ਜਾਂਚ ਏਜੰਸੀਆਂ ਦੇ ਹੱਥ 'ਚ ਮਨਮਾਨੀਆਂ ਦਾ ਹਥਿਆਰ ਹਨ। ਛੇ ਸਾਲ ਬਿਨਾਂ ਜ਼ਮਾਨਤ ਜੇਲ੍ਹ 'ਚ ਕੈਦ ਰੱਖਣ ਤੋਂ ਬਾਅਦ ਜ਼ਮਾਨਤ ਦੀ ਅਰਜ਼ੀ ਉੱਪਰ ਸੁਣਵਾਈ ਸਮੇਂ ਕੌਮੀ ਜਾਂਚ ਏਜੰਸੀ ਨੇ ਕਿਹਾ ਕਿ ਪ੍ਰੋਫੈਸਰ ਸ਼ੋਮਾ ਨੂੰ ਹੋਰ ਹਿਰਾਸਤ 'ਚ ਰੱਖਣ ਦੀ ਲੋੜ ਨਹੀਂ। ਦਰਅਸਲ, ਸੱਤਾ ਦਾ ਸੰਦ ਬਣੀਆਂ ਜਾਂਚ ਏਜੰਸੀਆਂ ਅਜਿਹੇ ਕੇਸਾਂ 'ਚ ਜ਼ਮਾਨਤ ਦੀ ਲਮਕਾਊ ਪ੍ਰਕਿਰਿਆ ਦਾ ਪੂਰਾ ਲਾਹਾ ਲੈਂਦੀਆਂ ਹਨ। ਇਹ ਪ੍ਰਕਿਰਿਆ ਇਸ ਕਦਰ ਨਿਆਂ ਵਿਰੋਧੀ ਹੈ ਕਿ ਖ਼ੁਦ ਸੁਪਰੀਮ ਕੋਰਟ ਵੀ ਬਹੁਤ ਵਾਰ ਇਸ ਬਾਰੇ ਟਿੱਪਣੀਆਂ ਕਰ ਚੁੱਕੀ ਹੈ। 2022 'ਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਅਦਾਲਤਾਂ ਨੂੰ ਜ਼ਮਾਨਤ ਦੀਆਂ ਅਰਜ਼ੀਆਂ ਦਾ ਫ਼ੈਸਲਾ ਦੋ ਹਫ਼ਤਿਆਂ ਦੇ ਅੰਦਰ ਕਰਨਾ ਚਾਹੀਦਾ ਹੈ। ਅਦਾਲਤ ਨੇ ਸਰਕਾਰ ਨੂੰ ਜ਼ਮਾਨਤ ਨਾਲ ਨਜਿੱਠਣ ਲਈ ਵੱਖਰਾ ਕਾਨੂੰਨ ਬਣਾਉਣ ਲਈ ਵੀ ਕਿਹਾ ਪਰ ਹੁਕਮਰਾਨ ਅਜਿਹੇ ਅਦਾਲਤੀ ਆਦੇਸ਼ਾਂ ਨੂੰ ਟਿੱਚ ਸਮਝਦੇ ਹਨ।

ਸੁਪਰੀਮ ਕੋਰਟ ਨੇ ਇਹ ਗੰਭੀਰਤਾ ਪੰਜ-ਛੇ ਸਾਲ ਤੋਂ ਭੀਮਾ-ਕੋਰੇਗਾਓਂ ਕੇਸ 'ਚ ਜੇਲ੍ਹਾਂ 'ਚ ਬੰਦ ਲੋਕ ਹੱਕਾਂ ਦੇ ਪਹਿਰੇਦਾਰਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਬਾਰੇ ਨਹੀਂ ਦਿਖਾਈ। ਕੌਮਾਂਤਰੀ ਪੱਧਰ ਦੀਆਂ ਫੋਰੈਂਸਿਕ ਲੈਬਾਂ ਦੀ ਛਾਣਬੀਣ 'ਚ ਇਹ ਵਾਰ-ਵਾਰ ਸਾਹਮਣੇ ਆ ਚੁੱਕਾ ਹੈ ਕਿ ਇਨ੍ਹਾਂ ਸ਼ਖ਼ਸੀਅਤਾਂ ਦੇ ਫ਼ੋਨਾਂ/ਕੰਪਿਊਟਰਾਂ ਵਿਚ ਜਾਸੂਸੀ ਸਾਫ਼ਟਵੇਅਰ ਦੀ ਮਦਦ ਨਾਲ ਜਾਅਲੀ ਸਬੂਤ ਪਲਾਂਟ ਕੀਤੇ ਗਏ ਅਤੇ ਕੇਸ ਝੂਠਾ ਤੇ ਮਨਘੜਤ ਹੈ। 2020 ਵਿਚ ਇੰਡੀਆ ਟੂਡੇ ਟੀ.ਵੀ. ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਜਾਣਕਾਰੀ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੀ 'ਖੱਬੇ ਪੱਖੀ ਅਤਿਵਾਦ ਡਿਵੀਜ਼ਨ' ਨੇ ਮੰਨਿਆ ਸੀ ਕਿ ਉਨ੍ਹਾਂ ਕੋਲ ਕੋਈ ਜਾਣਕਾਰੀ ਨਹੀਂ ਹੈ ਕਿ 'ਸ਼ਹਿਰੀ ਨਕਸਲੀ' ਕੌਣ ਹਨ ਅਤੇ ਉਹ ਕਿੱਥੋਂ ਕੰਮ ਕਰਦੇ ਹਨ। ਇਹ ਤੱਥ ਵੀ ਜੱਗ ਜ਼ਾਹਿਰ ਹਨ ਕਿ ਕਥਿਤ ਸ਼ਹਿਰੀ ਨਕਸਲੀਆਂ ਵਿਚੋਂ ਕੋਈ ਵੀ 'ਐਲਗਾਰ ਪ੍ਰੀਸ਼ਦ' ਸਮਾਗਮ ਵਿਚ ਹਾਜ਼ਰ ਨਹੀਂ ਸੀ। ਸਿਰਫ਼ ਕਬੀਰ ਕਲਾ ਮੰਚ ਦੇ ਕਲਾਕਾਰ ਉੱਥੇ ਗੀਤ-ਸੰਗੀਤ ਦੀ ਪੇਸ਼ਕਾਰੀ ਲਈ ਗਏ ਸਨ।

ਬੰਬੇ ਹਾਈਕੋਰਟ ਨੇ ਗੌਤਮ ਨਵਲਖਾ ਨੂੰ ਜ਼ਮਾਨਤ ਦਿੰਦਿਆਂ ਕਿਹਾ ਸੀ ਕਿ ਉਸ ਵਿਰੁੱਧ ਸਾਹਿਤ/ਦਸਤਾਵੇਜ਼ਾਂ/ਚਿੱਠੀਆਂ ਦੇ ਰੂਪ 'ਚ ਜੋ ਸਮੱਗਰੀ ਹੈ, ਉਹ ਆਪਣੇ ਆਪ 'ਚ ਦਹਿਸ਼ਤਵਾਦ ਦੇ ਦੋਸ਼ਾਂ ਦਾ ਕੋਈ ਸਬੂਤ ਨਹੀਂ ਬਣਦਾ; ਭਾਵ, ਉਸ ਵਿਰੁੱਧ ਦਹਿਸ਼ਤਵਾਦ ਦੇ ਦੋਸ਼ਾਂ ਦਾ ਕੋਈ ਸਬੂਤ ਨਹੀਂ। ਇਸ ਦੇ ਬਾਵਜੂਦ ਸੁਪਰੀਮ ਕੋਰਟ ਨੇ ਜ਼ਮਾਨਤ ਦਾ ਫ਼ੈਸਲਾ ਕਰਨ 'ਤੇ ਚਾਰ ਮਹੀਨੇ ਲਗਾ ਦਿੱਤੇ। ਪ੍ਰੋਫੈਸਰ ਸ਼ੋਮਾ ਸੇਨ ਨੂੰ ਜ਼ਮਾਨਤ 'ਤੇ ਰਿਹਾਅ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਪਹਿਲਾ ਪ੍ਰਭਾਵ ਇਹੀ ਹੈ ਕਿ ਉਸ ਵਿਰੁੱਧ ਦਹਿਸ਼ਤਵਾਦ ਦੇ ਦੋਸ਼ ਸੱਚ ਨਹੀਂ। ਸਤੰਬਰ 2023 'ਚ ਬੰਬੇ ਹਾਈਕੋਰਟ ਨੇ ਆਦਿਵਾਸੀ ਹੱਕਾਂ ਦੇ ਕਾਰਕੁਨ ਮਹੇਸ਼ ਰਾਵਤ ਨੂੰ ਜ਼ਮਾਨਤ ਦਿੰਦਿਆਂ ਕਿਹਾ ਸੀ ਕਿ ਉਸ ਨੂੰ ਜੇਲ੍ਹ 'ਚ ਰੱਖਣ ਲਈ ਉਸ ਵਿਰੁੱਧ ਕੋਈ ਸਬੂਤ ਨਹੀਂ ਪਰ ਕੌਮੀ ਜਾਂਚ ਏਜੰਸੀ ਨੇ ਉਸ ਦੀ ਰਿਹਾਈ ਵਿਰੁੱਧ ਸੁਪਰੀਮ ਕੋਰਟ 'ਚ ਅਪੀਲ ਕਰਕੇ ਰਿਹਾਈ ਦੇ ਹੁਕਮ 'ਤੇ ਰੋਕ ਲਗਵਾ ਦਿੱਤੀ। ਅੱਜ ਤੱਕ ਅਪੀਲ ਉੱਪਰ ਸੁਣਵਾਈ ਨਹੀਂ ਹੋਈ ਅਤੇ ਮਹੇਸ਼ ਜ਼ਮਾਨਤ ਹੋਣ ਦੇ ਬਾਵਜੂਦ ਜੇਲ੍ਹ ਵਿਚ ਹੈ। ਇਉਂ ਪੰਜ ਜਣਿਆਂ ਨੂੰ ਜ਼ਮਾਨਤ ਦੇ ਦਿੱਤੀ ਗਈ ਜਦਕਿ ਬਾਕੀ ਸਾਰਿਆਂ ਉੱਪਰ ਉਹੀ ਇਲਜ਼ਾਮ ਹਨ। ਪ੍ਰੋਫੈਸਰ ਵਰਨਨ ਦੇ ਜ਼ਮਾਨਤ ਦੇ ਫ਼ੈਸਲੇ 'ਚ ਬੰਬੇ ਹਾਈ ਕੋਰਟ ਨੇ ਟਿੱਪਣੀ ਕੀਤੀ ਸੀ: "ਕਿਸੇ ਕੋਲ ਸਿਰਫ਼ ਸਾਹਿਤ ਹੋਣਾ ਇੱਥੋਂ ਤੱਕ ਕਿ ਜੇ ਇਸ ਦਾ ਸਾਰ-ਤੱਤ ਹਿੰਸਾ ਦੀ ਪ੍ਰੇਰਨਾ ਦੇਣ ਵਾਲਾ ਜਾਂ ਇਸ ਦਾ ਪ੍ਰਚਾਰ ਕਰਨ ਵਾਲਾ ਵੀ ਹੋਵੇ ਤਾਂ ਵੀ ਇਹ ਯੂ.ਏ.ਪੀ.ਏ. ਐਕਟ ਦੇ ਚੈਪਟਰਾਂ ਚਾਰ ਅਤੇ ਛੇ ਵਿਚਲਾ ਕੋਈ ਅਪਰਾਧ ਨਹੀਂ ਬਣਦਾ।"

ਪ੍ਰੋਫੈਸਰ ਸਾਈਬਾਬਾ ਅਤੇ ਉਸ ਦੇ ਸਹਿ-ਮੁਲਜ਼ਮਾਂ ਦੇ ਕੇਸ 'ਚ ਵੀ ਜਾਂਚ ਏਜੰਸੀਆਂ ਅਤੇ ਮਹਾਰਾਸ਼ਟਰ ਸਰਕਾਰ ਨੇ ਇਸੇ ਤਰ੍ਹਾਂ ਵਾਰ-ਵਾਰ ਅੜਿੱਕੇ ਪਾ ਕੇ ਉਨ੍ਹਾਂ ਦੀ ਰਿਹਾਈ ਰੋਕਣ ਦੇ ਯਤਨ ਕੀਤੇ। ਕੌਮੀ ਜਾਂਚ ਏਜੰਸੀ ਨੇ ਦਾਅਵਾ ਕੀਤਾ ਸੀ ਕਿ ਭੀਮਾ-ਕੋਰੇਗਾਓਂ ਕੇਸ ਦੀ ਜਾਂਚ 'ਚ ਉਨ੍ਹਾਂ ਦੀ ਟੇਕ ਸਾਈਬਾਬਾ ਕੇਸ ਦੇ ਸਬੂਤ ਹਨ। ਹੁਣ ਜਦੋਂ ਪ੍ਰੋਫੈਸਰ ਸਾਈਬਾਬਾ ਦਾ ਕੇਸ ਝੂਠਾ ਸਾਬਤ ਹੋ ਚੁੱਕਾ ਹੈ ਤਾਂ ਅਦਾਲਤਾਂ ਨੂੰ ਭੀਮਾ-ਕੋਰੇਗਾਓਂ ਕੇਸ ਦੀ ਕਥਿਤ ਜਾਂਚ ਨੂੰ ਵੀ ਰੱਦ ਕਰਨਾ ਚਾਹੀਦਾ ਹੈ।

ਨਿਊਜ਼ਕਲਿੱਕ ਕੇਸ ਵਿਚ ਸੁਪਰੀਮ ਕੋਰਟ ਦੇ ਬੈਂਚ ਦੀਆਂ ਟਿੱਪਣੀਆਂ ਸੱਤਾ ਦੇ ਇਸ਼ਾਰੇ 'ਤੇ ਜਾਂਚ ਏਜੰਸੀਆਂ ਦੀਆਂ ਮਨਮਾਨੀਆਂ ਅਤੇ ਕਾਨੂੰਨ ਨੂੰ ਟਿੱਚ ਸਮਝਣ ਦੀ ਹੈਂਕੜਬਾਜ਼ੀ 'ਤੇ ਉਂਗਲ ਰੱਖਦੀਆਂ ਹਨ। ਨਿਊਯਾਰਕ ਟਾਈਮਜ਼ ਦੇ ਇਕ ਲੇਖ ਵਿਚ ਦੱਸਿਆ ਗਿਆ ਸੀ ਕਿ ਬਿਨਾਂ ਕਿਸੇ ਸਬੂਤ ਦੇ ਲਗਾਏ ਦੋਸ਼ਾਂ ਨੂੰ ਬਹਾਨਾ ਬਣਾ ਕੇ ਪੂਰੇ ਮੁਲਕ 'ਚ ਨਿਊਜ਼ਕਲਿੱਕ ਦੇ ਦਫ਼ਤਰਾਂ/ਪੱਤਰਕਾਰਾਂ ਦੇ ਘਰਾਂ 'ਚ ਛਾਪੇ ਮਾਰੇ ਗਏ। ਇਹ ਕਹਿ ਕੇ ਕਿ ਪੋਰਟਲ ਨੂੰ 'ਪ੍ਰਾਪੇਗੰਡਾ ਕਰਨ ਲਈ' ਲਈ ਚੀਨੀ ਸਰਕਾਰ ਫੰਡਿਗ ਕਰ ਰਹੀ ਹੈ, ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਨਿਊਜ਼ਕਲਿੱਕ ਦੇ ਬਾਨੀ ਸੰਪਾਦਕ ਪ੍ਰਬੀਰ ਨੂੰ ਸ਼ਾਮੀਂ ਪੌਣੇ ਛੇ ਵਜੇ ਗ੍ਰਿਫ਼ਤਾਰ ਕੀਤਾ ਅਤੇ ਅਗਲੇ ਦਿਨ ਸਵੇਰੇ 6 ਵਜੇ ਮੈਜਿਸਟ੍ਰੇਟ ਅੱਗੇ ਪੇਸ਼ ਕਰ ਕੇ ਫਟਾਫਟ ਉਸ ਦਾ ਰਿਮਾਂਡ ਵੀ ਲੈ ਲਿਆ। 3 ਅਕਤੂਬਰ 2023 ਤੋਂ ਲੈ ਕੇ ਪ੍ਰਬੀਰ ਯੂ.ਏ.ਪੀ.ਏ. ਤਹਿਤ ਹਿਰਾਸਤ 'ਚ ਸਨ। ਬਿਰਤਾਂਤ ਘੜਿਆ ਗਿਆ ਕਿ ਉਹ ਚੀਨ ਤੋਂ ਫੰਡ ਲੈ ਕੇ ਰਾਸ਼ਟਰ ਵਿਰੋਧੀ ਪ੍ਰਚਾਰ ਕਰ ਰਿਹਾ ਹੈ ਅਤੇ ਇਸੇ ਤਹਿਤ ਉਸ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਕਸ਼ਮੀਰ ਤੇ ਅਰੁਣਾਂਚਲ ਪ੍ਰਦੇਸ਼ 'ਭਾਰਤ ਦਾ ਹਿੱਸਾ ਨਹੀਂ'। ਕੋਵਿਡ-19 ਵਿਰੁੱਧ ਸਰਕਾਰ ਦੀ ਲੜਾਈ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ; ਕਿਸਾਨ ਅੰਦੋਲਨ ਨੂੰ ਫੰਡ ਦਿੱਤੇ ਅਤੇ ਚੀਨੀ ਟੈਲੀਕਾਮ ਕੰਪਨੀਆਂ ਵਿਰੁੱਧ 'ਕਾਨੂੰਨੀ ਕੇਸਾਂ ਦੀ ਪੁਰਜੋਸ਼ ਰੱਖਿਆ ਕੀਤੀ ਗਈ'। ਪ੍ਰਬੀਰ ਦੇ ਨਾਲ ਨਿਊਜ਼ਕਲਿੱਕ ਦੇ ਮਨੁੱਖੀ ਵਸੀਲਿਆਂ ਦੇ ਮੁਖੀ ਅਮਿਤ ਚੱਕਰਵਰਤੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਅਦ ਵਿਚ ਉਹ ਵਾਅਦਾ-ਮੁਆਫ਼ ਗਵਾਹ ਬਣ ਗਿਆ ਅਤੇ ਦਿੱਲੀ ਹਾਈਕੋਰਟ ਨੇ ਉਸ ਨੂੰ ਮੁਆਫ਼ੀ ਦੇ ਦਿੱਤੀ ਸੀ।

ਪੰਕਜ ਬਾਂਸਲ ਕੇਸ 'ਚ ਸੁਪਰੀਮ ਕੋਰਟ ਨੇ ਆਦੇਸ਼ ਦਿੱਤਾ ਸੀ ਕਿ ਮੁਲਜ਼ਮ ਨੂੰ ਉਸ ਦੀ ਗ੍ਰਿਫ਼ਤਾਰੀ ਦਾ ਆਧਾਰ ਲਿਖਤੀ ਰੂਪ 'ਚ ਦੱਸਣਾ ਹੋਵੇਗਾ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਨੱਚ ਰਹੀ ਦਿੱਲੀ ਪੁਲਿਸ ਨੂੰ ਅਜਿਹੇ ਆਦੇਸ਼ਾਂ ਦੀ ਕੋਈ ਪ੍ਰਵਾਹ ਨਹੀਂ ਹੈ। ਦਿੱਲੀ ਪੁਲਿਸ ਦੀਆਂ ਮਨਮਾਨੀਆਂ ਇਸ ਹੱਦ ਤੱਕ ਹਨ ਕਿ ਪ੍ਰਬੀਰ ਪੁਰਕਾਇਸਥ ਜਾਂ ਉਸ ਦੇ ਵਕੀਲ ਨੂੰ ਗ੍ਰਿਫ਼ਤਾਰੀ ਅਤੇ ਰਿਮਾਂਡ ਲੈਣ ਦੇ ਸਮੇਂ ਤੱਕ ਵੀ ਐੱਫ.ਆਈ.ਆਰ. ਦੀ ਕਾਪੀ ਮੁਹੱਈਆ ਨਹੀਂ ਕਰਾਈ। ਇਹ ਕਾਪੀ ਹਾਈਕੋਰਟ ਦੇ ਆਦੇਸ਼ ਰਾਹੀਂ ਪ੍ਰਾਪਤ ਕੀਤੀ ਗਈ। ਇਹ ਨਾਗਰਿਕ ਨੂੰ ਉਸ ਦੇ ਵਿਰੁੱਧ ਲਾਏ ਦੋਸ਼ਾਂ ਦੀ ਜਾਣਕਾਰੀ ਦਿੱਤੇ ਜਾਣ ਦੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਹੈ। ਇਸੇ ਲਈ ਬੈਂਚ ਨੇ ਕਿਹਾ ਕਿ ਗ੍ਰਿਫ਼ਤਾਰੀ ਦਾ ਕੋਈ ਆਧਾਰ ਹੀ ਨਹੀਂ ਦੱਸਿਆ ਗਿਆ, ਉਸ ਦੀ ਗ੍ਰਿਫ਼ਤਾਰੀ ਅਤੇ ਰਿਮਾਂਡ ਦਾ ਆਦੇਸ਼ ਗ਼ੈਰ-ਕਾਨੂੰਨੀ ਹੈ।

ਸਰਕਾਰੀ ਪੱਖ ਕੋਲ ਇਸ ਨੂੰ ਜਾਇਜ਼ ਠਹਿਰਾਉਣ ਲਈ ਕੋਈ ਦਲੀਲ ਨਹੀਂ ਸੀ। ਫਿਰ ਇਹ ਝੂਠ ਘੜਿਆ ਕਿ ਰਿਮਾਂਡ ਆਰਡਰ ਉੱਪਰ ਦਰਜ ਸਮਾਂ ਗ਼ਲਤ ਹੈ ਅਤੇ ਆਰਡਰ ਦੋਸ਼ੀ ਦੇ ਵਕੀਲ ਨੂੰ ਕਾਪੀ ਦੇਣ ਤੋਂ ਬਾਅਦ ਹੀ ਪਾਸ ਕੀਤਾ ਗਿਆ ਸੀ। ਦਿੱਲੀ ਹਾਈਕੋਰਟ ਦੇ ਬੈਂਚ ਨੇ ਵੀ ਰਿਮਾਂਡ ਆਰਡਰ ਨੂੰ ਇਹ ਕਹਿ ਕੇ ਸਹੀ ਕਰਾਰ ਦੇ ਦਿੱਤਾ ਕਿ 'ਜਿੰਨਾ ਛੇਤੀ ਹੋ ਸਕੇ' ਦੀ ਕਾਨੂੰਨੀ ਸ਼ਰਤ ਅਨੁਸਾਰ ਦੋਸ਼ੀ ਨੂੰ ਉਸ ਦੀ ਗ੍ਰਿਫ਼ਤਾਰੀ ਦੇ ਆਧਾਰ ਬਾਰੇ ਸੂਚਿਤ ਕਰ ਦਿੱਤਾ ਗਿਆ ਸੀ। ਪ੍ਰਬੀਰ ਨੇ ਹਾਈਕੋਰਟ ਦੇ ਫ਼ੈਸਲੇ ਵਿਰੁੱਧ 16 ਅਕਤੂਬਰ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਹੁਣ ਸੁਪਰੀਮ ਕੋਰਟ ਨੇ ਹਾਈਕੋਰਟ ਦਾ ਉਪਰੋਕਤ ਫ਼ੈਸਲੇ ਵੀ ਰੱਦ ਕਰ ਦਿੱਤਾ।

ਪ੍ਰਬੀਰ ਆਪਣੀ ਵਿਗਿਆਨਕ ਸਰਗਰਮੀ ਅਤੇ ਖੋਜ ਲਈ ਵਿਆਪਕ ਪੱਧਰ 'ਤੇ ਜਾਣੇ ਜਾਂਦੇ ਹਨ। ਉਹ ਦਿੱਲੀ ਸਾਇੰਸ ਫੋਰਮ ਦੇ ਬਾਨੀ ਮੈਂਬਰਾਂ 'ਚੋਂ ਹਨ ਜਿਸ ਨੇ ਕੌਮੀ ਹਿਤ 'ਚ ਬਹੁਤ ਸਾਰੇ ਮੁੱਦੇ ਉਠਾਏ। ਪ੍ਰਬੀਰ ਦਾ ਆਪਣਾ ਯੋਗਦਾਨ ਬਿਜਲੀ, ਦੂਰਸੰਚਾਰ ਅਤੇ ਸਾਫਟਵੇਅਰ ਦੇ ਪ੍ਰਸੰਗ 'ਚ ਵਧੇਰੇ ਰਿਹਾ ਹੈ। ਇਸ ਕਾਰਜ ਦਾ ਜ਼ਿਆਦਾਤਰ ਹਿੱਸਾ ਬਹੁਕੌਮੀ ਕੰਪਨੀਆਂ ਦੀ ਵਧ ਰਹੀ ਜਕੜ ਦੇ ਵਿਰੁੱਧ ਅਤੇ ਸਵੈ-ਨਿਰਭਰਤਾ ਸਬੰਧੀ ਨੀਤੀਆਂ ਦੇ ਪੱਖ 'ਚ ਸੀ। ਆਪਣੇ ਕਰੀਅਰ ਦੇ ਕਾਫ਼ੀ ਬਾਅਦ ਵਾਲੇ ਪੜਾਅ 'ਤੇ ਪ੍ਰਬੀਰ ਨਿਊਜ਼ਕਲਿੱਕ ਪੋਰਟਲ ਦੇ ਬਾਨੀ ਸੰਪਾਦਕ ਵਜੋਂ ਜਾਣੇ ਜਾਣ ਲੱਗੇ ਜੋ ਨਿਊਜ਼ ਅਤੇ ਮੀਡੀਆ ਸੰਸਥਾ ਹੈ। ਇਹ ਸਰਕਾਰੀ ਨੀਤੀਆਂ ਸਬੰਧੀ ਬਹੁਤ ਸਾਰੇ ਸਵਾਲ ਉਠਾਉਣ ਲਈ ਪ੍ਰਸਿੱਧ ਹੈ।

ਦੋਵੇਂ ਕੇਸ ਮੂਲ ਰੂਪ 'ਚ ਸੱਤਾ ਉੱਪਰ ਸਵਾਲ ਉਠਾਉਣ ਵਾਲਿਆਂ ਦੀ ਜ਼ੁਬਾਨਬੰਦੀ ਕਰਨ ਅਤੇ ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁਨਾਂ ਨੂੰ ਆਪਣੇ ਵਿਚਾਰਾਂ ਦੀ ਆਜ਼ਾਦੀ ਦੇ ਹੱਕ ਦਾ ਇਸਤੇਮਾਲ ਕਰਨ ਤੋਂ ਰੋਕਣ ਦੀ ਫਾਸ਼ੀਵਾਦੀ ਸਾਜ਼ਿਸ਼ ਹਨ। ਇਹ ਕੇਸ ਫਾਸ਼ੀਵਾਦੀ ਦਹਿਸ਼ਤ ਪਾਉਣ ਦੇ ਮਨੋਰਥ ਨਾਲ ਬਣਾਏ ਗਏ ਸਨ ਤਾਂ ਜੋ ਬਾਕੀ ਬੁੱਧੀਜੀਵੀ ਤੇ ਕਾਰਕੁਨ ਸੱਤਾ ਦੀ ਕਰੂਰਤਾ ਦੇਖ ਕੇ ਸੱਤਾਧਾਰੀ ਆਰ.ਐੱਸ.ਐੱਸ.-ਭਾਜਪਾ ਵਿਰੁੱਧ ਲਿਖਣਾ ਤੇ ਬੋਲਣਾ ਬੰਦ ਕਰ ਦੇਣ ਅਤੇ ਆਰ.ਐੱਸ.ਐੱਸ.-ਭਾਜਪਾ ਦੇ ਮੁਲਕ ਦੇ ਵੱਧ ਤੋਂ ਵੱਧ ਆਰਥਕ ਵਸੀਲੇ ਆਪਣੇ ਚਹੇਤੇ ਕਾਰਪੋਰੇਟਾਂ ਦੇ ਹਵਾਲੇ ਕਰਨ ਅਤੇ ਹਿੰਦੂ ਰਾਸ਼ਟਰ ਬਣਾਉਣ ਦੇ ਜੁੜਵੇਂ ਏਜੰਡੇ ਉੱਪਰ ਕੋਈ ਸਵਾਲ ਨਾ ਉੱਠੇ।

ਟਰਾਇਲ ਕੋਰਟਾਂ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਜੱਜ ਇਸ ਕੌੜੀ ਹਕੀਕਤ ਬਖ਼ੂਬੀ ਜਾਣੂ ਹਨ ਕਿ ਭਾਰਤੀ ਨਿਆਂ ਪ੍ਰਣਾਲੀ ਅੰਦਰ ਨਿਆਂ ਦਾ ਲੰਮਾ ਤੇ ਪੇਚੀਦਾ ਅਮਲ ਆਪਣੇ ਆਪ 'ਚ ਹੀ ਸਜ਼ਾ ਹੈ। ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨ ਲਗਾਏ ਜਾਣ ਨਾਲ ਇਹ ਅਮਲ ਅਣਮਿੱਥੇ ਸਮੇਂ ਦਾ ਸੰਤਾਪ ਬਣ ਜਾਂਦਾ ਹੈ। ਫਿਰ ਵੀ, ਜ਼ਿਆਦਾਤਰ ਜੱਜ ਨਿਆਂ ਸ਼ਾਸਤਰ ਅਨੁਸਾਰ ਫ਼ੈਸਲੇ ਕਰਨ ਦੀ ਬਜਾਇ ਪੁਲਿਸ/ਜਾਂਚ ਏਜੰਸੀਆਂ ਵੱਲੋਂ ਪੇਸ਼ ਕੀਤੀਆਂ ਦਹਿਸ਼ਤਵਾਦ ਦੀਆਂ ਮਨਘੜਤ ਕਹਾਣੀਆਂ ਸਵੀਕਾਰ ਕਰ ਕੇ ਕੇਸਾਂ ਨੂੰ ਲੰਮੇ ਖਿੱਚਦੇ ਰਹਿੰਦੇ ਹਨ। ਅਜਿਹੇ ਕੇਸਾਂ 'ਚ ਫਸਾਏ ਲੋਕਾਂ ਨੂੰ ਖ਼ੁਦ ਨੂੰ ਬੇਕਸੂਰ ਸਾਬਤ ਕਰਨ ਲਈ ਦਸ-ਪੰਦਰਾਂ ਸਾਲ ਲੱਗ ਜਾਂਦੇ ਹਨ ਜਿਵੇਂ ਅਸੀਂ ਮੁਸਲਮਾਨ ਤੇ ਹੋਰ ਘੱਟਗਿਣਤੀਆਂ, ਕਸ਼ਮੀਰੀ, ਮਾਓਵਾਦੀ ਅਤੇ ਹੋਰ ਰਾਜ ਵਿਰੋਧੀ ਸੰਘਰਸ਼ਾਂ ਦੇ ਇਲਾਕਿਆਂ ਦੀਆਂ ਅਣਗਿਣਤ ਮਿਸਾਲਾਂ 'ਚ ਦੇਖਦੇ ਹਾਂ।

ਭਗਵਾ ਹਕੂਮਤ ਦੇ ਸੱਤਾ 'ਚ ਆਉਣ ਨਾਲ ਇਨ੍ਹਾਂ ਮਨਘੜਤ ਕੇਸਾਂ ਦੀ ਗਿਣਤੀ ਖ਼ਾਸ ਤੌਰ 'ਤੇ ਵਧੀ ਹੈ, ਖ਼ਾਸ ਕਰ ਕੇ ਮਨੀ ਲਾਂਡਰਿੰਗ ਦੇ ਕੇਸਾਂ ਦੀ। ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਭਾਜਪਾ ਸਰਕਾਰ ਦੀ ਦੂਜੀ ਪਾਰੀ ਦੇ ਪਹਿਲੇ ਤਿੰਨ ਸਾਲਾਂ 'ਚ ਹੀ ਮਨੀ ਲਾਂਡਰਿੰਗ ਦੇ ਕੇਸਾਂ 'ਚ ਪਿਛਲੀ ਵਾਰ ਦੇ ਮੁਕਾਬਲੇ 450% ਦਾ ਵਾਧਾ ਹੋਇਆ। ਸਰਕਾਰੀ ਅੰਕੜਿਆਂ ਅਨੁਸਾਰ 2021 'ਚ ਇਹਤਿਆਤੀ ਨਜ਼ਰਬੰਦੀ ਸੰਬੰਧੀ ਕਾਨੂੰਨਾਂ ਤਹਿਤ ਜੇਲ੍ਹਾਂ ਵਿਚ 12000 ਤੋਂ ਉੱਪਰ ਲੋਕ ਬੰਦ ਸਨ ਅਤੇ ਕੁਲ ਕੈਦੀਆਂ ਦਾ 76% ਕੈਦੀ ਵਿਚਾਰ ਅਧੀਨ ਕੈਦੀ ਸਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਜਿਹੇ ਕਾਨੂੰਨਾਂ ਪਿੱਛੇ ਹਕੂਮਤ ਦਾ ਮਨੋਰਥ ਕੀ ਹੈ। ਉਪਰੋਕਤ ਦੋਹਾਂ ਕੇਸਾਂ ਉੱਪਰ ਸਰਸਰੀ ਨਜ਼ਰ ਮਾਰਿਆਂ ਹੀ ਸਮਝ ਆ ਜਾਂਦਾ ਹੈ ਕਿ ਇਹ ਸਾਰੇ ਬੁੱਧੀਜੀਵੀ, ਪੱਤਰਕਾਰ, ਲੇਖਕ, ਹੱਕਾਂ ਦੇ ਕਾਰਕੁਨ ਕਿਸੇ ਜੁਰਮ ਕਾਰਨ ਨਹੀਂ, ਸੱਤਾ ਵਿਰੋਧ ਵਰਗੇ ਰਾਜਨੀਤਕ ਕਾਰਨਾਂ ਕਰ ਕੇ ਜੇਲ੍ਹਾਂ 'ਚ ਡੱਕੇ ਗਏ।

ਲਿਖਣ ਦੀ ਆਜ਼ਾਦੀ ਸੂਚਕ ਅੰਕ ਅਨੁਸਾਰ, ਭਾਰਤ 33 ਸਭ ਤੋਂ ਭੈੜੇ ਮੁਲਕਾਂ ਵਿਚੋਂ 13ਵੇਂ ਸਥਾਨ 'ਤੇ ਹੈ। ਆਲਮੀ ਪ੍ਰੈੱਸ ਸੁਤੰਤਰਤਾ ਸੂਚਕ ਅੰਕ-2024 'ਚ ਭਾਰਤ 159ਵੇਂ ਥਾਂ ਹੈ। ਦੁਨੀਆ ਭਰ 'ਚ ਲੋਕਤੰਤਰ ਦੇ ਆਪੇ ਬਣੇ ਰਖਵਾਲੇ ਅਮਰੀਕਾ ਅਤੇ ਉਸ ਦੇ ਪੱਛਮੀ ਜੋਟੀਦਾਰ ਜਮਹੂਰੀ ਤੇ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲੀ ਭਗਵਾ ਹਕੂਮਤ ਦੀ ਪਿੱਠ 'ਤੇ ਖੜ੍ਹੇ ਹਨ। ਸਪਸ਼ਟ ਹੈ ਕਿ ਉਪਰੋਕਤ ਅਦਾਲਤੀ ਫ਼ੈਸਲਿਆਂ ਨਾਲ ਕੋਈ ਖ਼ਾਸ ਫ਼ਰਕ ਨਹੀਂ ਪੈਣਾ। ਕਸ਼ਮੀਰ ਅਤੇ ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਬਸਤਰ ਖੇਤਰ ਵਿਚ ਪੱਤਰਕਾਰਾਂ, ਹੱਕਾਂ ਦੇ ਕਾਰਕੁਨਾਂ ਨੂੰ ਹਕੂਮਤ ਬੇਹੱਦ ਹਮਲਾਵਰ ਰੂਪ 'ਚ ਨਿਸ਼ਾਨਾ ਬਣਾ ਰਹੀ ਹੈ।

ਦਰਅਸਲ, ਜਮਹੂਰੀ ਹੱਕਾਂ ਦੀ ਚੇਤਨਾ ਅਤੇ ਜਮਹੂਰੀ ਹੱਕਾਂ ਦੀ ਰਾਖੀ ਦੀ ਤਕੜੀ ਲਹਿਰ ਹੀ ਹਕੂਮਤ ਦੇ ਫਾਸ਼ੀਵਾਦੀ ਮਨਸੂਬਿਆਂ ਉੱਪਰ ਰੋਕ ਬਣ ਸਕਦੀ ਹੈ। ਤ੍ਰਾਸਦੀ ਇਹ ਹੈ ਕਿ ਮੌਜੂਦਾ ਲੋਕ ਸਭਾ ਚੋਣਾਂ 'ਚ ਇਹ ਮੁੱਦਾ ਹੀ ਨਹੀਂ ਬਣ ਰਿਹਾ।

# ਬਬਰ ਅਕਾਲੀ ਲਹਿਰ ਦਾ ਮੁੱਢ ਅਤੇ ਪਹਿਲਾ ਅਕਾਲੀ ਕੌਨਸਪੀਰੇਸੀ ਕੇਸ

***ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਬਬਰ ਅਕਾਲੀ ਲਹਿਰ ਦਾ ਨਿਆਰਾ ਅਤੇ ਨਿਵੇਕਲਾ ਸਥਾਨ ਹੈ। ਬਬਰਾਂ ਬਾਰੇ ਕਿਤਾਬ 'ਬਬਰ ਅਕਾਲੀ ਲਹਿਰ ਦਾ ਇਤਿਹਾਸ' ਲਿਖਣ ਵਾਲੇ ਮਿਲਖਾ ਸਿੰਘ ਨਿੱਝਰ ਦੇ ਇਸ ਲੇਖ ਵਿਚ ਬਬਰਾਂ ਦੀਆਂ ਮੁਢਲੀਆਂ ਸਰਗਰਮੀਆਂ ਬਾਰੇ ਪਤਾ ਲੱਗਦਾ ਹੈ।***

1920 ਵਿਚ ਭਾਈ ਕਿਸ਼ਨ ਸਿੰਘ, ਅਮਰ ਸਿੰਘ ਕੋਟ ਬਾੜੇ ਖਾਂ, ਨਰੈਣ ਸਿੰਘ ਚਾਟੀਵਿੰਡ, ਗੰਡਾ ਸਿੰਘ ਅਤੇ ਬੇਲਾ ਸਿੰਘ ਇਕੱਠੇ 35/2 ਸਿੱਖ ਪਲਟਨ ਅੰਬਾਲਾ ਛਾਉਣੀ ਵਿਚ ਸਨ। ਇਹਨਾਂ ਦਿਨਾਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਜ਼ੋਰ ਫੜ ਰਹੀ ਸੀ ਜੀਹਦਾ ਅਸਰ ਸਿੱਖ ਫ਼ੌਜੀਆਂ ਉੱਤੇ ਪੈਣਾ ਲਾਜ਼ਮੀ ਸੀ। ਦੂਜੇ ਬੰਨੇ ਮੁਲਕ ਵਿਚ ਰੌਲਟ ਐਕਟ 1918 ਜਾਰੀ ਹੋ ਗਿਆ ਸੀ। ਜਲ੍ਹਿਆਂਵਾਲੇ ਬਾਗ ਦਾ ਘੱਲੂਘਾਰਾ ਬੇਸ਼ੱਕ ਹੋਇਆ ਤਾਂ ਪੰਜਾਬ ਵਿਚ ਹੀ ਸੀ, ਇਹਦਾ ਅਸਰ ਸਾਰੇ ਮੁਲਕ ਵਿਚ ਬਹੁਤ ਬੁਰੀ ਤਰ੍ਹਾਂ ਹੋਇਆ। ਇਹਦੇ ਸਿੱਟੇ ਵਜੋਂ ਕਾਂਗਰਸ ਤਹਿਰੀਕ ਨੇ ਸਾਰੇ ਦੇਸ ਵਿਚ ਮਹਾਤਮਾ ਗਾਂਧੀ ਜੀ ਦੀ ਅਗਵਾਈ ਹੇਠ ਜ਼ੋਰ ਫੜ ਲਿਆ। ਉਧਰ ਫ਼ੌਜਾਂ ਦੀ ਛਾਂਟੀ ਨੇ ਵੀ ਆਮ ਫ਼ੌਜੀਆਂ ਵਿਚ ਰੋਸ ਜਗਾ ਛਡਿਆ ਸੀ ਜਿਸ ਕਰ ਕੇ ਜੁਸ਼ੀਲੇ ਫ਼ੌਜੀਆਂ ਵਿਚ ਅੰਗਰੇਜ਼ਾਂ ਵਿਰੁੱਧ ਨਫ਼ਰਤ ਵਧਣੀ ਸ਼ੁਰੂ ਹੋ ਗਈ। ਖੁਫ਼ੀਆ ਮੀਟਿੰਗਾਂ ਸ਼ੁਰੂ ਹੋ ਗਈਆਂ।



**ਮਿਲਖਾ ਸਿੰਘ ਨਿੱਝਰ**

ਇਹਨਾਂ ਹੀ ਦਿਨਾਂ ਵਿਚ ਭਾਈ ਕਿਸ਼ਨ ਸਿੰਘ ਜੀ ਫ਼ੌਜ ਵਿਚ ਹੌਲਦਾਰ-ਮੇਜਰ ਸਨ। ਜੁਸ਼ੀਲੀ ਤਬੀਅਤ ਕਰ ਕੇ ਉਹਨਾਂ ਨੇ ਆਮ ਫ਼ੌਜੀਆਂ ਵਿਚ ਅੰਗਰੇਜ਼ਾਂ ਵਿਰੁੱਧ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਫੇਰ ਹਰ ਐਤਵਾਰ ਗੁਰਦੁਆਰੇ ਦੇ ਇਕੱਠ ਵਿਚ ਸੁਚੱਜੇ ਢੰਗ ਨਾਲ ਪਰਚਾਰ ਸ਼ੁਰੂ ਕਰ ਦਿੱਤਾ। ਤਦੋਂ ਹੀ ਨਨਕਾਣੇ ਸਾਹਿਬ ਦਾ ਖ਼ੂਨੀ ਸਾਕਾ ਵਾਪਰ ਗਿਆ ਅਤੇ ਦੇਖਦਿਆਂ-ਦੇਖਦਿਆਂ ਫ਼ੌਜੀਆਂ ਵਿਚ ਰੋਹ ਚੜ੍ਹਨਾ ਸ਼ੁਰੂ ਹੋ ਗਿਆ। ਭਾਈ ਕਿਸ਼ਨ ਸਿੰਘ ਜੀ ਨੇ ਗੁਰਦੁਆਰੇ ਦੇ ਜੋੜ ਮੇਲੇ ਵਿਚ ਖੁੱਲ੍ਹੀ ਬਗ਼ਾਵਤੀ ਤਕਰੀਰ ਕਰ ਕੇ ਫ਼ੌਜੀਆਂ ਨੂੰ ਲਲਕਾਰਿਆ। ਪਤਾ ਲਗਦਿਆਂ ਹੀ ਭਾਈ ਸਾਹਿਬ ਦਾ ਕੋਰਟ ਮਾਰਸ਼ਲ ਕਰ ਕੇ 28 ਦਿਨਾਂ ਦੀ ਕੁਆਰਟਰ-ਗਾਰਦ ਦੀ ਸਜ਼ਾ ਸੁਣਾ ਦਿਤੀ ਗਈ। ਸਜ਼ਾ ਮੁਕਦਿਆਂ ਹੀ ਉਹਨਾਂ ਨੂੰ ਹੌਲਦਾਰ-ਮੇਜਰ ਦੀ ਪੈਨਸ਼ਨ ਦੇ ਕੇ ਫ਼ੌਜ ਦੀ ਨੌਕਰੀ ਤੋਂ ਛੁੱਟੀ ਕਰ ਦਿੱਤੀ ਗਈ। ਅੰਗਰੇਜ਼ਾਂ ਦੇ ਭਰਤੀ ਕੀਤੇ ਗਰੰਥੀ ਤਾਂ ਹਮੇਸ਼ਾ ਸਰਕਾਰ ਦੀ ਤਾਬਿਆਦਾਰੀ ਲਈ ਪ੍ਰੇਰਿਆ ਕਰਦੇ ਸਨ ਅਤੇ ਬੜੇ ਅਜੀਬ-ਅਜੀਬ ਮਨਘੜਤ ਕਿੱਸੇ ਜੋੜ-ਜੋੜ ਫ਼ੌਜੀਆਂ ਨੂੰ ਸਮਝਾਇਆ ਕਰਦੇ ਸਨ। ਉਹ ਆਖਦੇ ਸਨ ਕਿ ਅੰਗਰੇਜ਼ ਗੁਰੂ ਜੀ ਦੇ ਟੋਪੀ ਵਾਲੇ ਸਿੱਖ ਹਨ। ਅਜਿਹੀ ਕਥਾ ਮੈਂ ਵੀ ਨਿਆਣੇ ਹੁੰਦਿਆਂ ਠੱਟੇ ਟਿੱਬੇ ਵਾਲੇ ਉਸ ਵੇਲੇ ਦੇ ਪ੍ਰਸਿੱਧ ਰਾਗੀ ਭਾਈ ਜਵਾਲਾ ਸਿੰਘ ਜੀ ਤੋਂ ਸੁਣੀ ਸੀ। ਇਹ ਗਰੰਥੀ ਲੋਕ ਫ਼ੌਜੀਆਂ ਨੂੰ ਅਜਿਹੀਆ ਗੱਲਾਂ ਸੁਣਾ ਕੇ ਅੰਗਰੇਜ਼ ਭਗਤੀ ਸਿਖਾਇਆ ਕਰਦੇ ਸਨ। ਇਹ ਕਥਾ ਇਉਂ ਸੀ:

"ਜਿਸ ਵੇਲੇ ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਦੀ ਕੈਦ ਵਿਚ ਚਾਂਦਨੀ ਚੌਕ ਦੀ ਹਵਾਲਾਤ ਵਿਖੇ ਬੰਦ ਸਨ ਤਾਂ ਇਕ ਦਿਨ ਉਹ ਕੇਸੀ ਅਸ਼ਨਾਨ ਕਰ ਕੇ ਕੋਤਵਾਲੀ ਉਤੇ ਖੜ੍ਹੇ ਕੇਸ ਸੁਕਾ ਰਹੇ ਸਨ। ਤਰਕਾਲਾਂ ਵੇਲੇ ਉਹ ਅੱਖਾਂ ਉਤੇ ਹੱਥ ਰੱਖ ਕੇ ਲਹਿੰਦੇ ਪਾਸੇ ਬੜੇ ਗਹੁ ਨਾਲ ਦੇਖੀ ਜਾ ਰਹੇ ਸਨ। ਇਕ ਸੇਵਕ ਨੇ ਪੁੱਛਿਆ, 'ਮਹਾਰਾਜ, ਕੀ ਦੇਖੀ ਜਾ ਰਹੇ ਹੋ?' ਤਾਂ ਗੁਰੂ ਜੀ ਨੇ ਫਰਮਾਇਆ, 'ਸਿੱਖਾ, ਮੈਂ ਆਪਣੇ ਟੋਪੀ ਵਾਲੇ ਸਿੱਖਾਂ ਨੂੰ ਦੇਖ ਰਿਹਾ ਹਾਂ ਕਿ ਉਹ ਹਾਲੇ ਕਿੰਨੀ ਕੁ ਦੂਰ ਹਨ ਜਿਹੜੇ ਇਸ ਜ਼ਾਲਮ ਰਾਜ ਨੂੰ ਖ਼ਤਮ ਕਰਨ ਲਈ ਆ ਰਹੇ ਹਨ।" ਇਸ ਪਰਕਾਰ ਚਲਾਕ ਅੰਗਰੇਜ਼ ਨੇ ਸਾਡੇ ਧਾਰਮਿਕ ਆਗੂ ਜਿਨ੍ਹਾਂ ਉਤੇ ਅਸੀਂ ਪੂਰੀ-ਪੂਰੀ ਸ਼ਰਧਾ ਰਖਦੇ ਸੀ, ਕਿਹੋ ਜਿਹੇ ਹੱਥ-ਠੋਕੇ ਬਣਾਏ ਹੋਏ ਸਨ। ਉਹ ਆਖਦੇ ਸਨ ਕਿ ਅੰਗਰੇਜ਼ਾਂ ਦਾ ਰਾਜ ਸਾਡੇ ਗੁਰੂ ਮਹਾਰਾਜ ਜੀ ਦੇ ਅਸ਼ੀਰਵਾਦ ਜਾਂ ਹੁਕਮ ਸਦਕਾ ਹੀ ਕਾਇਮ ਹੋਇਆ ਹੈ।

ਸੋ ਭਾਈ ਕਿਸ਼ਨ ਸਿੰਘ ਜੀ ਆਉਂਦਿਆਂ ਹੀ ਅੰਮ੍ਰਿਤਸਰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਥਾਪੇ ਗਏ। ਕੁਦਰਤ ਨੇ ਉਹਨਾਂ ਦੀ ਜ਼ਬਾਨ ਵਿਚ ਰਸ ਘੋਲ ਛੱਡਿਆ ਸੀ। ਜਿਹੜਾ ਇਕ ਵਾਰ ਉਹਨਾਂ ਦੀ ਤਕਰੀਰ ਸੁਣ ਲੈਂਦਾ, ਬੱਸ ਉਹਨਾਂ ਦਾ ਹੀ ਹੋ ਜਾਂਦਾ। ਇਹੋ ਕਾਰਨ ਸੀ ਕਿ ਸਾਡੇ ਵਰਗੇ ਨੌਵੀਂ ਵਿਚ ਪੜ੍ਹਦੇ ਛੋਕਰੇ ਉਹਨਾਂ ਦੇ ਹਰ ਹੁਕਮ ਦੀ ਤਾਮੀਲ ਲਈ ਤਤਪਰ ਰਹਿੰਦੇ ਸਨ।

ਭਾਈ ਕਿਸ਼ਨ ਸਿੰਘ ਜੀ ਪੈਨਸ਼ਨ ਆਉਣ ਤੋਂ ਪਹਿਲਾਂ ਬਗਾਵਤ ਦੀ ਜਿਹੜੀ ਚੰਗਿਆੜੀ ਆਪਣੀ ਪਲਟਨ ਵਿਚ ਸੁੱਟ ਆਏ ਸਨ, ਉਹ ਹੁਣ ਆਪਣਾ ਚਮਤਕਾਰ ਦਿਖਾਉਣ ਲਗ ਪਈ। ਇਸੇ ਪਲਟਨ ਦੇ ਫ਼ੌਜੀਆਂ ਦੀ ਡਿਊਟੀ ਹਵਾਈ ਅੱਡੇ ਦੇ ਮੈਗਜ਼ੀਨ ਉਤੇ ਪਹਿਰਾ ਦੇਣ ਲਈ ਲੱਗਿਆ ਕਰਦੀ ਸੀ। ਇਕ ਦਿਨ ਭਾਈ ਸਾਹਿਬ ਦੇ ਹਮ-ਖ਼ਿਆਲ ਸਾਥੀਆਂ ਗੰਡਾ ਸਿੰਘ, ਬੇਲਾ ਸਿੰਘ ਅਤੇ ਬੂੜ ਸਿੰਘ ਦੀ ਡਿਊਟੀ ਲੱਗ ਗਈ। ਇਹਨਾਂ ਤਿੰਨਾਂ ਨੇ ਹੀ ਮੈਗਜ਼ੀਨ ਵਿਚੋਂ ਹਥਿਆਰ ਅਤੇ ਗੋਲੀ-ਸਿੱਕਾ ਚੁਰਾਉਣ ਦੀ ਪੱਕੀ ਸਲਾਹ ਬਣਾ ਲਈ। ਸੋ ਬੇਲਾ ਸਿੰਘ ਬੈਰਕ ਦੇ ਪਿਛਲੇ ਪਾਸੇ ਚਲਿਆ ਗਿਆ। ਉਹਨੇ ਬੜੀ ਚੌਕਸੀ ਨਾਲ ਤਾਕੀ ਦਾ ਸ਼ੀਸ਼ਾ ਤੋੜ ਲਿਆ ਅਤੇ ਤਾਕੀ ਦੀ ਚਿਟਕਣੀ ਖੋਲ੍ਹ ਕੇ ਅੰਦਰ ਜਾ ਵੜਿਆ। ਤਿੰਨ ਪੱਕੀਆਂ ਰਾਈਫ਼ਲਾਂ, ਸੱਤ ਰੀਵਾਲਵਰ ਅਤੇ ਢੇਰ ਸਾਰੀਆਂ ਇਹਨਾਂ ਦੀਆਂ ਗੋਲੀਆਂ ਸਹਿਜੇ-ਸਹਿਜੇ ਬਾਹਰ ਸੁੱਟ ਲਈਆਂ। ਫੇਰ ਬਾਹਰ ਆ ਕੇ ਆਪਣੇ ਸਾਥੀਆਂ ਨੂੰ ਨਾਲ ਲੈ ਤਿੰਨੇ ਪੱਕੀਆਂ ਰਾਈਫ਼ਲਾਂ ਅਤੇ ਤਿੰਨ ਰੀਵਾਲਵਰ ਵਿਉਂਤ ਮੁਤਾਬਿਕ ਨਾਲ ਲਿਆਂਦੇ ਕੱਪੜਿਆਂ ਵਿਚ ਚੰਗੀ ਤਰ੍ਹਾਂ ਲਪੇਟ ਕੇ ਇਕ ਥਾਂ ਝਾੜੀਆਂ ਵਿਚ ਦੱਬ ਦਿਤੇ। ਚਾਰ ਰੀਵਾਲਵਰ ਅਤੇ ਲੋੜ ਮੁਤਾਬਿਕ ਗੋਲੀਆਂ ਲੈ ਕੇ ਗੰਡਾ ਸਿੰਘ ਅਤੇ ਬੇਲਾ ਸਿੰਘ ਪਲਟਨ ਵਿਚੋਂ ਮਫ਼ਰੂਰ ਹੋ ਗਏ। ਭਗੌੜੇ ਹੋਣ ਤੋਂ ਪਹਿਲਾਂ ਉਹ ਇਸ ਦੱਬੇ ਹੋਏ ਅਸਲੇ ਦਾ ਪਤਾ ਆਪਣੇ ਸਾਥੀ ਨਰੈਣ ਸਿੰਘ ਚਾਟੀਵਿੰਡ ਜ਼ਿਲ੍ਹਾ ਅੰਮ੍ਰਿਤਸਰ ਨੂੰ ਠੀਕ-ਠੀਕ ਦਸਦੇ ਗਏ।



***ਸਾਲ 1926 ਵਿਚ ਸ਼ਹੀਦ ਹੋਏ ਛੇ ਬੱਬਰ।***

***ਭਾਈ ਕਿਸ਼ਨ ਸਿੰਘ ਜੀ ਪੈਨਸ਼ਨ ਆਉਣ ਤੋਂ ਪਹਿਲਾਂ ਬਗਾਵਤ ਦੀ ਜਿਹੜੀ ਚੰਗਿਆੜੀ ਆਪਣੀ ਪਲਟਨ ਵਿਚ ਸੁੱਟ ਆਏ ਸਨ, ਉਹ ਹੁਣ ਆਪਣਾ ਚਮਤਕਾਰ ਦਿਖਾਉਣ ਲਗ ਪਈ। ਇਸੇ ਪਲਟਨ ਦੇ ਫ਼ੌਜੀਆਂ ਦੀ ਡਿਊਟੀ ਹਵਾਈ ਅੱਡੇ ਦੇ ਮੈਗਜ਼ੀਨ ਉਤੇ ਪਹਿਰਾ ਦੇਣ ਲਈ ਲੱਗਿਆ ਕਰਦੀ ਸੀ। ਇਕ ਦਿਨ ਭਾਈ ਸਾਹਿਬ ਦੇ ਹਮ-ਖ਼ਿਆਲ ਸਾਥੀਆਂ ਗੰਡਾ ਸਿੰਘ, ਬੇਲਾ ਸਿੰਘ ਅਤੇ ਬੂੜ ਸਿੰਘ ਦੀ ਡਿਊਟੀ ਲੱਗ ਗਈ। ਤਿੰਨਾਂ ਨੇ ਮੈਗਜ਼ੀਨ ਵਿਚੋਂ ਹਥਿਆਰ ਅਤੇ ਗੋਲੀ-ਸਿੱਕਾ ਚੁਰਾਉਣ ਦੀ ਪੱਕੀ ਸਲਾਹ ਬਣਾ ਲਈ।***

1921 ਦੇ ਇਹਨਾਂ ਦਿਨਾਂ ਵਿਚ ਹੀ ਹੁਸ਼ਿਆਰਪੁਰ ਵਿਖੇ ਬੜੀ ਭਾਰੀ ਅਕਾਲੀ ਕਾਨਫ਼ਰੰਸ ਹੋਈ ਜਿਸ ਵਿਚ ਪੰਜਾਬ ਵਿਚੋਂ ਸਾਰੇ ਅਕਾਲੀ ਆਗੂ ਸ਼ਾਮਲ ਹੋਏ। ਅੰਗਰੇਜ਼ਾਂ ਵਿਰੁੱਧ ਧੂੰਆਂ-ਧਾਰ ਤਕਰੀਰਾਂ ਹੋਈਆਂ। ਪ੍ਰਮੁੱਖ ਆਗੂਆਂ ਦੀ ਵੱਖਰੀ ਖ਼ੁਫੀਆ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਵਿਅਕਤੀਆਂ ਨੇ ਹਿੱਸਾ ਲਿਆ:

ਮਾਸਟਰ ਮੋਤਾ ਸਿੰਘ, ਭਾਈ ਕਿਸ਼ਨ ਸਿੰਘ, ਅਮਰ ਸਿੰਘ ਗਰੰਥੀ (ਬਾਅਦ ਵਿਚ ਵਾਇਦਾ-ਮੁਆਫ਼ ਬਣਿਆ) ਪਿੰਡ ਕੋਟ ਬਾੜੇ ਖਾਂ, ਚਤਰ ਸਿੰਘ, ਸ਼ੰਕਰ ਸਿੰਘ ਪੰਡੋਰੀ ਬੀਬੀ ਜ਼ਿਲ੍ਹਾ ਹੁਸ਼ਿਆਰਪੁਰ, ਅਮਰ ਸਿੰਘ ਦਿੱਲੀ, ਬਿਜਲਾ ਸਿੰਘ ਪਟਿਆਲਾ, ਗੁਰਬਚਨ ਸਿੰਘ ਪਿੰਡ ਅੰਬਾਲਾ ਜ਼ਿਲ੍ਹਾ ਹੁਸ਼ਿਆਰਪੁਰ, ਵਤਨ ਸਿੰਘ ਕਾਹਰੀ ਸਾਹਰੀ ਕੈਨੇਡੀਅਨ, ਚੈਂਚਲ ਸਿੰਘ ਜੰਡਿਆਲਾ, ਨਰੈਣ ਸਿੰਘ ਚਾਟੀਵਿੰਡ, ਤੋਤਾ ਸਿੰਘ ਪਸ਼ੌਰੀ ਅਤੇ ਦੋਨੋਂ ਭਗੌੜੇ ਗੰਡਾ ਸਿੰਘ ਅਤੇ ਬੇਲਾ ਸਿੰਘ ਜਿਨ੍ਹਾਂ ਨੇ ਰੀਵਾਲਵਰ ਚੁਰਾਏ ਸਨ।

ਉਹਨਾਂ ਦਿਨਾਂ ਵਿਚ ਅਕਾਲੀਆਂ ਨੂੰ ਪੂਰਾ ਯਕੀਨ ਹੋ ਚੁੱਕਿਆ ਸੀ ਕਿ ਨਨਕਾਣਾ ਸਾਹਿਬ ਦੇ ਕਤਲਾਂ ਵਿਚ ਸ਼ੇਖ਼ੂਪੁਰੇ ਵਾਲੇ ਡਿਪਟੀ ਕਮਿਸ਼ਨਰ ਕਿੰਗ ਅਤੇ ਪੁਲਸ ਕਪਤਾਨ ਬੌਰਿੰਗ, ਦੋਨੋਂ ਅੰਗਰੇਜ਼ ਅਫਸਰਾਂ ਦੇ ਨਾਲ-ਨਾਲ ਬੇਦੀ ਕਰਤਾਰ ਸਿੰਘ, ਮਹੰਤ ਬਸੰਤ ਦਾਸ ਮਾਣਕ, ਮਹੰਤ ਦੇਵਾ ਦਾਸ ਨਨਕਾਣਾ ਸਾਹਿਬ ਅਤੇ ਸਰਦਾਰ ਬਹਾਦਰ ਸਰਦਾਰ ਸੁੰਦਰ ਸਿੰਘ ਮਜੀਠੀਏ ਦਾ ਸਿੱਧਾ ਹੱਥ ਹੈ। ਇਹਨਾਂ ਸਾਰਿਆਂ ਦੀ ਰਜ਼ਾਮੰਦੀ ਨਾਲ ਹੀ ਮਹੰਤ ਨਰੈਣ ਦਾਸ ਨੇ ਏਡਾ ਵੱਡਾ ਖ਼ੂਨ-ਖ਼ਰਾਬਾ ਕੀਤਾ ਹੈ। ਏਨੇ ਹਥਿਆਰ ਅਤੇ ਬਦਮਾਸ਼ਾਂ ਦਾ ਇਕੱਠ ਪੁਲਸ ਦੀਆਂ ਅੱਖਾਂ ਤੋਂ ਕਿਵੇਂ ਲੁਕਿਆ ਰਹਿ ਸਕਦਾ ਸੀ ਜਦੋਂ ਕਿ ਪੁਲਸ ਦਾ ਥਾਣਾ ਬਿਲਕੁਲ ਗੁਰਦੁਆਰੇ ਦੇ ਨਾਲ ਹੀ ਸੀ। ਬਦਮਾਸ਼ ਖੁਲ੍ਹੇਆਮ ਅਸਲਾ ਚੁੱਕੀ ਫਿਰਦੇ ਸਨ। ਮਾਸ ਅਤੇ ਸ਼ਰਾਬਾਂ ਉਡ ਰਹੀਆਂ ਸਨ।

ਸੋ ਇਸੇ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਇਹਨਾਂ ਵਿਚੋਂ ਜਿੰਨਿਆਂ ਨੂੰ ਹੋ ਸਕੇ, ਕਤਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਅਗੋਂ ਲਈ ਇਹਨਾਂ ਨੂੰ ਅਤੇ ਅੰਗਰੇਜ਼ ਦੇ ਹੋਰ ਹੱਥ-ਠੋਕਿਆਂ ਨੂੰ ਕੰਨ ਹੋ ਜਾਣ ਅਤੇ ਉਹ ਗੁਰਦੁਆਰਿਆਂ ਦੇ ਸੁਧਾਰ ਵਿਚ ਰੋੜਾ ਬਨਣ ਦੀ ਹਿੰਮਤ ਨਾ ਕਰਨ।

ਉਸੇ ਵੇਲੇ ਤੋਤਾ ਸਿੰਘ ਪਸ਼ੌਰੀ ਨੂੰ ਫਰੰਟੀਅਰ ਵੱਲ ਭੇਜ ਦਿੱਤਾ ਗਿਆ ਕਿ ਉਹ ਹੋਰ ਹਥਿਆਰ ਅਤੇ ਗੋਲੀ-ਸਿੱਕਾ ਲੈ ਆਵੇ ਜਿਹੜਾ ਉਧਰ ਸੁਖਾਲਿਆਂ ਹੀ ਮਿਲ ਜਾਂਦਾ ਸੀ। ਸੋ ਤੋਤਾ ਸਿੰਘ ਜਾ ਕੇ ਕੁਝ ਰੀਵਾਲਵਰ, ਬੰਬ ਅਤੇ ਗੋਲ-ਸਿੱਕਾ ਲੈ ਆਇਆ। ਇਸ ਮੀਟਿੰਗ ਦੀ ਥਾਂ ਬਾਰੇ ਕੁਝ ਮਤਭੇਦ ਜ਼ਰੂਰ ਹਨ। ਬਾਅਦ ਵਿਚ ਜਦੋਂ ਗੰਡਾ ਸਿੰਘ, ਗਰੰਥੀ ਅਮਰ ਸਿੰਘ ਅਤੇ ਚਤਰ ਸਿੰਘ ਫੜੇ ਗਏ ਤਾਂ ਉਹਨਾਂ ਨੇ ਪੁਲਸ ਨੂੰ ਦੱਸਿਆ ਕਿ ਇਹ ਮੀਟਿੰਗ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਹੋਈ ਸੀ ਪਰ ਸਾਰੇ ਇਸ ਗੱਲ ਉਤੇ ਸਹਿਮਤ ਸਨ ਕਿ ਇਹ ਮੀਟਿੰਗ ਹੋਈ ਜ਼ਰੂਰ ਸੀ, ਬੰਦੇ ਵੀ ਇਹੋ ਸਨ ਅਤੇ ਫ਼ੈਸਲਾ ਵੀ ਇਹੋ ਹੀ ਹੋਇਆ ਸੀ। ਤੋਤਾ ਸਿੰਘ ਪਸ਼ੌਰੀ ਅਸਲਾ ਅਤੇ ਬੰਬ ਵੀ ਲਿਆਇਆ ਸੀ।

ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਮਿਸਟਰ ਕਿੰਗ ਅਤੇ ਬੌਰਿੰਗ ਤਬਦੀਲ ਹੋ ਕੇ ਲਾਹੌਰ ਆ ਚੁੱਕੇ ਸਨ। ਭਗੌੜੇ ਗੰਡਾ ਸਿੰਘ ਅਤੇ ਬੇਲਾ ਸਿੰਘ ਦੀ ਡਿਊਟੀ ਮਿਸਟਰ ਬੌਰਿੰਗ ਪੁਲਸ ਕਪਤਾਨ ਲਾਹੌਰ ਨੂੰ ਕਤਲ ਕਰਨ ਦੀ ਲਾਈ ਗਈ। ਉਹਨਾਂ ਹੀ ਦਿਨਾਂ ਵਿਚ, ਭਾਵ ਮਈ 1921 ਵਿਚ ਰੋਜ਼ਾਨਾ 'ਅਕਾਲੀ' ਅਖ਼ਬਾਰ ਪੂਰੇ ਜ਼ੋਰ-ਸ਼ੋਰ ਨਾਲ ਲਾਹੌਰੋਂ ਨਿਕਲ ਰਿਹਾ ਸੀ ਜਿਸ ਵਿਚ ਚਤਰ ਸਿੰਘ ਜੇਠੂਵਾਲ ਅਤੇ ਸਾਧੂ ਸਿੰਘ ਕੰਮ ਕਰ ਰਹੇ ਸਨ। ਬਿਜਲਾ ਸਿੰਘ ਨੇ ਸਿਫ਼ਾਰਸ਼ੀ ਚਿੱਠੀ ਉਹਨਾਂ ਦੋਹਾਂ ਦੇ ਨਾਂ ਲਿਖ ਕੇ ਗੰਡਾ ਸਿੰਘ ਅਤੇ ਬੇਲਾ ਸਿੰਘ ਨੂੰ ਸਮਝਾਇਆ ਕਿ ਤੁਸੀਂ ਜਾ ਕੇ ਦੋਹਾਂ ਨੂੰ ਮਿਲੋ ਅਤੇ ਸਾਰੀ ਵਿਉਂਤ ਜ਼ਬਾਨੀ ਦੱਸ ਦਿਉ, ਉਹ ਤੁਹਾਡੀ ਇਸ ਕੰਮ 'ਚ ਪੂਰੀ-ਪੂਰੀ ਮਦਦ ਕਰਨਗੇ। ਇਹਨਾਂ ਦੋਹਾਂ ਕੋਲ ਅੰਬਾਲੇ ਵਾਲੇ ਰੀਵਾਲਵਰ ਤਾਂ ਪਹਿਲਾਂ ਹੀ ਸਨ ਪਰ ਗੰਡਾ ਸਿੰਘ ਕੋਲ ਛੁਰਾ ਵੀ ਸੀ।

ਗੰਡਾ ਸਿੰਘ ਅਤੇ ਬੇਲਾ ਸਿੰਘ ਸਿਫ਼ਾਰਸ਼ੀ ਚਿੱਠੀ ਲੈ ਕੇ 'ਅਕਾਲੀ' ਅਖ਼ਬਾਰ ਦੇ ਦਫ਼ਤਰ ਲਾਹੌਰ ਜਾ ਪੁੱਜੇ ਅਤੇ ਸਾਧੂ ਸਿੰਘ ਤੇ ਚਤਰ ਸਿੰਘ ਨੂੰ ਜਾ ਮਿਲੇ। ਜਿਸ ਮਨੋਰਥ ਲਈ ਉਹਨਾਂ ਕੋਲ ਪੁੱਜੇ ਸਨ, ਉਸੇ ਵੇਲੇ ਸਾਧੂ ਸਿੰਘ ਦੋਹਾਂ ਨੂੰ ਨਾਲ ਲੈ ਕੇ ਗੁਰਦੁਆਰਾ ਚੁਮਾਹਲਾ ਸਾਹਿਬ ਭਾਟੀ ਦਰਵਾਜ਼ੇ ਅੰਦਰ ਗਰੰਥੀ ਭਾਈ ਪ੍ਰੇਮ ਸਿੰਘ ਨੂੰ ਜਾ ਮਿਲਿਆ ਅਤੇ ਕਿਹਾ ਕਿ ਤੁਸੀਂ ਇਥੇ ਠਹਿਰੋ, ਮੈਂ ਬੌਰਿੰਗ ਦਾ ਪੂਰਾ-ਪੂਰਾ ਥਹੁ-ਪਤਾ ਲੈ ਕੇ ਪਰਸੋਂ ਤੁਹਾਨੂੰ ਨਾਲ ਲੈ ਕੇ ਸਾਹਿਬ ਦੀ ਕੋਠੀ ਪੁਚਾ ਦਿਆਂਗਾ। ਸੋ ਅਗਲੇ ਦਿਨ ਸਾਧੂ ਸਿੰਘ ਨੇ ਇਹਨਾਂ ਦੋਹਾਂ ਨੂੰ ਬੌਰਿੰਗ ਦੀ ਕੋਠੀ ਪੁਚਾਉਣ ਦਾ ਬੰਦੋਬਸਤ ਬੜੇ ਸੁਚੱਜੇ ਢੰਗ ਨਾਲ ਕਰ ਲਿਆ। ਤੀਜੇ ਦਿਨ ਸਵੇਰੇ ਮੂੰਹ-ਹਨੇਰੇ ਹੀ ਸਾਧੂ ਸਿੰਘ ਚੁਮਾਹਲਾ ਸਾਹਿਬ ਗੁਰਦੁਆਰੇ ਆ ਹਾਜ਼ਰ ਹੋਇਆ ਅਤੇ ਉਸੇ ਵੇਲੇ ਦੋਹਾਂ ਨੂੰ ਨਾਲ ਲੈ ਕੇ ਮਿਸਟਰ ਬੌਰਿੰਗ ਦੇ ਬੰਗਲੇ ਜਾ ਪੁਜਿਆ। ਬੇਲਾ ਸਿੰਘ ਨੂੰ ਬਾਹਰ ਖੜ੍ਹਾ ਕਰ ਕੇ ਸਾਧੂ ਸਿੰਘ ਗੰਡਾ ਸਿੰਘ ਨੂੰ ਨਾਲ ਲੈ ਅੰਦਰ ਚਲਿਆ ਗਿਆ। ਸਾਹਿਬ ਦੇ ਕਮਰੇ ਦੇ ਬਾਹਰ ਬਰਾਂਡੇ ਵਿਚ ਬੈਠੇ ਅਰਦਲੀ ਨੂੰ ਸਾਧੂ ਸਿੰਘ ਨੇ ਕਿਹਾ ਕਿ ਇਹਨਾਂ ਨੇ ਸਾਹਿਬ ਤੋਂ ਮਜ਼ਦੂਰੀ ਦੇ ਪੈਸੇ ਲੈਣੇ ਹਨ। ਇਹਨਾਂ ਨੇ ਸਾਹਿਬ ਦਾ ਬਿਜਲੀ ਦਾ ਕੰਮ ਕੀਤਾ ਹੈ। ਸੋ ਤੂੰ ਇਹਨਾਂ ਨੂੰ ਸਾਹਿਬ ਨਾਲ ਮਿਲਾ ਦੇ।

ਅਰਦਲੀ ਨੇ ਦੱਸਿਆ ਕਿ ਸਾਹਿਬ ਘਰ ਨਹੀਂ ਹਨ ਅਤੇ ਨਾ ਹੀ ਉਹਨਾਂ ਨੇ ਘਰ ਆਉਣਾ ਹੈ ਕਿਉਂਕਿ ਉਹ ਅੱਜ ਲੌਢੇ ਵੇਲੇ ਤਿੰਨ ਵਜੇ ਵਾਲੀ ਰੇਲ ਉਤੇ ਅੰਮ੍ਰਿਤਸਰ ਜਾ ਰਹੇ ਹਨ। ਉਧਰੋਂ ਹੀ ਉਹਨਾਂ ਨੇ ਸਿੱਧੇ ਸਟੇਸ਼ਨ ਚਲੇ ਜਾਣਾ ਹੈ।

ਸਾਧੂ ਸਿੰਘ ਬੇਲਾ ਸਿੰਘ ਨੂੰ ਨਾਲ ਲੈ ਕੇ ਰੇਲਵੇ ਸਟੇਸ਼ਨ ਲਾਗੇ ਲੰਡਾ ਬਾਜ਼ਾਰ ਵਿਚ ਭਾਈ ਤਾਰੂ ਸਿੰਘ ਜੀ ਦੇ ਗੁਰਦੁਆਰੇ ਆ ਗਿਆ। ਉਹਨੇ ਦੋਹਾਂ ਨੂੰ ਸਲਾਹ ਦਿੱਤੀ ਕਿ ਉਹ ਵੀ ਉਸੇ ਗੱਡੀ ਉਤੇ ਅੰਮ੍ਰਿਤਸਰ ਨੂੰ ਚੜ੍ਹ ਜਾਣ। ਜਦੋਂ ਸਾਹਿਬ ਬਾਹਰ ਨਿਕਲਣ ਲੱਗੇ, ਉਸੇ ਵੇਲੇ ਗੋਲੀ ਮਾਰ ਕੇ ਤਿੱਤਰ ਹੋ ਜਾਣ। ਅੰਮ੍ਰਿਤਸਰ ਪਹਿਲਾਂ ਹੀ ਅਕਾਲੀਆਂ ਦਾ ਜ਼ੋਰ ਹੈ ਜਿਸ ਕਰ ਕੇ ਸਾਹਿਬ ਨੂੰ ਕਤਲ ਕਰਨ ਪਿਛੋਂ ਬਚ ਨਿਕਲਣਾ ਵੀ ਸੁਖਾਲਾ ਰਹੇਗਾ। ਇਸੇ ਸਕੀਮ ਉਤੇ ਅਮਲ ਕਰਨ ਲਈ ਦੋਵੇਂ ਰਜ਼ਾਮੰਦ ਹੋ ਗਏ।

ਉਸ ਵੇਲੇ ਸਾਧੂ ਸਿੰਘ ਨੂੰ ਪਤਾ ਸੀ ਕਿ ਦੋਹਾਂ ਕੋਲ ਭਰੇ ਹੋਏ ਰੀਵਾਲਵਰ ਹਨ ਅਤੇ ਗੰਡਾ ਸਿੰਘ ਕੋਲ ਛੁਰਾ ਵੀ ਹੈ। ਸੋ ਤਿੰਨੇ ਸਾਥੀ ਗੁਰਦੁਆਰੇ ਵਿਚ ਚਲੇ ਗਏ।

ਸਾਧੂ ਸਿੰਘ ਉਹਨਾਂ ਨੂੰ ਅੰਦਰ ਬਿਠਾ ਕੇ ਚਲਿਆ ਗਿਆ ਅਤੇ ਆਖ ਗਿਆ ਕਿ ਮੈਂ ਵੇਲੇ ਸਿਰ ਮੁੜ ਆਵਾਂਗਾ ਅਤੇ ਤੁਹਾਨੂੰ ਰੇਲ ਚੜ੍ਹਾ ਦਿਆਂਗਾ। ਉਹਨਾਂ ਨੇ ਗੁਰਦੁਆਰੇ ਵਿਚੋਂ ਹੀ ਲੰਗਰ ਛਕਿਆ ਅਤੇ ਸਾਧੂ ਸਿੰਘ ਦੀ ਉਡੀਕ ਕਰਨ ਲੱਗ ਪਏ। ਸਾਧੂ ਸਿੰਘ ਗੁਰਦੁਆਰਿਉਂ ਦੋਹਾਂ ਨੂੰ ਨਾਲ ਲੈ ਕੇ ਸਟੇਸ਼ਨ ਉਤੇ ਆ ਗਿਆ। ਦੋਹਾਂ ਨੂੰ ਪਹਿਲਾਂ ਗੇਟ ਤੋਂ ਅੰਦਰ ਲੰਘਾ ਕੇ ਕਿਹਾ ਕਿ ਤੁਸੀਂ ਉਹਨਾਂ ਦੋਹਾਂ ਰੇਲ ਡੱਬਿਆਂ ਦੇ ਸਾਹਮਣੇ ਜਾ ਕੇ ਬੈਂਚ ਉਤੇ ਬੈਠੋ, ਮੈਂ ਤੁਹਾਡੇ ਲਈ ਅੰਮ੍ਰਿਤਸਰ ਦੇ ਦੋ ਟਿਕਟ ਲੈ ਆਵਾਂ ਕਿਉਂਕਿ ਬਾਕੀ ਰੇਲ ਵੀ ਇਹਨਾਂ ਡੱਬਿਆਂ ਦੇ ਨਾਲ ਹੀ ਆ ਜੁੜਨੀ ਹੈ। ਇਹ ਦੋਨੋਂ ਬੈਂਚ ਉਤੇ ਜਾ ਬੈਠੇ।

ਕੁਝ ਚਿਰ ਮਗਰੋਂ ਸਾਧੂ ਸਿੰਘ ਟਿਕਟ ਲੈ ਕੇ ਪੁੱਜ ਗਿਆ। ਅੰਮ੍ਰਿਤਸਰ ਦੇ ਟਿਕਟਾਂ ਦੀ ਥਾਂ ਦੋ ਪਲੈਟਫਾਰਮ ਟਿਕਟ ਉਹਨਾਂ ਨੂੰ ਦੇ ਕੇ ਆਖਿਆ, "ਆਉ, ਤੁਸੀਂ ਇਸ ਖ਼ਾਲੀ ਡੱਬੇ ਵਿਚ ਬੈਠ ਜਾਉ, ਬਾਕੀ ਡੱਬੇ ਲੱਗਣ ਹੀ ਵਾਲੇ ਹਨ। ਅੰਮ੍ਰਿਤਸਰ ਪੁੱਜ ਕੇ ਕੰਮ ਸਿਰੇ ਚੜ੍ਹਾ ਲੈਣਾ। ਗੋਰਾ ਅੰਗਰੇਜ਼ ਪਛਾਨਣਾ ਕਿਹੜਾ ਔਖਾ ਹੈ। ਨਾਲੇ ਮੋਢਿਆਂ ਉਤੇ ਸਟਾਰਾਂ ਵਾਲੀ ਵਰਦੀ ਤਾਂ ਦੂਰੋਂ ਪਛਾਣੀ ਜਾਂਦੀ ਹੈ ਕਿ ਇਹੋ ਪੁਲਸ ਕਪਤਾਨ ਹੈ। ਬਾਕੀ ਅਮਲਾ-ਫੈਲਾ ਤਾਂ ਦੋ ਕਦਮ ਪਿੱਛੇ ਹੀ ਹੁੰਦਾ ਹੈ।" ਫਤਿਹ ਬੁਲਾ ਕੇ ਸਾਧੂ ਸਿੰਘ ਜੀ ਖਿਸਕਦੇ ਹੋਏ।

ਬੈਂਚ ਉਤੇ ਬੈਠਿਆਂ ਨੂੰ ਜਦੋਂ ਸਾਧੂ ਸਿੰਘ ਨੇ ਲਾਲ ਲਕੀਰਾਂ ਵਾਲੇ ਪਲੈਟਫਾਰਮ ਟਿਕਟ ਫੜਾਏ ਸਨ ਤਾਂ ਸਫ਼ੈਦ ਕੱਪੜਿਆਂ ਵਿਚ ਪੁਲਸ ਦੀ ਧਾੜ ਖੜ੍ਹੀ ਸਭ ਤਮਾਸ਼ਾ ਥੋੜ੍ਹੇ ਫ਼ਾਸਲੇ ਤੋਂ ਹੀ ਦੇਖ ਰਹੀ ਸੀ। ਜਦੋਂ ਸਿੰਘ ਸੂਰਮੇ ਡੱਬੇ ਅੰਦਰ ਬੈਠ ਗਏ ਤਾਂ ਇਕ ਪੁਲਸ ਇੰਸਪੈਕਟਰ ਕੁਝ ਹੱਟੇ-ਕੱਟੇ ਸਿਪਾਹੀਆਂ ਨੂੰ ਨਾਲ ਲੈ ਕੇ ਉਹਨਾਂ ਦੇ ਡੱਬੇ ਵਿਚ ਆ ਚੜ੍ਹਿਆ। ਬੜੇ ਸਤਿਕਾਰ ਨਾਲ ਉਹਨੇ ਦੱਸਿਆ, "ਸਰਦਾਰ ਜੀ, ਇਹ ਡੱਬਾ ਤਾਂ ਪੁਲਸ ਲਈ ਰੀਜ਼ਰਵ ਹੈ। ਤੁਸੀਂ ਨਾਲ ਦੇ ਡੱਬੇ ਵਿਚ ਤਸ਼ਰੀਫ਼ ਲੈ ਜਾਉ।" ਦੋਵੇਂ ਉੱਠ ਖੜੋਤੇ। ਜਦੋਂ ਬੇਲਾ ਸਿੰਘ ਥੱਲੇ ਉਤਰਿਆ ਅਤੇ ਗੰਡਾ ਸਿੰਘ ਉੱਤਰ ਹੀ ਰਿਹਾ ਸੀ, ਪਲੈਟਫਾਰਮ ਉਤੇ ਖੜ੍ਹੇ ਪੁਲਸੀਆਂ ਨੇ ਬੇਲਾ ਸਿੰਘ ਨੂੰ ਅਤੇ ਅੰਦਰਲਿਆਂ ਨੇ ਗੰਡਾ ਸਿੰਘ ਨੂੰ ਜੱਫਿਆਂ ਵਿਚ ਜਕੜ ਲਿਆ। ਉਸੇ ਵੇਲੇ ਹੱਥਕੜੀਆਂ ਲਾਈਆਂ ਗਈਆਂ। ਭਰੇ-ਭਰਾਏ ਰੀਵਾਲਵਰ ਅਤੇ ਛੁਰਾ ਕਬਜ਼ੇ ਵਿਚ ਕਰ ਲਏ ਗਏ। ਦੋਨੋਂ ਪਲੈਟਫਾਰਮ ਟਿਕਟ ਵੀ ਲੈ ਲਏ ਗਏ। ਫ਼ਰਦ ਤਿਆਰ ਕਰ ਲਈ ਗਈ। ਸਭ ਚੀਜ਼ਾਂ ਮੁਕੱਦਮੇ ਦੌਰਾਨ ਅਦਾਲਤ ਵਿਚ ਪੇਸ਼ ਹੋਈਆਂ ਸਨ। ਦੋਹਾਂ ਨੂੰ ਉਸੇ ਵੇਲੇ ਵੱਖਰੀਆਂ-ਵੱਖਰੀਆਂ ਹਵਾਲਾਤਾਂ ਵਿਚ ਡੱਕਿਆ ਗਿਆ। ਸੋ ਇਹ ਪਹਿਲਾ ਕੌਨਸਪੀਰੇਸੀ ਕੇਸ ਟਰਾਇਲ ਨੰ: 1-1922 ਦੇ ਸਿਰਲੇਖ ਹੇਠ ਦਰਜ ਕਰ ਲਿਆ ਗਿਆ।

ਬਬਰ ਅਕਾਲੀ ਕੌਨਸਪੀਰੇਸੀ ਕੇਸ ਟਰਾਇਲ ਨੰ: 2-- 1924 ਦੇ ਸਿਰਲੇਖ ਹੇਠ ਚਲਿਆ ਸੀ ਜੋ ਦੂਜਾ ਗਿਣਿਆ ਗਿਆ।

ਪਾਠਕ ਹੁਣ ਤਕ ਸਾਰਾ ਭੇਤ ਸਮਝ ਹੀ ਗਏ ਹੋਣਗੇ ਕਿ ਇਹੋ ਸਾਧੂ ਸਿੰਘ 'ਅਕਾਲੀ' ਅਖ਼ਬਾਰ ਵਿਚ ਵੀ ਪੁਲਸ ਦਾ ਸੂਹੀਆ ਸੀ ਅਤੇ ਆਪਣੇ ਆਪ ਨੂੰ ਕੱਟੜ ਸਰਕਾਰ-ਵਿਰੋਧੀ ਹੋਣ ਦਾ ਸਾਂਗ ਭਰਨ ਵਿਚ ਪੂਰੀ ਤਰ੍ਹਾਂ ਸਫਲ ਹੋ ਚੁਕਿਆ ਸੀ। ਉਹ ਦੇਸਭਗਤਾਂ ਦੀ ਪਹਿਲੀ ਸਫ਼ ਵਿਚ ਆ ਖੜੋਤਾ ਸੀ। ਉਹ ਅੰਮ੍ਰਿਤਸਰ ਦੇ ਆਗੂਆਂ ਦੀ ਮੁੱਛ ਦਾ ਵਾਲ ਬਣ ਚੁਕਿਆ ਸੀ। ਇਹੋ ਕਾਰਨ ਹੈ ਕਿ ਬਿਜਲਾ ਸਿੰਘ ਜੀ ਧੋਖਾ ਖਾ ਗਏ। ਦੋਹਾਂ ਭਗੌੜਿਆਂ ਨੂੰ ਪਹਿਲਾਂ ਗੁਰਦੁਆਰਾ ਚੁਮਾਹਲਾ ਸਾਹਿਬ ਵਿਚ ਪੁਚਾਉਣਾ, ਅਗਲੇ ਦਿਨ ਸੀ ਆਈ ਡੀ ਨਾਲ ਉਪਰੋਕਤ ਪ੍ਰੋਗਰਾਮ ਬਣਾ ਕੇ ਤੀਜੇ ਦਿਨ ਸਵੇਰੇ ਹੀ ਕਿਸੇ ਬੰਗਲੇ ਵਿਚ ਲੈ ਜਾ ਕੇ ਅਰਦਲੀ ਬਣੇ ਬੈਠੇ ਸੀ ਆਈ ਡੀ ਦੇ ਆਦਮੀ ਤੋਂ ਪੁਲਸ ਕਪਤਾਨ ਦਾ ਅੰਮ੍ਰਿਤਸਰ ਨੂੰ ਜਾਣ ਦਾ ਅਡੰਬਰ ਰਚਨਾ, ਦੋਹਾਂ ਨੂੰ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਵਿਚ ਲਿਆ ਬਿਠਾਉਣਾ ਤੇ ਕਤਲ ਦਾ ਪ੍ਰੋਗਰਾਮ ਅੰਮ੍ਰਿਤਸਰ ਦਾ ਬਣਾਉਣਾ, ਉਹਨਾਂ ਨੂੰ ਰੇਲ ਦੇ ਖਾਲੀ ਡੱਬਿਆਂ ਵਿਚ ਜਾ ਬਿਠਾਉਣਾ ਤੇ ਸੁਖਾਲਿਆਂ ਹੀ ਸਾਰੇ ਪ੍ਰੋਗਰਾਮ ਨੂੰ ਆਹਲਣੇ ਦੇ ਤੀਲਿਆਂ ਵਾਂਗੂ ਖੇਰੂੰ-ਖੇਰੂੰ ਕਰ ਦੇਣਾ ਅਤੇ ਗਰਿਫ਼ਤਾਰੀ ਵੀ ਉਸ ਵੇਲੇ ਦੀ ਪੰਜਾਬ ਦੀ ਰਾਜਧਾਨੀ ਵਿਚ ਕਰਵਾਉਣੀ, ਇਹ ਇਸੇ ਸ਼ਾਤਰ ਦਾ ਚਮਤਕਾਰ ਸੀ।

ਪੁਲਸ ਦੇ ਕਾਬੂ ਆਉਂਦਿਆਂ ਹੀ ਗੰਡਾ ਸਿੰਘ ਬਕ ਉਤਰਿਆ ਅਤੇ ਸਾਜ਼ਿਸ਼ ਦਾ ਸਾਰਾ ਭੇਤ ਖੋਲ੍ਹ ਕੇ ਵਾਇਦਾ-ਮੁਆਫ਼ ਗਵਾਹ ਬਣ ਬੈਠਾ। ਉਹ ਬਾਅਦ ਵਿਚ ਸਾਡੇ ਕੇਸ ਵਿਚ ਵੀ ਗਵਾਹੀ ਦੇਣ ਆਇਆ ਸੀ ਅਤੇ ਉਹਦਾ ਬਿਆਨ ਪੇਪਰ-ਬੁੱਕ ਦੇ ਸਫ਼ਾ 860 ਉਤੇ ਗੰਡਾ ਸਿੰਘ ਵਲਦ ਹੀਰਾ ਸਿੰਘ, ਜ਼ਾਤ ਜੱਟ, ਉਮਰ 35 ਸਾਲ, ਪਿੰਡ ਸਰਹਾਲੀ ਖੁਰਦ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂ ਹੇਠ ਦਰਜ ਹੈ।

ਇਹ ਬਿਆਨ ਪੇਪਰ-ਬੁੱਕ ਦੇ ਚਾਰ ਸਫ਼ਿਆਂ ਉਤੇ ਹੈ ਅਤੇ ਦੱਸਦਾ ਹੈ ਕਿ ਪਹਿਲਾਂ ਉਹ ਸ. ਸੁੰਦਰ ਸਿੰਘ ਮਜੀਠੀਏ ਨੂੰ ਕਤਲ ਕਰਨ ਲਈ

***(ਬਾਕੀ ਅਗਲੇ ਸਫੇ 'ਤੇ)***

# ਖੇਡਾਂ, ਸਿਆਸਤ ਅਤੇ ਫਿਰਕਾਪ੍ਰਸਤੀ

ਰੋਹਿਤ ਮਹਾਜਨ

ਜਿਵੇਂ ਹੀ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ, ਕੱਟੜਤਾ ਜਾਂ ਫ਼ਿਰਕਾਪਰਸਤੀ ਸਿਰ ਚੜ੍ਹ ਕੇ ਬੋਲਣ ਲੱਗਦੇ ਹਨ, ਗ਼ੈਰਾਂ 'ਤੇ ਬੇਇਤਬਾਰੀ 'ਚੋਂ ਪੈਦਾ ਹੋਣ ਵਾਲੇ ਵੱਖ-ਵੱਖ ਤਰ੍ਹਾਂ ਦੇ ਡਰਾਂ ਵਿਚ ਅਜਿਹਾ ਹੀ ਹੁੰਦਾ ਹੈ। ਅਜਨਬੀਆਂ ਦੇ ਇਸ ਭੈਅ ਨੂੰ ਵਿਕਾਸਵਾਦ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ। ਆਪਣੀ ਕਿਤਾਬ 'ਸਨੇਕਸ, ਸਨਸੈੱਟ ਐਂਡ ਸ਼ੇਕਸਪੀਅਰ' ਵਿਚ ਵਿਕਾਸਵਾਦੀ ਜੀਵ ਵਿਗਿਆਨੀ ਗੌਰਡਨ ਓਰੀਅਨਜ਼ ਲਿਖਦੇ ਹਨ: "ਪੂਰੇ ਮਾਨਵੀ ਇਤਿਹਾਸ ਵਿਚ ਅਸੀਂ ਆਪਣੀ ਨਸਲ ਜਾਂ ਕਬੀਲੇ ਤੋਂ ਬਾਹਰਲੇ ਲੋਕਾਂ 'ਤੇ ਇਤਬਾਰ ਨਹੀਂ ਕੀਤਾ... ਅਸੀਂ ਮੰਨਦੇ ਹਾਂ ਕਿ ਓਪਰਾ ਇਨਸਾਨ ਸਾਡਾ ਨੁਕਸਾਨ ਕਰ ਸਕਦਾ ਹੈ ਕਿਉਂਕਿ ਅਰਬਾਂ ਸਾਲ ਪਹਿਲਾਂ, ਪਰਿਵਾਰਕ ਸਮੂਹ ਤੋਂ ਬਾਹਰਲੇ ਵਣਮਾਨਸ ਸੰਭਾਵੀ ਤੌਰ 'ਤੇ ਹਮਲਾ ਕਰਨ ਵਾਲੀ ਧਿਰ ਹੁੰਦੇ ਸਨ।"

ਹੁਣ ਅਸੀਂ ਪੁਰਾਤਨ ਸਮਿਆਂ 'ਚ ਨਹੀਂ ਰਹਿ ਰਹੇ ਅਤੇ ਸਰਹੱਦ ਪਾਰੋਂ ਜੰਗਾਂ ਤੇ ਹਮਲੇ ਵੀ ਕਾਫ਼ੀ ਘੱਟ ਹੁੰਦੇ ਹਨ; ਹੁਣ ਅਸੀਂ ਜਾਣਦੇ ਹਾਂ ਕਿ ਵਿਦੇਸ਼ੀ ਧਰਤੀਆਂ 'ਤੇ ਬਾਹਰਲੇ ਲੋਕਾਂ ਨਾਲ ਸਾਡਾ ਮੇਲ-ਜੋਲ ਅਕਸਰ ਵਾਹਵਾ ਵਧੀਆ ਹੁੰਦਾ ਹੈ, ਦੋ ਸ਼ਖ਼ਸ ਜਿਹੜੇ ਇੱਕ-ਦੂਜੇ ਲਈ ਬਿਲਕੁਲ ਅਜਨਬੀ ਹੁੰਦੇ ਹਨ, ਅਕਸਰ ਵਧੀਆ ਤੋਂ ਵਧੀਆ ਸਲੂਕ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਆਪੋ-ਆਪਣੀ ਨਸਲ/ਦੇਸ਼ ਦੀ ਨੁਮਾਇੰਦਗੀ ਕਰ ਰਹੇ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਖ਼ਤਰਾ ਜ਼ਿਆਦਾਤਰ ਘਰਾਂ 'ਚ ਘਾਤ ਲਾ ਕੇ ਬੈਠਾ ਹੁੰਦਾ ਹੈ, ਇਹ ਕਿਸੇ ਦਰਿੰਦੇ ਦੇ ਰੂਪ ਵਿਚ ਹੋ ਸਕਦਾ ਹੈ ਜੋ ਕਿਸੇ ਨਿਆਣੇ ਨੂੰ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣਾ ਸਕਦਾ ਹੋਵੇ ਜਾਂ ਫਿਰ ਰਿਸ਼ਤੇਦਾਰ ਜੋ ਜਾਇਦਾਦ ਜਾਂ ਹੋਰ ਸੰਪਤੀ ਹਥਿਆਉਣ ਦੀ ਲਾਲਸਾ ਰੱਖਦੇ ਹੋਣ। ਜਦ ਤੁਹਾਨੂੰ ਅੰਦਰੋਂ ਸਲਾਮਤੀ ਦਾ ਅਹਿਸਾਸ ਹੋ ਰਿਹਾ ਹੋਵੇ, ਉਦੋਂ ਅਜਨਬੀ ਸਭ ਤੋਂ ਵੱਡਾ ਖ਼ਤਰਾ ਨਹੀਂ ਹੁੰਦੇ।

ਖੇਡਾਂ ਜੋ ਸਰੀਰਕ ਸਮਰੱਥਾ ਤੇ ਟੀਮ ਭਾਵਨਾ ਦਾ ਜਸ਼ਨ ਹਨ, ਕਿਸੇ ਖਿਡਾਰੀ ਅੰਦਰਲੇ ਨਸਲਵਾਦ ਤੇ ਸਾਹਮਣੇ ਵਾਲੇ (ਬਾਹਰਲੇ) ਦੇ ਭੈਅ ਨੂੰ ਟੁਕੜੇ-ਟੁਕੜੇ ਕਰ ਕੇ ਧੂੜ ਵਿਚ ਤਬਦੀਲ ਕਰ ਦਿੰਦੀਆਂ ਹਨ ਪਰ ਆਪਣੀ ਟੀਮ ਲਈ ਕੱਟੜ ਭਾਵਨਾਵਾਂ ਨਾਲ ਭਰੇ ਪ੍ਰਸ਼ੰਸਕ ਅਕਸਰ ਘਿਨਾਉਣੇ ਨਸਲਵਾਦੀਆਂ ਵਿਚ ਬਦਲ ਜਾਂਦੇ ਹਨ।

ਲੇਖਕ ਨੇ ਬਰਤਾਨੀਆ ਅਤੇ ਆਸਟਰੇਲੀਆ ਦੇ ਕ੍ਰਿਕਟ ਮੈਦਾਨਾਂ ਵਿਚ ਮੇਜ਼ਬਾਨ ਟੀਮ ਦੇ ਪ੍ਰਸ਼ੰਸਕਾਂ ਨੂੰ ਭਾਰਤੀ ਤੇ ਪਾਕਿਸਤਾਨੀ ਹਮਾਇਤੀਆਂ ਨੂੰ ਗਾਲਾਂ ਕੱਢਦੇ 'ਆਪਣੇ ਮੁਲਕ ਵਾਪਸ ਜਾਓ' ਦੇ ਰਾਗ ਅਲਾਪਦਿਆਂ ਸੁਣਿਆ ਹੈ ਜਾਂ ਰੀਓ ਡੀ ਜਨੇਰੀਓ ਵਿਚ ਬ੍ਰਾਜ਼ੀਲ ਤੇ ਅਰਜਨਟੀਨਾ ਦੇ ਫੁਟਬਾਲ ਪ੍ਰਸ਼ੰਸਕਾਂ ਵਿਚਾਲੇ ਭਿਆਨਕ ਟਕਰਾਓ ਹੁੰਦਾ ਵੀ ਦੇਖਿਆ ਹੈ; ਭਾਰਤੀ ਮੈਦਾਨਾਂ ਵਿਚ ਪ੍ਰਸ਼ੰਸਕਾਂ ਵੱਲੋਂ ਵੈਸਟ ਇੰਡੀਜ਼ ਦੇ ਖਿਡਾਰੀਆਂ ਨੂੰ 'ਕਾਲੂ' ਕਹਿੰਦਿਆਂ ਤੇ ਬਰਤਾਨੀਆ ਦੇ ਸਿਆਹਫਾਮ ਖਿਡਾਰੀ ਨੂੰ ਉੱਥੋਂ ਦੇ ਮੈਦਾਨ ਵਿਚ 'ਕਾਲੀਆ' ਕਹਿੰਦਿਆਂ ਸੁਣਿਆ ਹੈ! ਆਈ.ਪੀ.ਐੱਲ. ਦੌਰਾਨ ਵੈਸਟ ਇੰਡੀਜ਼ ਦੇ ਸਾਬਕਾ ਕਪਤਾਨ ਡੈਰੇਨ ਸੈਮੀ ਨੂੰ ਟੀਮ ਦੇ ਸਾਥੀ ਖਿਡਾਰੀ 'ਕਾਲੂ' ਕਹਿ ਕੇ ਬੁਲਾਉਂਦੇ ਸਨ ਤੇ ਉਹ ਇਸ ਨੂੰ ਮੋਹ ਭਿੱਜਿਆ ਕੋਈ ਸ਼ਬਦ ਮੰਨਦਾ ਰਿਹਾ।




ਭਾਰਤੀ ਖਿਡਾਰੀ ਹੁਣ ਤੱਕ ਖੇਡ 'ਚ ਰੰਗਭੇਦ ਦੀ ਬਜਾਇ ਨਸਲਵਾਦ ਬਾਰੇ ਹੀ ਜ਼ਿਆਦਾ ਗੱਲ ਕਰਦੇ ਰਹੇ ਹਨ। ਭਾਰਤ ਲਈ ਖੇਡ ਚੁੱਕੇ ਤਾਮਿਲਨਾਡੂ ਦੇ ਕ੍ਰਿਕਟਰ ਅਭਿਨਵ ਮੁਕੁੰਦ ਨੇ ਆਪਣੇ ਕਾਲੇ ਰੰਗ ਕਰ ਕੇ ਸ਼ਰਮ ਮਹਿਸੂਸ ਕਰਨ ਬਾਰੇ ਗੱਲ ਕੀਤੀ ਹੈ, ਉਨ੍ਹਾਂ ਕਿਹਾ: "ਕਈ ਸਾਲਾਂ ਤੱਕ 'ਬਲੈਕੀ' ਸੱਦਿਆ ਜਾਣਾ ਆਮ ਜਿਹੀ ਗੱਲ ਰਹੀ।" ਭਾਰਤੀ ਹਾਕੀ ਦੇ ਸੁਪਰਸਟਾਰ ਰਹੇ ਭਾਸਕਰ ਪਿੱਲੈ ਨੇ ਕੁਝ ਸਾਲ ਪਹਿਲਾਂ ਕਿਹਾ ਸੀ: "ਮੈਂ ਸੋਹਣੇ ਸੁਨੱਖੇ ਖਿਡਾਰੀਆਂ ਦੀ ਟੀਮ ਵਿਚ ਸੀ... ਮੈਂ ਦੇਖਿਆ ਕਿ ਮੈਂ ਉਨ੍ਹਾਂ ਵਰਗਾ ਨਹੀਂ ਦਿਸਦਾ, ਮੈਂ ਕਾਲਾ ਸੀ। ਜਦ ਅਸੀਂ ਆਸਟਰੇਲੀਆ ਤੇ ਯੂਰਪ ਜਾਂਦੇ, ਮੈਂ ਹੋਰ ਵੀ ਜ਼ਿਆਦਾ ਬੁਰਾ ਮਹਿਸੂਸ ਕਰਦਾ ਕਿਉਂਕਿ ਸਾਰੇ ਬਹੁਤ ਗੋਰੇ ਸਨ। ਲੋਕਾਂ 'ਚ ਵਿਚਰਦਿਆਂ ਤੁਸੀਂ ਹੀਣ ਮਹਿਸੂਸ ਕਰਦੇ ਹੋ... ਹੁਣ ਵੀ ਕਈ ਵੱਡੇ ਸਮਾਗਮਾਂ ਵਿਚ ਲੋਕਾਂ, ਪ੍ਰਬੰਧਕਾਂ ਤੇ ਮੀਡੀਆ ਦਾ ਤੁਹਾਡੇ ਵੱਲ ਰਵੱਈਆ ਵੱਖਰਾ ਹੀ ਹੁੰਦਾ ਹੈ।"

ਧਾਰਮਿਕ ਫ਼ਿਰਕੂਵਾਦ ਵੀ ਨਫ਼ਰਤ ਦਾ ਕਾਰਨ ਬਣਦਾ ਹੈ। ਅਕਤੂਬਰ 2021 ਵਿਚ ਟੀ20 ਵਿਸ਼ਵ ਕੱਪ ਵਿਚ ਪਾਕਿਸਤਾਨ ਹੱਥੋਂ ਭਾਰਤ ਦੀ ਹਾਰ ਮਗਰੋਂ ਮੁਹੰਮਦ ਸ਼ਮੀ ਨੂੰ ਕਾਫ਼ੀ ਪ੍ਰੇਸ਼ਾਨ ਕੀਤਾ ਗਿਆ; ਉਮੀਦ ਮੁਤਾਬਕ ਤਤਕਾਲੀ ਕਪਤਾਨ ਵਿਰਾਟ ਕੋਹਲੀ ਨੇ ਅਪਮਾਨਜਨਕ ਟਿੱਪਣੀਆਂ ਵਾਲਿਆਂ ਨੂੰ ਸਖ਼ਤ ਲਹਿਜੇ ਵਿਚ 'ਬੁਜ਼ਦਿਲ' ਕਹਿ ਕੇ ਨਕਾਰਿਆ, ਤੇ 'ਕਿਸੇ ਨੂੰ ਉਸ ਦੇ ਧਰਮ ਦੇ ਆਧਾਰ 'ਤੇ ਨਿਸ਼ਾਨਾ ਬਣਾਉਣ ਲਈ' ਉਨ੍ਹਾਂ ਦੀ ਆਲੋਚਨਾ ਕੀਤੀ।

ਭਾਰਤੀ ਸਮਾਜ ਨੂੰ, ਤੇ ਇਸ ਤਰ੍ਹਾਂ ਲੋਕਤੰਤਰ ਨੂੰ ਚਿੰਬੜੀ ਇਕ ਹੋਰ ਬਿਮਾਰੀ ਜਾਤੀਵਾਦ ਖੇਡਾਂ ਲਈ ਵੀ ਮੁਸੀਬਤ ਖੜ੍ਹੀ ਕਰਦੀ ਹੈ। ਕ੍ਰਿਕਟਰ ਸੁਰੇਸ਼ ਰੈਨਾ ਨੇ ਇਕ ਵਾਰ ਕਿਹਾ ਸੀ ਕਿ ਉਸ ਦੀ (ਉੱਚੀ) ਜਾਤੀ ਕਾਰਨ ਉਸ ਲਈ ਚੇਨੱਈ ਦਾ ਸਭਿਆਚਾਰ ਅਪਨਾਉਣਾ ਸੌਖਾ ਰਿਹਾ; 2021 ਵਿਚ ਯੁਵਰਾਜ ਸਿੰਘ ਨੂੰ ਐੱਸ.ਸੀ. ਭਾਈਚਾਰੇ ਵਿਰੁੱਧ ਅਪਮਾਨਜਨਕ ਟਿੱਪਣੀਆਂ ਲਈ ਕੁਝ ਸਮੇਂ ਲਈ ਗ੍ਰਿਫਤਾਰ ਕੀਤਾ ਗਿਆ ਸੀ। 2022 ਵਿਚ ਭਾਰਤ ਤੇ ਬੰਗਲਾਦੇਸ਼ ਦਰਮਿਆਨ ਟੈਸਟ ਮੈਚ ਦੌਰਾਨ ਇਕ ਭਾਰਤੀ ਖਿਡਾਰੀ ਆਪਣੇ ਸਾਥੀ ਨੂੰ 'ਛਪਰੀ' ਕਹਿੰਦਿਆਂ ਸੁਣਿਆ ਗਿਆ ਸੀ। ਇਹ ਅਪਮਾਨਜਨਕ ਸ਼ਬਦ ਪੱਛੜੀ ਜਾਤੀ ਛੱਪਰਬੰਦ ਲਈ ਬੋਲਿਆ ਜਾਂਦਾ ਹੈ।

ਅਜਨਬੀਆਂ ਬਾਰੇ ਅਣੋਖੇਪਣ ਦੀ ਭਾਵਨਾ ਖ਼ਤਮ ਕਰਨ ਨਾਲ ਹੀ 'ਬਾਹਰਲਿਆਂ ਦਾ ਭੈਅ' ਖ਼ਤਮ ਹੋ ਸਕੇਗਾ। ਖੇਡਾਂ ਅਤੇ ਖੇਡਣ ਲਈ ਕੀਤਾ ਜਾਣ ਵਾਲਾ ਸਫ਼ਰ ਇਸ 'ਈਕੋ ਚੈਂਬਰ' ਤੋਂ ਨਿਜਾਤ ਦਿਵਾ ਸਕਦਾ ਹੈ ਕਿਉਂਕਿ ਇਸ ਕਟਹਿਰੇ (ਚੈਂਬਰ) ਵਿਚ ਬੰਦੇ ਦਾ ਸਾਹਮਣਾ ਸਿਰਫ਼ ਉਨ੍ਹਾਂ ਵਿਚਾਰਾਂ-ਖਿਆਲਾਂ ਨਾਲ ਹੀ ਹੁੰਦਾ ਹੈ ਜੋ ਉਸ ਦੀ ਸੋਚ ਨਾਲ ਮੇਲ ਖਾਂਦੇ ਹਨ। ਖੇਡ 'ਚੋਂ ਮਿਲਦੇ ਇਸ ਮੌਕੇ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ ਕਿਉਂਕਿ ਇਹ ਮਨ ਨੂੰ ਕਈ ਬੰਧਨਾਂ ਤੋਂ ਮੁਕਤ ਕਰ ਸਕਦਾ ਹੈ।

ਪਹਿਲੀ ਵਾਰ ਪਾਕਿਸਤਾਨੀ ਨਾਗਰਿਕਾਂ ਨੂੰ ਮੈਂ ਚੰਡੀਗੜ੍ਹ ਵਿਚ ਮਿਲਿਆ ਸੀ ਜੋ ਅੱਲੜ੍ਹ ਉਮਰ ਦੇ ਟੈਨਿਸ ਖਿਡਾਰੀ ਸਨ ਤੇ ਕਰੀਬ ਤਿੰਨ ਦਹਾਕੇ ਪਹਿਲਾਂ ਇੱਥੇ ਟੂਰਨਾਮੈਂਟ ਖੇਡਣ ਆਏ ਸਨ। ਉਹ ਦੋਸਤਾਨਾ ਤੇ ਖ਼ੁਸ਼ਮਿਜ਼ਾਜ ਸਨ ਅਤੇ ਉਨ੍ਹਾਂ ਨਾਲ ਹਿੰਦੀ ਜਾਂ ਪੰਜਾਬੀ ਵਿਚ ਗੱਲ ਕਰਨੀ ਸੌਖੀ ਸੀ ਪਰ ਵਿਹਾਰਕ ਤੌਰ 'ਤੇ ਦੇਖਿਆ ਜਾਵੇ ਤਾਂ ਭਾਸ਼ਾ ਦੇ ਬੰਧਨ ਕਾਰਨ ਸਾਡੇ ਆਪਣੇ ਖਿਡਾਰੀ ਲਿਏਂਡਰ ਪੇਸ ਨਾਲ ਗੱਲਬਾਤ ਕਰਨੀ ਅਸਲ ਵਿਚ ਓਨੀ ਹੀ ਔਖੀ ਹੈ। ਇਸ ਗੱਲ ਦਾ ਅਹਿਸਾਸ ਬਹੁਤ ਜਲਦ ਹੋ ਗਿਆ ਤੇ ਫਿਰ ਕੋਈ ਅਜਨਬੀ ਜੋ ਦੁਸ਼ਮਣ ਮੁਲਕ ਤੋਂ ਸੀ, ਬਿਲਕੁਲ ਵੀ ਅਜਨਬੀ ਨਹੀਂ ਰਿਹਾ।

ਮੈਲਬਰਨ ਵਿਚ 2015 'ਚ ਵਿਸ਼ਵ ਕੱਪ ਮੈਚ ਦੌਰਾਨ ਬੰਗਲਾਦੇਸ਼ੀ ਕ੍ਰਿਕਟ ਪ੍ਰਸ਼ੰਸਕਾਂ ਨੇ ਗੱਲਬਾਤ ਦੌਰਾਨ ਇਸ ਲੇਖਕ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੇ ਮੁਲਕ ਦੀ ਜਿੱਤ ਲਈ ਪ੍ਰਾਰਥਨਾ ਕਰਨ; ਉਨ੍ਹਾਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਉਹ ਇਕ ਨਾਸਤਿਕ ਨੂੰ ਅਜਿਹਾ ਕਰਨ ਲਈ ਕਹਿ ਰਹੇ ਹਨ ਜਿਸ ਨੇ ਸ਼ਾਇਦ 25 ਸਾਲ ਪਹਿਲਾਂ ਪ੍ਰਾਰਥਨਾ ਕੀਤੀ ਸੀ; ਹਾਲਾਂਕਿ ਉਨ੍ਹਾਂ ਨੂੰ ਇਹ ਤੱਥ ਹਜ਼ਮ ਹੋ ਗਿਆ ਤੇ ਉਨ੍ਹਾਂ ਦਾ ਦੋਸਤਾਨਾ ਰਵੱਈਆ ਨਫ਼ਰਤ 'ਚ ਨਹੀਂ ਬਦਲਿਆ। ਬਿਲਕੁਲ ਉਲਟ ਸੰਸਾਰਕ ਨਜ਼ਰੀਆ ਰੱਖਣ ਵਾਲੇ ਅਜਨਬੀ ਵੀ ਇਕ-ਦੂਜੇ ਨਾਲ ਚੰਗੀ ਤਰ੍ਹਾਂ ਰਹਿ ਸਕਦੇ ਹਨ।

ਧਰਮ ਅਤੇ ਰਾਸ਼ਟਰਵਾਦ ਨੂੰ ਖੇਡ ਨਾਲ ਜੋੜਨਾ ਖ਼ਤਰਨਾਕ ਮਿਸ਼ਰਣ ਸਾਬਿਤ ਹੋ ਸਕਦਾ ਹੈ ਤੇ ਲੋਕ ਅਕਸਰ ਸਟੇਡੀਅਮ ਅੰਦਰ ਮੁਕਾਬਲੇ ਦਾ ਮਜ਼ਾ ਲੈਣ ਨਹੀਂ ਜਾਂਦੇ ਬਲਕਿ ਕ੍ਰੋਧ ਤੇ ਜ਼ਹਿਰ ਬਾਹਰ ਕੱਢਣ ਜਾਂਦੇ ਹਨ ਜੋ ਕੰਮ, ਪਰਿਵਾਰ ਤੇ ਸਮਾਜ/ਜ਼ਿੰਦਗੀ ਨੇ ਉਨ੍ਹਾਂ ਅੰਦਰ ਘੋਲਿਆ ਹੈ।

ਇਕ ਨੁਮਾਇੰਦਾ ਲੋਕਤੰਤਰ ਵਿਚ ਨੇਤਾ ਸਮਾਜ ਦੀਆਂ ਤਾਕਤਾਂ ਤੇ ਕਮਜ਼ੋਰੀਆਂ ਦਾ ਪ੍ਰਤੀਕ ਹੁੰਦੇ ਹਨ ਪਰ ਕੀ 88 ਪ੍ਰਤੀਸ਼ਤ ਕਰੋੜਪਤੀ ਸੰਸਦ ਮੈਂਬਰ (2019 ਲੋਕ ਸਭਾ) ਅਸਲ ਵਿਚ ਸਾਡੇ ਉਸ ਸਮਾਜ ਦੀ ਨੁਮਾਇੰਦਗੀ ਕਰਦੇ ਹਨ ਜਿੱਥੇ 90 ਪ੍ਰਤੀਸ਼ਤ ਆਬਾਦੀ ਸਾਲਾਨਾ 3 ਲੱਖ ਰੁਪਏ ਤੋਂ ਵੀ ਘੱਟ ਕਮਾ ਰਹੀ ਹੈ? ਇਸ ਲੋਕ ਸਭਾ ਵਿਚ 22 ਫੀਸਦ ਮੈਂਬਰ ਗੰਭੀਰ ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ; ਜਾਪਦਾ ਹੈ, ਸਿਆਸਤ ਖਾਸ ਸ਼੍ਰੇਣੀ ਦੇ ਵਿਅਕਤੀਆਂ ਨੂੰ ਹੀ ਖਿੱਚਦੀ ਹੈ ਤੇ ਸਨਮਾਨ ਦਿੰਦੀ ਹੈ।

ਜਿਵੇਂ ਖੇਡਾਂ ਵਿਚ ਅਕਸਰ ਹੁੰਦਾ ਹੈ, ਚੋਣਾਂ ਦੌਰਾਨ ਵੀ ਜ਼ਹਿਰੀਲਾਪਣ ਬਾਹਰ ਨਿਕਲਦਾ ਰਹਿੰਦਾ ਹੈ, ਪਾਰਟੀਆਂ ਭੈਅ ਪੈਦਾ ਕਰਦੀਆਂ ਹਨ। ਲੋਕਾਂ ਨੂੰ ਡਰਾਇਆ ਜਾਂਦਾ ਹੈ ਕਿ 'ਦੂਸਰੇ' ਉਨ੍ਹਾਂ ਨੂੰ ਦਬਾ ਲੈਣਗੇ, ਲੁੱਟ-ਖਸੁੱਟ ਕਰਨਗੇ ਜਾਂ ਬੇਦਖ਼ਲ ਕਰ ਕੇ ਭਜਾ ਦੇਣਗੇ।

# ਬਬਰ ਅਕਾਲੀ ਲਹਿਰ

*(ਪਿਛਲੇ ਸਫੇ ਦੀ ਬਾਕੀ)*

ਅੰਮ੍ਰਿਤਸਰ ਉਹਨਾਂ ਦੀ ਕੋਠੀ ਗਿਆ ਸੀ। ਉਹ ਮਿਲੇ ਨਹੀਂ ਸਨ। ਉਹ ਅਖੀਰ ਵਿਚ ਜਾ ਕੇ ਲਾਹੌਰ ਦੀ ਘਟਨਾ ਦਾ ਜ਼ਿਕਰ ਕਰਦਾ ਹੈ ਅਤੇ ਦੱਸਦਾ ਹੈ ਕਿ ਕਿਵੇਂ ਰੇਲ ਦੇ ਡੱਬੇ ਵਿਚੋਂ ਉਤਰਦੇ ਹੋਏ ਉਹ ਪੁਲਸ ਦੇ ਕਾਬੂ ਆ ਗਏ ਸਨ। ਪੁਲਸ ਉਹਨੂੰ ਨੌਲੱਖੇ ਥਾਣੇ ਲੈ ਗਈ ਸੀ ਅਤੇ ਉਹਨੇ ਪੁਲਸ ਨੂੰ ਸਭ ਕੁਝ ਦੱਸ ਦਿੱਤਾ ਸੀ। ਉਹਦੇ ਬਿਆਨ ਦੇ ਆਧਾਰ ਉੱਤੇ ਹੀ ਚਤਰ ਸਿੰਘ ਜੇਠੂਵਾਲ ਅਤੇ ਭਾਈ ਪ੍ਰੇਮ ਸਿੰਘ ਗਰੰਥੀ ਗੁਰਦੁਆਰਾ ਚੁਮਾਹਲਾ ਸਾਹਿਬ ਲਾਹੌਰੋਂ, ਅਮਰ ਸਿੰਘ ਕੋਟ ਬਾੜੇ ਖਾਂ, ਤੋਤਾ ਸਿੰਘ ਪਸ਼ੌਰੀ ਤੇ ਤਾਰਾ ਸਿੰਘ ਠੇਠਰ ਅੰਮ੍ਰਿਤਸਰੋਂ ਗਰਿਫ਼ਤਾਰ ਕਰ ਲਏ ਗਏ ਸਨ।

ਅਮਰ ਸਿੰਘ ਕੋਟ ਬਾੜੇ ਖਾਂ ਵੀ ਪੁਲਸ ਅਗੇ ਚੱਲ ਤੁਰਿਆ ਅਤੇ ਉਹਦੇ ਬਿਆਨਾਂ ਤੋਂ ਚਤਰ ਸਿੰਘ ਸ਼ੇਖੂਪੁਰਾ ਫੜਿਆ ਗਿਆ। ਉਹ ਵੀ ਯਰਕ ਕੇ ਝੱਟ ਸਰਕਾਰੀ ਗਵਾਹ ਬਣ ਗਿਆ।

ਉਹਦੇ ਬਿਆਨਾਂ ਤੋਂ ਪੁਲਸ ਨੇ ਸੁੰਦਰ ਸਿੰਘ, ਚੈਂਚਲ ਸਿੰਘ ਜੰਡਿਆਲਾ, ਠਾਕੁਰ ਸਿੰਘ ਭੋਜੋਵਾਲ ਅਤੇ ਨਰੈਣ ਸਿੰਘ ਚਾਟੀਵਿੰਡ ਨੂੰ ਗਰਿਫ਼ਤਾਰ ਕਰ ਲਿਆ। ਤੋਤਾ ਸਿੰਘ ਪਸ਼ੌਰੀ ਜਿਹੜੇ ਸੱਤ ਰੀਵਾਲਵਰ ਫਰੰਟੀਅਰ ਵੱਲੋਂ ਲਿਆਇਆ ਸੀ, ਉਹਨਾਂ ਵਿਚੋਂ ਛੇ ਤਾਂ ਪੁਲਸ ਬਰਾਮਦ ਕਰਨ ਵਿਚ ਕਾਮਯਾਬ ਹੋ ਗਈ, ਸੱਤਵਾਂ ਮਾਸਟਰ ਮੋਤਾ ਸਿੰਘ ਪਾਸ ਸੀ ਜਿਹੜਾ ਪੁਲਸ ਦੇ ਹੱਥ ਨਾ ਆ ਸਕਿਆ ਕਿਉਂਕਿ ਸਾਜ਼ਿਸ਼ ਦਾ ਭੇਤ ਖੁੱਲ੍ਹਣ ਉਤੇ ਉਹ ਅਤੇ ਭਾਈ ਕਿਸ਼ਨ ਸਿੰਘ ਜੀ ਮਫ਼ਰੂਰ ਹੋ ਗਏ ਸਨ। ਇਸੇ ਮਫ਼ਰੂਰੀ ਦੌਰਾਨ ਮਾਸਟਰ ਮੋਤਾ ਸਿੰਘ ਅਤੇ ਭਾਈ ਕਿਸ਼ਨ ਸਿੰਘ ਜੀ ਦਾ ਮਿਲਾਪ ਹੋ ਗਿਆ ਸੀ।

ਤਫ਼ਤੀਸ਼ ਮੁਕੰਮਲ ਹੋਣ ਉਤੇ ਪੁਲਸ ਨੇ ਹੇਠ ਲਿਖੇ ਮੁਲਜ਼ਮਾਂ ਦਾ ਚਲਾਨ ਅਦਾਲਤ ਵਿਚ ਪੇਸ਼ ਕਰ ਦਿਤਾ: ਤੋਤਾ ਸਿੰਘ ਪਸ਼ੌਰੀ, ਤਾਰਾ ਸਿੰਘ ਠੇਠਰ ਜ਼ਿਲ੍ਹਾ ਲਾਹੌਰ, ਭਾਈ ਚੈਂਚਲ ਸਿੰਘ, ਅਮਰ ਸਿੰਘ ਕੋਟ ਬਾੜੇ ਖਾਂ, ਨਰੈਣ ਸਿੰਘ ਚਾਟੀਵਿੰਡ, ਬੇਲਾ ਸਿੰਘ ਅਤੇ ਗਰੰਥੀ ਪ੍ਰੇਮ ਸਿੰਘ ਜੀ ਗੁਰਦੁਆਰਾ ਚੁਮਾਹਲਾ ਸਾਹਿਬ ਲਾਹੌਰ।

ਭਗੌੜੇ ਹੋ ਜਾਣ ਵਾਲੇ ਇਹ ਸਨ: ਮਾਸਟਰ ਮੋਤਾ ਸਿੰਘ ਪਤਾਰਾ, ਭਾਈ ਕਿਸ਼ਨ ਸਿੰਘ ਬਿੜੰਗ, ਬਿਜਲਾ ਸਿੰਘ, ਅਮਰ ਸਿੰਘ ਦਿੱਲੀ, ਗੁਰਬਚਨ ਸਿੰਘ ਪਿੰਡ ਅੰਬਾਲਾ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਵਤਨ ਸਿੰਘ ਕਾਹਰੀ ਸਾਹਰੀ ਜ਼ਿਲ੍ਹਾ ਹੁਸ਼ਿਆਰਪੁਰ। ਇਹ ਸਾਰੇ ਮਫ਼ਰੂਰ ਕਰਾਰ ਦੇ ਦਿਤੇ ਗਏ ਅਤੇ ਵਾਰੰਟ ਜਾਰੀ ਹੋ ਗਏ।

ਬਬਰ ਅਕਾਲੀ ਕੇਸ ਦੀ ਜੱਜਮੈਂਟ ਦੇ ਸਫ਼ਾ ਦੋ ਉਤੇ ਇਹ ਕੇਸ ਦਰਜ ਹੈ (ਮਿਸਟਰ ਪੀ ਜੇ ਰਸਟ, ਸਪੈਸ਼ਲ ਮੈਜਿਸਟਰੇਟ, ਦਫ਼ਾ 30 ਦੇ ਅਖ਼ਤਿਆਰਾਂ ਨਾਲ, ਲਾਹੌਰ):

ਪਹਿਲਾ ਅਕਾਲੀ ਕੌਨਸਪੀਰੇਸੀ ਕੇਸ, ਟਰਾਇਲ ਨੰ: 1- 1922 ਕਿੰਗ ਐਮਪਰਰ ਬਨਾਮ ਤੋਤਾ ਸਿੰਘ ਅਤੇ ਦੂਜੇ ਮੁਲਜ਼ਮ ਜਿਨ੍ਹਾਂ ਦਾ ਹੁਕਮ 18 ਮਈ 1922 ਨੂੰ ਸੁਣਾਇਆ ਗਿਆ।

"ਇਸ ਸਾਜ਼ਿਸ਼ ਦਾ ਪਤਾ 23 ਮਈ 1921 ਨੂੰ ਲੱਗਿਆ ਜਦੋਂ ਦੋ ਬੰਦੇ ਗੰਡਾ ਸਿੰਘ ਅਤੇ ਬੇਲਾ ਸਿੰਘ ਲਾਹੌਰ ਰੇਲਵੇ ਸਟੇਸ਼ਨ ਉਤੇ ਫੜੇ ਗਏ ਸਨ ਜਿਹੜੇ ਇਸ ਪਹਿਲੀ ਸਾਜ਼ਿਸ਼ ਵਿਚ ਸ਼ਾਮਲ ਸਨ। ਇਹ ਦੋਵੇਂ ਮਿਸਟਰ ਕਿੰਗ ਨੂੰ ਰੇਲਵੇ ਸਟੇਸ਼ਨ ਉਤੇ ਕਤਲ ਕਰਨ ਦੇ ਇਰਾਦੇ ਨਾਲ ਗਏ ਸਨ ਜਦੋਂ ਕਿ ਉਹ ਇਹਨਾਂ ਨੂੰ ਆਪਣੇ ਬੰਗਲੇ ਵਿਚ ਨਹੀਂ ਸੀ ਮਿਲ ਸਕਿਆ। ਇਸੇ ਕੇਸ ਵਿਚ ਕਿਸ਼ਨ ਸਿੰਘ ਮੁਲਜ਼ਮ ਨੰ: 1 ਅਤੇ ਮਾਸਟਰ ਮੋਤਾ ਸਿੰਘ ਵੀ ਚਾਹੀਦੇ ਸਨ ਪਰ ਦੋਵੇਂ ਮਫ਼ਰੂਰ ਹੋ ਚੁੱਕੇ ਸਨ, ਵਗ਼ੈਰਾ ਵਗੈਰਾ...।"

ਇਸ ਕੇਸ ਵਿਚ ਪਹਿਲਾ ਗਵਾਹ ਵਾਇਦਾ-ਮੁਆਫ਼ ਗੰਡਾ ਸਿੰਘ ਸੀ ਜੀਹਦਾ ਜ਼ਿਕਰ ਪਹਿਲਾਂ ਆ ਚੁੱਕਿਆ ਹੈ ਅਤੇ ਦੂਜਾ ਸੀ (ਦੇਖੋ ਪੇਪਰ-ਬੁੱਕ ਸਫ਼ਾ 858; ਗਵਾਹ ਨੰ: 475) ਸੰਤ ਸਿੰਘ ਉਰਫ਼ ਚਤਰ ਸਿੰਘ ਵਲਦ ਸਰਦਾਰ ਬਹਾਦਰ ਸਰਦਾਰ ਲਹਿਣਾ ਸਿੰਘ, ਉਮਰ 32 ਸਾਲ, ਜ਼ਾਤ ਜੱਟ, ਪਿੰਡ ਤੁੰਗ ਕਲਾਂ, ਜ਼ਿਲ੍ਹਾ ਗੁਜਰਾਂਵਾਲਾ, ਪੇਸ਼ਾ ਖੇਤੀਬਾੜੀ।

"ਮੇਰੇ ਬਾਪ ਨੂੰ ਸਾਢੇ ਅੱਠ ਮੁਰੱਬੇ ਜ਼ਿਲ੍ਹਾ ਸਰਗੋਧਾ ਵਿਚ ਮਿਲੇ ਹੋਏ ਹਨ ਅਤੇ 9 ਮੁਰੱਬੇ ਜ਼ਮੀਨ ਪਿੰਡ ਤੁੰਗ ਕਲਾਂ ਵਿਚ ਵੱਖਰੀ ਹੈ। ਮੈਂ ਅਕਾਲੀਆਂ ਅਤੇ ਪੁਜਾਰੀਆਂ ਦੇ ਝਗੜੇ ਵਿਚ ਅਕਾਲੀ ਸਜ ਗਿਆ ਸੀ ਤਾਂ ਮੇਰੀ ਜਾਣ-ਪਛਾਣ ਇਹਨਾਂ ਅਕਾਲੀਆਂ ਨਾਲ ਹੋ ਗਈ ਸੀ: ਕਿਸ਼ਨ ਸਿੰਘ ਮੁਲਜ਼ਮ ਨੰ: 1, ਅਮਰ ਸਿੰਘ ਵਾਇਦਾ-ਮੁਆਫ਼, ਬਿਜਲਾ ਸਿੰਘ, ਗੁਰਚਰਨ ਸਿੰਘ, ਅਮਰ ਸਿੰਘ ਦਿੱਲੀ ਵਾਲਾ, ਗੰਡਾ ਸਿੰਘ, ਨਰੈਣ ਸਿੰਘ, ਬੇਲਾ ਸਿੰਘ ਅਤੇ ਤੋਤਾ ਸਿੰਘ। ਅਸੀਂ ਅਕਸਰ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਸਰਕਾਰੀ ਅਫਸਰਾਂ ਅਤੇ ਹੋਰਨਾਂ ਦੇ ਵਿਰੁੱਧ ਸਾਜ਼ਿਸ਼ਾਂ ਘੜਿਆ ਕਰਦੇ ਸੀ ਕਿ ਉਹਨਾਂ ਨੂੰ ਕਤਲ ਕਰਨਾ ਚਾਹੀਦਾ ਹੈ। ਮੇਰੇ ਜ਼ਿੰਮੇ ਰਕਮ ਇਕੱਠੀ ਕਰਨ ਦਾ ਕੰਮ ਸੌਂਪਿਆ ਹੋਇਆ ਸੀ ਜਿਸ ਨਾਲ ਮੈਂ, ਤੋਤਾ ਸਿੰਘ ਅਤੇ ਹੋਰਨਾਂ ਨੇ ਹਥਿਆਰ ਖ਼ਰੀਦੇ ਸਨ ਜੋ ਵੱਖਰੀਆਂ-ਵੱਖਰੀਆਂ ਥਾਵਾਂ ਤੋਂ ਖ਼ਰੀਦ ਕੇ ਅੰਮ੍ਰਿਤਸਰ ਲਿਆਂਦੇ ਗਏ ਸਨ। ਮੈਂ ਇਹ ਲਿਆ ਕੇ ਦਫ਼ਤਰ ਵਿਚ ਰੱਖ ਦਿਤੇ ਸਨ ਜਿਥੇ ਮੁਲਜ਼ਮ ਕਿਸ਼ਨ ਸਿੰਘ ਅਕਾਲੀ ਦਲ ਦਾ ਸਕੱਤਰ ਰਹਿੰਦਾ ਸੀ। ਮਿਸਟਰ ਬੌਰਿੰਗ, ਸ. ਬ. ਸੁੰਦਰ ਸਿੰਘ ਮਜੀਠੀਏ, ਮਾਣਕ ਦੇ ਮਹੰਤ ਅਤੇ ਹੋਰਨਾਂ ਨੂੰ ਕਤਲ ਕਰਨ ਦੀ ਕੋਸ਼ਿਸ਼ ਤਾਂ ਕੀਤੀ ਗਈ ਸੀ ਪਰ ਕਾਮਯਾਬੀ ਨਹੀਂ ਸੀ ਮਿਲੀ। ਗੰਡਾ ਸਿੰਘ ਅਤੇ ਬੇਲਾ ਸਿੰਘ ਲਾਹੌਰ ਸਟੇਸ਼ਨ ਉਤੇ ਗ੍ਰਿਫ਼ਤਾਰ ਕਰ ਲਏ ਗਏ ਸਨ, ਮੁਲਜ਼ਮ ਕਿਸ਼ਨ ਸਿੰਘ ਉਸ ਕੇਸ ਵਿਚ ਮਫ਼ਰੂਰ ਹੋ ਗਿਆ ਸੀ ਅਤੇ ਮੈਂ ਆਪ ਵਾਇਦਾ-ਮੁਆਫ਼ ਗਵਾਹ ਬਣ ਗਿਆ ਸੀ।"




ਬੱਬਰਾਂ ਬਾਰੇ ਲਿਖੀਆਂ ਕਿਤਾਬਾਂ (ਖੱਬਿਓਂ) ਮਿਲਖਾ ਸਿੰਘ ਨਿੱਝਰ ਦੀ ਕਿਤਾਬ 'ਬੱਬਰ ਅਕਾਲੀ ਲਹਿਰ ਦਾ ਇਤਿਹਾਸ', ਸੁੰਦਰ ਸਿੰਘ ਬੱਬਰ ਦੀ ਕਿਤਾਬ 'ਬੱਬਰ ਅਕਾਲੀ ਲਹਿਰ' ਅਤੇ ਵਿਜੈ ਬੰਬੇਲੀ ਦੀ ਕਿਤਾਬ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ'।

18 ਮਈ 1922 ਨੂੰ ਫ਼ੈਸਲਾ ਸੁਣਾ ਦਿੱਤਾ ਗਿਆ ਜਿਸ ਵਿਚ ਤੋਤਾ ਸਿੰਘ ਪਸ਼ੌਰੀ ਅਤੇ ਤਾਰਾ ਸਿੰਘ ਠੇਠਰ ਨੂੰ ਪੰਜ-ਪੰਜ ਸਾਲ, ਬੇਲਾ ਸਿੰਘ ਨੂੰ ਚਾਰ ਸਾਲ ਅਤੇ ਚੈਂਚਲ ਸਿੰਘ ਜੰਡਿਆਲਾ ਜ਼ਿਲ੍ਹਾ ਜਲੰਧਰ ਨੂੰ ਇਕ ਸਾਲ ਕੈਦ ਹੋ ਗਈ। ਅਮਰ ਸਿੰਘ ਕੋਟ ਬਾੜੇ ਖਾਂ, ਨਰੈਣ ਸਿੰਘ ਚਾਟੀਵਿੰਡ ਅਤੇ ਭਾਈ ਪ੍ਰੇਮ ਸਿੰਘ ਜੀ ਗਰੰਥੀ ਬਰੀ ਕਰ ਦਿੱਤੇ ਗਏ ਸਨ।

ਮਾਸਟਰ ਮੋਤਾ ਸਿੰਘ, ਭਾਈ ਕਿਸ਼ਨ ਸਿੰਘ, ਗੁਰਬਚਨ ਸਿੰਘ ਅੰਬਾਲਾ, ਵਤਨ ਸਿੰਘ ਕਾਹਰੀ ਸਾਹਰੀ, ਅਮਰ ਸਿੰਘ ਦਿੱਲੀ ਅਤੇ ਬਿਜਲਾ ਸਿੰਘ ਇਸ਼ਤਿਹਾਰੀ ਮਫ਼ਰੂਰ ਕਰਾਰ ਦੇ ਕੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ। ਭਾਰੀ ਵਤਨ ਸਿੰਘ ਕਾਹਰੀ ਸਾਹਰੀ ਦਾ ਲੜਕਾ ਕਰਤਾਰ ਸਿੰਘ ਵੀ ਖ਼ਾਲਸਾ ਸਕੂਲ ਜਲੰਧਰ ਵਿਚ ਮੇਰੇ ਨਾਲ ਉਨ੍ਹਾਂ ਦਿਨਾਂ ਵਿਚ ਸੀਨੀਆਰ ਕਲਾਸ ਵਿਚ ਪੜ੍ਹਦਾ ਸੀ ਅਤੇ ਭਾਈ ਵਤਨ ਸਿੰਘ ਦੇ ਦਰਸ਼ਨ ਕਰਨ ਦਾ ਮੌਕਾ ਉਨ੍ਹਾਂ ਦਿਨਾਂ ਵਿਚ ਹੀ ਮਿਲਿਆ ਸੀ। ਉਹ ਆਪਣੇ ਲੜਕੇ ਨੂੰ ਚੋਰੀ-ਛਿਪੇ ਮਿਲਣ ਸਕੂਲੇ ਆਇਆ ਕਰਦੇ ਸਨ। ਸੋ ਇਨ੍ਹਾਂ ਮਫ਼ਰੂਰਾਂ ਬਾਬਤ ਮਾਸਟਰ ਮੋਤਾ ਸਿੰਘ ਅਤੇ ਭਾਈ ਕਿਸ਼ਨ ਸਿੰਘ ਜੀ ਤੋਂ ਬਿਨਾਂ ਮੈਨੂੰ ਕੋਈ ਪਤਾ ਨਹੀਂ ਕਿ ਕੀ ਬਣਿਆ ਅਤੇ ਨਾ ਹੀ ਸਾਡੇ ਕੇਸ ਵਿਚ ਇਨ੍ਹਾਂ ਬਾਬਤ ਕੋਈ ਸ਼ਹਾਦਤ ਹੀ ਪੇਸ਼ ਹੋਈ ਸੀ।

# 'ਫਿਰਿ ਬਾਬਾ ਆਇਆ ਕਰਤਾਰ ਪੁਰਿ'

ਮੇਰੀ ਮਾਲਕਣ ਬੀਬੀ ਰਜਵੰਤ ਕੌਰ ਸੰਧੂ ਨੂੰ ਮੇਰੇ 'ਤੇ ਜੀਵਨ ਭਰ ਗਿਲਾ ਰਿਹਾ ਹੈ ਕਿ ਮੈਂ ਉਹਨੂੰ ਕਦੀ ਵੀ 'ਘੁਮਾਉਣ-ਫਿਰਾਉਣ' ਲੈ ਕੇ ਕਿਤੇ ਨਹੀਂ ਗਿਆ। ਪਿਛਲੇ ਸਾਲ ਪੰਜਾਬ ਗਏ ਤਾਂ ਕਹਿੰਦੀ, "ਐਤਕੀਂ ਕਰਤਾਰਪੁਰ ਈ ਵਿਖਾ ਦਿਉ। ਨਾਲੇ ਜੀਤੀ ਤੇ ਮਨਦੀਪ ਹੁਰਾਂ ਨੂੰ ਵੀ ਮਿਲ ਲਵਾਂਗੇ।"

ਡੇਰਾ ਬਾਬਾ ਨਾਨਕ ਦੇ ਅਸਲੋਂ ਨਜ਼ਦੀਕ ਪੈਂਦੇ ਪਿੰਡ 'ਠੇਠਰ ਕੇ' ਵਿਚ ਉਹਦੀ ਸਵਰਗੀ ਭੈਣ ਮਲਕੀਤ ਕੌਰ ਦੇ ਸਹੁਰੇ ਹਨ ਅਤੇ ਨੇੜਲੇ ਪਿੰਡ 'ਡਾਲੇ' ਵਿਚ ਉਹਦੀ ਛੋਟੀ ਭੈਣ ਜਗਜੀਤ ਵਿਆਹੀ ਹੋਈ ਹੈ।

ਮੈਂ ਸੋਚਿਆ ਚਲੋ ਠੀਕ ਹੈ। ਨਾਲੇ ਪੁੰਨ ਨਾਲੇ ਫਲੀਆਂ! ਨਾਲੇ ਗੁਰੂ ਸਾਹਿਬ ਨੂੰ ਮਿਲ ਲਵਾਂਗੇ ਨਾਲੇ ਰਿਸ਼ਤੇਦਾਰੀ ਨਿਭਾਅ ਆਵਾਂਗੇ। ਵੀਜ਼ੇ ਲਈ ਔਨ-ਲਾਈਨ ਅਪਲਾਈ ਕੀਤਾ। ਮੇਰਾ ਵੀਜ਼ਾ ਲੱਗ ਗਿਆ ਤੇ ਜਿਹਦੀ ਜਾਣ ਦੀ ਇੱਛਾ ਸੀ, ਉਹਦਾ ਰਹਿ ਗਿਆ। ਦੋਬਾਰਾ ਅਪਲਾਈ ਕੀਤਾ ਤਾਂ ਦੋਵਾਂ ਦਾ ਵੀਜ਼ਾ ਮਨਜ਼ੂਰ ਹੋ ਗਿਆ। ਇਹਦੀ ਮੁਹਰ ਪਾਸਪੋਰਟ 'ਤੇ ਨਹੀਂ, ਅਲੱਗ ਕਾਗਜ਼ 'ਤੇ ਲੱਗਦੀ ਹੈ ਤੇ ਸਰਹੱਦ ਦੇ ਉਰਾਰ-ਪਾਰ ਪਾਸਪੋਰਟ ਦੇ ਨਾਲ ਇਹ ਕਾਗਜ਼ ਵੀ ਵਿਖਾਉਣਾ ਪੈਂਦਾ ਹੈ।



**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਅਸੀਂ ਪਹਿਲੀ ਅਪ੍ਰੈਲ ਨੂੰ ਜਾਣ ਦਾ ਪ੍ਰੋਗਰਾਮ ਬਣਾ ਲਿਆ। 'ਠੇਠਰ ਕੇ' ਵਾਲੀ ਭੈਣ ਮਲਕੀਤ ਕੌਰ ਦੇ ਬੇਟੇ ਮਨਦੀਪ ਨੂੰ ਦੱਸਿਆ ਕਿ ਜਾਣ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਦੇ ਹਸਪਤਾਲ ਤੋਂ 'ਕੋਵਿਡ' ਦਾ ਟੈਸਟ ਕਰਵਾ ਕੇ, ਰਿਪੋਰਟ ਨਾਲ ਲੈ ਕੇ ਜਾਣੀ ਹੈ। ਉਹ ਕਹਿੰਦਾ, "ਤੁਸੀਂ ਆਪਣੇ ਆਧਾਰ ਕਾਰਡ ਭੇਜ ਦਿਉ, ਮੈਂ ਸਰਟੀਫ਼ਿਕੇਟ ਬਣਾ ਛੱਡਾਂਗਾ। ਉਸ ਦਿਨ ਟਾਈਮ ਬਚ ਜਾਊ।"

ਉਹ ਸਿਹਤ ਵਿਭਾਗ ਵਿਚ ਹੀ ਨੌਕਰੀ ਕਰਦਾ ਹੈ।

ਮੈਂ ਕਿਹਾ, "ਸਾਡਾ ਟੈਸਟ ਕਰਨ ਤੋਂ ਬਿਨਾਂ ਰਿਪੋਰਟ ਕਿਵੇਂ ਮਿਲ ਜੂ?"

"ਤੁਸੀਂ ਫ਼ਿਕਰ ਨਾ ਕਰੋ! ਸਭ ਕੁੱਝ ਹੋ ਜਾਂਦਾ।"

ਸ਼ਾਮ ਤੱਕ ਅਸੀਂ 'ਠੇਠਰ ਕੇ' ਪਹੁੰਚ ਗਏ। ਚਾਹ-ਪਾਣੀ ਪੀ ਕੇ ਰਜਵੰਤ ਕੌਰ ਕਹਿੰਦੀ, "ਮਨਦੀਪ! ਚੱਲ ਜੀਤੀ ਨੂੰ ਮਿਲ ਆਈਏ।"

ਮਨਦੀਪ ਨੇ ਕਾਰ ਕੱਢੀ ਤੇ ਅਸੀਂ ਵੀਹ ਕੁ ਮਿੰਟ ਵਿਚ ਜਗਜੀਤ ਦੇ ਪਿੰਡ ਡਾਲੇ ਪਹੁੰਚ ਗਏ। ਉਹਨੇ ਰਾਤ ਦਾ ਖਾਣਾ ਬਣਾਇਆ ਹੋਇਆ ਸੀ। ਅਸੀਂ ਖਾਣਾ ਖਾਧਾ। ਰਾਤ ਪੈ ਚੁੱਕੀ ਸੀ। ਜਗਜੀਤ ਤੇ ਉਹਦਾ ਪਤੀ ਨਰਿੰਦਰ ਕਹਿੰਦੇ, "ਹੁਣ ਐਥੇ ਸੌਂ ਜੋ। ਸਵੇਰੇ ਨਹਾ ਧੋ ਕੇ ਏਥੋਂ ਹੀ ਕਰਤਾਰਪੁਰ ਚਲੇ ਜਾਇਉ।"

ਫ਼ੈਸਲਾ ਹੋਇਆ ਕਿ ਅਸੀਂ ਰਾਤ ਓਥੇ ਹੀ ਟਿਕ ਜਾਂਦੇ ਹਾਂ ਤੇ ਸਵੇਰੇ ਵੇਲੇ ਸਿਰ ਆ ਕੇ ਮਨਦੀਪ ਸਾਨੂੰ ਕਰਤਾਰਪੁਰ ਲੈ ਜਾਵੇਗਾ।

ਅਸੀਂ ਨਹਾ ਧੋ ਕੇ ਸਵੇਰੇ ਨਾਸ਼ਤਾ ਕਰਨ ਲੱਗੇ ਸਾਂ ਕਿ ਮਨਦੀਪ ਵੀ ਪਹੁੰਚ ਗਿਆ। ਉਹਨੇ ਸਾਨੂੰ ਕਾਰ ਵਿਚ ਬਿਠਾਇਆ ਤੇ ਕਾਰ ਡੇਰਾ ਬਾਬਾ ਨਾਨਕ ਵੱਲ ਤੋਰ ਲਈ। 'ਠੇਠਰ ਕੇ' ਤੇ 'ਡਾਲੇ' ਨੂੰ ਰਾਹ ਡੇਰਾ ਬਾਬਾ ਨਾਨਕ ਵਿਚੋਂ ਲੰਘਦਾ ਹੋਣ ਕਰਕੇ ਮੈਂ ਅਨੇਕਾਂ ਵਾਰ ਡੇਰਾ ਬਾਬਾ ਨਾਨਕ ਵਿਚ ਦੀ ਲੰਘਿਆ ਹਾਂ। ਅੱਜ ਜਦੋਂ ਇਸ ਕਸਬੇ ਵਿਚੋਂ ਕਰਤਾਰਪੁਰ ਵੱਲ ਜਾ ਰਹੇ ਸਾਂ ਤਾਂ ਮੈਨੂੰ ਪਹਿਲੀ ਵਾਰ ਡੇਰਾ ਬਾਬਾ ਨਾਨਕ ਦੀ ਕੀਤੀ 'ਯਾਤਰਾ' ਯਾਦ ਆਈ।

ਮੈਂ, ਰਜਵੰਤ ਤੇ ਮਨਦੀਪ ਨਾਲ ਉਸ ਯਾਤਰਾ ਦਾ ਵੇਰਵਾ ਸਾਂਝਾ ਕਰਨ ਲੱਗਾ।

1969 ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਗੁਰੂ ਨਾਨਕ ਪਾਤਸ਼ਾਹ ਦਾ ਪੰਜ ਸੌਵਾਂ ਜਨਮ ਦਿਹਾੜਾ ਸਰਕਾਰੀ ਤੌਰ 'ਤੇ ਡੇਰਾ ਬਾਬਾ ਨਾਨਕ ਵਿਖੇ ਮਨਾਇਆ ਗਿਆ ਸੀ। ਉਦੋਂ ਤੱਕ ਭਾਸ਼ਾ ਵਿਭਾਗ ਮੈਨੂੰ 'ਲੇਖਕ' ਮੰਨ ਚੁੱਕਾ ਸੀ ਕਿਉਂਕਿ ਉਸ ਵੇਲੇ ਤੱਕ ਮੇਰੀਆਂ ਰਚਨਾਵਾਂ 'ਪ੍ਰੀਤ ਲੜੀ', 'ਆਰਸੀ', 'ਕਵਿਤਾ', 'ਕਹਾਣੀ', 'ਫਤਹਿ', 'ਪ੍ਰੀਤਮ', 'ਹੇਮ ਜਯੋਤੀ' ਤੇ ਹੋਰ ਪਰਚਿਆਂ ਵਿਚ ਛਪ ਚੁੱਕੀਆਂ ਸਨ। ਮੇਰੀਆਂ ਕੁੱਝ ਰਚਨਾਵਾਂ ਭਾਸ਼ਾ ਵਿਭਾਗ ਦੇ ਪਰਚੇ 'ਜਨ ਸਾਹਿਤ' ਵਿਚ ਵੀ ਛਪ ਚੁੱਕੀਆਂ ਸਨ। ਭਾਸ਼ਾ ਵਿਭਾਗ ਦਾ 'ਮਾਨਤਾ-ਪ੍ਰਾਪਤ ਲੇਖਕ' ਹੋਣ ਕਰਕੇ ਵਿਭਾਗ ਵੱਲੋਂ ਮੈਨੂੰ ਵੀ ਇਸ ਸਮਾਗਮ ਵਿਚ ਹਾਜ਼ਰ ਹੋਣ ਲਈ ਸੱਦਾ ਪੱਤਰ ਮਿਲਿਆ ਸੀ ਤੇ ਇਹ ਵੀ ਕਿਹਾ ਗਿਆ ਸੀ ਕਿ ਆਉਣ-ਜਾਣ ਦੇ ਕਿਰਾਏ ਵਜੋਂ ਮਾਣ-ਭੇਟਾ ਵੀ ਦਿੱਤੀ ਜਾਵੇਗੀ। ਮਾਣ-ਭੇਟਾ ਉਦੋਂ ਸ਼ਾਇਦ ਵੀਹ ਕੁ ਰੁਪਏ ਲਿਖੀ ਸੀ ਤੇ 1969 ਵਿਚ ਏਨੀ ਕੁ ਮਾਇਆ ਨਾਲ ਮੇਰੇ ਪਿੰਡ ਸੁਰ ਸਿੰਘ ਤੋਂ ਡੇਰੇ ਬਾਬੇ ਨਾਨਕ ਸੌਖੇ ਹੀ ਆਇਆ-ਜਾਇਆ ਜਾ ਸਕਦਾ ਸੀ। ਸਮਾਗਮ ਤੋਂ ਪਹਿਲੀ ਰਾਤ ਮੈਂ ਅੰਬਰਸਰ ਪਹੁੰਚ ਗਿਆ। ਡੇਰੇ ਨੂੰ ਗੱਡੀ ਅੱਧੀ ਰਾਤ ਤੋਂ ਬਾਅਦ ਚੱਲਦੀ ਸੀ। ਮੈਂ ਸਮਾਂ ਬਿਤਾਉਣ ਲਈ ਰੇਲਵੇ ਸਟੇਸ਼ਨ ਦੇ ਸਾਹਮਣੇ ਬਣੇ 'ਪਰਕਾਸ਼' ਸਿਨੇਮੇ ਵਿਚ 'ਮੇਰਾ ਨਾਮ ਜੋਕਰ' ਫ਼ਿਲਮ ਵੇਖਣ ਚਲਾ ਗਿਆ। ਫ਼ਿਲਮ ਵੇਖਣ ਤੋਂ ਬਾਅਦ ਸਟੇਸ਼ਨ 'ਤੇ ਆ ਕੇ ਟਿਕਟ ਲਈ ਤੇ ਟਰੇਨ ਉਡੀਕਣ ਲੱਗਾ। ਸੂਰਜ ਦੇ ਚੜ੍ਹਾਅ ਨਾਲ ਮੈਂ ਡੇਰੇ ਪਹੁੰਚ ਗਿਆ।

ਉਸ ਸਮਾਗਮ ਵਿਚ ਪੰਜਾਬ ਭਰ ਤੋਂ ਵੱਡੇ-ਛੋਟੇ ਲੇਖਕ ਇਕੱਠੇ ਹੋਏ ਸਨ। ਉਨ੍ਹਾਂ ਨੂੰ ਮਿਲਣਾ, ਵੇਖਣਾ ਚੰਗਾ ਲੱਗ ਰਿਹਾ ਸੀ। ਸਾਡੀ ਜ਼ਬਾਨ ਦੇ ਸਭ ਤੋਂ ਵੱਡੇ ਲੇਖਕ ਬਾਬਾ ਨਾਨਕ ਨੇ ਆਪਣੇ ਬੱਚਿਆਂ ਨੂੰ ਆਪਸ ਵਿਚ ਮਿਲਣ ਦਾ ਸੋਹਣਾ ਸਬੱਬ ਬਣਾ ਦਿੱਤਾ ਸੀ। ਹੁਣ ਸਿਰਫ਼ ਏਨਾ ਕੁ ਯਾਦ ਹੈ ਕਿ ਦੋ ਬੁਲਾਰਿਆਂ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ ਸੀ। ਇੱਕ ਤਾਂ ਸੀ ਪ੍ਰਸਿੱਧ ਵਿਦਵਾਨ ਡਾ. ਤਾਰਨ ਸਿੰਘ ਤੇ ਦੂਜਾ ਸੀ ਉਸ ਵੇਲੇ ਦਾ ਭਾਸ਼ਾ ਤੇ ਸਿੱਖਿਆ-ਮੰਤਰੀ ਸੁਰਜੀਤ ਸਿੰਘ ਬਰਨਾਲਾ।

...ਗੱਲਾਂ ਅਜੇ ਮੁੱਕੀਆਂ ਨਹੀਂ ਸਨ ਕਿ ਅਸੀਂ ਕਰਤਾਰਪੁਰ ਕਾਰੀਡੋਰ ਦੇ ਸਾਹਮਣੇ ਪਹੁੰਚ ਗਏ। ਮਨਦੀਪ ਨੇ ਆਪਣੀ ਕਾਰ ਪਾਰਕ ਕੀਤੀ। ਅਸੀਂ ਕਾਰੀਡੋਰ ਅੱਗੇ ਕੁੱਝ ਤਸਵੀਰਾਂ ਖਿੱਚੀਆਂ। ਮਨਦੀਪ ਨਾਲ ਗੱਲ ਤੈਅ ਹੋ ਗਈ ਕਿ ਉਹ ਸਾਡੀ ਵਾਪਸੀ 'ਤੇ ਸਾਨੂੰ ਏਸੇ ਥਾਂ ਤੋਂ ਆ ਕੇ ਲੈ ਜਾਵੇਗਾ।

ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਤਿੰਨਾਂ ਨਗਰਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਪਹਿਲਾ ਤਲਵੰਡੀ ਰਾਇ ਭੋਇ ਦੀ, ਜਿੱਥੇ ਉਨ੍ਹਾਂ ਨੇ ਜਨਮ ਲਿਆ, ਬਚਪਨ ਗੁਜ਼ਾਰਿਆ ਤੇ ਜਵਾਨੀ ਚੜ੍ਹੇ। ਦੂਜਾ ਨਗਰ ਹੈ ਸੁਲਤਾਨਪੁਰ ਲੋਧੀ, ਜਿੱਥੇ ਉਨ੍ਹਾਂ ਨੇ 'ਸੱਚ ਦਾ ਵਪਾਰ' ਕੀਤਾ; ਗ੍ਰਹਿਸਥ ਧਾਰਨ ਕੀਤਾ; ਸੱਚ ਦਾ ਮਾਰਗ ਲੱਭਿਆ ਅਤੇ ਮਰਦਾਨੇ ਦੇ ਸੰਗ-ਸਾਥ ਵਿਚ ਦੁਨੀਆਂ ਨੂੰ ਉਸ ਮਾਰਗ ਦੀ ਸੋਝੀ ਦੇਣ ਲਈ ਜਗਤ-ਉਦਾਸੀਆਂ ਲਈ ਨਿਕਲੇ। ਤੀਜਾ ਨਗਰ ਕਰਤਾਰਪੁਰ, ਜਿੱਥੇ ਗੁਰੂ ਸਾਹਿਬ ਨੇ ਆਪਣੇ ਜੀਵਨ-ਸਿਧਾਂਤ ਤੇ ਜੀਵਨ-ਵਿਹਾਰ ਨੂੰ ਇੱਕ-ਮਿੱਕ ਕਰ ਕੇ ਵਿਖਾਇਆ।

ਸਾਡੇ ਅੰਦਰਲੇ ਚਾਅ ਵਿਚ ਉਮਲ-ਉੱਛਲ ਰਿਹਾ ਸੀ। ਅਸੀਂ ਆਪਣੇ ਸਤਿਗੁਰੂ ਦੀ ਉਸ ਧਰਤੀ ਨੂੰ ਪਰਸਣ ਜਾ ਰਹੇ ਸਾਂ, ਜਿਸ ਧਰਤੀ ਨੂੰ ਉਨ੍ਹਾਂ ਨੇ ਆਪਣੇ ਜੀਵਨ ਦੇ ਆਖ਼ਰੀ ਵਡਮੁੱਲੇ ਸਾਲਾਂ ਵਿਚ ਆਪਣੇ ਜੀਵਨ-ਸਿਧਾਂਤ ਦਾ ਪਰਚਾਰ ਕਰਨ ਲਈ ਆਦਰਸ਼ਕ ਜੀਵਨ ਦਾ ਨਮੂਨਾ ਪੇਸ਼ ਕੀਤਾ; ਜਿੱਥੇ ਉਨ੍ਹਾਂ ਨੇ ਸਮੂਹ ਪਰਿਵਾਰ (ਮਾਤਾ-ਪਿਤਾ, ਪਤਨੀ ਤੇ ਪੁੱਤਰਾਂ ਸਮੇਤ) ਸਹਿਤ ਰਿਹਾਇਸ਼ ਕੀਤੀ ਤੇ ਹੱਥੀਂ ਖੇਤੀ ਕਰ ਕੇ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਮਾਰਗ ਦ੍ਰਿੜ੍ਹ ਕਰਵਾਇਆ। ਇਸ ਥਾਂ ਨੂੰ ਉਨ੍ਹਾਂ ਨੇ 17 ਸਾਲ, 5 ਮਹੀਨੇ ਅਤੇ 9 ਦਿਨ ਰੰਗ-ਭਾਗ ਲਾਏ। ਕਰਤਾਰਪੁਰ ਦੀ ਰਮਣੀਕ ਧਰਤੀ 'ਤੇ ਹੀ ਉਨ੍ਹਾਂ ਨੇ ਆਸਾ ਦੀ ਵਾਰ, ਜਪੁ ਜੀ, ਤੁਖਾਰੀ ਰਾਗ ਦਾ ਬਾਰਹ ਮਾਹ, ਸਿਧ ਗੋਸਟਿ ਵਰਗੀਆਂ ਮਹੱਤਵਪੂਰਨ ਬਾਣੀਆਂ ਦੀ ਸਿਰਜਣਾ ਕੀਤੀ। ਏਥੇ ਹੀ ਭਾਈ ਲਹਿਣੇ ਨੂੰ ਮੱਥਾ ਟੇਕ ਕੇ ਗੁਰਗੱਦੀ ਬਖ਼ਸ਼ੀ ਤੇ ਜੋਤੀ ਜੋਤ ਵੀ ਏਥੇ ਹੀ ਸਮਾਏ।

ਡੁੱਲ੍ਹ-ਡੁੱਲ੍ਹ ਪੈਂਦੀ ਖ਼ੁਸ਼ੀ ਨਾਲ ਅਸੀਂ ਸਭ ਤੋਂ ਪਹਿਲਾਂ ਭਾਰਤੀ ਕਸਟਮ-ਅਧਿਕਾਰੀਆਂ ਅੱਗੇ ਪਾਸਪੋਰਟਾਂ ਸਮੇਤ ਲੋੜੀਂਦੇ ਕਾਗਜ਼ ਪੱਤਰ ਪੇਸ਼ ਕੀਤੇ। ਕੁਰਸੀ 'ਤੇ ਬੈਠੇ ਸੱਜਣ ਨੇ ਸਾਡੇ ਸਾਹਮਣੇ ਇੱਕ ਫ਼ਾਰਮ ਕੀਤਾ ਜਿਸ ਵਿਚ ਹੋਰ ਵੇਰਵਿਆਂ ਤੋਂ ਇਲਾਵਾ ਇਹ ਵੀ ਦਰਜ ਕਰਨਾ ਪੈਣਾ ਸੀ ਕਿ ਅਸੀਂ ਆਪਣੇ ਨਾਲ ਕਿੰਨੇ ਪੈਸੇ ਲੈ ਕੇ ਜਾ ਰਹੇ ਹਾਂ। ਫ਼ੀਸ ਵਜੋਂ, ਵੀਹ ਯੂ ਐੱਸ ਡਾਲਰ ਪ੍ਰਤੀ ਜੀਅ ਨਾਲ ਲੈ ਕੇ ਜਾਣ ਦੀ ਆਗਿਆ ਤਾਂ ਸੀ ਹੀ। ਘਰੋਂ ਮੈਨੂੰ ਆਪਣੇ ਪੁੱਤਰ ਸੁਪਨਦੀਪ ਸੰਧੂ ਦੇ ਕਮਰੇ ਵਿਚੋਂ ਅੱਠ ਹਜ਼ਾਰ ਰੁਪਏ ਦੀ ਪਾਕਿਸਤਾਨੀ ਕਰੰਸੀ ਮਿਲੀ ਸੀ। ਉਹ ਕੁੱਝ ਸਾਲ ਪਹਿਲਾਂ ਪ੍ਰਾਈਮ ਏਸ਼ੀਆ ਟੀ ਵੀ ਵੱਲੋਂ ਨਨਕਾਣਾ ਸਾਹਿਬ ਵਿਚ ਗੁਰਪੁਰਬ ਦੇ ਜਸ਼ਨਾਂ ਨੂੰ ਟੀ ਵੀ 'ਤੇ ਨਾਲ ਦੇ ਨਾਲ ਵਿਖਾਉਣ ਲਈ ਪਾਕਿਸਤਾਨ ਗਿਆ ਸੀ। ਇਹ ਬਚੇ ਹੋਏ ਪੈਸੇ ਉਹ ਵਾਪਸ ਮੁੜਦਿਆਂ ਨਾਲ ਲੈ ਆਇਆ ਸੀ।

ਜਦੋਂ ਮੈਂ ਦੱਸਿਆ ਕਿ ਸਾਡੇ ਕੋਲ ਅੱਠ ਹਜ਼ਾਰ ਪਾਕਿਸਤਾਨੀ ਰੁਪਏ ਵੀ ਹਨ ਤਾਂ ਉਹ 'ਸੱਜਣ' ਕਹਿੰਦਾ, "ਉਹੋ ਜੀ! ਇਹ ਤਾਂ ਗ਼ਲਤ ਗੱਲ ਹੋ



'ਗੀ। ਜੇ ਇਹ ਪੈਸੇ ਓਧਰ ਫੜੇ ਗਏ ਤਾਂ ਉਹ ਅੰਦਰ ਵੀ ਕਰ ਸਕਦੇ ਨੇ। ਅੱਗੇ ਇੱਕ ਬੰਦਾ ਏਸੇ ਜੁਰਮ ਵਿਚ ਛੇ ਸਾਲਾਂ ਤੋਂ ਓਧਰ ਜੇਲ੍ਹ ਵਿਚ ਬੈਠਾ।"

ਛੇ ਸਾਲ ਤਾਂ ਅਜੇ ਲਾਂਘਾ ਖੁੱਲ੍ਹੇ ਨੂੰ ਨਹੀਂ ਸੀ ਹੋਏ!

ਮੈਨੂੰ ਲੱਗਦਾ ਸੀ ਕਿ ਇਹ ਪੈਸੇ ਨਾਲ ਲੈ ਕੇ ਜਾਣ ਵਿਚ ਅਜਿਹੀ ਕੋਈ ਮਨਾਹੀ ਨਹੀਂ ਸੀ ਹੋਣੀ ਚਾਹੀਦੀ, ਕਿਉਂਕਿ ਜਦੋਂ ਅਸੀਂ 2001 ਵਿਚ ਲਾਹੌਰ ਵਿਚ ਹੋਣ ਵਾਲੀ ਆਲਮੀ ਪੰਜਾਬੀ ਕਾਨਫ਼ਰੰਸ ਵਿਚ ਸ਼ਾਮਲ ਹੋਣ ਗਏ ਸਾਂ ਤਾਂ ਅਸੀਂ ਅਟਾਰੀ ਸਟੇਸ਼ਨ ਦੇ ਬਾਹਰੋਂ ਹੀ ਭਾਰਤੀ ਕਰੰਸੀ ਨਾਲ ਪਾਕਿਸਤਾਨੀ ਕਰੰਸੀ ਵਟਾ ਲਈ ਸੀ।

"ਹੁਣ ਫਿਰ?"

"ਹੁਣ ਇੰਞ ਕਰੋ ਕਿ ਜਿਹੜਾ ਬੰਦਾ ਤੁਹਾਨੂੰ ਛੱਡਣ ਆਇਆ ਸੀ, ਉਹਨੂੰ ਬਾਹਰ ਜਾ ਕੇ ਪੈਸੇ ਫੜਾ ਆਓ।"

ਮਨਦੀਪ ਤਾਂ ਉਦੋਂ ਹੀ ਵਾਪਸ ਤੁਰ ਗਿਆ ਸੀ।

ਫਿਰ ਉਹਨੇ ਨਾਲ ਦਿਆਂ ਗੱਲ ਕੀਤੀ। ਦੋ ਤਿੰਨ ਜਣੇ ਇਕੱਠੇ ਹੋ ਗਏ। ਉਹ ਮੇਰੇ ਨਾਲ 'ਹਮਦਰਦੀ' ਕਰ ਰਹੇ ਸਨ। ਪੰਜ-ਸੱਤ ਮਿੰਟ ਉਨ੍ਹਾਂ ਸਾਰਾ ਕੰਮ ਰੋਕ ਕੇ 'ਸਲਾਹ-ਮਸ਼ਵਰਾ' ਕਰਨ 'ਤੇ ਲਾ ਦਿੱਤੇ ਕਿ ਇਨ੍ਹਾਂ ਪੈਸਿਆਂ ਦਾ ਹੁਣ ਕੀ ਕੀਤਾ ਜਾਵੇ!

ਆਪਸੀ ਸਲਾਹ-ਮਸ਼ਵਰੇ ਤੋਂ ਬਾਅਦ ਮੇਰੇ ਹੱਕ ਵਿਚ ਫ਼ੈਸਲਾ ਸੁਣਾਇਆ, "ਇਹ ਪੈਸੇ ਤਾਂ ਹੁਣ ਡਿਸਟਰਾਏ ਕਰਨੇ ਪੈਣਗੇ।"

ਸਾਡਾ ਪਰੇਸ਼ਾਨ ਹੋਣਾ ਲਾਜ਼ਮੀ ਸੀ ਪਰ ਨਾਲ ਹੀ ਸਾਡੇ ਮਨ ਵਿਚ ਸੀ ਕਿ ਇਹ ਕਿਹੜੀ ਏਡੀ 'ਰਕਮ' ਹੈ, ਜਿਸ ਕਰਕੇ ਸਮਾਂ ਬਰਬਾਦ ਕਰ ਰਹੇ ਹਾਂ। ਜਿਵੇਂ ਇਹ ਕਹਿੰਦੇ ਨੇ ਉਂਞ ਹੀ ਕਰ ਲੈਂਦੇ ਹਾਂ।

"ਤੁਸੀਂ ਇੰਞ ਕਰੋ ਔਹ ਵਾਸ਼ ਰੂਮ ਵਿਚ ਚਲੇ ਜਾਓ ਤੇ ਇਹ ਬੰਦਾ ਉਥੋਂ ਤੁਹਾਡੇ ਕੋਲੋਂ ਪੈਸੇ ਫੜ ਲਵੇਗਾ ਤੇ ਉਨ੍ਹਾਂ ਨੂੰ ਆਪੇ ਡਿਸਟਰਾਏ ਕਰ ਦਊਗਾ।"

ਉਨ੍ਹਾਂ ਨੇ ਕੋਲ ਖਲੋਤੇ ਦਰਜਾ ਚਾਰ ਮੁਲਾਜ਼ਮ ਵੱਲ ਇਸ਼ਾਰਾ ਕੀਤਾ।

ਸਾਨੂੰ ਲੱਗਦਾ ਸੀ ਕਿ ਇਸ ਖ਼ਲਜਗਣ ਵਿਚ ਸਾਡਾ ਸਮਾਂ ਗਵਾਚਦਾ ਜਾਂਦਾ ਹੈ। ਉਧਰੋਂ ਚਾਰ ਵਜੇ ਵਾਪਸ ਪਰਤਣਾ ਵੀ ਲਾਜ਼ਮੀ ਸੀ। ਮੈਂ ਦੱਸੇ ਅਨੁਸਾਰ ਵਾਸ਼ਰੂਮ ਵਿਚ ਗਿਆ। ਕੁੱਝ ਚਿਰ ਬਾਅਦ ਉਹ ਮੁਲਾਜ਼ਮ ਵੀ ਆ ਗਿਆ। ਮੈਂ ਪੈਸੇ ਉਹਦੀ ਮੁੱਠ ਵਿਚ ਦੇ ਕੇ ਭਾਰ-ਮੁਕਤ ਹੋ ਗਿਆ।

ਇਹ ਤਾਂ ਮੈਂ ਜਾਣ ਚੁੱਕਾ ਸਾਂ ਕਿ 'ਪੈਸੇ ਕਿਵੇਂ ਡਿਸਟਰਾਏ ਹੋਣੇ ਨੇ!'

ਖ਼ੈਰ, ਇਸ ਬੇਸੁਆਦੀ ਤੋਂ ਬਾਅਦ ਅਸੀਂ ਫਿਰ ਧਿਆਨ ਗੁਰਾਂ ਨਾਲ ਜੋੜਨ ਦਾ ਯਤਨ ਕੀਤਾ ਤੇ ਸਾਰੀ ਲੋੜੀਂਦੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਬਾਹਰ ਨਿਕਲੇ।

ਅੱਗੇ ਭਾਰਤ ਸਰਕਾਰ ਵੱਲੋਂ ਛੇ-ਪਹੀਆ ਵਾਹਨ ਤਿਆਰ ਸੀ, ਜਿਸ ਨੇ ਸਾਨੂੰ ਪਾਕਿਸਤਾਨ ਦੇ ਬਾਰਡਰ ਤੱਕ ਲੈ ਕੇ ਜਾਣਾ ਸੀ। ਇੱਥੋਂ ਅਸੀਂ ਪੈਦਲ ਸਰਹੱਦ ਪਾਰ ਕਰ ਕੇ ਪਾਕਿਸਤਾਨ ਦੀ ਇਮੀਗ੍ਰੇਸ਼ਨ ਕਰਵਾਈ। ਵੀਹ ਡਾਲਰ ਪ੍ਰਤੀ ਜੀਅ ਫ਼ੀਸ ਜਮ੍ਹਾਂ ਕਰਵਾ ਕੇ ਸਾਹਮਣੇ ਉਡੀਕ ਰਹੀ ਬੱਸ ਵਿਚ ਦੂਜੇ ਯਾਤਰੂਆਂ ਨਾਲ ਸਵਾਰ ਹੋ ਗਏ। ਇਸ ਬੱਸ ਨੇ ਸਾਨੂੰ ਗੁਰਦੁਆਰਾ ਸਾਹਿਬ ਤੱਕ ਲੈ ਕੇ ਜਾਣਾ ਸੀ। ਇਸਤੋਂ ਬਾਅਦ ਸਾਨੂੰ ਕੋਈ ਕਾਗਜ਼-ਪੱਤਰ ਵਿਖਾਉਣ ਦੀ ਲੋੜ ਨਹੀਂ ਸੀ। ਕੇਵਲ ਸਾਨੂੰ ਇੱਕ ਪੀਲੇ ਰੰਗ ਦਾ ਯਾਤਰੀ ਪਛਾਣ-ਕਾਰਡ ਹੀ ਆਪਣੇ ਗਲ ਵਿਚ ਪਾਉਣਾ ਪੈਣਾ ਸੀ।

ਬੱਸ ਰਾਵੀ ਦਰਿਆ ਦੇ ਪੁਲ ਉਤੋਂ ਲੰਘ ਰਹੀ ਸੀ। ਮੈਂ ਆਸੇ ਪਾਸੇ ਵੇਖ ਰਿਹਾ ਸਾਂ। ਰਜਵੰਤ ਕੌਰ ਨੇ ਹੱਥ ਜੋੜੇ ਹੋਏ ਸਨ ਤੇ ਦੂਰ ਨਜ਼ਰ ਆ ਰਹੇ ਗੁਰਦੁਆਰੇ ਵੱਲ ਭਿੱਜੀਆਂ ਅੱਖਾਂ ਨਾਲ ਵੇਖ ਰਹੀ ਸੀ। ਬੱਸ ਨੇ ਅਜੇ ਪੁਲ ਪਾਰ ਨਹੀਂ ਸੀ ਕੀਤਾ ਕਿ ਯਾਦਾਂ ਦੀ ਤੇਜ਼ ਹਨੇਰੀ ਨੇ ਮੈਨੂੰ ਪੂਰੇ ਜ਼ੋਰ ਨਾਲ ਪੁਲ ਤੋਂ ਪਿੱਛੇ ਵੱਲ ਧੱਕਣਾ ਸ਼ੁਰੂ ਕਰ ਦਿੱਤਾ। ਪੁਲ ਉੱਤੋਂ ਡਰੇ-ਸਹਿਮੇ, ਭੁੱਖੇ ਭਾਣੇ, ਥੱਕੇ-ਟੁੱਟੇ ਲੋਕਾਂ ਦੇ ਕਾਫ਼ਿਲੇ ਨੇ ਮੈਨੂੰ ਆਪਣੇ ਨਾਲ ਪਿਛਾਂਹ ਤੋਰ ਲਿਆ। ਇਹ ਉਹੀ ਲੋਕ ਸਨ ਜੋ ਆਪਣੀ ਉਸ ਜਨਮ-ਭੋਇੰ, ਜਿੱਥੇ ਉਨ੍ਹਾਂ ਦੇ ਵੱਡ-ਵਡੇਰੇ ਸਦੀਆਂ ਤੋਂ ਵੱਸਦੇ ਆ ਰਹੇ ਸਨ, ਉਜਾੜ ਦਿੱਤੇ ਗਏ ਸਨ ਤੇ ਉਹ ਜਾਨਾਂ ਬਚਾ ਕੇ ਏਧਰ ਨੂੰ ਭੱਜ ਨਿਕਲੇ ਸਨ, ਪਰਵਾਸੀ ਬਣ ਕੇ। ...

ਆਪਣੀਆਂ ਜੀਵਨ ਲੋੜਾਂ ਦੀ ਪੂਰਤੀ ਲਈ ਇੱਕ ਥਾਂ ਤੋਂ ਦੂਜੀ ਥਾਂ ਪਰਵਾਸ ਕਰਨਾ ਮਨੁੱਖੀ ਸੁਭਾ ਦਾ ਹਿੱਸਾ ਰਿਹਾ ਹੈ ਪਰ ਜਦੋਂ ਕਿਸੇ ਨੂੰ ਉਸ ਦੀ ਇੱਛਾ ਦੇ ਵਿਰੁੱਧ ਘਰ-ਘਾਟ ਛੱਡ ਕੇ ਉਜੜ ਜਾਣ ਲਈ ਮਜਬੂਰ ਕੀਤਾ ਜਾਵੇ, ਸਦੀਆਂ ਤੋਂ ਆਪਣੀ ਜ਼ਮੀਨ ਨਾਲ ਜੁੜੀਆਂ ਉਸਦੀਆਂ ਜੜ੍ਹਾਂ ਇੱਕੋ ਟੱਕ ਨਾਲ ਵੱਢ ਦਿੱਤੀਆਂ ਜਾਣ ਅਤੇ



ਉਸਨੂੰ ਧੱਕ ਕੇ ਬਿਲਕੁਲ ਬੇ-ਸਰੋ -ਸਾਮਾਨੀ ਦੀ ਹਾਲਤ ਵਿਚ ਅਸਲੋਂ ਪਰਾਈ ਧਰਤੀ ਉਤੇ ਰੁਲਣ ਅਤੇ ਨਵੇਂ ਸਿਰੇ ਤੋਂ ਮੁੜ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਸੁੱਟ ਦਿੱਤਾ ਜਾਵੇ ਤਾਂ ਉਸ ਦੇ ਜ਼ਖ਼ਮੀ ਹਿਰਦੇ, ਟੁੱਟੀਆਂ ਆਸਾਂ ਅਤੇ ਡੂੰਘੀਆਂ ਪੀੜਾਂ ਦਾ ਦਰਦ ਪੀੜ੍ਹੀਆਂ ਤੱਕ ਉਸ ਦੇ ਨਾਲ ਤੁਰਦਾ ਹੈ। 1947 ਵਿਚ ਸਿਆਸਤਦਾਨਾਂ ਦੇ ਡੰਗ ਦਾ ਡੰਗਿਆ ਪੰਜਾਬ ਇਹ ਦਰਦ ਕਿਸੇ ਨਾ ਕਿਸੇ ਰੂਪ ਵਿਚ ਅਜੇ ਵੀ ਹੰਢਾ ਰਿਹਾ ਹੈ। ਅਜੇ ਵੀ ਦੋਹਾਂ ਮੁਲਕਾਂ ਦੇ ਪੁਰਾਣੇ ਵਸਨੀਕ ਆਪੋ-ਆਪਣੀ ਜਨਮ-ਭੋਇੰ ਵੇਖਣ ਲਈ ਤੜਪ ਅਤੇ ਸਹਿਕ ਰਹੇ ਹਨ ਅਤੇ ਜੇ ਮੌਕਾ ਮਿਲ ਜਾਵੇ ਤਾਂ ਆਪਣੇ ਦਰਾਂ-ਘਰਾਂ ਦੇ ਗਲ ਲੱਗ ਕੇ ਧਾਹਾਂ ਮਾਰ ਕੇ ਰੋਂਦੇ ਹਨ। ਪਿਛਲੇ ਸਾਲਾਂ ਵਿਚ ਦੋਹਾਂ ਮੁਲਕਾਂ ਵਿਚ ਆਉਣ ਜਾਣ ਦੀ ਥੋੜ੍ਹੀ ਜਿਹੀ ਖੁੱਲ੍ਹ ਮਿਲਣ ਨਾਲ ਕੁੱਝ ਇੱਕ ਨੂੰ ਆਪਣੀ ਜਨਮ-ਭੋਂ ਦੀ ਮਿੱਟੀ ਨੂੰ ਕਲੇਜੇ ਨਾਲ ਲਾਉਣ ਦਾ ਮੌਕਾ ਮਿਲਿਆ ਹੈ। ਕੋਈ ਆਪਣੇ ਵਿਹੜੇ ਵਿਚੋਂ ਮਿੱਟੀ ਦੀ ਮੁੱਠ ਲੈ ਕੇ, ਕੋਈ ਆਪਣੀ ਹਵੇਲੀ ਦੀ ਉਖੜੀ ਇੱਟ ਲੈ ਕੇ, ਉਸ ਨੂੰ ਹਿੱਕ ਨਾਲ ਲਾ ਕੇ ਅੱਥਰੂ ਕੇਰਦਾ ਵਾਪਸ ਪਰਤਦਾ ਹੈ ਤਾਂ ਵੇਖਣ ਵਾਲਿਆਂ ਦੇ ਆਪਣੇ ਕਾਲਜੇ ਵਿਚ ਹੌਲ ਪੈਂਦੇ ਹਨ। ਸੋਸ਼ਲ ਮੀਡੀਏ 'ਤੇ ਕੰਮ ਕਰਨ ਵਾਲਿਆਂ ਨੇ ਪਿਛਲੇ ਸਾਲਾਂ ਵਿਚ ਅਨੇਕਾਂ ਵਿਛੜੇ ਪਰਿਵਾਰਾਂ ਨੂੰ ਮਿਲਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ। ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਨਾਲ, ਸੱਤਰ ਸਾਲਾਂ ਬਾਅਦ, ਬਾਬਾ ਜੀ ਦੀ ਵਰੋਸਾਈ ਧਰਤੀ ਕਈ ਅਜਿਹੇ ਵਿਛੜੇ ਪਰਿਵਾਰਾਂ ਦੇ ਜੀਆਂ ਨੂੰ ਮਿਲਾਉਣ ਦਾ ਮਾਧਿਅਮ ਹੋ ਨਿੱਬੜੀ ਹੈ। ਅਜਿਹੇ ਅਨੂਠੇ ਮਿਲਾਪ ਦੀਆਂ ਵੀਡੀਓ ਅਸੀਂ ਅਕਸਰ ਵੇਖਦੇ ਰਹਿੰਦੇ ਹਾਂ। ਉਨ੍ਹਾਂ ਭਿਆਨਕ ਦਿਨਾਂ ਨੂੰ ਚਿਤਵ ਕੇ ਕੰਬ ਜਾਂਦੇ ਹਾਂ ਜਦੋਂ ਅਸਲੋਂ ਹੀ ਅਣਮਨੁੱਖੀ, ਇਸ ਦੇਸ-ਵੰਡ ਸਮੇਂ ਲੱਖਾਂ ਲੋਕ ਮਾਰੇ ਗਏ। ਧੀਆਂ ਭੈਣਾਂ ਦੀ ਆਬਰੂ ਲੁੱਟੀ ਗਈ। ਇਨਸਾਨ ਵਹਿਸ਼ੀ ਹੋ ਗਿਆ। ਪੰਜਾਬ ਦੀ ਧਰਤੀ, ਜੋ ਮੁਹੱਬਤ ਦੀ ਧਰਤੀ ਕਰਕੇ ਜਾਣੀ ਜਾਂਦੀ ਸੀ, ਨਫ਼ਰਤ ਦੀ ਹਵਾੜ੍ਹ ਨਾਲ ਭਰ ਗਈ। ਆਪਣਿਆਂ ਨੇ ਆਪਣਿਆਂ ਦੀਆਂ ਧੌਣਾਂ ਉੱਤੇ ਛੁਰੀਆਂ ਰੱਖੀਆਂ। ਬੰਦੇ ਕਸਾਈ ਬਣ ਗਏ। ਇਹਦੇ ਨਾਲ ਰਲਦੇ ਮਿਲਦੇ ਦਰਦ ਨੂੰ, ਚੜ੍ਹਦੇ ਪੰਜਾਬ ਦੇ ਪੰਜਾਬੀਆਂ ਨੂੰ, ਇੱਕ ਵਾਰ ਫੇਰ 1984 ਵਿਚ ਹੰਢਾਉਣਾ ਪਿਆ।

ਸਾਡੇ ਅੰਦਰ ਵਾਰ-ਵਾਰ ਇਹ ਵਹਿਸ਼ੀ ਦੈਂਤ ਕਿਉਂ ਜਾਗ ਪੈਂਦਾ ਹੈ ਜਾਂ ਕੁੱਝ ਸਵਾਰਥੀ ਤਾਕਤਾਂ ਵੱਲੋਂ ਕਿਉਂ ਜਗਾ ਦਿੱਤਾ ਜਾਂਦਾ ਹੈ? ਕਿਉਂ ਅਸੀਂ ਆਪਣੇ ਵਡੇਰਿਆਂ ਦੇ, 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਉਪਦੇਸ਼ ਨੂੰ ਵਿਸਰ ਜਾਂਦੇ ਹਾਂ। ਅਸੀਂ ਪਹਿਲਾਂ ਇੱਕ ਦੂਜੇ ਨੂੰ ਵੱਢਦੇ ਹਾਂ, ਫਿਰ ਉਸ ਦੇ ਸਿਰਹਾਣੇ ਬੈਠ ਕੇ ਰੋਂਦੇ ਹਾਂ। ਪਹਿਲਾਂ ਬਾਹਵਾਂ ਭੰਨਦੇ ਹਾਂ, ਫਿਰ ਇੱਕ ਦੂਜੇ ਦੇ ਗਲ ਬਾਹਵਾਂ ਪਾਉਣ ਲਈ ਵਿਲਕਦੇ ਹਾਂ।

ਅਸੀਂ ਇਹੋ ਜਿਹੀ ਗ਼ਲਤੀ ਵਾਰ ਵਾਰ ਨਾ ਦੁਹਰਾਈਏ; ਗ਼ਲਤੀ ਕਰਵਾਉਣ ਵਾਲਿਆਂ ਦੇ ਸਵਾਰਥੀ ਚਿਹਰੇ ਪਛਾਣਦੇ ਰਹੀਏ; ਆਪਣੇ ਕੀਤੇ 'ਤੇ ਸ਼ਰਮਸਾਰ ਹੁੰਦੇ ਰਹੀਏ; ਆਪਣੇ ਅੰਦਰਲੇ ਇਨਸਾਨ ਨੂੰ ਮਰਨ ਨਾ ਦਈਏ; ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀਆਂ 'ਕਰਤੂਤਾਂ' ਨੂੰ ਲਗਾਤਾਰ 'ਸ਼ੀਸ਼ੇ' ਵਿਚ ਵੇਖਦੇ ਰਹੀਏ।

...ਨਵੇਂ ਬਣੇ ਪਾਕਿਸਤਾਨ ਵਿਚੋਂ ਤੁਰਿਆ ਬੇਘਰ ਕਰ ਦਿੱਤੇ ਲੋਕਾਂ ਦਾ ਕਾਫ਼ਿਲਾ ਮੈਨੂੰ ਖਿੱਚ ਕੇ ਆਪਣੇ ਨਾਲ ਪਿੱਛੇ ਨੂੰ ਲੈ ਤੁਰਿਆ, ਇਹ ਕਹਿ ਕੇ, ਕਿ ਆਪਣੇ ਬਾਬੇ ਦੇ ਦਰਸ਼ਨਾਂ ਨੂੰ ਤੁਰਿਆ ਜਾਂਦਾ ਏਂ ਪਰ ਇਹ ਨਹੀਂ ਵੇਖਣਾ ਕਿ ਉਦੋਂ ਬਾਬੇ ਦੀ ਵਰੋਸਾਈ ਏਸੇ ਧਰਤੀ 'ਤੇ ਕੀ ਭਾਣਾ ਵਾਪਰਿਆ ਸੀ। ਮੇਰਾ ਪਿਆਰਾ ਮਿੱਤਰ ਜਗਦੀਸ਼ ਸਿੰਘ ਵਰਿਆਮ ਪਰਿਵਾਰ ਸਮੇਤ ਕਾਫ਼ਿਲੇ ਵਿਚ ਸ਼ਾਮਲ ਹੈ...

...ਮੈਂ ਉਹਦੇ ਨਾਲ ਹੌਲੀ ਹੌਲੀ ਤੁਰਦਾ ਮੁੜ ਡੇਰਾ ਬਾਬਾ ਨਾਨਕ ਪੁੱਜ ਜਾਂਦਾ ਹਾਂ। ...

ਜਗਦੀਸ਼ ਸਿੰਘ ਦੱਸਦਾ ਹੈ:-

...ਡੇਰਾ ਬਾਬਾ ਨਾਨਕ ਸ਼ਹਿਰ ਲੋਕਾਂ ਦੀ ਭੀੜ ਨਾਲ ਲਬਾਲਬ ਸੀ। ਜਦੋਂ ਕੋਈ ਵਾਕਫ਼ ਮਿਲਦਾ ਤਾਂ ਸਾਕਾਂ ਸੰਬੰਧੀਆਂ ਅਤੇ ਦੋਸਤਾਂ ਬਾਰੇ ਗੱਲਾਂ ਪੁੱਛਦਾ ਹੈ, -ਕਿਤੇ ਤੁਸੀਂ ਫਲਾਣੇ ਵੇਖੇ ਹੋਣ। ਸਾਡੇ ਸਕਿਆਂ ਦਾ ਕੋਈ ਥਹੁ ਪਤਾ ਹੋਵੇ! - ਆਹੋ ਫਲਾਣਾ ਵੇਖਿਆ ਸੀ। ਅਮਕਾ ਨਹੀਂ ਲੱਭਾ। ਫਲਾਣਾ ਮਾਰਿਆ ਗਿਆ। ਭਈ ਉਨ੍ਹਾਂ ਨਾਲ ਤਾਂ ਬੁਰੀ ਹੋਈ! -ਚੱਲੋ ਇੱਜ਼ਤ ਬਚ ਗਈ, ਸਭ ਕੁੱਝ ਬਚ ਗਿਆ! ਇਹੋ ਜਿਹੀਆਂ ਹੀ ਗੱਲਾਂ ਹੋ ਰਹੀਆਂ ਸਨ। ਪਿਛਲੇ ਦਿਨਾਂ ਵਿਚ ਸਭ ਤੋਂ ਘਿਨਾਉਣੀਆਂ ਖ਼ਬਰਾਂ ਸਨ ਔਰਤਾਂ ਦੀ ਬੇਪਤੀ ਦੀਆਂ, ਨੰਗੀਆਂ ਕੁੜੀਆਂ ਦੇ ਜਲੂਸਾਂ ਦੀਆਂ ਜੋ ਕੰਨ ਸੁਣ ਨਹੀਂ ਸਕਦੇ, ਜੋ ਕਲਮਾਂ ਲਿਖ ਨਹੀਂ ਸਕਦੀਆਂ, ਉਨ੍ਹਾਂ ਗੱਲਾਂ ਦੀਆਂ ਖ਼ਬਰਾਂ ਸਨ। ਇਹੋ ਜਿਹੀ ਹਾਲਤ ਵਿਚ ਸਾਡਾ ਕਾਫ਼ਲਾ ਬਚ ਕੇ ਆ ਗਿਆ ਜਦੋਂ ਕਾਫ਼ਲਿਆਂ ਦੇ ਕਾਫ਼ਲੇ ਕਤਲ ਹੋ ਰਹੇ ਸਨ। ਅਸੀਂ ਕਿਵੇਂ ਬਚ ਕੇ ਆ ਗਏ ਬਾਬੇ ਨਾਨਕ ਦੇ ਦਰ 'ਤੇ! ਜਦੋਂ ਕਿਹਾ ਜਾਂਦਾ ਕਿ ਇੱਜ਼ਤ ਤਾਂ ਬਚ ਗਈ ਤਾਂ ਇਹਦੇ ਅਰਥ ਬਹੁਤ ਡੂੰਘੇ ਹੁੰਦੇ। ਕਿਸੇ ਸਮੇਂ ਬਾਬੇ ਨਾਨਕ ਨੇ ਅਜਿਹੀ ਸਥਿਤੀ ਦਾ ਨਕਸ਼ਾ ਆਪਣੀ ਬਾਣੀ ਵਿਚ ਖਿੱਚਿਆ ਸੀ:

ਇਕਿ ਘਰ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ॥
ਇਕਨ੍ਹਾਂ ਏਹੋ ਲਿਖਿਆ, ਬਹਿ ਬਹਿ ਰੋਵਹਿ ਦੁਖ॥

*(ਬਾਕੀ ਅਗਲੇ ਸਫੇ 'ਤੇ)*

# ਕੁਲਵਿੰਦਰ ਖਹਿਰਾ ਦੇ ਫ਼ਿਕਰ ਦੀ ਸ਼ਾਇਰੀ 'ਹਨੇਰੇ ਦੀ ਤ.ਲੀ 'ਤੇ'


**ਮਲਵਿੰਦਰ**

ਕੁਲਵਿੰਦਰ ਖਹਿਰਾ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਵੱਸਦਾ ਸ਼ਾਇਰ, ਨਾਟਕਕਾਰ ਤੇ ਚਿੰਤਕ ਹੈ। ਉਸ ਦੀਆਂ ਦੋ ਕਿਤਾਬਾਂ 'ਪੀੜ ਦੀ ਪਰਵਾਜ਼' ਕਾਵਿ-ਸੰਗ੍ਰਹਿ ਤੇ 'ਅੰਨ੍ਹੀਆਂ ਗ.ਲੀਆਂ' ਨਾਟਕ ਪਹਿਲਾਂ ਛਪ ਚੁੱਕੀਆਂ ਹਨ। 'ਹਨੇਰੇ ਦੀ ਤ.ਲੀ 'ਤੇ ਉਸਦਾ ਨਵਾਂ ਗ਼ਜ਼ਲ ਸੰਗ੍ਰਹਿ ਹੈ। ਕੁਲਵਿੰਦਰ ਵਿਚਾਰਧਾਰਕ ਪ੍ਰਤੀਬੱਧਤਾ ਦਾ ਸ਼ਾਇਰ ਲੇਖਕ ਹੈ। ਇਹ ਪ੍ਰਤੀਬੱਧਤਾ ਉਸਦੀ ਸੀਮਾ ਨਹੀਂ ਬਣਦੀ। ਉਹ ਮਾਨਵੀ ਵਿਵਹਾਰ ਵਿਚ ਵਾਪਰ ਰਹੀਆਂ ਬੇਤਰਤੀਬੀਆਂ ਨੂੰ ਮੁਖ਼ਾਤਬ ਹੁੰਦਾ ਹੈ। ਉਸਦਾ ਵਿਵਹਾਰ ਸੰਕੋਚੀ ਹੈ। ਉਹ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿਚ ਜਾ ਕੇ ਕਵਿਤਾ ਪੜ੍ਹਨ ਲਈ ਤਰਲੋਮੱਛੀ ਨਹੀਂ ਹੁੰਦਾ। ਉਹ ਤਾਂ ਵਿਸ਼ਵ ਪੱਧਰ 'ਤੇ ਵਾਪਰਦੀਆਂ ਦੁਖਦਾਇਕ ਘਟਨਾਵਾਂ ਦੀ ਪੀੜ ਨੂੰ ਸ਼ਿੱਦਤ ਨਾ.ਲ ਮਹਿਸੂਸ ਕਰਦਾ ਤੇ ਆਪਣਾ ਫ਼ਿਕਰ ਜ਼ਾਹਰ ਕਰਦਾ ਹੈ। ਇਸੇ ਲਈ ਉਹ ਦਾਅਵਾ ਕਰਦਾ ਹੈ ਕਿ ਮੇਰੀ ਸ਼ਾਇਰੀ ਜ਼ਿਕਰ ਤੋਂ ਵੱਧ ਕੇ ਫ਼ਿਕਰ ਦੀ ਸ਼ਾਇਰੀ ਹੈ। ਉਹ ਜ਼ਮਾਨੇ ਦੇ ਦੁਖ-ਸੁਖ ਤੇ ਮਸਲਿਆਂ ਨੂੰ ਆਪਣੀ ਸਿਰਜਣਾ ਦੇ ਕੇਂਦਰ ਵਿਚ ਰੱਖਦਾ ਹੈ:

ਮੈਂ ਕੀ ਦੱਸਦਾ ਮੇਰੇ ਦਿਲ ਦਾ ਕੀ ਹਾਲ ਸੀ, ਜੋ ਬਦਲਦਾ ਰਿਹਾ ਹਰ ਘੜੀ ਨਾ.ਲ ਸੀ,

ਪੀੜ ਵਧਦੀ ਗਈ, ਰੰਗ ਭਰਦੇ ਗਏ, ਰੂਪ ਆਉਂਦਾ ਗਿਆ ਸੀ ਬੀਆਬਾਨ ਵਿਚ।

ਧੀਮੀ ਗਤੀ ਵਿਚ ਸਿਰਜਣਾ ਕਰਦਾ ਉਹ ਆਪਣੀ ਸਿਰਜਣਾ ਦੇ ਹੱਕ ਵਿਚ ਖਲੋਂਦਾ ਵੀ ਨਜ਼ਰ ਆਉਂਦਾ ਹੈ। ਉਸ ਲਈ ਗ਼ਜ਼ਲ ਰੂਹ ਦੀ ਆਵਾਜ਼ ਹੈ ਜਿਸ ਨੂੰ ਉਹ ਅਣਕਹੇ ਬੋਲ ਕਹਿਣ ਦੀ ਜੁਗਤ ਵਜੋਂ ਵਰਤਦਾ ਹੈ। ਸ਼ਬਦ, ਸੱਚ, ਸੰਗੀਤ, ਸੁਰ, ਸੋਜ਼ ਤੇ ਹੁਸਨ ਵਰਗੇ ਸ਼ਬਦ ਉਸਦੀ ਸੂਖ਼ਮ ਸੋਚ ਦੀ ਦੱਸ ਪਾਉਂਦੇ ਹਨ। ਕਾਫ਼ੀਆ ਰਦੀਫ਼ ਨਿਭਾਉਂਦਿਆਂ ਉਹ ਬਹਿਰ ਦੀਆਂ ਬੰਦਸ਼ਾਂ ਤੋਂ ਵੀ




ਵਾਕਫ਼ ਹੈ। ਇਹ ਬੰਦਸ਼ਾਂ ਸਮਕਾਲ ਦੇ ਜਟਿਲ ਵਰਤਾਰਿਆਂ ਦੀ ਪੇਸ਼ਕਾਰੀ ਸਮੇਂ ਵਿਚਾਰਾਂ ਨੂੰ ਖੰਡਤ ਵੀ ਕਰਦੀਆਂ ਹਨ। ਤਾਂ ਹੀ ਉਹ ਲਿਖਦਾ ਹੈ:

ਖੰਡਤ ਹੈ ਸੋਚ ਹੋਈ, ਕੀਕਣ ਅਦੀਬ ਕੋਈ
ਹਾਸ਼ਮ, ਫਰੀਦ, ਨਾਨਕ, ਬੁੱਲਾ, ਕਬੀਰ ਨਿਕਲੇ

ਇੰਝ ਗ਼ਜ਼ਲ ਲਿਖਣੀ ਕਈ ਮੁਹਾਜ਼ਾਂ 'ਤੇ ਲੜਨ ਵਰਗਾ ਕਾਰਜ ਹੈ। ਵਿਚਾਰ ਵੀ ਬਚਾਈ ਰੱਖਣਾ ਤੇ ਵਜ਼ਨ ਬਹਿਰ ਨਾ.ਲ ਵੀ ਇਨਸਾਫ ਕਰਨਾ ਜੇਕਰ ਸਹਿਜ ਵਰਤਾਰੇ 'ਚੋਂ ਨਿਕਲਿਆ ਹੋਵੇ ਤਾਂ ਹੀ ਗ਼ਜ਼ਲ ਦੀ ਕਾਵਿਕਤਾ ਬਣੀ ਰਹਿੰਦੀ ਹੈ। ਕਿਸੇ ਫਰੇਮ ਵਿਚ ਸ਼ਬਦ ਫਿੱਟ ਕਰਨ ਵਰਗਾ ਕਾਰਜ ਗ਼ਜ਼ਲ ਨਾਲੋਂ ਵੱਧ ਤੁੱਕਬੰਦੀ ਹੁੰਦਾ ਹੈ ਜਿਸ ਦਾ ਪ੍ਰਭਾਵ ਪੇਤਲਾ ਰਹਿ ਜਾਂਦਾ ਹੈ। ਕੁਲਵਿੰਦਰ ਕੋ.ਲ ਗ਼ਜ਼ਲ ਲਿਖਣ ਦੀ ਸੋਝੀ ਵੀ ਹੈ ਤੇ ਰਹਿਮਤ ਵਰਗੇ ਛਿਣਾਂ ਨੂੰ ਸਾਂਭਣ ਦਾ ਹੁਨਰ ਵੀ ਹੈ। ਇਸ ਕਾਰਜ ਨੂੰ ਸਫ਼ਲਤਾ ਨਾ.ਲ ਸਰ ਕਰਨਾ ਜਿਸ ਵਿਸ਼ਵਾਸ ਦੀ ਗਵਾਹੀ ਭਰਦਾ ਹੈ ਉਸ ਨੂੰ ਕੁਲਵਿੰਦਰ ਇੰਝ ਲਿਖਦਾ ਹੈ:

ਬਹਿਰ ਪਾਉਂਦੀ ਬੇੜੀਆਂ ਪੈਰਾਂ 'ਚ ਪਰ
ਭਰ ਰਹੀ ਪਰਵਾਜ਼ ਹੈ, ਮੇਰੀ ਗ਼ਜ਼ਲ।

ਸਮਾਜ ਇੱਕ ਗੁੰਝਲਦਾਰ ਬਣਤਰ ਹੈ ਜਿਸ ਵਿਚ ਵਾਪਰ ਰਿਹਾ ਬਹੁਤ ਸਾਰਾ ਗਲਤ ਅਤੇ ਅਣਮਨੁੱਖੀ ਵਰਤਾਰਾ ਸਾਨੂੰ ਕਈ ਵਾਰ ਅਣਡਿੱਠ ਕਰਨਾ ਪੈਂਦਾ ਹੈ। ਸਿੱਖ ਧਰਮ ਦੀ ਅਰਦਾਸ ਵਿਚ ਵੀ ਵੇਖ ਕੇ ਅਣਡਿੱਠ ਕਰਨ ਦੀ ਗੱਲ ਹੁੰਦੀ ਹੈ। ਪਰ ਸਾਡੀ ਇਸ ਅਣਡਿੱਠ ਕਰਨ ਦੀ ਵਡਿਆਈ ਨੂੰ ਕਮਜ਼ੋਰੀ ਸਮਝ ਲਿਆ ਜਾਂਦਾ ਹੈ। ਸਮਾਜ ਵਿਚ ਕੁਝ ਲੋਕ ਧਨ ਦੌਲਤ ਨੂੰ ਇਕੱਤਰ ਕਰਨ ਦੀ ਪੂੰਜੀਵਾਦੀ ਹੋੜ ਹੇਠ ਆਪਣੇ ਗਿਰਦ ਇੱਕ ਸਲਤਨਤ ਉਸਾਰ ਲੈਂਦੇ ਹਨ ਜਿਸ ਦੀਆਂ ਵਧੀਕੀਆਂ ਦੇ ਖ਼ੌਫ਼ ਹੇਠ ਨਿਮਨ ਵਰਗ ਦੀ ਬੌਧਿਕਤਾ ਅਣ-ਵਿਕਸਤ ਰਹਿ ਜਾਂਦੀ ਹੈ। ਇਨ੍ਹਾਂ ਵੱਡੀਆਂ ਗੱਲਾਂ ਨੂੰ ਦੋ-ਸਤਰੀ ਸ਼ੇਅਰ 'ਚ ਕਹਿਣਾ ਗ਼ਜ਼ਲ ਦੀ ਪ੍ਰਾਪਤੀ ਹੁੰਦੀ ਹੈ:

*(ਬਾਕੀ ਸਫਾ 19 'ਤੇ)*

---

*(ਪਿਛਲੇ ਸਫੇ ਦੀ ਬਾਕੀ)*

'ਇਕ ਬਹਿ ਬਹਿ ਰੋਵੇ ਦੁਖ' ਦਾ ਸਿਲਸਿਲਾ ਤਾਂ ਕਈ ਸਾਲ ਬਾਅਦ ਵੀ ਚੱਲਦਾ ਰਿਹਾ। ...

...ਮੈਂ ਅਜੇ ਵੀ ਜਗਦੀਸ਼ ਸਿੰਘ ਦੇ ਨਾਲ ਹਾਂ। ...

...ਅਗਲੀ ਸਵੇਰ ਖ਼ਬਰ ਮਿਲੀ ਕਿ ਮਿਲਟਰੀ ਵਾਲਿਆਂ ਦੇ ਟਰੱਕ ਆ ਗਏ ਹਨ ਤੇ ਉਹ ਸਾਰਿਆਂ ਨੂੰ ਬਿਨਾਂ ਖ਼ਰਚ ਤੋਂ ਅੰਮ੍ਰਿਤਸਰ ਲੈ ਕੇ ਜਾ ਰਹੇ ਹਨ। ਜਿਹੜਾ ਵੀ ਟਰੱਕ 'ਤੇ ਚੜ੍ਹ ਜਾਵੇ ਉਹੋ ਹੀ ਸਵਾਰੀ ਸੀ। ਅਸੀਂ ਸਾਰਿਆਂ ਆ ਕੇ ਇੱਕ ਟਰੱਕ ਮੱਲ ਲਿਆ। ਅਸੀਂ ਅੰਮ੍ਰਿਤਸਰ ਵੱਲ ਨੂੰ ਚੱਲ ਵੀ ਪਏ। ਅਸੀਂ ਟਰੱਕ ਵਿਚ ਆਰਾਮ ਨਾਲ ਬੈਠੇ ਸੀ, ਥੋੜ੍ਹੀ ਦੇਰ ਬਾਅਦ ਸਾਨੂੰ ਬੋ ਆਉਣ ਲੱਗੀ, ਫੇਰ ਇਹ ਸੜ੍ਹਾਂਦ ਜਿਹੀ ਲੱਗੀ। ਨੱਕ 'ਤੇ ਕੱਪੜੇ ਰੱਖਣ ਲਈ ਮਜਬੂਰ ਹੋ ਗਏ। ਬਾਹਰ ਵੇਖਿਆ ਤਾਂ ਸਾਹ ਹੀ ਸੂਤੇ ਗਏ। ਸੜਕ ਦੇ ਆਲੇ ਦੁਆਲੇ ਦੂਰ ਦੂਰ ਤੱਕ ਲਾਸ਼ਾਂ ਖਿੱਲਰੀਆਂ ਪਈਆਂ ਸਨ। ਔਰਤਾਂ ਸਨ, ਮਰਦ ਸਨ, ਬੱਚੇ ਵੀ ਸਨ, ਬੁੱਢੇ ਵੀ ਸਨ। ਸਾਫ਼ ਦਿਸਦਾ ਸੀ ਕਿ ਇਹ ਸਭ ਮੁਸਲਮਾਨ ਹਨ। ਇਹ ਪਤਾ ਨਹੀਂ ਕਿੰਨੇ ਕੁ ਦਿਨਾਂ ਦੇ ਇਵੇਂ ਲਾਵਾਰਸ ਪਏ ਸਨ ਕਿਉਂਕਿ ਮੀਂਹ ਤੇ ਪਾਣੀ ਨਾਲ ਇਹ ਲੋਥਾਂ ਫੁੱਲ ਫੁੱਲ ਕੇ ਬਹੁਤ ਮੋਟੀਆਂ ਹੋ ਗਈਆਂ ਸਨ। ਜ਼ਬਰਦਸਤ ਬੋ ਦੇ ਵਿਚੋਂ ਦੀ ਟਰੱਕ ਚੱਲਦਾ ਜਾ ਰਿਹਾ ਸੀ ਅਤੇ ਲਾਸ਼ਾਂ ਮੁੱਕਣ ਵਿਚ ਨਹੀਂ ਸਨ ਆ ਰਹੀਆਂ। ਹਜ਼ਾਰਾਂ ਦੀ ਗਿਣਤੀ ਵਿਚ! ਇਹ ਜੀਅ ਭਿਆਣੇ ਲੋਕ ਸ਼ਾਇਦ ਆਪਣੇ 'ਨਵੇਂ ਵਤਨ' ਪਾਕਿਸਤਾਨ ਨੂੰ ਚੱਲੇ ਸਨ! ਸਾਰੇ ਦਾ ਸਾਰਾ ਕਾਫ਼ਲਾ ਵੱਢ ਧਰਿਆ ਗਿਆ। ਇਹ ਕਿਸੇ ਕੱਲ੍ਹੇ-ਕਾਰੇ ਦਾ ਕੰਮ ਤਾਂ ਨਹੀਂ ਸੀ। ਬੜੀ ਵਿਉਂਤ ਨਾਲ ਜਥੇਬੰਦ ਹੋ ਕੇ ਇਹ ਕਾਰਾ ਕੀਤਾ ਗਿਆ ਸੀ। ਇਹ ਕਿਹੜੇ ਸੂਰਮਿਆਂ ਦਾ ਕੰਮ ਸੀ ਨਿਹੱਥੇ ਲੋਕਾਂ ਨੂੰ ਮਾਰ ਮੁਕਾਉਣਾ! ਕਿਸੇ ਸਵਰਗ ਦੀ ਦਰਗਾਹ ਵਿਚ ਥਾਂ ਪਾਉਣ ਲਈ ਜਾਂ ਕਿਸੇ ਜੁਗ ਦਾ ਬਦਲਾ ਲੈਣ ਲਈ?

ਡੇਹਰਾ ਬਾਬਾ ਨਾਨਕ ਤਾਂ ਸੰਸਾਰ 'ਤੇ ਫੁੱਲ ਵਾਂਗ ਰਹਿਣ ਅਤੇ ਮਹਿਕਣ ਦਾ ਆਦਰਸ਼ਕ ਨਮੂਨਾ ਸੀ। ਉਸ ਦੇ ਸਥਾਨ ਦੇ ਲਾਗੇ ਇਹ ਕਾਰਾ! ਡੇਹਰੇ ਤੋਂ ਜਿੰਨੀ ਦੂਰ ਕੱਲ੍ਹ ਰਾਵੀ ਦੇ ਬੇਲੇ ਵਿਚ ਤਾਜ਼ਾ ਰੋਟੀਆਂ ਦੀ ਮਹਿਕ ਆ ਰਹੀ ਸੀ ਦੂਸਰੇ ਪਾਸੇ ਓਨੀ ਹੀ ਦੂਰ ਵਿਛੀਆਂ ਲਾਸ਼ਾਂ ਦੀ ਬਦਬੋ ਆ ਰਹੀ ਸੀ।

ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਸਮੇਂ ਜ਼ਿਕਰ ਕਰਦਿਆਂ ਭਾਈ ਲਾਲੋ ਨੂੰ ਮੁਖ਼ਾਤਬ ਹੋ ਕੇ ਇੱਕ ਸ਼ਬਦ ਵਰਤਿਆ ਸੀ, 'ਮਾਸਪੁਰੀ' ਅਰਥਾਤ 'ਲੋਥਾਂ ਦੀ ਨਗਰੀ'।

ਸਾਹਿਬ ਕੇ ਗੁਣ ਨਾਨਕ ਗਾਵੈ, ਮਾਸਪੁਰੀ ਵਿਚ ਆਖ ਮਸੋਲਾ॥

ਗੁਰੂ ਜੀ ਨੇ ਤਾਂ ਉਸ ਵਕਤ ਰੱਬ ਨੂੰ ਜ਼ਬਰਦਸਤ ਤਾਹਨਾ ਵੀ ਮਾਰਿਆ ਸੀ:

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ॥

ਇਤਿਹਾਸ ਦਾ ਮਜ਼ਾਕ ਦੇਖੋ, ਰੱਬ ਨੂੰ ਤਾਹਨਾ ਮਾਰਨ ਵਾਲੇ ਸਾਂਝੇ ਗੁਰੂ-ਪੀਰ ਦੀ ਨਗਰੀ ਦੇ ਕੋਲ ਹੀ ਮਾਸਪੁਰੀ ਬਣੀ ਹੋਈ ਸੀ ਅਤੇ ਮਾਸਪੁਰੀ ਬਾਬੇ ਦੀ ਆਪਣੀ ਉਮਤ ਨੇ ਬਣਾਈ ਸੀ। ਜਿਵੇਂ ਬਾਲਿਆਂ ਨੇ ਮਰਦਾਨਿਆਂ ਨੂੰ ਮਾਰ ਦਿੱਤਾ ਹੋਵੇ! ...

...ਇਹ ਇਲਾਕਾ ਤਾਂ ਬਾਬਾ ਜੀ ਦੀਆਂ ਦੋਵਾਂ ਬਾਹਵਾਂ ਦੀ ਜੱਫ਼ੀ ਵਿਚ ਘੁਟਿਆ ਹੋਇਆ ਸੀ। ਇੱਕ ਬਾਂਹ ਡੇਰਾ ਬਾਬਾ ਨਾਨਕ, ਦੂਜੀ ਬਾਂਹ ਕਰਤਾਰਪੁਰ। ਪਰ ਏਥੇ ਵੀ ਇਹ ਕਹਿਰ ਵਾਪਰ ਗਿਆ ਸੀ। ਕੀ ਗੁਰੂ ਜੀ ਨੇ ਆਪਣੀ ਜੱਫ਼ੀ ਢਿੱਲੀ ਕਰ ਦਿੱਤੀ ਸੀ ਜਾਂ ਅਸੀਂ ਹੀ ਉਹਦੀ ਜੱਫੀ ਵਿਚੋਂ ਨਿਕਲ ਗਏ ਸਾਂ?

ਅਸੀਂ ਹੀ ਬਾਬੇ ਦੀ ਜੱਫ਼ੀ ਵਿਚੋਂ ਨਿਕਲ ਗਏ ਸਾਂ ਤੇ ਕੱਟੀ ਹੋਈ ਗੁੱਡੀ ਵਾਂਙ ਏਧਰ ਓਧਰ ਭਟਕ ਰਹੇ ਸਾਂ। ਇੱਕ ਦੂਜੇ ਦੇ ਗ.ਲੇ ਕੱਟ ਰਹੇ ਸਾਂ।

ਮੈਂ ਜਗਦੀਸ਼ ਸਿੰਘ ਹੁਰਾਂ ਦੇ ਟਰੱਕ ਵਿਚੋਂ ਉੱਤਰ ਜਾਂਦਾ ਹਾਂ। ਅਸੀਂ ਪੁਲ ਪਾਰ ਕਰ ਕੇ ਕਰਤਾਰਪੁਰ ਸਾਹਿਬ ਗੁਰਦੁਆਰੇ ਕੋਲ ਪਹੁੰਚਣ ਵਾਲੇ ਹਾਂ।

ਬੱਸ ਰੁਕਦੀ ਹੈ।

ਬੱਸ ਵਿਚੋਂ ਉੱਤਰ ਕੇ ਸੰਗਤ ਗੁਰਦੁਆਰੇ ਦੀ ਦਰਸ਼ਨੀ ਡਿਉੜ੍ਹੀ ਅੱਗੇ ਪਹੁੰਚੀ ਤਾਂ ਅੱਗੇ ਪਾਕਿ-ਪੁਲਿਸ ਦੇ ਕੁੱਝ ਮੁਲਾਜ਼ਮ ਖਲੋਤੇ ਸਨ। ਵਿਚਕਾਰ ਇੱਕ ਦਰਮਿਆਨੇ ਕੱਦ ਵਾਲਾ ਮੁਲਾਜ਼ਮ, ਜਿਸ ਦੇ ਚਿਹਰੇ 'ਤੇ ਨਿੱਕੀ ਨਿੱਕੀ ਖੁੱਲ੍ਹੀ ਦਾੜ੍ਹੀ ਸੀ, ਸੰਗਤ ਨੂੰ ਮੁਖ਼ਾਤਬ ਹੋਇਆ। ਉਹਨੇ ਬਹੁਤ ਵਧੀਆ ਪੰਜਾਬੀ ਵਿਚ ਆਈਆਂ ਸੰਗਤਾਂ ਨੂੰ 'ਖ਼ੁਸ਼-ਆਮਦੀਦ' ਕਿਹਾ ਤੇ ਸਮਝਾਇਆ ਕਿ ਡਿਉਢੀ ਤੋਂ ਅੰਦਰ ਜਾ ਕੇ ਕਿਹੜੇ ਪਾਸੇ ਗੁਰਦੁਆਰਾ ਸਾਹਿਬ ਦੀ ਇਮਾਰਤ ਹੈ, ਲੰਗਰ ਤੇ ਵਾਸ਼ਰੂਮ ਕਿਧਰ ਹਨ, ਮਾਰਕੀਟ ਨੂੰ ਜਾਣ ਵਾਲਾ ਰਸਤਾ ਕਿਹੜਾ ਹੈ ਤੇ ਅਸੀਂ ਆਪਣੀ ਯਾਤਰਾ ਮੁਕੰਮਲ ਕਰ ਕੇ ਚਾਰ ਵਜੇ ਤੱਕ ਜਾਣ ਵਾਲੀ ਆਖ਼ਰੀ ਬੱਸ ਵਿਚ ਸਵਾਰ ਹੋ ਕੇ ਵਾਪਸੀ ਕਰਨੀ ਹੈ।

ਜਦੋਂ ਕੋਈ ਤੁਹਾਡੀ ਆਪਣੀ ਜ਼ਬਾਨ ਵਿਚ ਬੜੇ ਸਲੀਕੇ ਨਾਲ ਗੱਲ ਕਰਦਾ ਹੈ ਤਾਂ ਉਹਨੇ ਤੁਹਾਡਾ 'ਆਪਣਾ' ਤਾਂ ਲੱਗਣਾ ਹੀ ਹੋਇਆ। ਏਸੇ ਅਪਣੱਤ ਵਿਚ ਭਿੱਜ ਕੇ ਮੈਂ ਉਹਦੇ ਨਾਲ ਪੂਰੀ ਗਰਮ-ਜੋਸ਼ੀ ਨਾਲ ਹੱਥ ਮਿਲਾਇਆ ਤੇ ਉਹਦੀ ਬੋਲ-ਬਾਣੀ ਦੀ ਤਾਰੀਫ਼ ਕੀਤੀ।

ਦਰਸ਼ਨੀ ਡਿਉਢੀ ਵਿਚ ਦਾਖ਼ਲ ਹੋ ਕੇ ਚਾਰੇ ਪਾਸੇ ਅੰਦਰ ਝਾਤ ਮਾਰੀ।

ਸਾਹਮਣੇ ਬਹੁਤ ਖੁੱਲ੍ਹਾ ਸੰਗਮਰਮਰੀ ਮੈਦਾਨ ਸੀ, ਜਿਸ ਦੇ ਐਨ ਵਿਚਕਾਰ ਗੁਰਦੁਆਰੇ ਦੀ ਇਮਾਰਤ ਸੋਹ ਰਹੀ ਸੀ। ਲਾਂਘਾ ਖੁੱਲ੍ਹਣ ਤੋਂ ਪਹਿਲਾਂ ਸਰਹੱਦ 'ਤੇ ਲੱਗੀ ਹੋਈ ਦੂਰਬੀਨ ਰਾਹੀਂ ਹੀ ਲੋਕ ਗੁਰਦੁਆਰੇ ਦੇ ਦਰਸ਼ਨ ਕਰ ਸਕਦੇ ਸਨ। ਪਰ ਇੰਝ ਮਨ ਦੀ ਭੁੱਖ ਤ੍ਰਿਪਤ ਨਹੀਂ ਸੀ ਹੋ ਸਕਦੀ। ਕਈ ਦਹਾਕਿਆਂ ਤੋਂ ਇਸ ਲਾਂਘੇ ਨੂੰ ਖੋਲ੍ਹਣ ਲਈ ਅਪੀਲਾਂ, ਅਰਦਾਸਾਂ ਹੋ ਰਹੀਆਂ ਸਨ। ਆਖ਼ਰਕਾਰ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਵੇਲੇ ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਪਾਕਿ-ਫੌਜ ਦੇ ਮੁਖੀ ਜਨਰਲ ਬਾਜਵਾ ਨੇ ਭਰੋਸਾ ਦਿਵਾਇਆ ਕਿ ਉਹ ਇਸ ਲਾਂਘੇ ਨੂੰ ਜਲਦੀ ਖੋਲ੍ਹਣ ਲਈ ਤਿਆਰ ਹਨ, ਬਾਸ਼ਰਤੇ ਕਿ ਭਾਰਤ ਸਰਕਾਰ ਵੀ ਇਸ ਪ੍ਰਾਜੈਕਟ ਨੂੰ ਕਾਮਯਾਬ ਕਰਨ ਵਿਚ ਸਹਾਇਤਾ ਦੇਵੇ। ਆਖ਼ਰ ਦੋਵੇਂ ਸਰਕਾਰਾਂ ਸਹਿਮਤ ਹੋ ਗਈਆਂ ਤੇ ਲਾਂਘਾ ਖੁੱਲ੍ਹ ਗਿਆ। ਭਾਰਤ ਵਾਲੇ ਪਾਸੇ ਭਾਰਤ-ਸਰਕਾਰ ਨੇ ਡੇਰਾ ਬਾਬਾ ਨਾਨਕ ਤੋਂ ਲੈ ਕੇ ਲਾਂਘੇ ਤੱਕ ਵਧੀਆ ਸੜਕ ਹੀ ਨਹੀਂ ਬਣਵਾਈ ਸਗੋਂ ਬਹੁਤ ਵਧੀਆ ਇਮੀਗ੍ਰੇਸ਼ਨ ਇਮਾਰਤ ਤਿਆਰ ਕਰਵਾਈ ਤਾਂ ਦੂਜੇ ਪਾਸੇ ਦੀ ਜ਼ਿੰਮੇਵਾਰੀ ਪਾਕਿਸਤਾਨ ਸਰਕਾਰ ਨੇ ਸਿਰੇ ਚੜ੍ਹਾਉਣ ਵਿਚ ਤਾਂ ਕਮਾਲ ਹੀ ਕਰ ਛੱਡੀ ਹੈ। ਗੁਰਦੁਆਰ ਕੰਪਲੈਕਸ ਏਨਾ ਸ਼ਾਨਦਾਰ ਹੈ ਕਿ ਉਸ 'ਤੇ ਪਹਿਲੀ ਨਜ਼ਰ ਪੈਂਦਿਆਂ ਹੀ ਮਨ ਨਿਹਾਲ ਹੋ ਜਾਂਦਾ ਹੈ।

ਸਪੀਕਰ ਰਾਹੀਂ ਗੁਰਬਾਣੀ ਕੀਰਤਨ ਦੀ ਮਿਠਾਸ ਚਹੁੰ ਦਿਸ਼ਾਵਾਂ ਵਿਚ ਫ਼ੈਲੀ ਹੋਈ ਸੀ। ਚਾਰੇ ਪਾਸੇ ਦਿਲ ਨੂੰ ਸਕੂਨ ਦੇਣ ਵਾਲਾ ਮਹਿਕਦਾ ਮਾਹੌਲ। ਆਪਣੇ ਗ.ਲਾਂ ਵਿਚ ਯਾਤਰੀ-ਪਛਾਣ ਵਾਲਾ ਕਾਰਡ ਪਾਈ ਸ਼ਰਧਾਲੂ ਭੈਣ-ਭਰਾ ਏਧਰ ਓਧਰ ਤੁਰ ਫਿਰ ਰਹੇ ਸਨ। ਪਾਕਿਸਤਾਨ ਵੱਲੋਂ ਆਏ ਯਾਤਰੀਆਂ ਦਾ ਕਾਰਡ ਨੀਲੇ ਰੰਗ ਦਾ ਸੀ ਤੇ ਸਾਡੇ ਵਾਲਾ ਪੀਲੇ ਰੰਗ ਦਾ। ਸਭ ਯਾਤਰੀਆਂ ਦੇ ਚਿਹਰਿਆਂ 'ਤੇ ਖੇੜਾ ਤੇ ਸ਼ਾਂਤੀ ਸੀ। ਅਸੀਂ ਪੌੜੀਆਂ ਉੱਤਰ ਕੇ ਖੁੱਲ੍ਹੇ ਸੰਗਮਰਮਰੀ ਮੈਦਾਨ ਵਿਚ ਪੈਰ ਧਰੇ ਤੇ ਸਹਿਜ-ਕਦਮੀ ਗੁਰਦੁਆਰੇ ਵੱਲ ਰੁਖ਼ ਕੀਤਾ। ਹੌਲੀ ਹੌਲੀ ਤੁਰਦੇ ਯਾਦ ਆਇਆ ਉਹ ਵੇਲਾ ਜਦੋਂ ਦੇਸ਼ ਦੀ ਤਕਸੀਮ ਤੋਂ ਬਾਅਦ ਇਹ ਗੁਰਦੁਆਰਾ ਵੀਰਾਨ ਹੋ ਗਿਆ ਸੀ। ਇਹਦੇ ਆਲੇ-ਦੁਆਲੇ ਕਾਹੀਆਂ, ਸਰੜਕੜਿਆਂ ਤੇ ਰੁੱਖ-ਬੂਟਿਆਂ ਦਾ ਜੰਗਲ ਉੱਗ ਆਇਆ ਸੀ। ਇਹਦੀ ਦੇਖ-ਭਾਲ ਕਰਨ ਵਾਲਾ ਕੋਈ ਵਾਲੀ-ਵਾਰਸ ਨਹੀਂ ਸੀ। ਰਾਤ-ਬਰਾਤੇ ਇਹ ਸਮਗਲਰਾਂ ਤੇ ਗ਼ੈਰ-ਸਮਾਜਿਕ ਕੰਮ ਕਰਨ ਵਾਲਿਆਂ ਦਾ ਅੱਡਾ ਬਣ ਚੁੱਕਾ ਸੀ। ਉਹੋ ਹੀ ਏਥੇ ਸੁੱਖਣਾ ਸੁੱਖਦੇ ਤੇ ਸੁੱਖਣਾ ਲਾਹੁੰਦੇ। ਅੱਜ ਓਸੇ ਜੰਗਲ ਵਿਚ ਮੰਗਲ ਲੱਗਾ ਹੋਇਆ ਸੀ।

ਗੁਰਦੁਆਰੇ ਦੇ ਕੋਲ ਪਹੁੰਚੇ ਤਾਂ ਗੁਰਦੁਆਰੇ ਦੀ ਵੱਖੀ ਨਾਲ ਲੱਗੀ ਗੁਰੂ ਪਾਤਸ਼ਾਹ ਦੀ ਮਜ਼ਾਰ ਨਜ਼ਰ ਆਈ। ਰਵਾਇਤ ਮੁਤਾਬਕ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਹਿੰਦੂ-ਸਿੱਖ ਅਤੇ ਮੁਸਲਮਾਨ ਸ਼ਰਧਾਲੂ, ਉਨ੍ਹਾਂ ਦੀਆਂ ਅੰਤਮ ਰਸਮਾਂ, ਆਪੋ ਆਪਣੇ ਧਰਮਾਂ ਅਨੁਸਾਰ ਕਰਨ ਲਈ ਬਾਜ਼ਿਦ ਸਨ। ਹਿੰਦੂ-ਸਿੱਖ ਉਨ੍ਹਾਂ ਨੂੰ 'ਆਪਣਾ ਗੁਰੂ' ਮੰਨਦੇ ਸਨ ਤੇ ਮੁਸਲਮਾਨ 'ਆਪਣਾ ਪੀਰ' ਆਖਦੇ ਸਨ। ਇਹ ਉਕਤੀ ਤਾਂ ਸਦੀਆਂ ਤੋਂ ਲੈ ਕੇ ਹੁਣ ਤੱਕ ਪ੍ਰਚੱਲਿਤ ਹੈ:-

ਨਾਨਕ ਸ਼ਾਹ ਫ਼ਕੀਰ!
ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ!

ਬਹੁਤ ਸਾਰੇ ਇਤਿਹਾਸਕਾਰਾਂ ਦਾ ਮੱਤ ਹੈ ਅੰਤਮ ਸੰਸਕਾਰ ਕਰਨ ਲਈ ਸਿੱਖ, ਹਿੰਦੂ ਅਤੇ ਮੁਸਲਮਾਨਾਂ ਦਾ ਆਪਸੀ ਵਿਵਾਦ ਹੋ ਗਿਆ ਕਿਉਂਕਿ ਇਹ ਸਭ ਜਗਤ ਗੁਰੂ ਨੂੰ ਕੇਵਲ ਆਪਣਾ ਗੁਰੂ ਪੀਰ ਮੰਨਦੇ ਸਨ। ਅੰਤ ਨੂੰ ਗੁਰੂ ਸਾਹਿਬ ਦੇ ਵਸਤਰ ਲੈ ਕੇ ਮੁਸਲਮਾਨਾਂ ਨੇ ਕਬਰ ਬਣਾਈ ਅਤੇ ਸਿੱਖਾਂ ਹਿੰਦੂਆਂ ਨੇ ਸਸਕਾਰ ਕੀਤਾ। ਜ਼ਾਹਿਰ ਹੈ ਕਿ ਦੋਵਾਂ ਧਰਮਾਂ ਦੇ ਲੋਕਾਂ ਵਿਚ ਅੰਤਮ ਰਸਮਾਂ ਨਿਭਾਉਣ ਲਈ ਕੀਤੇ ਤਕਰਾਰ ਦੀ ਕਹਾਣੀ ਬਾਅਦ ਵਿਚ ਜੋੜੀ ਗਈ ਹੋਵੇਗੀ, ਜਿਸ ਰਾਹੀਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਗੁਰੂ ਜੀ ਦੀ ਲੋਕ-ਪ੍ਰਿਅਤਾ ਸਭ ਧਰਮਾਂ ਵਿਚ ਵਿਆਪਤ ਸੀ। ਮਿਥ ਕਥਾ ਤਾਂ ਇਹ ਵੀ ਹੈ ਕਿ ਦੋਵਾਂ ਧਰਮਾਂ ਦੇ ਲੋਕਾਂ ਵਿਚ ਵਿਵਾਦ ਤੋਂ ਬਾਅਦ ਜਦੋਂ ਉਨ੍ਹਾਂ ਦੀ ਦੇਹ 'ਤੇ ਦਿੱਤੀ ਚਾਦਰ ਹਟਾਈ ਤਾਂ ਹੇਠਾਂ ਗੁਰੂ ਜੀ ਦੀ ਦੇਹ ਦੀ ਥਾਂ ਖ਼ੁਸ਼ਬੂਦਾਰ ਫੁੱਲਾਂ ਦੀ ਢੇਰੀ ਸੀ। ਇਸਦਾ ਭਾਵ ਇਹ ਲਿਆ ਗਿਆ ਕਿ ਗੁਰੂ ਸਾਹਿਬ ਸਣ-ਦੇਹੀ ਹੀ ਪ੍ਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਜਦਕਿ ਗੁਰੂ ਜੀ ਦੀ ਵਿਚਾਰਧਾਰਾ ਮੁਤਾਬਕ ਪੰਜ-ਭੂਤਕ ਸਰੀਰ ਲਈ ਸਣ-ਦੇਹੀ ਸੰਸਾਰ ਤਿਆਗਣਾ ਸੰਭਵ ਹੀ ਨਹੀਂ।

ਵਿਦਵਾਨਾਂ ਦੀ ਦਲੀਲ ਹੈ ਕਿ 'ਜਿੱਥੋਂ ਤੱਕ ਸਾਖੀਕਾਰਾਂ ਦਾ ਗੁਰੂ ਸਾਹਿਬ ਦਾ ਸਣਦੇਹੀ ਸੱਚਖੰਡ ਜਾਣ ਦੇ ਵਰਣਨ ਦਾ ਸਵਾਲ ਹੈ, ਇਸ ਸੰਬੰਧ ਵਿਚ ਇਤਨੀ ਕੁ ਹੀ ਬੇਨਤੀ ਹੈ ਕਿ ਗੁਰਮਤਿ ਦੀ ਜੀਵਨ-ਜੁਗਤ ਵਿਚ ਸੱਚਖੰਡ ਪ੍ਰਭੂ ਦਾ ਕੋਈ ਵਿਸ਼ੇਸ਼ ਸਥਾਨ ਨਹੀਂ ਸਗੋਂ ਮਾਨਸਿਕ ਅਵਸਥਾ ਹੈ। ਮੌਤ ਉਪਰੰਤ ਜਿਨ੍ਹਾਂ ਤੱਤਾਂ ਦਾ ਜੀਵ ਬਣਿਆ ਹੋਇਆ ਹੈ, ਇਹ ਤੱਤ ਆਪਣੇ ਮੂਲ ਤੱਤ ਵਿਚ ਸਮਾਅ ਜਾਂਦੇ ਹਨ। ਕਰਤੇ ਦੀ ਕੁਦਰਤ ਦਾ ਇਹ ਨਿਯਮ ਹਰੇਕ ਮਨੁੱਖ ਉੱਤੇ ਇੱਕੋ ਜਿਹਾ ਢੁੱਕਦਾ ਹੈ। ਗੁਰਬਾਣੀ ਦੇ ਨਿਮਨ ਲਿਖਤ ਫ਼ਰਮਾਨਾਂ ਵਿਚ ਇਸ ਅਟੱਲ ਨਿਯਮ ਦਾ ਹੀ ਵਰਣਨ ਕੀਤਾ ਹੋਇਆ ਹੈ:-

(ੳ) ਦੇਹੀ ਜਾਤਿ ਨ ਆਗੈ ਜਾਏ॥ (ਪੰਨਾ 111) ਅਰਥ:- ਪ੍ਰਭੂ ਦੀ ਹਜ਼ੂਰੀ ਵਿਚ (ਮਨੁੱਖ ਦਾ) ਸਰੀਰ ਨਹੀਂ ਜਾ ਸਕਦਾ, ਉੱਚੀ ਜਾਤਿ ਭੀ ਨਹੀਂ ਪਹੁੰਚ ਸਕਦੀ (ਜਿਸ ਦਾ ਮਨੁੱਖ ਇਤਨਾ ਮਾਣ ਕਰਦਾ ਹੈ)।

(ਅ) ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥ ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥ (ਪੰਨਾ 726) ਅਰਥ:-ਹੇ ਮਨ! ਹੋਸ਼ ਕਰ, ਹੋਸ਼ ਕਰ! ਤੂੰ ਕਿਉਂ (ਮਾਇਆ ਦੇ ਮੋਹ ਵਿਚ) ਬੇ-ਪਰਵਾਹ ਹੋ ਕੇ ਸੌਂ



ਰਿਹਾ ਹੈਂ? (ਵੇਖ,) ਜੇਹੜਾ (ਇਹ) ਸਰੀਰ (ਮਨੁੱਖ ਦੇ) ਨਾਲ ਹੀ ਪੈਦਾ ਹੁੰਦਾ ਹੈ; ਇਹ ਭੀ (ਆਖ਼ਰ) ਨਾਲ ਨਹੀਂ ਜਾਂਦਾ।

ਵੇਰਵੇ ਤਾਂ ਇਹ ਵੀ ਮਿਲਦੇ ਸਨ ਕਿ ਗੁਰੂ ਜੀ ਦੇ ਅਕਾਲ ਚਲਾਣੇ ਵੇਲੇ ਉਨ੍ਹਾਂ ਦੇ ਪੁੱਤਰ ਜਿਊਂਦੇ ਸਨ, ਗੁਰੂ ਅੰਗਦ ਬਣੇ ਭਾਈ ਲਹਿਣਾ ਵੀ ਓਥੇ ਹੀ ਹੋਣਗੇ। ਉਨ੍ਹਾਂ ਦੇ ਹੁੰਦਿਆਂ ਉਨ੍ਹਾਂ ਦਾ ਅੰਤਮ ਸੰਸਕਾਰ ਕਰਨ ਲਈ ਹਿੰਦੂਆਂ ਸਿੱਖਾਂ ਵਿਚ ਝਗੜਾ ਹੋਣਾ ਸੰਭਵ ਹੀ ਨਹੀਂ ਹੋ ਸਕਦਾ। ਜਦੋਂ ਜੱਦੀ ਵਾਰਸ ਜਿਊਂਦੇ ਹੋਣ ਤਾਂ ਉਨ੍ਹਾਂ ਦਾ ਆਪਣੇ ਪਿਤਾ ਦੀਆਂ ਅੰਤਮ ਰਸਮਾਂ ਨਿਭਾਉਣ ਦਾ ਹੱਕ ਕੋਈ ਕਿਵੇਂ ਖੋਹ ਸਕਦਾ ਹੈ!

ਸਭ ਤੋਂ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਜਿਹੜੀ ਮਾਨਵੀ-ਸਾਂਝ ਦਾ ਪ੍ਰਚਾਰ ਗੁਰੂ ਸਾਹਿਬ ਸਾਰੀ ਉਮਰ ਕਰਦੇ ਰਹੇ ਹੋਣ ਤੇ ਹੁਣ ਤਾਂ ਗੁਰੂ ਜੀ ਦੀ ਹਾਜ਼ਰੀ ਵਿਚ ਕਰਤਾਰਪੁਰ ਵਿਚ ਰੋਜ਼ ਹੀ ਅਜਿਹਾ ਵਿਚਾਰ-ਪ੍ਰਵਾਹ ਚੱਲਦਾ ਰਿਹਾ ਹੋਵੇਗਾ, ਉਦੋਂ ਵੀ ਉਨ੍ਹਾਂ ਦੇ ਪ੍ਰਸ਼ੰਸਕਾਂ ਵਿਚ ਹਿੰਦੂ, ਮੁਸਲਮਾਨ ਵਿਚ ਅਜਿਹਾ ਝਗੜਾ ਹੋ ਜਾਣਾ ਸੰਭਵ ਹੀ ਨਹੀਂ! ਬਾਅਦ ਵਿਚ ਅਜਿਹੀ ਕਹਾਣੀ ਜੋੜਨ ਵਾਲੇ ਸ਼ਰਧਾਲੂਆਂ ਨੂੰ ਇਹ ਖ਼ਿਆਲ ਹੀ ਨਾ ਆਇਆ ਕਿ ਗੁਰੂ ਜੀ ਦੀ 'ਵਡਿਆਈ' ਕਰਨ ਦੇ ਲਾਲਚ ਵਿਚ ਉਹ ਗੁਰੂ ਜੀ ਦੀ ਸਿੱਖਿਆ ਤੇ ਸਿਧਾਂਤ ਦੇ ਮੂਲੋਂ ਹੀ ਉਲਟ ਵਿਹਾਰ ਕਰ ਰਹੇ ਹਨ!

ਉਂਵ ਇਹ ਵੀ ਵੇਰਵੇ ਮਿਲਦੇ ਹਨ ਕਿ ਜਿਹੜੀ ਥਾਂ 'ਤੇ ਗੁਰੂ ਸਾਹਿਬ ਨੇ ਧਰਮਸਾਲ ਬਣਵਾ ਕੇ ਪਰਿਵਾਰ ਸਮੇਤ ਰਹਿਣਾ ਸ਼ੁਰੂ ਕੀਤਾ ਸੀ, ਉਹ ਥਾਂ ਰਾਵੀ ਦੇ ਪਾਣੀ ਦੀ ਮਾਰ ਹੇਠਾਂ ਆ ਗਈ ਸੀ। ਹੁਣ ਓਥੇ ਕਰਤਾਰਪੁਰ ਨਾਂ ਦਾ ਕੋਈ ਨਗਰ ਵੀ ਮੌਜੂਦ ਨਹੀਂ। ਵਰਤਮਾਨ ਗੁਰਦੁਆਰਾ ਵੀ 1929 ਵਿਚ ਪਟਿਆਲੇ ਦੇ ਮਹਾਰਾਜੇ ਵੱਲੋਂ ਭੇਟ ਕੀਤੀ ਮਾਇਆ ਨਾਲ ਉਸਾਰਿਆ ਗਿਆ ਸੀ। ਉਂਝ ਪਾਕਿਸਤਾਨ ਵਿਚ ਕਰਤਾਰਪੁਰ ਨਾਂ ਦਾ ਰੇਲਵੇ-ਸਟੇਸ਼ਨ ਵੀ ਹੈ।

ਅਨੁਮਾਨ ਹੈ ਕਿ 1929 ਵਿਚ ਇਸ ਗੁਰਦੁਆਰੇ ਦੀ ਪੁਨਰ-ਉਸਾਰੀ ਤੋਂ ਪਹਿਲਾਂ ਵੀ ਓਥੇ ਕੋਈ ਯਾਦਗਾਰ ਤਾਂ ਮੌਜੂਦ ਹੀ ਸੀ। ਬਹੁਤ ਸਾਰੇ ਇਤਿਹਾਸਕਾਰ ਲਗਭਗ ਇਸ ਵਿਚਾਰ ਬਾਰੇ ਇੱਕ-ਮੱਤ ਹਨ ਕਿ ਗੁਰੂ ਜੀ ਦਾ ਵਸਾਇਆ ਨਗਰ ਕਰਤਾਰਪੁਰ ਰਾਵੀ ਦਰਿਆ ਵਿਚ ਆਏ ਹੜ੍ਹ ਕਾਰਨ ਰੁੜ੍ਹ ਗਿਆ ਸੀ। ਅਨੁਮਾਨ ਹੈ ਕਿ ਹੁਣ ਵਾਲੇ ਥਾਂ ਦੀ ਬਾਅਦ ਵਿਚ ਨਿਸ਼ਾਨਦੇਹੀ ਕਰ ਕੇ ਹੀ ਏਥੇ ਯਾਦਗਾਰ ਉਸਾਰੀ ਗਈ ਹੋਵੇਗੀ। ਪਰ ਇਸ ਯਾਦਗਾਰ ਦੀ ਪ੍ਰਮਾਣਿਕ ਹੋਂਦ ਦੀ ਇਤਿਹਾਸਕਾਰ ਹਾਮੀ ਨਹੀਂ ਭਰਦੇ। ਚਾਹੀਦਾ ਤਾਂ ਇਹ ਸੀ ਕਿ ਸਿੱਖ ਸੰਸਥਾਵਾਂ ਉਸ ਥਾਂ ਦੀ ਨਿਸ਼ਾਨਦੇਹੀ ਕਰਨ ਲਈ ਖ਼ੁਦਾਈ ਕਰਵਾਉਂਦੀਆਂ ਤੇ ਜ਼ਮੀਨ ਵਿਚੋਂ ਉਸ ਨਗਰ ਦੀ ਰਹਿੰਦ-ਖੂੰਹਦ ਦੀਆਂ ਨਿਸ਼ਾਨੀਆਂ ਲੱਭ ਕੇ ਪ੍ਰਮਾਣਿਤ ਕਰਦੀਆਂ ਕਿ 'ਅਸਲੀ' ਕਰਤਾਰਪੁਰ ਕਿਸ ਜਗ੍ਹਾ 'ਤੇ ਸਥਿਤ ਸੀ।

ਸੰਸਾਰ-ਪੱਧਰ 'ਤੇ ਵੀ ਅਜਿਹੇ ਕੰਮ ਹੋ ਰਹੇ ਨੇ ਕਿ ਧਰਤੀ ਹੇਠਾਂ ਗਵਾਚ ਗਈਆਂ ਪੁਰਾਣੀਆਂ ਥਾਵਾਂ ਨੂੰ ਲੱਭਣ ਲਈ ਆਰਕਿਉਜੀਕਲ ਸਰਵੇ ਕਰਵਾ ਕੇ ਥਾਵਾਂ ਦੀ ਖ਼ੁਦਾਈ ਕੀਤੀ ਜਾਂਦੀ ਹੈ। ਹੁਣ ਵੀ ਚਾਹੀਦਾ ਹੈ ਕਿ ਦੋਵਾਂ ਸਰਕਾਰਾਂ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਦਬਾਉ ਬਣਾ ਕੇ ਉਸ ਇਲਾਕੇ ਦਾ ਆਰਕਿਆਲੋਜੀਕਲ ਸਰਵੇ ਕਰਵਾਇਆ ਜਾਵੇ, ਲੋੜ ਪਵੇ ਤਾਂ ਰਾਵੀ ਦੇ ਪਾਣੀ ਦੇ ਵਹਾਉ ਨੂੰ ਵੀ ਮੋੜ ਕੇ ਉਹ ਥਾਂ ਨੰਗੀ ਕੀਤੀ ਜਾਵੇ, ਜਿੱਥੇ ਇਸ ਖ਼ੇਤਰ ਦੇ ਖੋਜੀਆਂ ਦਾ ਅਨੁਮਾਨ ਹੈ ਕਿ ਨਗਰ ਵੱਸਦਾ ਹੋਵੇਗਾ, ਫੇਰ ਉਸ ਥਾਂ ਦੀ ਖ਼ੁਦਾਈ ਕਰਵਾ ਕੇ ਨਗਰ ਦੀਆਂ ਨਿਸ਼ਾਨੀਆਂ ਲੱਭੀਆਂ ਜਾਣ।

ਜਗਿਆਸੂ ਮਨ ਕਹਿੰਦਾ ਸੀ ਕਿ ਇਹ ਥਾਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਸ਼ਾਇਦ ਅਸਲੀ ਥਾਂ ਨਹੀਂ ਹੋਵੇਗੀ, ਪਰ, ਇਸ ਵੇਲੇ ਮਨ ਅਜਿਹੀਆਂ ਤਰਕਾਂ ਦੇ ਕਾਬੂ ਨਹੀਂ ਆਉਂਦਾ।

... ਇਹ ਸਾਰੀਆਂ ਗੱਲਾਂ ਮੇਰੇ ਚੇਤੇ ਵਿਚ ਅੱਜ ਲਿਸ਼ਕੀਆਂ ਨੇ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ। ਉਸ ਵੇਲੇ ਮੇਰੇ ਮਨ ਵਿਚ ਅਜਿਹੀ ਕੋਈ ਸ਼ੰਕਾ ਨਹੀਂ ਸੀ। ਇੱਕ ਗੱਲ ਤਾਂ ਸੀ ਹੀ ਕਿ ਇਹ ਧਰਤੀ ਤਾਂ ਉਹੋ ਹੀ ਸੀ ਜਿਸ ਉੱਤੇ ਕਦੀ ਗੁਰੂ ਸਾਹਿਬ ਦੇ ਪੈਰਾਂ ਦੇ ਨਿਸ਼ਾਨ ਲੱਗੇ ਸਨ। ਇਸ ਧਰਤੀ 'ਤੇ ਲਏ ਹੋਏ ਉਨ੍ਹਾਂ ਦੇ ਸਾਹ ਹਵਾਵਾਂ ਵਿਚ ਰਲੇ ਹੋਏ ਸਨ। *(ਚੱਲਦਾ)*

# ਇਹ ਰੁੱਖਾਂ ਦੇ ਟਾਹਣੇ



ਕਲਾ ਪਰਿਕਰਮਾ

ਮਨੁੱਖੀ ਜ਼ਿੰਦਗੀ ਨੂੰ ਸ਼ਿੰਗਾਰਨ ਵਿਚ ਜਿੱਥੇ ਅਨੇਕ ਪ੍ਰਕਾਰ ਦੇ ਸਾਧਨ ਹਿੱਸਾ ਪਾਉਂਦੇ ਹਨ ਉੱਥੇ ਰੁੱਖ ਵੀ ਇਸ ਜੀਵਨ ਨੂੰ ਚਿਰੰਜੀਵ ਅਤੇ ਮਨਮੋਹਕ ਬਣਾਉਣ ਵਿਚ ਪਿੱਛੇ ਨਹੀਂ ਰਹਿੰਦੇ। ਆਮ ਮਨੁੱਖ ਦੀ ਗੱਲ ਤਾਂ ਇੱਕ ਪਾਸੇ ਰਹੀ ਸਗੋਂ ਮਹਾਂ ਪੁਰਖਾਂ ਨੇ ਤਾਂ ਕੁਦਰਤ ਦੀ ਗੋਦੀ ਵਿਚ ਬੈਠ ਕੇ ਅਲਾਹੀ ਆਨੰਦ ਹਾਸਿਲ ਕੀਤਾ; ਇੱਥੋਂ ਤੱਕ ਕਿ ਵਿਸ਼ਵ ਪ੍ਰਸਿੱਧ ਕਵੀ ਵਿਲੀਅਮ ਵਰਡਜ਼ਵਰਥ ਨੇ ਆਪਣੀਆਂ ਰਚਨਾਵਾਂ ਵਿਚ ਰੁੱਖਾਂ ਨੂੰ ਅਹਿਮ ਸਥਾਨ ਦਿੱਤਾ ਹੈ। ਭਾਰਤ ਦੇ ਪਹਿਲੇ ਨੋਬੇਲ ਪੁਰਸਕਾਰ ਜੇਤੂ ਕਵੀ ਰਬਿੰਦਰ ਨਾਥ ਟੈਗੋਰ ਨੇ ਵੀ ਸ਼ਾਂਤੀ ਨਿਕੇਤਨ ਬਣਾ ਕੇ ਜਸ ਖੱਟਿਆ। ਭਗਵਾਨ ਕ੍ਰਿਸ਼ਨ ਨੇ ਆਪਣੀ ਬੰਸਰੀ ਦਾ ਸੁਰ ਜਦੋਂ ਦਰੱਖਤਾਂ ’ਤੇ ਬਹਿ ਕੇ ਛੇੜਿਆ ਤਾਂ ਗੋਪੀਆਂ ਨੇ ਤਾਂ ਮੰਤਰ-ਮੁਗਧ ਹੋਣਾ ਹੀ ਸੀ ਸਗੋਂ ਕੁਦਰਤ ਰਾਣੀ ਵੀ ਆਪਣਾ ਸ਼ੋਰ-ਸ਼ਰਾਬਾ ਬੰਦ ਕਰ ਕੇ ਸੁਰੀਲੀ ਆਵਾਜ਼ ਵਿਚ ਲੀਨ ਹੋ ਗਈ। ਇੱਥੇ ਹੀ ਬਸ ਨਹੀਂ, ਰਿਗਵੇਦ ਜੋ ਪੰਜਾਬ ਦੀ ਧਰਤੀ ’ਤੇ ਰਚਿਆ ਗਿਆ, ਉਸ ਵਿਚ ਵੀ ਰੁੱਖਾਂ ਬਾਰੇ ਵਰਣਨ ਮਿਲਦਾ ਹੈ। ਦੇਵੀ-ਦੇਵਤੇ ਵੀ ਰੁੱਖਾਂ ਨੂੰ ਪਿਆਰਨ ਤੋਂ ਪਿੱਛੇ ਨਹੀਂ ਰਹੇ। ਲੱਛਮੀ ਨੂੰ ਕਚਨਾਰ ਦੇ ਫੁੱਲਾਂ ਨਾਲ ਡਾਢਾ ਪ੍ਰੇਮ ਸੀ। ਮਹਾਤਮਾ ਬੁੱਧ ਨੇ ਅਧਿਆਤਮਕ ਗਿਆਨ ਬੋਹੜ ਦੇ ਰੁੱਖ ਹੇਠਾਂ ਬਹਿ ਕੇ ਹਾਸਿਲ ਕੀਤਾ।



**ਬਲਜਿੰਦਰ ਮਾਨ**
**ਫੋਨ: +91-98150-18947**

ਪੂਰੀ ਦੁਨੀਆ ਵਿਚ ਦਰੱਖਤਾਂ ਦੀ ਵੰਨ-ਸਵੰਨਤਾ ਦਾ ਕੋਈ ਅੰਤ ਨਹੀਂ। ਮੈਕਸਿਕੋ ਵਿਚ 48 ਮੀਟਰ ਫੇਰ ਦੇ ਮੋਟੇ ਅਤੇ 105 ਮੀਟਰ ਤੱਕ ਉੱਚੇ ਰੁੱਖ ਮਿਲਦੇ ਹਨ। ਕਈਆਂ ਦੇ ਤਣਿਆਂ ਵਿਚ ਸੜਕਾਂ ਬਣਾਈਆਂ ਗਈਆਂ ਹਨ। ਸ੍ਰੀਲੰਕਾ ਵਿਚ ਮਹਾਰਾਜਾ ਅਸ਼ੋਕ ਦੀ ਭੈਣ ਹੱਥੀਂ ਲੱਗਿਆ ਰੁੱਖ ਅੱਜ ਵੀ ਮੌਜੂਦ ਹੈ। ਪਾਕਿਸਤਾਨ ਵਿਚਲੀ ਛਾਂਗਾ-ਮਾਗਾ ਟਾਹਲੀ ਆਪਣੀ ਪੱਕੀ ਲੱਕੜ ਲਈ ਵਿਸ਼ਵ ਪ੍ਰਸਿੱਧ ਹੈ। ਸੁਨਾਮ ਤੇ ਸਨੌਰ ਦੀਆਂ ਬੇਰੀਆਂ ਦੇ ਬੇਰਾਂ ਦਾ ਸਵਾਦ ਵੀ ਵੱਖਰਾ ਹੈ:

ਮੈਂ ਬੇਰੀਆਂ ਦੇ ਟਾਹਣ ਹਿਲਾਵਾਂ
ਪੱਕੇ-ਪੱਕੇ ਬੇਰ ਚੁਗ ਲੈ।

ਰੁੱਖਾਂ ਨੇ ਸਾਡੇ ਜੀਵਨ ਦੀ ਇਸ ਮਹਿਫਲ ਨੂੰ ਰੰਗੀਨ ਬਣਾਇਆ ਹੈ। ਪਿਆਰ ਜਿਸ ਤੋਂ ਬਗੈਰ ਜ਼ਿੰਦਗੀ ਅਧੂਰੀ ਹੈ, ਦਾ ਪਹਿਲਾਂ ਜ਼ਿਕਰ ਕਰੀਏ ਤਾਂ ਚੰਗਾ ਹੈ। ਅੰਬ ਦਾ ਬੂਟਾ ਜੋ ਕਿਸੇ ਦੇ ਪਿਆਰ ਦੀ ਗਵਾਹੀ ਭਰਦਾ ਹੈ ਤਾਂ ਔਰਤ ਆਪਣੀ ਜਵਾਨੀ ਦੀਆਂ ਰੰਗਲੀਆਂ ਯਾਦਾਂ ਨੂੰ ਯਾਦ ਕਰ ਕੇ ਆਖਦੀ ਹੈ:

ਅੰਬੀ ਦਿਆ ਬੂਟਿਆ
ਕਦੇ ਤੇਰੇ ਥੱਲੇ ਬਹਿ ਕੇ
ਮੈਂ ਤੇ ਮਾਹੀ ਕੀਤਾ ਸੀ ਪਿਆਰ।

ਅੰਬਾਂ ਦੇ ਰੁੱਖਾਂ ਨੂੰ ਜਦੋਂ ਬੂਰ ਪੈਂਦਾ ਹੈ ਤਾਂ ਕੋਇਲ ਵੀ ਆਪਣੀ ਸੁਰੀਲੀ ਆਵਾਜ਼ ਨਾਲ ਟੂੰ-ਹੂੰ, ਟੂੰ-ਹੂੰ ਦਾ ਨਾਅਰਾ ਬੁਲੰਦ ਕਰਦੀ ਹੈ ਪਰ ਮੁਟਿਆਰ ਨੂੰ ਇਹੀ ਆਵਾਜ਼ ਜੋ ਕਿਸੇ ਸਮੇਂ ਪਿਆਰੀ-ਪਿਆਰੀ ਲੱਗਦੀ ਸੀ, ਅੱਜ ਚੁਭਦੀ ਹੋਈ ਪ੍ਰਤੀਤ ਹੁੰਦੀ ਹੈ ਕਿਉਂਕਿ ਵਿਛੋੜੇ ਵਿਚ ਜੀਵਨ ਗੁਜ਼ਾਰਨਾ ਦੁੱਭਰ ਹੋ ਜਾਂਦਾ ਹੈ:

ਤੇਰੇ ਉੱਤੇ ਆਣ ਜਦੋਂ ਕੋਇਲ ਕੋਈ ਬੋਲਦੀ ਏ
ਮੈਥੋਂ ਹੁੰਦੇ ਨਹੀਓਂ ਬੋਲ ਉਹ ਸਹਾਰ।

ਪੰਜਾਬੀ ਲੋਕ ਬੋਲੀਆਂ ਵਿਚ ਕਿੱਕਰ, ਟਾਹਲੀ, ਪਿੱਪਲ, ਬੋਹੜ, ਅੰਬ, ਸ਼ਰੀਂਹ, ਤੂਤ, ਕਰੀਰ, ਬੇਰੀ, ਨਿੰਮ, ਜੰਡ ਆਦਿ ਰੁੱਖਾਂ ਨੂੰ ਵਿਸ਼ੇਸ਼ ਥਾਂ ਹਾਸਿਲ ਹੈ। ਜਵਾਨੀ ਦੇ ਜੋਸ਼ ਦਾ ਅਥਾਹ ਭੰਡਾਰ ਸਾਉਣ ਮਹੀਨੇ ਦੀ ਉਡੀਕ ਤੀਬਰ ਇੱਛਾ ਨਾਲ ਕਰਦਾ ਹੈ ਤਾਂ ਕਿ ਉਹ ਆਪਣੇ ਜਜ਼ਬਿਆਂ ਦਾ ਇਜ਼ਹਾਰ ਕਰ ਸਕੇ:

ਪਿੱਪਲੀ ਦੇ ਟਾਹਣ ਹਿੱਲ ਗਏ
ਜਦੋਂ ਪੀਂਘ ਜੱਟੀ ਨੇ ਚੜ੍ਹਾਈ
ਪੱਤਿਆਂ ਨੂੰ ਰੂਪ ਚੜ੍ਹ ਗਏ
ਜੱਟੀ ਲਾ ਕੇ ਜਿਨ੍ਹਾਂ ਨੂੰ ਹੱਥ ਆਈ।

---

ਸੱਜਣਾਂ ਦੇ ਵਿਹੜੇ ਦੀ
ਕੌੜੀ ਨਿੰਮ ਨੂੰ ਪਤਾਸੇ ਲੱਗਦੇ।

ਸਾਉਣ ਦੇ ਮਹੀਨੇ ਵਿਚ ਲੜਕੀਆਂ, ਔਰਤਾਂ ਅਤੇ ਬੁੱਢੀਆਂ ਦੇ ਪਿਆਰ ਦਾ ਸਮੁੰਦਰ ਸਭ ਹੱਦਾਂ-ਬੰਨੇ ਟੱਪਣ ਲੱਗਦਾ ਹੈ। ਫਿਰ ਪੀਂਘ ਦੇ ਹੁਲਾਰੇ ਨਾਲ ਮੁਟਿਆਰ ਦਾ ਮਨ ਤਾਂ ਹਲੂਣਾ ਖਾਂਦਾ ਹੀ ਹੈ ਪਰ ਪਿੱਪਲ ਆਪਣੀ ਬੁੱਕਲ ਵਿਚ ਸਜ-ਵਿਆਹੀਆਂ ਅਤੇ ਜਵਾਨੀ ਦੀ ਦਹਿਲੀਜ਼ ’ਤੇ ਦਸਤਕ ਦਿੰਦੀਆਂ ਮੁਟਿਆਰਾਂ ਦੇਖ ਕੇ ਕਹਿ ਉੱਠਦਾ ਹੈ:

ਧੰਨ ਭਾਗ ਮੇਰੇ ਪਿੱਪਲ ਆਖੇ
ਸਾਉਣ ਵਿਚ ਕੁੜੀਆਂ ਪੀਂਘਾਂ ਪਾਈਆਂ।

ਰੁੱਖਾਂ ਨਾਲ ਆਦਮੀ ਦਾ ਰਿਸ਼ਤਾ ਬਹੁਤ ਨੇੜਲਾ ਹੈ ਕਿਉਂਕਿ ਰੁੱਖ ਤੇ ਮਨੁੱਖ ਦੀ ਸਾਂਝ ਸਦੀਆਂ ਪੁਰਾਣੀ ਹੈ। ਜਿੱਥੇ ਇਹ ਮਨੁੱਖੀ ਜੀਵਨ ਦੀ ਬਿਹਤਰੀ ਵਾਸਤੇ ਹਵਾ, ਲੱਕੜੀ, ਰਸ, ਫ਼ਲ, ਦਵਾਈ, ਰੰਗ ਰੋਗਨ ਅਤੇ ਪਾਣੀ ਆਦਿ ਦਾ ਪ੍ਰਬੰਧ ਕਰਦੇ ਹਨ, ਉੱਥੇ ਇਹ ਉਸ ਦੀਆਂ ਪੀੜਾਂ ਦੇ ਭਾਈਵਾਲ ਬਣਦੇ ਹੋਏ ਅਨੇਕਾਂ ਲੋੜਾਂ ਦੀ ਪੂਰਤੀ ਕਰਦੇ ਹਨ। ਜਦੋਂ ਮਿਰਜ਼ਾ ਜੰਡ ਦੇ ਹੇਠਾਂ ਮਾਰਿਆ ਜਾਂਦਾ ਹੈ ਤਾਂ ਜੰਡ ਦੇ ਪੱਤੇ ਅੱਥਰੂ ਕੇਰਦੇ ਨੇ:

ਖਰਲਾਂ ਦਾ ਜੱਟ ਮਾਰਿਆ ਅੱਜ ਹੇਠਾਂ ਮੇਰੇ।
ਪੱਤਰਾਂ ਮੇਰੇ ਕੋਮਲਾਂ ਕਈ ਅੱਥਰੂ ਕੇਰੇ।

ਅਨੇਕ ਲੋੜਾਂ ਦੀ ਪੂਰਤੀ ਕਰਨ ਵਿਚ ਇਨ੍ਹਾਂ ਦੀ ਭੂਮਿਕਾ ਕਾਬਲੇ ਗੌਰ ਹੈ। ਸੱਕ, ਦੁੱਧ, ਰਬੜ ਅਤੇ ਕਈ ਦਵਾਈਆਂ ਵਿਚ ਵਰਤੇ ਜਾਣ ਵਾਲੇ ਪਦਾਰਥ ਇਨ੍ਹਾਂ ਤੋਂ ਸਾਨੂੰ ਮੁਫ਼ਤ ਮਿਲਦੇ ਹਨ। ਇਸੇ ਤਰ੍ਹਾਂ ਔਰਤ ਦੀ ਨਿਗ੍ਹਾ ਵੀ ਆਪਣੀ ਰੀਝ ਪੂਰੀ ਕਰਨ ਲਈ ਇਨ੍ਹਾਂ ’ਤੇ ਹੀ ਲੱਗੀ ਹੋਈ ਹੈ। ਉਹ ਪਤੀ ਨੂੰ ਫਰਮਾਇਸ਼ ਕਰਦੀ ਹੈ:

ਬੰਨੀ ਵਾਲਾ ਜੰਡ ਵੇਚ ਕੇ
ਮੈਨੂੰ ’ਕੱਲੀ ਨੂੰ ਪਵਾ ਦੇ ਚੁਬਾਰਾ।

ਜਾਮਣੂ ਅਤੇ ਖਜੂਰ ਦੀ ਮਿਠਾਸ ਵੀ ਔਰਤ ਦੇ ਮਨ ਬਹਿਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੀ। ਇੱਕ ਹਾਸੇ ਦੀ ਫੁਹਾਰ ਛੱਡਦੀ ਹੋਈ ਬੋਲੀ ਦਾ ਰਸ ਚੱਖੀਏ:

ਬੂਹੇ ਅੱਗੇ ਜਾਮਣੂ ਮੈਂ ਰੋਜ਼ ਤੋੜ-ਤੋੜ ਖਾਨੀ ਆਂ।
ਧੰਨ ਮੇਰਾ ਢਿੱਡਾ ਨੀਂ ਮੈਂ ਰੋਜ਼ ਮਾਰ ਖਾਨੀ ਆਂ।

ਲੜਕੀ ਦਾ ਬਾਬਲ ਦੇ ਵਿਹੜੇ ਵਿਚਲੇ ਰੁੱਖਾਂ ਨਾਲ ਵੀ ਰਿਸ਼ਤਾ ਨਾਤਾ ਹੁੰਦਾ ਹੈ। ਉਨ੍ਹਾਂ ਦੀ ਛਾਂ ਵਿਚੋਂ ਮਾਪਿਆਂ ਵਾਲਾ ਨਿੱਘ ਮਿਲਦਾ ਹੈ:

ਬਾਬੇ ਵਿਹੜੇ ਜੀ ਪੀਂਘ ਝੂਟੀਏ।
ਬਾਬਲ ਵਿਹੜੇ ਜੀ ਛਾਵਾਂ ਮਾਣੀਏ।

ਮਾਰੂਥਲ ਦੀਆਂ ਤੱਤੀਆਂ ਹਵਾਵਾਂ ਨੂੰ ਝੱਲਦਾ ਰੁੱਖ ਵੀ ਇਨਸਾਨੀ ਜੀਵਨ ਵਾਂਗ ਸਾਥ ਨੂੰ ਲੋਚਦਾ ਹੈ:

’ਕੱਲੀ ਹੋਏ ਨਾ ਵਣਾਂ ਦੇ ਵਿਚ ਲੱਕੜੀ
’ਕੱਲਾ ਨਾ ਹੋਵੇ ਪੁੱਤ ਜੱਟ ਦਾ।

ਪੰਜਾਬੀ ਦਾ ਆਧੁਨਿਕ ਕਵੀ ਸ਼ਿਵ ਕੁਮਾਰ ਰੁੱਖਾਂ ਦੇ ਗਲ਼ ਲੱਗ ਰੋਇਆ। ਪ੍ਰੋ. ਮੋਹਨ ਸਿੰਘ ਅਤੇ ਪੂਰਨ ਸਿੰਘ ਨੇ ਵੀ ਰੁੱਖਾਂ ਨੂੰ ਬਹੁਤ ਪਿਆਰਿਆ ਤੇ ਸਤਿਕਾਰਿਆ ਹੈ। ਮੋਹਣ ਸਿੰਘ ਦਾ ‘ਅੰਬੀ ਦਾ ਬੂਟਾ’ ਅਤੇ ਪ੍ਰੋ. ਪੂਰਨ ਸਿੰਘ ਦੀਆਂ ਇਹ ਸਤਰਾਂ ਅਮਰ ਨੇ:

ਜੀਣ ਤੇਰੇ ਪਿੱਪਲ ਤੇ ਅੰਬ ਪਿਆਰੇ।

ਜੇਕਰ ਅਜੋਕੇ ਪ੍ਰਸੰਗ ਵਿਚ ਵਾਚੀਏ ਤਾਂ ਸਥਿਤੀ ਬੜੀ ਨਾਜ਼ੁਕ ਹੋ ਰਹੀ ਹੈ। ਵਧਦੀ ਹੋਈ ਆਬਾਦੀ ਬਾਗ਼ਾਂ ਦੇ ਬਾਗ਼ ਹੜੱਪ ਕਰ ਗਈ ਹੈ। ਵਿਕਾਸ ਦੇ ਨਾਮ ’ਤੇ ਸਰਕਾਰਾਂ ਨੇ ਲੱਖਾਂ ਰੁੱਖਾਂ ਦਾ ਵਿਨਾਸ਼ ਕਰ ਦਿੱਤਾ ਹੈ। ਵਾਤਾਵਰਨ ਵਿਗਿਆਨੀਆਂ ਨੂੰ ਡਰ ਹੈ ਕਿ ਮਨੁੱਖੀ ਜੀਵਨ ਇਨ੍ਹਾਂ ਤੋਂ ਬਗੈਰ ਖ਼ਤਰੇ ਵਿਚ ਪੈ ਚੁੱਕਾ ਹੈ। ਸ਼ੁੱਧ ਹਵਾ ਦੀ ਕਮੀ ਕਾਰਨ ਅਸੀਂ ਕਈ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਾਂ। ਇਨ੍ਹਾਂ ਦੇ ਆਸਰੇ ਮਨੁੱਖ ਦੀ ਭੁੱਖ ਮਿਟਾਉਣ ਵਾਲੇ ਹਜ਼ਾਰਾਂ ਜੰਗਲੀ ਜੀਵ ਆਪਣਾ ਜੀਵਨ ਬਸਰ ਕਰਦੇ ਹਨ। ਇੱਥੇ ਇਹ ਕਹਿਣਾ ਵੀ ਅਣਉਚਿਤ ਨਹੀਂ ਕਿ ਮਨੁੱਖ ਰੁੱਖਾਂ ਦੀ ਕਟਾਈ ਨਾਲ ਆਪਣੀ ਉਮਰ ਛੋਟੀ ਕਰ ਰਿਹਾ ਹੈ ਤੇ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ।

ਅੱਜ ਲੋੜ ਹੈ ਸਾਡੇ ਜੀਵਨ ਰੂਪੀ ਬੇੜੇ ਦੇ ਚੱਪੂਆਂ (ਰੁੱਖ) ਦੀ ਰੱਖਿਆ ਲਈ ਜੰਗੀ ਪੱਧਰ ’ਤੇ ਮੁਹਿੰਮ ਛੇੜੀ ਜਾਵੇ। ਹੁਣ ਇਹ ਬੋਲੀਆਂ ਅਤੇ ਲੋਕ ਗੀਤ ਬੀਤੇ ਦੀਆਂ ਬਾਤਾਂ ਬਣ ਚੁੱਕੇ ਹਨ। ਕਵੀ ਦੀਆਂ ਇਹ ਤੁਕਾਂ ਤਲਖ ਹਕੀਕਤਾਂ ਨੂੰ ਸਮੋਈ ਬੈਠੀਆਂ ਨੇ:

*ਕੁਝ ਰੁੱਖ ਯਾਰਾਂ ਵਰਗੇ ਲੱਗਦੇ
ਅਤੇ ਕੁਝ ਰੁੱਖ ਵਾਂਗ ਭਰਾਵਾਂ।
*ਸੁੱਕ ਗਿਆ ਚੰਨਣ ਦਾ ਬੂਟਾ
ਤੇਰੇ ਪਿੱਛੇ ਨੀਂ ਸੋਹਣੀਏ।
*ਪਿੱਪਲਾਂ ’ਤੇ ਆਈਆਂ ਬਹਾਰਾਂ
ਬੋਹੜਾਂ ਨੂੰ ਲੱਗੀਆਂ ਗੋਹਲਾਂ।
ਵੇ ਛੱਡ ਕੇ ਨਾ ਜਾਵੀਂ ਮਿੱਤਰਾ
ਦਿਲ ਦੇ ਬੋਲ ਮੈਂ ਬੋਲਾਂ।

## ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਜੂਨ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-640



*ਐਵੇਂ ਸਵਾਮੀ ਭਗਤ ਨਹੀਂ ਆਖਦੇ, ਹੈ ਮਾਲਕ ਦਾ ਵਫ਼ਾਦਾਰ,*
*ਜੀਅ ਬਣ ਕੇ ਵਿਚਰੇ ਪਰਿਵਾਰ ‘ਚ, ਬਣੇ ਘਰ ਦਾ ਚੌਕੀਦਾਰ।*
*ਆਪਣੇ ਪਰਾਏ ਨੂੰ ਸੁੰਘ ਪਛਾਣਦਾ, ਦਿੰਦਾ ਵੈਰੀ ਨੂੰ ਦੁਰਕਾਰ,*
*ਦੇਖੋ ਤਸਵੀਰ ਵਿੱਚੋਂ ਕਿੰਝ ਝਾਕਦਾ, ਗ.ਲ ਲੱਗ ਕਰੇ ਪਿਆਰ।*

### ਕੈਪਸ਼ਨ ਮੁਕਾਬਲਾ-638



ਤੋਤੇ ਦੀ ਚੁੰਝ ਐਨੀ ਤਿੱਖੀ
ਤਣਾਂ ਕੱਟ ਕੇ ਖੁੱਡ ਬਣਾਵੇ।
ਤੋਤੀ ਉਸ ਵਿਚ ਅੰਡੇ ਦੇਵੇ
ਜੋੜਾ ਰ.ਲ ਮਿ.ਲ ਵੰਸ਼ ਵਧਾਵੇ।
ਦੂਰੋਂ ਨੇੜਿਓਂ ਚੋਗਾ ਲਿਆ ਕੇ
ਬੋਟਾਂ ਦੇ ਉਹ ਮੂੰਹ ਵਿਚ ਪਾਵੇ।
ਆਪਣੇ ਆਪਣੇ ਢੰਗਾਂ ਦੇ ਨਾਲ
ਹਰ ਕੋਈ ਜੀਵਨ ਜਾਚ ਸਿਖਾਵੇ।
***- ਜਗਮੀਤ ਸਿੰਘ ਪੰਧੇਰ***

---

ਮਾਵਾਂ ਠੰਢੀਆਂ ਛਾਵਾਂ
ਇਹ ਸਾਰਾ ਜੱਗ ਅੱਜ ਕਹਿੰਦਾ ਹੈ,
ਮਗਰ ਬੱਚਾ ਨਲਾਇਕ ਵੀ
ਮਾਂ ਦੇ ਦਿਲ ਵਿਚ ਰਹਿੰਦਾ ਹੈ।
ਖ਼ੁਦ ਭੁੱਖੀ ਰਹਿ ਜਾਏ ਲੱਖ ਵਾਰੀ
ਪਰ ਬੱਚੇ ਨੂੰ ਰਜਾਉਂਦੀ,
ਗਿੱਲੀ ਥਾਂ ‘ਤੇ ਆਪ ਪੈ ਜਾਵੇ
ਬੱਚੇ ਨੂੰ ਸੁੱਕੇ ‘ਤੇ ਹੈ ਪਾਉਂਦੀ।
***-ਸੇਵਾ ਸਿੰਘ ‘ਨੂਰਪੁਰੀ’***

---

ਚੁੰਝ ਭਰ ਜੋ ਟੁੱਕ ਖੁਆਵੇ
ਸਾਂਝ ਦੀ ਬਾਤ ਸੁਣਾਵੇ,
ਇਕ ਦਿਨ ਉਡਾਰੀ
ਭਰ ਜਾਣੀ ਦੋਵਾਂ ਨੇ,
ਬੈਠੀ ਮਨ ਨੂੰ ਪਈ ਸਮਝਾਵੇ,
ਮਾਂ ਦਾ ਦੇਣ
ਨੀਂ ਦੇ ਸਕਦਾ ਕੋਈ
ਭਲਾ ਬਾਲਾਂ ਨੂੰ
ਭੁੱਖਿਆਂ ਕਿੰਝ ਸੁਆਵੇ।
***-ਚਰਨਜੀਤ ਕੌਰ***

---

ਭਾਵੇਂ ਹੋਣ ਪਰਿੰਦੇ ਜਾਂ ਬੰਦੇ,
ਸਭ ਨੂੰ ਪਾਲਣ ਮਾਵਾਂ।
ਮਾਂ ਦੀ ਗੋਦ ਦਾ ਨਿੱਘ,
ਤਪਦੀ ਧੁੱਪ ‘ਚ ਵੀ ਕਰਦਾ ਛਾਵਾਂ।
ਤਣੇ ਨੂੰ ਕੁਤਰ ਕੇ ਬਣਾਇਆ ਘਰ,
ਕੁਤਰ ਕੇ ਲਿਆਂਦਾ ਫਲ
ਬੱਚਿਆਂ ਦੇ ਮੂੰਹ ਪਾਵੇ।
ਮਾਂ ਦੇ ਦਿੱਤੇ ਖਾਣੇ ਬਰਾਬਰ,
ਹੋਰ ਕਿਤੋਂ ਲੁੱਤਫ ਨਾ ਆਵੇ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ ਜ਼ਿਲ੍ਹਾ ਪਟਿਆਲਾ***
***ਫੋਨ: 98784-69639***

---

ਹੋਵੇ ਪੰਛੀ ਵਰਗ ਜਾਂ ਕੋਈ ਵੀ ਪ੍ਰਾਣੀ
ਹਰ ਸ਼ੈਅ ਜੋ ਜਨਮ ਲੈਂਦੀ
ਮਾਂ ਹਮੇਸ਼ਾ ਅਟੁੱਟ ਰਿਸ਼ਤਾ ਰੱਖਦੀ
ਮਾਰ ਚੁੰਝਾਂ ਖੁਰਚ ਖੁਰਚ ਦਰਖਤਾਂ ‘ਚ ਸ਼ੇਕ
ਘੁਰਨਾ ਜ਼ਰਾ ਬਣਾ ਬੱਚੇ ਰੱਖਦੀ
ਜਾਂ ਘਾਹ ਤੀਲਾ ਬੁਣ ਬੁਣ ਆਲ੍ਹਣਾ
ਮਿਲੇ ਨਾ ਕੁਝ ਤਾਂ ਆਪਣੇ ਹੀ ਖੰਭ ਖੋਲ੍ਹ
ਘੁੱਟ ਲਕੋ ਲੈਂਦੀ ਨਵਜੰਮੇ ਬੱਚੇ ਨੂੰ
ਸਾਂਭ ਸੰਭਾਲ ਖੁਰਾਕ ਖੁਦ ਮੂੰਹ ਪਾਉਂਦੀ
ਇਹੋ ਹੈ ਮਾਂ ਮਮਤਾ ਦਾ ਨਾਂ।
***-ਦਰਸ਼ਨ ਪਾਲ ਦੋਸਾਂਝ***

***ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:***
***ਫੋਨ: 847-359-0746***

# ਤਹਿਸੀਲਾਂ ਵਿਚ ਰਿਸ਼ਵਤ ਬੰਦ?

***ਇੰਟਰਨੈੱਟ ਵਾਲਾ ਇਨਕਲਾਬ ਆਉਣ ਤੋਂ ਬਾਅਦ ਬਹੁਤ ਸਾਰੇ ਕੰਮ ਸੁਖਾਲੇ ਹੋ ਗਏ ਹਨ। ਇਸ ਦੇ ਨਾਲ ਹੀ ਕੁਝ ਹੱਦ ਤੱਕ ਰਿਸ਼ਵਤ ਵਾਲਾ ਫਸਤਾ ਵੀ ਵੱਢਿਆ ਗਿਆ ਹੈ। ਅਜੇ ਵੀ ਬਹੁਤੇ ਕੰਮ ਭਾਵੇਂ ਵਿਚੋਲਿਆਂ ਰਾਹੀਂ ਆਸਾਨੀ ਨਾਲ ਕਰਵਾ ਲਏ ਜਾਂਦੇ ਹਨ। ਇਸ ਲੇਖ ਵਿਚ ਕਮਲਜੀਤ ਸਿੰਘ ਨੇ ਤਹਿਸੀਲ ਵਿਚ ਕਰਵਾਏ ਜਾਣ ਵਾਲੇ ਕੰਮ-ਧੰਦਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ ਜੋ ਆਮ ਬੰਦੇ ਲਈ ਵਾਹਵਾ ਮਦਦਗਾਰ ਸਾਬਤ ਹੋ ਸਕਦੀ ਹੈ।***

**ਕਮਲਜੀਤ ਸਿੰਘ ਫਰੀਮੌਂਟ**
**ਫੋਨ: 510-284-7106**

ਜੀ ਹਾਂ ਬੰਦ, ਪਰ ਨਹੀਂ ਬੰਦ!

ਤਹਿਸੀਲਦਾਰ ਰਿਸ਼ਵਤ ਨਹੀਂ ਮੰਗਦੇ, ਲੋਕ ਖਾਹਮਖਾਹ ਦਿੰਦੇ ਹਨ। ਜਦ ਕੋਈ ਬੰਦਾ 40-50 ਲੱਖ ਰੁਪਏ ਦੀ ਰਜਿਸਟਰੀ ਕਰਵਾਉਂਦਾ ਹੈ ਤਾਂ ਉਸ ਝਿਜਕ ਨਹੀਂ ਮਹਿਸੂਸ ਹੁੰਦੀ ਕਿਉਂਕਿ ਉਹ ਸਮਝਦਾ ਹੈ ਕਿ ਰਜਿਸਟਰੀ ਕਰਵਾਉਣੀ ਬਹੁਤ ਗੁੰਝਲਦਾਰ ਕੰਮ ਹੈ ਤੇ ਉਸ ਦੀ ਸਮਝ ਤੋਂ ਪਰੇ ਹੈ। ਉਹ ਸਮਝਦਾ ਹੈ ਕਿ ਰਜਿਸਟਰੀ ਜਾਂ ਫਰਦ ਜਾਂ ਹੋਰ ਕਾਗਜ਼ਾਂ ਵਿਚ ਲਿਖੇ ਫਾਰਸੀ ਦੇ ਲਫ਼ਜ਼ ਦਾ ਤਰਜਮਾ ਸਿਰਫ਼ ਤੇ ਸਿਰਫ਼ ਪਟਵਾਰੀ ਜਾਂ ਤਹਿਸੀਲਦਾਰ ਹੀ ਕਰ ਸਕਦਾ ਹੈ, ਤੇਜਾਂ ਫਿਰ ਬਾਹਰ ਬੈਠੇ ਵਸੀਕਾਨਵੀਸ। ਆਮ ਆਦਮੀ ਖਾਸ ਕਰਕੇ ਪੰਜਾਬੀਆਂ ਨੂੰ ਆਪਣੇ ਕੰਮ ਦੀ ਕਾਹਲੀ ਬਹੁਤ ਹੁੰਦੀ ਹੈ ਤੇ ਉਹ ਇਸ ਦੀ ਕੀਮਤ ਲੱਖਾਂ ਰੁਪਏ ਦੇ ਕੇ ਘਰ ਪਰਤਦੇ ਹਨ।

ਵਸੀਕਾਨਵੀਸ ਚਾਹੇ ਤਹਿਸੀਲ ਦੇ ਬਾਹਰ ਬੈਠਦਾ ਹੈ ਪਰ ਆਸ ਵਿਚ ਤਹਿਸੀਲ ਦੇ ਅੰਦਰ ਉਸ ਦੀ ਪਹੁੰਚ ਤੇ ਪੁਛਗਿੱਛ ਬਹੁਤ ਹੁੰਦੀ ਹੈ ਕਿਉਂਕਿ ਉਹੀ ਸਹੀ ਕੰਮ ਦੇ ਪੈਸੇ ਅੰਦਰ ਪਹੁੰਚਾਉਂਦਾ ਹੈ ਤੇ ਨਾਲ ਆਪਣਾ ਹਿੱਸਾ ਵੀ ਲੈ ਲੈਂਦਾ ਹੈ। ਇਸ ਕਾਰਜ ਵਿਚ ਉਹ ਨੰਬਰਦਾਰ (ਲੰਬੜਦਾਰ), ਸੁਵਿਧਾ ਸੈਂਟਰ, ਰਜਿਸਟਰੀ ਕਲਰਕ, ਰਜਿਸਟਰੀ ਜਾਂ ਪੇਸਟਰ, ਡਾਇਰੀਵਾਲਾ, ਫ਼ੀਸ ਕਲਰਕ ਤੇ ਤਹਿਸੀਲਦਾਰ ਦਾ ਸਾਰਾ ਹਿਸਾਬ ਕਿਤਾਬ ਸ਼ਾਮੀਂ ਜਾ ਕੇ ਦੇ ਆਉਂਦਾ ਹੈ। ਉਸ ਦਾ ਤਰੀਕਾ ਇਹ ਹੈ ਕਿ ਜਿਸ ਕੰਮ ਦੇ ਉਸ ਨੇ ਪੈਸੇ ਲਏ ਹੋਏ ਹਨ, ਉਹ ਉਸ ਬੰਦੇ ਦੇ ਕਾਗਜ਼ ਪੱਤਰ ਬਣਾ ਕੇ ਖ਼ੁਦ ਤਹਿਸੀਲਦਾਰ ਪਾਸ ਜਾਂਦਾ ਹੈ ਤੇ ਉਸ ਨਾਲ ਅੱਖ ਮਿਲਾਉਂਦਾ ਹੈ (ਇਹ ਸਭ ਮੈਨੂੰ ਇਕ ਵਸੀਕਾਨਵੀਸ ਨੇ ਦੱਸਿਆ)। ਤਹਿਸੀਲਦਾਰ ਨੀਵੀਂ ਜਿਹੀ ਅੱਖ ਨਾਲ ਇਸ਼ਾਰਾ ਸਮਝ ਲੈਂਦਾ ਹੈ ਤੇ ਉਸ ਵਸੀਕਾਨਵੀਸ ਦੇ ਦਿਤੇ ਕਾਗਜ਼ ਇਕ ਪਾਸੇ ਰੱਖ ਲੈਂਦਾ ਹੈ ਤੇ ਹੋਰ ਸਭ ਆਮ ਲੋਕ ਜੇ ਕੋਈ ਵਸੀਕਾਨਵੀਸ ਤੋਂ ਬਗੈਰ ਤਹਿਸੀਲਦਾਰ ਪਾਸ ਆਪਣੇ ਕਾਗਜ਼ ਲੈ ਕੇ ਜਾਂਦਾ ਹੈ, ਇਨ੍ਹਾਂ ਕਾਗਜ਼ਾਂ ਨੂੰ ਇਕ ਹੋਰ ਪਾਸੇ ਅਲੱਗ ਰੱਖੀ ਜਾਂਦਾ ਹੈ। ਇਉਂ ਤਹਿਸੀਲਦਾਰ ਕੋਲ ਦੋ ਢੇਰੀਆਂ ਬਣੀਆਂ ਜਾਂਦੀਆਂ ਹਨ। 'ਸੁੱਕੇ' ਕਾਗਜ਼ਾਂ 'ਤੇ ਜਾਂ ਤਾਂ ਕੋਈ ਇਤਰਾਜ਼ ਬੋਲ ਦਿੱਤਾ ਜਾਂਦਾ ਹੈ, ਤੇ ਜਾਂ ਸ਼ਾਮ ਤੱਕ ਲਟਕਾਈ ਰੱਖਦਾ ਹੈ। ਤਹਿਸੀਲਦਾਰ ਲਿਖਤੀ ਰੂਪ ਵਿਚ ਕੋਈ ਇਤਰਾਜ਼ ਨਹੀਂ ਦਿੰਦਾ ਅਤੇ 'ਸੁੱਕੇ' ਕਾਗਜ਼ ਜੋ ਰਿਸ਼ਵਤ ਤੋਂ ਬਗੈਰ ਹਨ, ਉਨ੍ਹਾਂ ਦੀ ਵਾਰੀ ਵੇਲੇ ਕਿਸੇ ਬਹਾਨੇ ਉਠ ਕੇ ਚਲਾ ਜਾਂਦਾ ਹੈ ਤੇ ਉਸ ਦੇ ਕਲਰਕ ਕਹਿ ਦਿੰਦੇ ਹਨ ਕਿ ਤਹਿਸੀਲਦਾਰ ਨੂੰ ਡੀ.ਸੀ. ਨੇ ਬੁਲਾ ਲਿਆ ਹੈ ਜਾਂ ਮੰਤਰੀ ਆ ਰਿਹਾ ਹੈ, ਉਸ ਦੇ ਇੰਤਜ਼ਾਮ ਵਾਸਤੇ ਚਲਾ ਗਿਆ ਹੈ ਆਦਿ।

ਹੁਣ ਉਹ ਬੰਦਾ ਜਿਸ ਨੇ ਸਿਰਫ਼ ਮੁਖਤਾਰਨਾਮਾ ਬਣਵਾਉਣਾ ਸੀ ਜਾਂ ਕੈਂਸਲ ਕਰਨਾ ਸੀ, ਉਸ ਨੂੰ ਹੱਥਾਂ ਪੈਰਾਂ ਦੀਆਂ ਪੈ ਜਾਂਦੀਆਂ ਹਨ ਕਿ ਖ਼ਬਰੇ ਤਹਿਸੀਲਦਾਰ ਨੇ ਕੀ ਢੁਚਰ ਡਾਹ ਦੇਣੀ ਹੈ ਤੇ ਜੇ ਦਿਨ ਸ਼ੁਕਰਵਾਰ ਦਾ ਹੋਵੇ ਤੇ ਸੋਮਵਾਰ ਦੀ ਛੁੱਟੀ ਆ ਰਹੀ ਹੋਵੇ ਤਾਂ ਉਹ ਫਿਰ ਵਸੀਕਾਨਵੀਸ ਪਾਸ ਜਾ ਕੇ ਕਹਿ ਦਿੰਦਾ ਹੈ ਕਿ ਯਾਰ, ਤੂੰ ਹੀ ਮੇਰਾ ਕੰਮ ਕਰਾਦੇ। ਇਸ ਤਰ੍ਹਾਂ ਇਹ ਚੱਕਰ ਚਲਦਾ ਰਹਿੰਦਾ ਹੈ।

ਹੁਣ ਜਿਸ ਬੰਦੇ ਦਾ ਕੰਮ ਲਟਕ ਗਿਆ ਹੈ ਤੇ ਹੁਣ ਤੇਜ਼ੀ ਵਾਲੀ ਟਿਕਟ ਲੈਣ ਵਾਸਤੇ ਤਿਆਰ ਹੋ ਗਿਆ, ਭਾਵ, ਰਿਸ਼ਵਤ ਦੇਣ ਲਈ ਤਿਆਰ ਹੋ ਗਿਆ, ਇਸ ਵਿਚ ਤਹਿਸੀਲਦਾਰ ਜਾਂ ਵਸੀਕਾਨਵੀਸ ਨਾਲੋਂ ਉਸ ਬੰਦੇ ਦਾ ਕਸੂਰ ਵੱਧ ਹੈ। ਉਸ ਦਾ ਕਸੂਰ ਇਹ ਹੈ ਕਿ ਉਸ ਨੇ ਸਭ ਤੋਂ ਪਹਿਲਾਂ ਆਪਣੀ ਅਣਖ ਨੂੰ ਭੁੰਝੇ ਸੁੱਟ ਦਿਤਾ; ਦੂਜਾ, ਆਪਣੇ ਸਵੈ-ਵਿਸ਼ਵਾਸ ਵਿਚ ਉਸ ਨੂੰ ਯਕੀਨ ਨਹੀਂ ਕਿ ਉਸ ਦਾ ਕੰਮ ਜਾਇਜ਼ ਹੈ ਜਾਂ ਨਾਜਾਇਜ਼। ਉਹ ਸਮਝਦਾ ਹੈ ਕਿ ਤਹਿਸੀਲਦਾਰ ਉਸ ਦੇ ਕਾਗਜ਼ਾਂ 'ਤੇ ਦਸਤਖ਼ਤ ਕਰ ਕੇ ਉਸ 'ਤੇ ਮਿਹਰਬਾਨੀ ਕਰ ਰਿਹਾ ਹੈ; ਹਾਲਾਂਕਿ ਉਸ ਨੂੰ ਤਨਖ਼ਾਹ ਹੀ ਇਸ ਕੰਮ ਦੀ ਮਿਲਦੀ ਹੈ।

ਇਸ ਸਿਲਸਿਲੇ ਵਿਚ ਕੌਣ ਕੌਣ ਕੀ ਰੋਲ ਅਦਾ ਕਰਦਾ ਹੈ, ਬਾਰੇ ਮੈਨੂੰ ਨਿਜੀ ਤਜਰਬਾ ਹੋਇਆ। ਮੈਂ ਤਹਿਸੀਲ ਵਿਚ ਆਪਣੀ ਜਾਇਦਾਦ ਆਪਣੇ ਪਰਿਵਾਰ ਦੇ ਜੀਆਂ ਨੂੰ ਤਬਦੀਲ ਕਰਨ ਵਾਸਤੇ ਗਿਆ। ਮੈਨੂੰ ਪਤਾ ਸੀ ਕਿ ਪਰਿਵਾਰਕ ਮੈਂਬਰ ਨੂੰ ਜਾਇਦਾਦ ਦੇਣ 'ਤੇ ਕੋਈ ਫ਼ੀਸ, ਕੋਰਟ ਸਟੈਂਪ ਡਿਊਟੀ ਨਹੀਂ ਲਗਦੀ। ਮੈਨੂੰ ਫ਼ਰਦ ਜਾਂ ਹੋਰ ਤਹਿਸੀਲੀ ਕਾਗਜ਼ਾਂ ਵਿਚ ਵਰਤੀ ਭਾਸ਼ਾ ਦਾ ਗਿਆਨ ਨਾ ਹੋਣ ਕਰਕੇ ਮੈਂ ਵੀ ਵਸੀਕਾਨਵੀਸ ਪਾਸ ਚਲਾ ਗਿਆ ਤੇ ਆਪਣਾ ਕੰਮ ਦੱਸ ਦਿੱਤਾ। ਉਸ ਦਾ ਸਵਾਲ ਸੀ ਕਿ ਕਾਗਜ਼ ਪੱਤਰ ਭਰਨ ਤੋਂ ਬਾਅਦ ਉਹ ਤਹਿਸੀਲਦਾਰ ਪਾਸ ਜਾ ਕੇ ਰੱਖੇਗਾ ਜਾਂ ਮੈਂ ਖ਼ੁਦ ਜਾਵਾਂਗਾ। ਇਸ ਪ੍ਰਕਿਰਿਆ ਵਿਚ ਪਹਿਲਾਂ ਤੁਸੀਂ ਬੈਨਾਮਾ ਦਸਤਖ਼ਤ ਕਰਕੇ ਦੋ ਗਵਾਹਾਂ ਦਾ ਨੰਬਰ, ਖੇਵਟ ਨੰਬਰ, ਖਤੌਨੀ ਨੰਬਰ, ਹਿੱਸੇ, ਕਿਸਮ ਵਗੈਰਾ, ਹੱਦ ਬਸਤ ਨੰਬਰ ਭਰ ਕੇ ਤਹਿਸੀਲ ਕਲਰਕ ਪਾਸ ਡਾਇਰੀ ਕਰਵਾਉਂਦੇ ਹੋ ਤੇ ਫਿਰ ਇਹ ਕਾਗਜ਼ ਤਹਿਸੀਲਦਾਰ ਪਾਸ ਦੇ ਕੇ ਆਉਂਦੇ ਹੋ।

ਮੈਂ ਕਿਹਾ, ਮੈਂ ਖ਼ੁਦ ਹੀ ਇਹ ਕੰਮ ਕਰ ਲਵਾਂਗਾ। ਮੈਂ ਇਹ ਕੰਮ ਕਰਾ ਕੇ ਤਹਿਸੀਲਦਾਰ ਤੋਂ ਦਸਤਖ਼ਤ ਕਰਵਾ ਕੇ ਮੁੜ ਕਲਰਕ ਪਾਸ ਸਰਕਾਰੀ ਰਜਿਸਟਰੀ ਦੀ ਫ਼ੀਸ ਜਮ੍ਹਾਂ ਕਰਾ ਕੇ ਕਾਪੀ ਲੈ ਆਇਆ। ਵਸੀਕਾਨਵੀਸ ਨੂੰ ਮੈਂ ਉਸ ਦੀ 400-500 ਰੁਪਏ ਫ਼ੀਸ ਦੇ ਆਇਆ; ਭਾਵੇਂ ਮੇਰਾ ਕੰਮ ਤਹਿਸੀਲਦਾਰ ਨੇ ਸਭ ਤੋਂ ਬਾਅਦ ਸ਼ਾਮੀਂ 5 ਵਜੇ ਕੀਤਾ।

ਉਂਝ, ਛੇ ਮਹੀਨੇ ਬਾਅਦ ਮੈਨੂੰ ਪਤਾ ਲੱਗਾ ਕਿ ਵਸੀਕਾਨਵੀਸ ਨੇ ਮੇਰੇ ਇਕ ਖਸਰਾ ਨੰਬਰ ਦਾ ਵੇਰਵਾ ਹੀ ਨਹੀਂ ਪਾਇਆ ਸੀ ਤੇ ਮੈਨੂੰ ਸਾਰੀ ਕਾਰਵਾਈ ਮੁੜ ਸ਼ੁਰੂ ਕਰਨੀ ਪਈ। ਇਹ ਉਸ ਨੇ ਜਾਣ ਬੁਝ ਕੇ ਕੀਤਾ ਜਿਸ ਬਾਰੇ ਮੈਨੂੰ ਪ੍ਰਾਪਰਟੀ ਏਜੰਟ ਨੇ ਦੱਸਿਆ ਕਿ ਇਨ੍ਹਾਂ ਦਾ ਇਹੀ ਤਰੀਕਾ ਹੈ, ਜੋ ਲੋਕ ਰਿਸ਼ਵਤ ਨਹੀਂ ਦੇਣਾ ਚਾਹੁੰਦੇ।



ਮੈਨੂੰ ਮਹਿਸੂਸ ਹੋਇਆ ਕਿ ਇਹ ਵਸੀਕਾਨਵੀਸ ਜਾਂ ਤਹਿਸੀਲਦਾਰ ਦਾ ਕਸੂਰ ਨਹੀਂ ਬਲਕਿ ਮੇਰੀ ਆਪਣੀ ਨਾਲਾਇਕੀ ਸੀ ਕਿਉਂਕਿ ਮੈਂ ਫਰਦ 'ਤੇ ਖਸਰਾ ਜਾਂ ਖਤੌਨੀ ਜਾਂ ਖੇਵਟ ਨੂੰ ਨਹੀਂ ਸੀ ਸਮਝਦਾ।

ਇਸ ਤਜਰਬੇ ਤੋਂ ਬਾਅਦ ਮੈਂ ਸੋਚਿਆ ਕਿ ਦੇਖਿਆ ਜਾਵੇ ਕਿ ਜੋ ਸਰਕਾਰ ਦਿਨ ਰਾਤ ਰੌਲਾ ਪਾ ਰਹੀ ਹੈ ਕਿ 100-150 ਲੋਕਾਂ ਦੇ ਸਰਕਾਰੀ ਕੰਮ ਆਨਲਾਈਨ ਹੋ ਸਕਦੇ ਹਨ ਜਾਂ ਘਰ ਭੇਜੇ ਜਾਂਦੇ ਹਨ ਤਾਂ ਕਿਉਂ ਨਾ ਇਸ ਬਾਰੇ ਡੂੰਘਾਈ ਵਿਚ ਜਾਇਆ ਜਾਵੇ। ਜਦ ਮੈਂ ਸਰਕਾਰੀ ਵੈੱਬਸਾਈਟਾਂ revenue.punjab.gov.in, rcms.punjab.gov.in, connect.punjab.in, igrpunjab.in ਖੋਲ੍ਹ ਕੇ ਦੇਖਿਆ ਤਾਂ ਮੈਂ ਹੈਰਾਨ ਵੀ ਹੋਇਆ ਤੇ ਖ਼ੁਸ਼ ਵੀ ਕਿ ਸਰਕਾਰ ਬਿਲਕੁੱਲ ਸੱਚੀ ਹੈ। ਕਸੂਰ ਹੈ ਸਾਡੀ ਹੀਣ ਭਾਵਨਾ, ਸਵੈ-ਮਾਨ ਦੀ ਕਮੀ, ਕਾਹਲੀ ਅਤੇ ਨਾਜਾਇਜ਼ ਕੰਮ ਕਰਵਾਉਣ ਦੀ ਬਿਰਤੀ ਅਤੇ ਪੜ੍ਹ-ਲਿਖ ਕੇ ਵੀ ਅਨਪੜ੍ਹ ਹੋਣ ਦਾ। ਜੇ ਅਸੀਂ ਸਰਕਾਰੀ ਵੈੱਬਸਾਈਟਾਂ 'ਤੇ ਦੇਖੀਏ ਤਾਂ ਸਰਕਾਰ ਨੇ ਬਹੁਤ ਕੁਝ ਸੁਖਾਲਾ ਤੇ ਸਿੱਧਾ ਕਰ ਦਿੱਤਾ ਹੈ। ਮਿਸਾਲ ਵਜੋਂ, ਫਾਰਸੀ ਉਰਦੂ ਦੇ ਬਹੁਤ ਸਾਰੇ ਲਫ਼ਜ਼ ਹਟਾ ਦਿੱਤੇ ਹਨ। ਕਾਨੂੰਨੀ ਕਾਗਜ਼ਾਂ ਦੇ ਫਾਰਮ/ਟੈਂਪਲੇਟ ਵੈੱਬਸਾਈਟ 'ਤੇ ਪਾ ਦਿੱਤੇ ਹਨ। ਸੇਵਾ ਵਿਚ ਲੱਗਣ ਵਾਲੇ ਦਿਨਾਂ ਦਾ ਅੰਦਾਜ਼ਾ ਦੇ ਦਿਤਾ ਹੈ। ਸਰਕਾਰੀ ਫੀਸ, ਅਸ਼ਟਾਮ ਫੀਸ, ਡੀ.ਸੀ. ਰੇਟ ਜਿਸ ਮੁਤਾਬਕ ਅਸ਼ਟਾਮ ਲੱਗਦਾ ਹੈ, ਸਭ ਕੁਝ ਆਨਲਾਈਨ ਮੌਜੂਦ ਹੈ। ਆਪਣੀ ਜ਼ਮੀਨ ਦੀ ਫ਼ਰਦ ਘਰ ਬੈਠੇ ਮੰਗਵਾ ਸਕਦੇ ਹੋ, ਉਸ ਦੀ ਵੀ ਫ਼ੀਸ ਦਿੱਤੀ ਹੋਈ ਹੈ। ਆਪਣੇ ਪਲਾਟ ਜਾਂ ਖੇਤ ਦੀ ਹੱਦਬੰਦੀ ਦੀ ਦਰਖ਼ਾਸਤ ਆਨਲਾਈਨ ਦੇ ਸਕਦੇ ਹੋ। ਇੰਤਕਾਲ ਦਾ ਪਤਾ ਕਰ ਸਕਦੇ ਹੋ। ਆਪਣੀ ਹੀ ਨਹੀਂ, ਕਿਸੇ ਦੀ ਵੀ ਫ਼ਰਦ ਕੱਢ ਸਕਦੇ ਹੋ, ਵਗੈਰਾ ਵਗੈਰਾ।

ਤਹਿਸੀਲ ਜਾਂ ਜਾਇਦਾਦਾਂ ਨਾਲ ਜੁੜੇ ਇਸ ਮਾਇਆ ਜਾਲ ਵਿਚੋਂ ਸਰਕਾਰ ਨੇ ਕਿਵੇਂ ਇਸ ਦਾ ਭੇਤ ਜਾਂ ਰਹੱਸ ਲੋਕਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ, ਇਸ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। ਤਹਿਸੀਲ ਦੇ ਆਲੇ-ਦੁਆਲੇ ਬੈਠੇ ਲੋਕ ਕਿਵੇਂ ਬੁੱਕਲ ਵਿਚ ਲੱਡੂ ਭੋਰਦੇ ਹਨ, ਸਭ ਦਾ ਪਰਦਾ ਇੰਟਰਨੈੱਟ ਨੇ ਫਾਸ਼ ਕਰਕੇ ਇਸਨੂੰ ਲੋਕਾਂ ਅੱਗੇ ਲੈ ਆਂਦਾ ਹੈ। ਇਸ ਪ੍ਰਸੰਗ ਵਿਚ ਆਓ ਦੇਖੀਏ ਕਿ ਇਹ ਸਭ ਕਿਵੇਂ ਹੋ ਰਿਹਾ ਹੈ।

ਜ਼ਮੀਨ ਜਾਇਦਾਦ ਦੇ ਮਾਮਲੇ ਵਿਚ ਸਭ ਤੋਂ ਵੱਧ ਜ਼ਰੂਰੀ ਤੇ ਚਰਚਿਤ ਕਾਗਜ਼ ਫਰਦ ਜਾਂ ਜਮ੍ਹਾਂਬੰਦੀ ਹੈ। ਪਹਿਲਾਂ ਇਹ ਪਟਵਾਰੀ ਪਾਸੋਂ ਮਿਲਦੀ ਸੀ ਪਰ ਹੁਣ ਤੁਸੀਂ ਕਿਤੇ ਬੈਠੇ, ਚਾਹੇ ਅਮਰੀਕਾ ਕੈਨੇਡਾ ਵਿਚ ਬੈਠ ਕੇ ਕਿਸੇ ਵੀ ਖੇਤ ਦੀ ਮਲਕੀਅਤ ਜਾਂ ਕਿਸੇ ਮਾਲਕ ਦੀ ਜਾਇਦਾਦ ਬਾਰੇ ਪਤਾ ਕਰ ਸਕਦੇ ਹੋ।

ਇਸ ਗੋਰਖ ਧੰਦੇ ਨੂੰ ਸਮਝਣ ਵਾਸਤੇ ਕੁਝ ਨੁਕਤੇ ਹੇਠ ਦਿੱਤੇ ਜਾ ਰਹੇ ਹਨ:

(1) ਫਰਦ ਜਮ੍ਹਾਂਬੰਦੀ ਕੀ ਹੈ: ਇਹ ਸਰਕਾਰੀ ਰਿਕਾਰਡ ਹੈ ਜਿਸ ਵਿਚ ਕਿਸੇ ਵਿਅਕਤੀ ਦੀ ਜ਼ਮੀਨ ਦੀ ਮਾਲਕੀ ਦਾ ਵੇਰਵਾ ਤੇ ਉਸ ਉੱਤੇ ਕੌਣ ਖੇਤੀ ਕਰ ਰਿਹਾ ਜਾਂ ਨਹੀਂ ਕਰ ਰਿਹਾ, ਬਾਰੇ ਦਰਸਾਇਆ ਜਾਂਦਾ ਹੈ। ਇਸ ਦਾ ਨਮੂਨਾ ਹੇਠ ਦਿੱਤਾ ਜਾ ਰਿਹਾ ਹੈ-

ਇਸ ਦੇ ਪਹਿਲੇ ਖਾਨੇ ਵਿਚ ਖੇਵਟ, ਭਾਵ, ਖਾਤਾ ਨੰਬਰ; ਦੂਜੇ ਵਿਚ ਖਤੌਨੀ ਨੰਬਰ, ਭਾਵ, ਕਾਸ਼ਤਕਾਰ ਦੇ ਖਾਤੇ ਦਾ ਨੰਬਰ; ਤੀਜੇ ਖਾਨੇ ਵਿਚ ਮਾਲਕਾਂ ਦੇ ਨਾਮ ਤੇ ਹਿੱਸੇ ਅਤੇ ਖਾਨਾ ਨੰਬਰ 4 ਵਿਚ ਕਾਸ਼ਤਕਾਰਾਂ ਦੇ ਨਾਮ ਤੇ ਉਨ੍ਹਾਂ ਦੇ ਕਬਜ਼ੇ ਹੇਠ ਹਿੱਸੇ ਦਰਸਾਏ ਜਾਂਦੇ ਹਨ। ਖੇਵਟ ਨੰਬਰ ਅਤੇ ਮਾਲਕਾਂ ਦੇ ਨਾਵਾਂ ਦਾ ਸਿੱਧਾ ਸਬੰਧ ਹੈ; ਇਸੇ ਤਰ੍ਹਾਂ ਖਤੌਨੀ ਨੰਬਰ ਅਤੇ ਕਾਸ਼ਤਕਾਰ ਦਾ ਸਬੰਧ ਹੈ। ਖਾਨਾ ਨੰਬਰ 5 ਸਿੰਜਾਈ ਦਾ ਸਾਧਨ, ਖਾਨਾ ਨੰਬਰ 6 ਮੁਰੱਬਾ ਨੰਬਰ ਤੇ ਖਸਰਾ ਨੰਬਰ (ਮੁਰੱਬਾ ਨੰਬਰ // ਲਿਖਿਆ ਜਾਂਦਾ ਹੈ, ਮਿਸਾਲ ਵਜੋਂ 26//15, ਇੱਥੇ ਮੁਰੱਬਾ ਨੰਬਰ 26 ਹੈ ਤੇ ਕਿੱਲਾ ਨੰਬਰ 15)। ਖਾਨਾ ਨੰਬਰ 7 ਖੇਤਰਫਲ ਦੱਸਦਾ ਹੈ ਤੇ ਭੋਂ ਦੀ ਕਿਸਮ ਵੀ (ਖੇਤਰਫਲ ਕਨਾਲ, ਮਰਲੇ ਤੇ ਹੈਕਟੇਅਰ, ਏਅਰ, ਸਟੇਅਰ। ਹੈਕਟੇਅਰ=10000 ਵਰਗ ਮੀਟਰ, ਏਅਰ=100 ਵਰਗ ਮੀਟਰ, ਸਟੇਅਰ=10 ਵਰਗ ਮੀਟਰ)

(2) ਫਰਦ ਕਿਵੇਂ ਕੱਢੀ ਜਾਵੇ

1. ਦੇਖੋ/ਖੋਲ੍ਹੋ revenue.punjab.gov.in

2. ਕਲਿਕ ਕਰੋ ONLINE SERVICES

3. ਕਲਿਕ ਕਰੋ ONLINE Fard

ਆਪਣਾ ਵੇਰਵਾ ਜਾਂ ਖੇਵਟ ਨੰਬਰ (ਜੇ ਪਤਾ ਹੋਵੇ) ਭਰੋ ਤੇ ਫਰਦ ਦੇਖੋ। ਜੇ ਫਰਦ ਸਿਰਫ ਜਾਣਕਾਰੀ ਵਾਸਤੇ ਹੀ ਲੈਣੀ ਹੈ ਤਾਂ ਇਹ ਮੁਫ਼ਤ ਹੈ ਤੇ ਜੇ ਕੋਈ ਲੈਣ-ਦੇਣ ਜਾਂ ਖ਼ਰੀਦ-ਵੇਚ ਕਰਨੀ ਹੈ ਤਾਂ ਇਸ ਦੇ ਕੁਝ ਪੈਸੇ ਲੱਗਦੇ ਹਨ ਅਤੇ ਇਹ ਤੁਹਾਡੇ ਘਰ ਵੀ ਪਹੁੰਚਦੀ ਕਰਦੇ ਹਨ। ਇਸ ਉਤੇ ਤਹਿਸੀਲਦਾਰ ਦੇ ਦਸਤਖਤ ਹੋਏ ਹੁੰਦੇ ਹਨ।

ਇਹ ਮੋਟੇ ਤੌਰ 'ਤੇ ਤਹਿਸੀਲ ਦੇ ਕੰਮ ਦੇ ਭੇਤ ਖੋਲ੍ਹਣ ਦੀ ਸਰਕਾਰ ਦੀ ਕੋਸ਼ਿਸ਼ ਦਾ ਨਮੂਨਾ ਦਿੱਤਾ ਗਿਆ ਹੈ। ਅਗਲੀ ਵਾਰ ਇਸ ਸਾਰੀ ਮਾਇਆ ਨਗਰੀ ਦੀਆਂ ਤੰਗ ਗਲੀਆਂ ਵਿਚੋਂ ਲੰਘਦੇ ਹੋਏ ਦੇਖਾਂਗੇ ਕਿ ਫਰਦ ਕਿਵੇਂ ਕੱਢਣੀ, ਬੈਨਾਮੇ, ਇਕਰਾਰਨਾਮੇ ਪੰਜਾਬੀ ਵਿਚ ਕਿਵੇਂ ਭਰਨੇ, ਸਬ-ਰਜਿਸਟਰਾਰ ਦੇ ਦਫ਼ਤਰ ਦੀ ਅਪੁਆਇੰਟਮੈਂਟ ਕਿਵੇਂ ਲੈਣੀ ਹੈ, ਆਨਲਾਈਨ ਪੇਮੈਂਟ ਕਿਵੇਂ ਭੇਜਣੀ ਹੈ, ਆਪਣੇ ਕਾਗਜ਼ਾਤ ਕਿਵੇਂ ਘਰ ਬੈਠਿਆਂ ਲੈਣੇ ਹਨ।

---

***(ਸਫਾ 17 ਦੀ ਬਾਕੀ)***

ਵਿਹੜੇ ਦੇ ਵਿਚ ਉੱਗ ਆਇਆ ਤਦ,
ਜੰਗਲ ਇੱਕ ਹਥਿਆਰਾਂ ਦਾ

ਧੋਤੇ ਪੋਚੇ ਬਾਣੇ ਥੱਲੇ,
ਕੁਰਬਲ ਕੁਰਬਲ ਦਾਗਾਂ ਦੀ
ਕਿਹੜਾ ਕਿਹੜਾ ਰੰਗ ਵਿਖਾਵਾਂ,
ਉਹਨਾਂ ਦੇ ਕਿਰਦਾਰਾਂ ਦੀ।

ਮੁਹੱਬਤ ਦੇ ਅਹਿਸਾਸ ਨੂੰ ਸੰਜੀਦਗੀ ਨਾ਼ਲ ਚਿਤਰਦੇ ਉਸਦੇ ਸ਼ੇਅਰਾਂ ਵਿਚਲੀ ਤਰਲਤਾ ਪਾਠਕ ਨੂੰ ਆਪਣੇ ਨਾ਼ਲ ਵਹਾ ਕੇ ਲੈ ਜਾਣ ਦੇ ਸਮਰੱਥ ਹੈ। ਮਾਂ-ਪੁੱਤ ਦੇ ਰਿਸ਼ਤੇ ਨੂੰ ਉਹ ਭਾਵਕ ਦ੍ਰਿਸ਼ਟੀ ਨਾਲ ਨਹੀਂ ਵੇਖਦਾ। ਹਰ ਰਿਸ਼ਤੇ ਦੇ ਸੱਚ ਵਿਚ ਹਕੀਕਤ ਭਿੰਨ ਹੁੰਦੀ ਹੈ। ਸਮਾਜਿਕਤਾ ਨਿਭਾਉਂਦਿਆਂ ਬੜਾ ਕੁਝ ਕੁਰਬਾਨ ਵੀ ਕਰਨਾ ਪੈਂਦਾ ਹੈ। ਸ਼ਾਇਰ ਦੀ ਵਡੱਤਣ ਇਹ ਹੈ ਕਿ ਉਹ ਇਸ ਸਹੇ, ਝੱਲੇ ਵਿਚ ਇਤਿਹਾਸ ਸਿਰਜਣ ਦੀ ਸੰਭਾਵਨਾ ਵੇਖਦਾ ਹੈ। ਅੰਧ ਵਿਸ਼ਵਾਸਾਂ ਵਿਚ ਡੁੱਬੇ ਲੋਕਾਂ ਨੂੰ ਸਿਸਟਮ ਦੇ ਜ਼ਹਿਰੀ ਨਾਗਾਂ ਨੇ ਡੱਸਦੇ ਰਹਿਣਾ ਹੈ। ਕੁਦਰਤ ਦੇ ਦਖ਼ਲ ਵਾਲੇ ਸ਼ੇਅਰਾਂ ਦੀ ਵਿਲੱਖਣ ਖ਼ੂਬਸੂਰਤੀ ਵੀ ਪੜ੍ਹਨਯੋਗ ਹੈ। ਨ੍ਹੇਰ ਚਾਨਣ ਦੇ ਬਿੰਬ ਭਾਵੇਂ ਅਨੇਕਾਂ ਵਾਰ ਵਰਤੇ ਗਏ ਹਨ, ਪਰ ਹੁਣ ਦੇ ਸਮਿਆਂ ਵਿਚ ਵੀ ਇਹ ਗੈਰ-ਪ੍ਰਸੰਗਕ ਨਹੀਂ ਹੋਏ। ਉਪਰੋਕਤ ਵਿਆਖਿਆ ਦੀ ਗਵਾਹੀ ਲਈ ਕੁਝ ਕੁ ਸ਼ੇਅਰ ਸਾਂਝੇ ਕੀਤੇ ਜਾ ਸਕਦੇ ਹਨ। ਬਾਕੀ ਤਾਂ ਪਾਠਕਾਂ ਨੂੰ ਆਪ ਪੜ੍ਹਨੇ ਪੈਣਗੇ:

ਸੀ ਸਵੇਰਾ ਜਿਸ ਲਈ,
ਜਿਸ ਲਈ ਮੇਰੀ ਦੁਪਹਿਰ
ਉਹ ਮਿਲੀ ਹੀ ਤਾਂ ਮਿਲੀ
ਸ਼ਾਮ ਦੀ ਦਹਿਲੀਜ਼ 'ਤੇ।

ਉਹ ਤਾਂ ਮਮਤਾ ਮਰੀਆਂ ਐਵੇਂ,
ਆਪਣਾ ਧਰਮ ਨਿਭਾਉਂਦੀਆਂ ਨੇ
ਪੁੱਤਰ ਸਮਝਣ ਕਿ ਉਹ ਹੋ ਗਏ,
ਵੱਧ ਸਿਆਣੇ ਮਾਵਾਂ ਤੋਂ।

ਕੁਲਵਿੰਦਰ ਖਹਿਰਾ ਦੀ ਸ਼ਾਇਰੀ ਦਾ ਬਰਸਣਾ ਤੇ ਕੜਕਣਾ ਅਣਗੌਲਿਆਂ ਕਰਨ ਵਾਲੀ ਸ਼ਾਇਰੀ ਨਹੀਂ ਹੈ। ਗ਼ਜ਼ਲ ਲਿਖਣ ਵੇ਼ਲੇ ਉਹ ਜਾਣਦਾ ਹੈ ਕਿ ਬਹਿਰਾਂ, ਰਦੀਫ਼ ਤੇ ਕਾਫੀਆ ਆਪਣੀ ਜਗ੍ਹਾ ਹੁੰਦਾ ਹੈ, ਪਰ ਖਿਆਲ ਦੀ ਮਿਸ਼ਰੀ ਬਿਨਾਂ ਗੱਲ ਨਹੀਂ ਬਣਦੀ। ਮੈਂ ਸ਼ੁਰੂ ਵਿਚ ਲਿਖਿਆ ਹੈ ਕਿ ਕੁਲਵਿੰਦਰ ਵਿਚਾਰਧਾਰਕ ਪ੍ਰਤੀਬੱਧਤਾ ਦਾ ਸ਼ਾਇਰ ਹੈ। ਪੂਰੀ ਕਿਤਾਬ ਪੜ੍ਹਦਿਆਂ ਕਿੱਧਰੇ ਵੀ ਵਿਚਾਰ ਨੂੰ ਠੋਸਿਆ ਨਹੀਂ ਗਿਆ। ਪ੍ਰਤੀਬੱਧਤਾ ਨੂੰ ਨਿਭਾਉਂਦਿਆਂ ਕੱਟੜਤਾ ਨੂੰ ਹਾਵੀ ਨਹੀਂ ਹੋਣ ਦਿੱਤਾ। ਸੋਚ, ਵਿਚਾਰ ਤੇ ਦ੍ਰਿਸ਼ਟੀਕੋਣ ਸਹਿਜ-ਸੁਭਾ ਹੀ ਲਿਖਤ ਵਿਚ ਲੁਪਤ ਹੋਣ ਤਾਂ ਸੋਹਣੇ ਲੱਗਦੇ ਹਨ। 'ਹਨੇਰੇ ਦੀ ਤ਼ਲੀ 'ਤੇ' ਵਿਚ ਇੰਝ ਹੀ ਹੋਇਆ ਹੈ। ਕੁਲਵਿੰਦਰ ਖਹਿਰਾ ਨੂੰ ਇਸ ਪੁਸਤਕ ਲਈ ਮੁਬਾਰਕਾਂ!

---

## ਨੂੰਹ-ਸੱਸ ਲਈ ਨਵੀਂ ਮਿਸਾਲ ਬਣੇਗੀ 'ਤਨਵੀ ਨਾਗੀ'

ਪੰਜਾਬੀ ਸੰਗੀਤਕ ਐਲਬਮਾਂ ਵਿਚ ਅਦਾਕਾਰੀ ਸਦਕਾ ਚੰਗੀ ਪਛਾਣ ਬਣਾ ਚੁੱਕੀ ਤਨਵੀ ਨਾਗੀ ਹੁਣ ਪੰਜਾਬੀ ਫ਼ਿਲਮਾਂ ਲਈ ਪੂਰੀ ਤਰ੍ਹਾਂ ਸਰਗਰਮ ਹੈ। ਜ਼ਿਕਰਯੋਗ ਹੈ ਕਿ ਫ਼ਿਲਮ 'ਨੀਂ ਮੈਂ ਸੱਸ ਕੁੱਟਣੀ' ਵਿਚ ਤਨਵੀ ਨਾਗੀ ਬਤੌਰ ਨਾਇਕਾ ਮਹਿਤਾਬ ਵਿਰਕ ਨਾਲ ਪਹਿਲੀ ਵਾਰ ਵੱਡੇ ਪਰਦੇ 'ਤੇ ਨਜ਼ਰ ਆਈ ਸੀ। ਦੋ ਸਾਲ ਪਹਿਲਾਂ ਆਈ ਫਿਲਮ 'ਨੀ ਮੈਂ ਸੱਸ ਕੁੱਟਣੀ''.. ਦੀ ਮਕਬੂਲੀਅਤ ਤੋਂ ਬਾਅਦ ਹੁਣ "ਨੀਂ ਮੈਂ ਸੱਸ ਕੁੱਟਣੀ" ਦਾ ਦੂਜਾ ਭਾਗ ਵੀ ਆ ਰਿਹਾ ਹੈ। ਸੱਸ ਅਤੇ ਨੂੰਹ ਦੇ ਖ਼ੂਬਸੂਰਤ ਤੇ ਸਦੀਵੀ ਰਿਸ਼ਤੇ ਦੁਆਲੇ ਘੁੰਮਦੀ ਇਹ ਫਿਲਮ ਇਸ ਰਿਸ਼ਤੇ ਦੇ ਕੌੜੇ-ਮਿੱਠੇ ਪਲਾਂ ਨੂੰ ਪਰਦੇ 'ਤੇ ਪੇਸ਼ ਕਰਦੀ ਹੈ। ਮਨੋਰੰਜਨ ਦੇ ਨਾਲ ਨਾਲ ਵੱਡਾ ਸੁਨੇਹਾ ਦਿੰਦੀ ਇਹ ਫਿਲਮ 7 ਜੂਨ ਨੂੰ ਦੁਨੀਆ ਭਰ ਵਿਚ ਰਿਲੀਜ਼ ਹੋਵੇਗੀ। ਨਾਗੀ ਨੇ ਦੱਸਿਆ ਕਿ ਪਹਿਲੀ ਫ਼ਿਲਮ ਵਿਚ ਉਸ ਨੇ ਸੀਰਤ ਨਾਂ ਦੀ ਮੈਡੀਕਲ ਦੀ ਪੜ੍ਹਾਈ ਕਰਦੀ ਕੁੜੀ ਦਾ ਕਿਰਦਾਰ ਨਿਭਾਇਆ ਸੀ ਤੇ ਇਹ ਫ਼ਿਲਮ ਪਹਿਲੀ ਫ਼ਿਲਮ ਦੀ ਕਹਾਣੀ ਨੂੰ ਅੱਗੇ ਤੋਰਦੀ ਹੋਈ ਦਰਸ਼ਕਾਂ ਨੂੰ ਨਵੇਂ ਕਿੱਸੇ ਦੇ ਰੂਬਰੂ ਕਰਵਾਏਗੀ। ਇਹ ਫ਼ਿਲਮ ਪੰਜਾਬੀ ਪਰਿਵਾਰਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਹੈ। ਕਾਮੇਡੀ, ਰੁਮਾਂਸ ਅਤੇ ਡਰਾਮੇ ਦਾ ਸੁਮੇਲ ਇਹ ਫ਼ਿਲਮ ਅਜਿਹਾ ਪਰਿਵਾਰਕ ਡਰਾਮਾ ਹੈ ਜੋ ਦਰਸ਼ਕਾਂ ਦੇ ਢਿੱਡੀਂ ਪੀੜਾਂ ਤਾਂ ਪਾਵੇਗੀ ਹੀ ਨੂੰਹ ਅਤੇ ਸੱਸ ਦੇ ਰਿਸ਼ਤੇ ਦੀ ਮਜ਼ਬੂਤੀ 'ਤੇ ਵੀ ਜ਼ੋਰ ਦੇਵੇਗੀ।



ਲੁਧਿਆਣਾ ਦੀ ਜੰਮਪਲ ਤਨਵੀ ਨਾਗੀ ਨੇ ਦੱਸਿਆ ਕਿ ਉਹ ਮੈਡੀਕਲ ਦੀ ਪੜ੍ਹਾਈ ਕਰਦਿਆਂ ਸ਼ੌਕ-ਸ਼ੌਕ ਵਿਚ ਹੀ ਮਾਡਲਿੰਗ ਦੇ ਖੇਤਰ ਵੱਲ ਆ ਗਈ। ਉਸਨੇ ਇਸ ਖੇਤਰ ਵਿਚ ਪ੍ਰਸਿੱਧੀ ਪਾਉਣ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਉਹ ਤਾਂ ਡਾਕਟਰ ਬਣਨਾ ਚਾਹੁੰਦੀ ਸੀ। 18 ਸਾਲ ਦੀ ਉਮਰ ਵਿਚ ਉਸਨੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਉਸਨੇ ਅਨੇਕਾਂ ਨਾਮੀ ਗਾਇਕਾਂ ਦੇ ਚਰਚਿਤ ਵੀਡੀਓਜ਼ ਵਿਚ ਅਦਾਕਾਰੀ ਕਰ ਕੇ ਵੱਖਰੀ ਪਛਾਣ ਬਣਾਈ। ਆਪਣੇ ਫ਼ਿਲਮੀ ਸਫ਼ਰ ਦੇ ਆਗਾਜ਼ ਬਾਰੇ ਉਸ ਨੇ ਦੱਸਿਆ ਕਿ ਉਹ ਇਸ ਖੇਤਰ ਵਿਚ ਵੱਖਰੀ ਪਛਾਣ ਬਣਾਉਣਾ ਚਾਹੁੰਦੀ ਹੈ ਜਿਸ ਲਈ ਉਸਨੇ ਐਕਟਿੰਗ ਦੀਆਂ ਬਾਰੀਕੀਆਂ ਨੂੰ ਸਿੱਖਿਆ ਹੈ। 'ਨੀ ਮੈਂ ਸੱਸ ਕੁੱਟਣੀ' ਬਾਰੇ ਤਨਵੀ ਨੇ ਦੱਸਿਆ ਕਿ ਇਸ ਫ਼ਿਲਮ ਦੇ ਅਗਲੇ ਭਾਗ ਵਿਚ ਵੀ ਉਹ ਮੇਨ ਲੀਡ 'ਚ ਨਜ਼ਰ ਆਵੇਗੀ। ਇਸ ਫ਼ਿਲਮ ਵਿਚ ਅਨੀਤਾ ਦੇਵਗਨ ਨੇ ਸੱਸ ਦਾ ਮੁੱਖ ਕਿਰਦਾਰ ਨਿਭਾਇਆ ਹੈ। ਨਿਰਮਲ ਰਿਸ਼ੀ ਅੱਗੇ ਉਸਦੀ ਸੱਸ ਹੈ ਅਤੇ ਨੂੰਹ ਦਾ ਮੁੱਖ ਕਿਰਦਾਰ ਤਨਵੀ ਨਾਗੀ ਨੇ ਨਿਭਾਇਆ ਹੈ।

ਇਸ ਫ਼ਿਲਮ ਵਿਚ ਮਹਿਤਾਬ ਵਿਰਕ, ਤਨਵੀ ਨਾਗੀ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਅਨੀਤਾ ਦੇਵਗਨ, ਨਿਰਮਲ ਰਿਸ਼ੀ, ਰੁਪਿੰਦਰ ਰੂਪੀ, ਨਿਸ਼ਾ ਬਾਨੋ, ਅਕਿਸ਼ਤਾ ਸ਼ਰਮਾ, ਅਕਾਂਕਸ਼ਾ ਸਰੀਨ, ਹਾਰਬੀ ਸੰਘਾ, ਰਵਿੰਦਰ ਮੰਡ, ਦਿਲਨੂਰ ਕੌਰ ਅਤੇ ਮਲਕੀਤ ਰੌਣੀ ਸਮੇਤ ਕਈ ਹੋਰ ਚਰਚਿਤ ਚਿਹਰੇ ਨਜ਼ਰ ਆਉਣਗੇ। ਬਨਵੈਤ ਫ਼ਿਲਮਸ ਵੱਲੋਂ 'ਸਾਰੇਗਾਮਾ' ਅਤੇ 'ਯੂਡਲੀ ਫਿਲਮਸ' ਦੇ ਸਹਿਯੋਗ ਨਾਲ ਬਣਾਈ ਇਸ ਫਿਲਮ ਦੀ ਕਹਾਣੀ ਵੀ ਨਿਰਦੇਸ਼ਕ ਮੋਹਿਤ ਬਨਵੈਤ ਨੇ ਲਿਖੀ ਹੈ। ਡਾਇਲਾਗ ਮੋਹਿਤ ਬਨਵੈਤ, ਅਮਨ ਸਿੱਧੂ ਅਤੇ ਧਰਮਬੀਰ ਭੰਗੂ ਨੇ ਲਿਖੇ ਹਨ।

***-ਸੁਰਜੀਤ ਜੱਸਲ***

# ਅਜੋਕੇ ਕੈਨੇਡਾ ਅੰਦਰ; ਸਿੱਖ ਧਰਮ, ਸਿੱਖ ਪੰਥ ਅਤੇ ਸਿੱਖ ਸਿਆਸਤ !

## (ਨਗਰ ਕੀਰਤਨਾਂ ਵਿਚੋਂ ਅਲੋਪ ਹੋ ਰਹੀ ਧਾਰਮਿਕਤਾ ਅਤੇ ਹਾਵੀ ਹੋ ਰਹੀ ਧੌਂਸਵਾਦੀ ਸੌੜੀ ਰਾਜਨੀਤੀ)

### ਵਿਚਾਰ ਚਰਚਾ

ਸਿੱਖ ਕਮਿਊਨਿਟੀ ਵਿਚ ਚੱਲ ਰਹੀ ਚਰਚਾ ਅਨੁਸਾਰ ਕੈਲਗਰੀ ਦੇ ਵਿਸਾਖੀ ਨਗਰ ਕੀਰਤਨ ਤੋਂ 3-4 ਦਿਨ ਪਹਿਲਾਂ ਸੜਕਾਂ 'ਤੇ ਵੱਡੇ-ਵੱਡੇ ਬੇਨਾਮ ਸਾਈਨ ਬੋਰਡ ਲਗਾ ਦਿੱਤੇ ਗਏ, ਜਿਨ੍ਹਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੈਨੇਡਾ ਦੀ ਆਪੋਜ਼ੀਸ਼ਨ ਪਾਰਟੀ ਕੰਜ਼ਰਵੇਟਿਵ ਦੇ ਨੈਸ਼ਨਲ ਲੀਡਰ ਪੀ.ਆਰ. ਪੋਲੀਅਰ ਦੀਆਂ ਫੋਟੋਆਂ ਲਗਾ ਕੇ ਲਿਖਿਆ ਹੋਇਆ ਸੀ ਕਿ ਇਹ 'ਸਿੱਖ ਕੌਮ ਦੇ ਗਦਾਰ' ਹਨ, 'ਇਨ੍ਹਾਂ ਦਾ ਬਾਈਕਾਟ ਕਰੋ'। ਕੁਝ ਅਜਿਹੇ ਸਾਈਨ ਬੋਰਡ ਵੀ ਸਨ, ਜਿਨ੍ਹਾਂ ਵਿਚ ਭਾਰਤੀ ਅੰਬੈਸੀ ਦੇ ਅਹੁਦੇਦਾਰਾਂ ਨੂੰ ਹਰਦੀਪ ਸਿੰਘ ਨਿੱਝਰ ਦੇ ਕਾਤਲ ਦਰਸਾਇਆ ਗਿਆ ਸੀ। ਬੇਸ਼ੱਕ ਮੀਡੀਆ ਵਿਚ ਤਾਂ ਇਸ ਬਾਰੇ ਖ਼ਬਰਾਂ ਨਹੀਂ ਆਈਆਂ, ਪਰ ਸੁਣਨ ਵਿਚ ਆਇਆ ਸੀ ਕਿ ਅਲਬਰਟਾ ਦੀ ਕੰਜ਼ਰਵੇਟਿਵ ਪਾਰਟੀ ਦੀ



ਹਰਚਰਨ ਸਿੰਘ ਪਰਹਾਰ
ਫੋਨ: 403-681-8689
ਈਮੇਲ: hp8689@gmail.com

ਪ੍ਰੀਮੀਅਰ ਡੈਨੀਅਲ ਸਮਿੱਥ ਅਤੇ ਉਨ੍ਹਾਂ ਦੀ ਪਾਰਟੀ ਵਲੋਂ ਨਗਰ ਕੀਰਤਨ ਵਿਚ ਸ਼ਾਮਿਲ ਨਾ ਹੋਣ ਦਾ ਸੁਨੇਹਾ ਪ੍ਰਬੰਧਕਾਂ ਨੂੰ ਪਹੁੰਚਾ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਪ੍ਰਬੰਧਕਾਂ ਨੇ ਪੁਲਿਸ ਅਤੇ ਸਿਟੀ ਆਫ ਕੈਲਗਰੀ ਦੇ ਪ੍ਰਸ਼ਾਸਨ ਦੀ ਮਦਦ ਨਾਲ ਗੈਰ-ਕਾਨੂੰਨੀ ਢੰਗ ਨਾਲ ਰੱਖੇ, ਉਹ ਸਾਈਨ ਬੋਰਡ ਚੁਕਾ ਦਿੱਤੇ ਸਨ। ਫਿਰ ਵੀ ਕੰਜ਼ਰਵੇਟਿਵ ਪਾਰਟੀ ਦਾ ਕੋਈ ਵੀ ਲੀਡਰ ਨਗਰ ਕੀਰਤਨ ਵਿਚ ਸ਼ਾਮਿਲ ਨਹੀਂ ਹੋਇਆ। ਵੈਸੇ ਵੀ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਵਾਰ ਆਪਣੀ ਕਮਿਊਨਿਟੀ ਦੇ ਕੁਝ ਰਾਜਸੀ ਲੀਡਰਾਂ ਤੋਂ ਇਲਾਵਾ ਕਿਸੇ ਵੀ ਹੋਰ ਪਾਰਟੀ ਦਾ ਕੋਈ ਗੋਰਾ ਲੀਡਰ ਨਗਰ ਕੀਰਤਨ ਵਿਚ ਦੇਖਣ ਨੂੰ ਘੱਟ ਹੀ ਮਿਲਿਆ। ਇੱਕ ਸਥਾਨਕ ਰੇਡੀਓ 'ਤੇ ਨਗਰ ਕੀਰਤਨ ਦੇ ਮਾਹੌਲ ਬਾਰੇ ਚੱਲੀ ਚਰਚਾ ਦੌਰਾਨ, ਤਕਰੀਬਨ ਸਾਰੇ ਸਰੋਤਿਆਂ ਨੇ ਇਸ ਵਰਤਾਰੇ ਨੂੰ ਮੰਦਭਾਗਾ ਦੱਸਿਆ। ਪਰ ਹੈਰਾਨੀ ਦੀ ਗੱਲ ਹੈ ਕਿ ਨਗਰ ਕੀਰਤਨ ਤੋਂ 2-3 ਦਿਨ ਪਹਿਲਾਂ ਵਾਪਰ ਚੁੱਕੀ ਘਟਨਾ ਦੇ ਬਾਵਜੂਦ, ਅਜਿਹੇ ਪ੍ਰਬੰਧ ਨਹੀਂ ਕੀਤੇ ਗਏ ਕਿ ਨਗਰ ਕੀਰਤਨ ਦਾ ਮਾਹੌਲ ਖਰਾਬ ਨਾ ਹੋਵੇ, ਪਰ ਜੋ ਕੁਝ ਨਗਰ ਕੀਰਤਨ ਦੌਰਾਨ ਵਾਪਰਿਆ, ਉਹ ਕਿਸੇ ਵੀ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਧਾਰਮਿਕ ਨਗਰ ਕੀਰਤਨ ਵਿਚ ਨਹੀਂ ਵਾਪਰਨਾ ਚਾਹੀਦਾ ਸੀ। ਗੁਰਦੁਆਰੇ ਦੇ ਪ੍ਰਬੰਧਕਾਂ ਨੇ ਬੇਨਾਮ ਸਾਈਨ ਰੱਖਣ ਵਾਲਿਆਂ ਬਾਰੇ ਵੀ ਸੰਗਤ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਅਤੇ ਨਾ ਹੀ ਅਜਿਹੇ ਸਾਈਨ ਰੱਖਣ ਵਾਲਾ ਕੋਈ ਵਿਅਕਤੀ ਜਾਂ ਸੰਸਥਾ ਹੀ ਸਾਹਮਣੇ ਆਈ, ਜੋ ਦਾਅਵਾ ਕਰਦੀ ਕਿ ਸਾਡੇ ਸਾਈਨ ਕਿਉਂ ਚੁਕਾਏ ਗਏ ਹਨ? ਫਿਰ ਇਹ ਕਿਸਦੀ ਸ਼ਰਾਰਤ ਹੋ ਸਕਦੀ ਹੈ, ਕੀ ਇਸ ਬਾਰੇ ਪ੍ਰਬੰਧਕਾਂ ਨੂੰ ਤਫਤੀਸ਼ ਨਹੀਂ ਕਰਾਉਣੀ ਚਾਹੀਦੀ ਸੀ?

ਦੁਨੀਆਂ ਭਰ ਵਿਚ ਸਿੱਖ ਕਮਿਊਨਿਟੀ ਵਲੋਂ ਗੁਰੂ ਸਾਹਿਬਾਨ ਜਾਂ ਵਿਸਾਖੀ ਨਾਲ ਸਬੰਧਤ 'ਨਗਰ ਕੀਰਤਨ' ਕੱਢਣ ਦੀ ਪ੍ਰੰਪਰਾ ਆਮ ਹੀ ਪ੍ਰਚੱਲਤ ਹੈ। ਪਰ ਵਿਦੇਸ਼ਾਂ ਵਿਚ ਗੁਰੂ ਸਾਹਿਬਾਨ ਦੀ ਥਾਂ 'ਤੇ 90-95% ਸਿਰਫ 'ਖਾਲਸਾ ਸਾਜਨਾ ਦਿਵਸ' (ਪੁਰਾਣਾ ਨਾਮ ਵਿਸਾਖੀ) ਨਾਲ ਸਬੰਧਤ ਨਗਰ ਕੀਰਤਨ ਹੀ ਆਯੋਜਿਤ ਕੀਤੇ ਜਾਂਦੇ ਹਨ। ਤਕਰੀਬਨ 25-30 ਸਾਲ ਪਹਿਲਾਂ ਵਿਦੇਸ਼ਾਂ ਵਿਚ 2-4 ਥਾਵਾਂ 'ਤੇ ਹੀ ਨਗਰ ਕੀਰਤਨ ਹੁੰਦੇ ਸਨ, ਪਰ ਹੁਣ ਦੇਖੋ-ਦੇਖੀ ਪਿਛਲੇ 10-15 ਸਾਲ ਤੋਂ ਹਰ ਵੱਡੇ-ਛੋਟੇ ਸ਼ਹਿਰ ਵਿਚ ਨਗਰ ਕੀਰਤਨ ਹੁੰਦੇ ਹਨ। ਸ਼ੁਰੂ ਵਿਚ ਲੋਕ ਬੜੀ ਸ਼ਰਧਾ ਨਾਲ ਸ਼ਾਮਿਲ ਹੁੰਦੇ ਸਨ ਅਤੇ ਇਨ੍ਹਾਂ ਵਿਚ ਸ਼ਬਦ ਕੀਰਤਨ ਕਰਦੀ ਸੰਗਤ ਗੁਰੂ ਗ੍ਰੰਥ ਸਾਹਿਬ ਦੇ ਫਲੋਟ ਮਗਰ ਚੱਲਦੀ ਸੀ। ਹੁਣ ਨਗਰ ਕੀਰਤਨ ਸਮਾਜਿਕ, ਰਾਜਨੀਤਕ ਅਤੇ ਬਿਜ਼ਨਸ ਮੇਲਿਆਂ ਦਾ ਰੂਪ ਧਾਰਨ ਕਰ ਚੁੱਕੇ ਹਨ। ਫਿਰ ਇਨ੍ਹਾਂ ਨਗਰ ਕੀਰਤਨਾਂ ਵਿਚ ਰਾਜਸੀ ਲੀਡਰਾਂ ਨੂੰ ਸੱਦਣ ਦਾ ਰੁਝਾਨ ਸ਼ੁਰੂ ਹੋਇਆ ਅਤੇ ਹੌਲੀ-ਹੌਲੀ ਇਹ ਰੁਝਾਨ ਵਧਦਾ-ਵਧਦਾ, ਲੋਕਲ, ਸੂਬਾਈ ਅਤੇ ਫੈਡਰਲ ਲੀਡਰਾਂ ਤੱਕ ਪਹੁੰਚ ਗਿਆ। ਹੁਣ ਹਰ ਦੇਸੀ ਰਾਜਨੀਤਕ ਲੀਡਰ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੀ ਪਾਰਟੀ ਦੇ ਵੱਧ ਤੋਂ ਵੱਧ ਲੀਡਰ ਸੱਦ ਕੇ ਆਪਣਾ ਸ਼ਕਤੀ ਪ੍ਰਦਰਸ਼ਨ ਕਰੇ। ਬੇਸ਼ੱਕ ਗੋਰਿਆਂ ਵਿਚ ਧਰਮ ਨੂੰ ਰਾਜਨੀਤੀ ਲਈ ਵਰਤਣ ਦਾ ਰੁਝਾਨ ਹੁਣ ਨਾਂ-ਮਾਤਰ ਹੀ ਹੈ, ਪਰ ਸਾਡੇ ਲੋਕਾਂ ਨੇ ਉਨ੍ਹਾਂ ਨੂੰ ਧਰਮ ਨੂੰ ਰਾਜਨੀਤੀ ਲਈ ਵਰਤਣ ਦਾ ਅਜਿਹਾ ਚਸਕਾ ਪਾਇਆ ਹੈ ਕਿ ਦੇਖੋ-ਦੇਖੀ, ਹੁਣ ਹਿੰਦੂ, ਮੁਸਲਮਾਨ ਜਾਂ ਹੋਰ ਫਿਰਕਿਆਂ ਦੇ ਲੋਕ ਵੀ ਇਸੇ ਰਾਹ ਤੁਰਨ ਲੱਗੇ ਹਨ। ਬੇਸ਼ੱਕ ਅਜੇ ਗੁਰਦੁਆਰਿਆਂ ਵਾਂਗ ਰਾਜਸੀ ਲੀਡਰਾਂ ਨੂੰ ਮੰਦਰਾਂ, ਮਸਜਿਦਾਂ, ਚਰਚਾਂ ਵਿਚ ਬੋਲਣ ਨਹੀਂ ਦਿੱਤਾ ਜਾਂਦਾ ਪਰ ਗੁਰਦੁਆਰਿਆਂ ਵਿਚ ਅਜਿਹਾ ਰੁਝਾਨ ਆਮ ਹੀ ਹੈ, ਜਿਸ ਕਾਰਨ ਗੁਰਦੁਆਰੇ ਆਪਣੀ ਮੌਲਿਕ ਧਾਰਮਿਕਤਾ ਗੁਆ ਕੇ ਰਾਜਨੀਤੀ ਦੇ ਅੱਡੇ ਬਣਦੇ ਜਾ ਰਹੇ ਹਨ। ਹੁਣ ਰਾਜਨੀਤੀ ਵਿਚ ਆਉਣ ਦੇ ਚਾਹਵਾਨ ਗੁਰਦੁਆਰਿਆਂ ਦੇ ਪਲੇਟਫਾਰਮ ਨੂੰ ਰਾਜਨੀਤੀ ਵਿਚ ਆਉਣ ਲਈ ਪੌੜੀ ਵਾਂਗ ਵਰਤਣ ਲੱਗੇ ਹਨ। 30-40 ਸਾਲ ਪਹਿਲਾਂ ਭਾਰਤ ਵਿਚ ਗੈਰ-ਅਕਾਲੀ ਪਾਰਟੀਆਂ ਨਾਲ ਸਬੰਧਤ ਸਿੱਖ, ਇਹ ਇਲਜ਼ਾਮ ਅਕਾਲੀਆਂ 'ਤੇ ਲਗਾਉਂਦੇ ਹੁੰਦੇ ਸਨ ਕਿ ਉਹ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ', ਸਿੱਖ ਧਰਮ ਅਤੇ ਗੁਰਦੁਆਰਿਆਂ ਨੂੰ ਆਪਣੀ ਫਿਰਕੂ ਰਾਜਨੀਤੀ ਲਈ ਵਰਤਦੇ ਹਨ। ਹੁਣ ਇਹ ਰੁਝਾਨ ਵਿਦੇਸ਼ਾਂ ਵਿਚ ਆਮ ਹੀ ਚੱਲ ਪਿਆ ਹੈ। ਸਿਟੀ ਕੌਂਸਲਰਾਂ ਤੋਂ ਲੈ ਕੇ ਐਮ.ਐਲ. ਏ., ਐਮ. ਪੀ. ਬਣਨ ਵਾਲੇ ਵੱਖ-ਵੱਖ ਪਾਰਟੀਆਂ ਦੇ ਬਹੁਤੇ ਦੇਸੀ ਲੀਡਰ ਸਿੱਧੇ-ਅਸਿੱਧੇ ਢੰਗ ਨਾਲ ਗੁਰਦੁਆਰਾ ਸਿਆਸਤ ਨਾਲ ਸਬੰਧਤ ਹੀ ਆ ਰਹੇ ਹਨ। ਗੁਰਦੁਆਰਾ ਸਿਆਸਤ ਹੁਣ ਸਿੱਖ ਸਮਾਜ 'ਤੇ ਇਤਨੀ ਹਾਵੀ ਹੋ ਚੁੱਕੀ ਹੈ ਕਿ ਇਸਨੇ ਵਿਦੇਸ਼ਾਂ ਵਿਚ ਕੋਈ ਹੋਰ ਸਿੱਖ ਸੰਸਥਾ ਉਠਣ ਨਹੀਂ ਦਿੱਤੀ ਅਤੇ ਹੁਣ ਤਾਂ ਗੁਰਦੁਆਰਾ ਲੀਡਰਸ਼ਿਪ ਦੇ ਆਸ਼ੀਰਵਾਦ ਤੋਂ ਬਿਨਾਂ ਕੋਈ ਰਾਜਨੀਤੀ ਵਿਚ ਆਉਣ ਬਾਰੇ ਸੋਚ ਵੀ ਨਹੀਂ ਸਕਦਾ। ਗੁਰਬਾਣੀ ਦੇ ਸ਼ਬਦ 'ਸਿਧ ਛਪਿ ਬੈਠੇ ਪਰਬਤੀ, ਕਉਣੁ ਜਗਤਿ ਕਉ ਪਾਰਿ ਉਤਾਰਾ..' ਵਾਂਗ ਸਿੱਖ ਸਮਾਜ ਦਾ ਪੜ੍ਹਿਆ-ਲਿਖਿਆ ਤੇ ਸੂਝਵਾਨ ਤਬਕਾ ਸਿੱਖੀ ਤੇ ਗੁਰਦੁਆਰਾ ਸਿਆਸਤ ਤੋਂ ਦਿਨੋਂ-ਦਿਨ ਦੂਰ ਹੁੰਦਾ ਜਾ ਰਿਹਾ ਹੈ। ਬਹੁ-ਗਿਣਤੀ ਵਿਦੇਸ਼ੀਂ ਜੰਮਪਲ ਬੱਚਿਆਂ ਦਾ ਵੈਸੇ ਹੀ ਧਰਮ ਵਿਚ ਕੋਈ ਵਿਸ਼ਵਾਸ ਨਹੀਂ ਰਿਹਾ। ਮੌਜੂਦਾ ਗੁਰਦੁਆਰਾ ਸਿਆਸਤ ਨੇ ਸਿੱਖੀ ਦਾ ਦਾਇਰਾ ਇਤਨਾ ਤੰਗ ਕਰ ਦਿੱਤਾ ਹੈ ਕਿ ਕਿਸੇ ਵੱਖਰੇ ਵਿਚਾਰ ਨੂੰ ਕੋਈ ਥਾਂ ਨਹੀਂ ਦਿੱਤੀ ਜਾ ਰਹੀ। ਜੇ ਕੋਈ ਸੋਸ਼ਲ ਮੀਡੀਆ ਵਰਗੇ ਆਜ਼ਾਦ ਪਲੇਟਫਾਰਮਾਂ 'ਤੇ ਕੋਈ ਗੱਲ ਕਰਨੀ ਚਾਹੇ ਤਾਂ ਉਥੇ ਵੀ ਹਰ ਪੱਧਰ 'ਤੇ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਸਦੇ ਨਤੀਜੇ ਵਜੋਂ ਪੰਜਾਬ ਵਾਂਗ ਇੱਕ ਉਜੱਡ ਅਤੇ ਮਾਰ-ਧਾੜ ਵਾਲੀ ਸਿਆਸਤ ਵਿਦੇਸ਼ਾਂ ਵਿਚ ਹਾਵੀ ਹੋ ਗਈ ਹੈ, ਜੋ ਕਿ ਸਿੱਖ ਸਮਾਜ ਦੇ ਭਵਿੱਖ ਲਈ ਖ਼ਤਰੇ ਦੀ ਨਿਸ਼ਾਨੀ ਬਣਦੀ ਜਾ ਰਹੀ ਹੈ। ਇਸ ਵੱਲ ਅਜੇ ਬਹੁ-ਗਿਣਤੀ ਸਿੱਖ ਭਾਈਚਾਰਾ ਡਾਲਰਾਂ ਦੀ ਦੌੜ ਵਿਚ ਧਿਆਨ ਨਹੀਂ ਦੇ ਰਿਹਾ।

ਵਿਦੇਸ਼ਾਂ ਵਿਚ ਨਗਰ-ਕੀਰਤਨ ਅਕਸਰ ਅਪਰੈਲ-ਮਈ ਵਿਚ ਹੁੰਦੇ ਹਨ। ਥੋੜ੍ਹੇ-ਬਹੁਤੇ ਫਰਕ ਨਾਲ ਸਾਰੇ ਸ਼ਹਿਰਾਂ ਵਿਚ ਪ੍ਰਬੰਧਕਾਂ ਅਤੇ ਸੰਗਤ ਦਾ ਇੱਕੋ ਪੈਟਰਨ ਹੈ। ਹਰ ਪਾਸੇ ਧਾਰਮਿਕਤਾ ਅਲੋਪ ਹੋ ਰਹੀ ਹੈ ਅਤੇ ਇੱਕ ਖਾਸ ਤਰ੍ਹਾਂ ਦੀ ਧਾਕੜ ਰਾਜਨੀਤੀ ਨੂੰ ਪ੍ਰਨਾਏ ਹੋਏ ਕੁਝ ਲੋਕ ਹੀ ਸਭ ਪਾਸੇ ਹਾਵੀ ਹੋ ਰਹੇ ਹਨ। ਹੁਣ ਤਾਂ ਸੰਗਤੀ ਗੁਰਦੁਆਰਿਆਂ ਦਾ ਕਾਨਸੈਪਟ ਵੀ ਖਤਮ ਕੀਤਾ ਜਾ ਰਿਹਾ ਹੈ ਅਤੇ ਗੁਰਦੁਆਰੇ ਪ੍ਰਾਈਵੇਟ ਟਰੱਸਟ ਬਣਦੇ ਜਾ ਰਹੇ ਹਨ। ਅਜਿਹੀ ਰਾਜਨੀਤੀ ਨਾਲ ਸਬੰਧਤ ਲੀਡਰ ਆਪਣੇ ਆਰਥਿਕ ਤੇ ਸਿਆਸੀ ਹਿੱਤਾਂ ਅਨੁਸਾਰ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਗੁਰਦੁਆਰਾ ਸਟੇਜ ਵਰਤਣ ਲਈ ਖੁੱਲ੍ਹਾ ਸੱਦਾ ਦਿੰਦੇ ਹਨ।

ਪਿਛਲੇ ਦਿਨੀਂ ਸਾਡੇ ਸ਼ਹਿਰ ਦੇ ਸਾਲਾਨਾ ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਸੰਗਤ ਸ਼ਾਮਿਲ ਹੋਈ, ਪਰ ਗੁਰੂ ਗ੍ਰੰਥ ਸਾਹਿਬ ਦੇ ਫਲੋਟ ਮਗਰ, ਨਗਰ ਕੀਰਤਨ ਦੇ ਰੂਟ ਦੇ ਅੱਧ ਤੱਕ ਪਹੁੰਚਦੇ-ਪਹੁੰਚਦੇ ਮਸਾਂ 5-7 ਸੌ ਦੀ ਗਿਣਤੀ ਹੀ ਰਹਿ ਗਈ ਸੀ, ਜਦਕਿ ਪ੍ਰਚਾਰ ਇਹ ਹੋ ਰਿਹਾ ਸੀ ਕਿ ਡੇਢ-ਦੋ ਲੱਖ ਦਾ ਇਕੱਠ ਸੀ। ਬਹੁਤ ਸਾਰੀ ਸੰਗਤ ਫਲੋਟ ਮਗਰ ਚੱਲਣ ਦੀ ਥਾਂ ਆਸੇ-ਪਾਸੇ ਸੜਕਾਂ ਕਿਨਾਰੇ ਲੱਗੇ ਸਟਾਲਾਂ 'ਤੇ ਖਾਣ-ਪੀਣ ਵਿਚ ਬਿਜ਼ੀ ਸੀ। 70-80% ਸੰਗਤ ਨੂੰ ਕੋਈ ਪਤਾ ਨਹੀਂ ਸੀ ਕਿ ਨਗਰ ਕੀਰਤਨ ਕਿੱਥੇ ਹੈ, ਉਹ ਪਾਰਕ ਵਿਚ ਖਾਣ-ਪੀਣ ਦੇ ਇੱਕ ਸਟਾਲ ਤੋਂ ਦੂਜੇ ਵੱਲ ਭੱਜ ਰਹੀ ਸੀ। ਸੰਗਤ ਵਿਚੋਂ ਬਹੁਤ ਸਾਰੇ ਲੋਕਾਂ ਨਾਲ ਹੋਈ ਗੱਲਬਾਤ ਅਨੁਸਾਰ ਹੁਣ ਇਹ ਧਾਰਮਿਕ ਨਗਰ ਕੀਰਤਨ ਨਾ ਹੋ ਕੇ ਸਮਾਜਿਕ, ਰਾਜਨੀਤਕ ਤੇ ਬਿਜ਼ਨਸ ਮੇਲਾ ਬਣ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਵਾਲੇ ਫਲੋਟ 'ਤੇ ਹੋ ਰਿਹਾ ਕੀਰਤਨ, ਕਿਸੇ ਨੂੰ ਸੁਣਾਈ ਨਹੀਂ ਦੇ ਰਿਹਾ ਸੀ ਕਿਉਂਕਿ ਪਿੱਛੇ ਚੱਲ ਰਹੇ ਇੱਕ ਫਲੋਟ 'ਤੇ ਬਹੁਤ ਉਚੀ ਆਵਾਜ਼ ਵਿਚ 'ਫਲਾਨਾ ਕੁੱਤਾ', 'ਧਮਕਾਨਾ ਕੁੱਤਾ'... ਦਾ ਰਾਗ ਉਚੀ ਸੁਰ ਵਿਚ ਅਲਾਪਿਆ ਜਾ ਰਿਹਾ ਸੀ। ਵੈਸੇ ਤਾਂ ਅਜਿਹੀ ਸ਼ਬਦਾਵਲੀ ਵਰਤਣੀ ਕਿਤੇ ਵੀ ਮਾੜੀ ਹੈ, ਪਰ ਧਾਰਮਿਕ ਸਮਾਗਮ ਵਿਚ, ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਹੋ ਰਹੇ ਨਗਰ ਕੀਰਤਨ ਵਿਚ ਵਰਤੀ ਜਾਣੀ ਕਿਤਨੀ ਕੁ ਜਾਇਜ਼ ਕਹੀ ਜਾ ਸਕਦੀ ਹੈ? ਅਜਿਹਾ ਮਾਹੌਲ ਸਿਰਜ ਕੇ ਅਸੀਂ ਸਾਬਿਤ ਕੀ ਕਰਨਾ ਚਾਹੁੰਦੇ ਹਾਂ? ਸਿੱਖ ਲੀਡਰਸ਼ਿਪ ਲਈ ਇਹ ਵੱਡਾ ਸਵਾਲ ਹੈ? ਸੰਗਤ ਵਲੋਂ ਇਹ ਸ਼ਿਕਾਇਤ ਵੀ ਕੀਤੀ ਜਾ ਰਹੀ ਸੀ ਕਿ ਨਗਰ ਕੀਰਤਨ ਦਾ ਮਾਹੌਲ ਧਾਰਮਿਕ ਬਣਾਉਣ ਲਈ ਅਗਰ ਫਲੋਟਾਂ 'ਤੇ ਫੋਟੋਆਂ ਲਗਾਉਣ ਦੀ ਜ਼ਰੂਰਤ ਸੀ ਤਾਂ ਉਹ ਗੁਰੂ ਸਾਹਿਬਾਨ, ਸਿੱਖ ਇਤਿਹਾਸ ਜਾਂ ਗੁਰਬਾਣੀ ਦੇ ਸ਼ਬਦਾਂ ਨਾਲ ਸਬੰਧਤ ਹੋ ਸਕਦੀਆਂ ਸਨ। ਪਰ ਇਸਦੀ ਜਗ੍ਹਾ ਸਿਰਫ ਪਿਛਲੀ ਸਦੀ ਦੇ 80ਵਿਆਂ ਵਿਚ ਚੱਲੀ ਖਾੜਕੂ ਲਹਿਰ ਨਾਲ ਸਬੰਧਤ ਹੀ ਫੋਟੋਆਂ ਕਿਉਂ ਸਨ? ਕੀ ਪਿਛਲੇ 500 ਸਾਲ ਦੇ ਸਿੱਖ ਇਤਿਹਾਸ ਵਿਚ ਹੋਰ ਕਿਸੇ ਸਿੱਖ ਦਾ ਕੋਈ ਰੋਲ ਨਹੀਂ? ਆਮ ਲੋਕ ਮਹਿਸੂਸ ਕਰ ਰਹੇ ਸਨ ਜਿਵੇਂ ਨਗਰ ਕੀਰਤਨ 'ਤੇ ਪ੍ਰਬੰਧਕਾਂ ਦਾ ਕੋਈ ਕੰਟਰੋਲ ਨਹੀਂ ਸੀ? ਇਸੇ ਤਰ੍ਹਾਂ ਇੱਕ ਹੋਰ ਫਲੋਟ 'ਤੇ ਢਾਡੀ ਸਿੰਘ ਅਜਿਹੀਆਂ ਵਾਰਾਂ ਹੀ ਵਾਰ-ਵਾਰ ਗਾ ਰਹੇ ਸਨ ਕਿ ਸਿੰਘ ਆਪਣੇ ਦੁਸ਼ਮਣਾਂ ਤੋਂ ਬਦਲਾ ਜ਼ਰੂਰ ਲੈਂਦੇ ਹਨ, ਸਿੰਘਾਂ ਨੇ ਫਲਾਣਾ ਸੋਧਤਾ, ਫਲਾਣਾ ਗੱਡੀ ਚਾੜ੍ਹਤਾ.. ਆਦਿ। ਕੀ ਅਜਿਹੇ ਪ੍ਰਚਾਰਕਾਂ ਤੋਂ ਪ੍ਰਬੰਧਕਾਂ ਨੂੰ ਸਵਾਲ ਨਹੀਂ ਪੁੱਛਣਾ ਬਣਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੇ ਕਿਹੜੇ ਸ਼ਬਦ ਅਨੁਸਾਰ ਬਦਲੇ ਲੈਣੇ, ਵੈਰ ਭਾਵ ਰੱਖਣੇ, ਸੋਧੇ ਲਾਉਣੇ ਸਿੱਖੀ ਸਿਧਾਂਤ ਹੈ? ਇਤਿਹਾਸ ਦੀ ਕਿਸੇ ਘਟਨਾ ਨੂੰ ਸਿੱਖੀ ਜਾਂ ਸਿੱਖਾਂ ਦਾ ਕੌਮੀ ਸਿਧਾਂਤ ਕਿਵੇਂ ਬਣਾਇਆ ਜਾ ਸਕਦਾ ਹੈ? ਇੱਕ ਧਾਰਮਿਕ ਸਮਾਗਮ ਵਿਚ, ਜਿੱਥੇ ਹੋਰ ਕਮਿਊਨਿਟੀਆਂ ਦੇ ਲੋਕ ਵੀ ਕਾਫੀ ਗਿਣਤੀ ਵਿਚ ਸ਼ਾਮਿਲ ਹੁੰਦੇ ਹਨ, ਉਥੇ ਅਜਿਹੇ ਹਿੰਸਾ ਉਕਸਾਊ ਪ੍ਰਚਾਰ ਨਾਲ ਸਿੱਖ ਕਮਿਊਨਿਟੀ ਦਾ ਕਿਹੋ-ਜਿਹਾ ਅਕਸ ਪੇਸ਼ ਹੋ ਰਿਹਾ ਹੈ, ਕੀ ਇਸ ਬਾਰੇ ਸਾਡੀ ਲੀਡਰਸ਼ਿਪ ਕਦੇ ਗੰਭੀਰਤਾ ਨਾਲ ਵਿਚਾਰ ਕਰੇਗੀ?

ਕੀ ਸਾਡੇ ਲੀਡਰਾਂ ਨੂੰ ਪਤਾ ਨਹੀਂ ਕਿ ਕਿਵੇਂ ਸਾਡੇ ਨੌਜਵਾਨ ਫੁਕਰੇਪਣ ਅਤੇ ਡਾਲਰਾਂ ਦੀ ਦੌੜ ਅਧੀਨ ਵੱਡੀ ਗਿਣਤੀ ਵਿਚ ਗੈਂਗਸਟਰ ਅਤੇ ਡਰੱਗ ਡੀਲਰ ਬਣ ਰਹੇ ਹਨ? ਅਜਿਹਾ ਕੋਈ ਹਫ਼ਤਾ ਨਹੀਂ ਲੰਘਦਾ, ਜਦੋਂ ਸਾਡੇ ਨੌਜਵਾਨ ਡਰੱਗ ਸਮੱਗਲਿੰਗ, ਡਰੱਗ ਓਵਰਡੋਜ਼, ਗੈਂਗਵਾਰ, ਚੋਰੀਆਂ, ਫਿਰੌਤੀਆਂ ਆਦਿ ਵਿਚ ਗ੍ਰਿਫਤਾਰ ਨਾ ਹੁੰਦੇ ਹੋਣ ਜਾਂ ਮਰਦੇ ਨਾ ਹੋਣ? ਬੇਸ਼ੱਕ ਸਾਡੇ ਕੋਲ ਪੂਰਾ ਡੇਟਾ ਨਹੀਂ, ਪਰ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਨੌਜਵਾਨ ਜੁਰਮ ਕਰ ਕੇ ਕੈਨੇਡਾ-ਅਮਰੀਕਾ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਹਨ। ਕੀ ਸਾਡੇ ਲੀਡਰਾਂ ਨੇ ਇਸ ਮਸਲੇ ਨੂੰ ਕਦੇ ਗੰਭੀਰਤਾ ਨਾਲ ਵਿਚਾਰਿਆ ਹੈ? ਜੇ ਗੁਰਦੁਆਰਾ ਸਟੇਜਾਂ ਨੂੰ ਰਾਜਨੀਤੀ ਲਈ ਵਰਤਿਆ ਜਾ ਸਕਦਾ ਹੈ ਤਾਂ ਕੀ ਡਰੱਗ ਸਮਗਲਿੰਗ, ਗੈਂਗਵਾਰ, ਹਿੰਸਾ ਆਦਿ ਵਰਗੇ ਗੰਭੀਰ ਮੁੱਦਿਆਂ 'ਤੇ ਗੁਰਦੁਆਰਿਆਂ ਵਿਚ ਚਰਚਾ ਨਹੀਂ ਹੋਣੀ ਚਾਹੀਦੀ? ਹਿੰਸਾ ਨਾ ਕਿਸੇ ਸਮੱਸਿਆ ਦਾ ਹੱਲ ਹੈ ਅਤੇ ਨਾ ਹੀ ਮਾਡਰਨ ਵਰਲਡ ਦੇ ਲੋਕਤੰਤਰੀ ਸਿਸਟਮ ਅੰਦਰ ਹਿੰਸਾ ਨੂੰ ਕੋਈ ਪ੍ਰਵਾਨ ਕਰਦਾ ਹੈ ਅਤੇ ਨਾ ਹੀ ਹਿੰਸਾ ਸਿੱਖਾਂ ਵਰਗੀ ਸਾਰੀ ਦੁਨੀਆਂ ਵਿਚ ਵਸਦੀ ਘੱਟ ਗਿਣਤੀ ਦੇ ਹਿੱਤ ਵਿਚ ਹੈ। ਕੀ ਅਸੀਂ ਪਿਛਲੀ ਸਦੀ ਦੇ ਆਖ਼ਰੀ ਦੋ ਦਹਾਕਿਆਂ ਵਿਚ, ਸਾਡੇ ਸਿਰ ਮੜ੍ਹੀ ਗਈ ਹਿੰਸਾ ਤੋਂ ਨਿਕਲੇ ਨਤੀਜਿਆਂ ਨੂੰ ਭੁੱਲ ਗਏ ਹਾਂ? ਇਕ ਪਾਸੇ ਅਸੀਂ ਸ਼ਿਕਾਇਤ ਕਰਦੇ ਹਾਂ ਕਿ ਅਸੀਂ ਬੜੇ ਸ਼ਾਂਤੀਪਸੰਦ ਤੇ ਮਿਹਨਤੀ ਲੋਕ ਹਾਂ, ਸਾਡੇ 'ਤੇ ਅੱਤਵਾਦੀ ਤੇ ਵੱਖਵਾਦੀ ਹੋਣ ਦੇ ਠੱਪੇ ਲਾਏ ਜਾਂਦੇ ਹਨ, ਪਰ ਜੋ ਕੁਝ ਹੁਣ ਹੋ ਰਿਹਾ ਹੈ, ਉਸ ਬਾਰੇ ਅਸੀਂ ਕਦੋਂ ਸੋਚਾਂਗੇ? ਸਾਡੇ ਗੁਰਦੁਆਰਿਆਂ ਵਿਚ ਗੁਰਬਾਣੀ ਨੂੰ ਛੱਡ ਕੇ 18ਵੀਂ ਸਦੀ ਦੇ ਇਤਿਹਾਸ 'ਤੇ ਆਧਾਰਤ ਹਿੰਸਾ ਨੂੰ ਹੀ ਕਿਉਂ ਸਿੱਖੀ ਦਾ ਸਿਧਾਂਤ ਬਣਾਇਆ ਜਾਂਦਾ ਹੈ? ਉਹ ਵੀ ਵਿਦੇਸ਼ਾਂ ਵਿਚ, ਜਿੱਥੋਂ ਦੇ ਸਮਾਜ ਵਿਚ ਸਾਨੂੰ ਸਭ ਪਾਸੇ ਕਾਫੀ ਹੱਦ ਤੱਕ ਬਰਾਬਰ ਦੇ ਹੱਕ ਹਨ, ਲੋਕ ਸ਼ਾਂਤੀ ਤੇ ਸਹਿਹੋਂਦ ਨਾਲ ਰਹਿ ਰਹੇ ਹਨ। ਕੀ ਸਾਡੇ ਪ੍ਰਚਾਰ ਦਾ ਆਧਾਰ ਗੁਰਬਾਣੀ ਨਹੀਂ ਹੋਣਾ ਚਾਹੀਦਾ?

ਜਦੋਂ ਸਿੱਖ ਸਮਾਜ ਵਿਚ 'ਧਰਮ ਤੇ ਰਾਜਨੀਤੀ' ਬਾਰੇ ਕਦੇ ਕੋਈ ਚਰਚਾ ਚੱਲਦੀ ਹੈ, ਤਾਂ ਇਹ ਕਹਿ ਕੇ ਅਜਿਹੀ ਗੰਭੀਰ ਬਹਿਸ ਨੂੰ ਬੰਦ ਕਰਾ ਦਿੱਤਾ ਜਾਂਦਾ ਹੈ ਕਿ ਸਾਡੇ ਧਰਮ ਵਿਚ 'ਧਰਮ ਤੇ ਰਾਜਨੀਤੀ' ਇਕੱਠੇ ਹਨ। ਜਦਕਿ ਸਾਡੇ ਕੋਲ ਅਜਿਹੇ ਕੋਈ ਠੋਸ ਇਤਿਹਾਸਕ ਪ੍ਰਮਾਣ ਨਹੀਂ ਹਨ, ਜਿਸ ਨਾਲ 'ਧਰਮ ਤੇ ਰਾਜਨੀਤੀ' ਦੇ ਇਸ ਗੱਠਜੋੜ ਨੂੰ ਸਿੱਖੀ ਦਾ ਬੁਨਿਆਦੀ ਸਿਧਾਂਤ ਬਣਾਇਆ ਜਾ ਸਕੇ। 'ਗੁਰੂ ਗ੍ਰੰਥ ਸਾਹਿਬ', ਜੋ ਕਿ ਸਿੱਖੀ ਦਾ ਸਭ ਪ੍ਰਵਾਨਤ ਧੁਰਾ ਹੈ, ਅਨੁਸਾਰ ਨਾ 'ਮਾਡਰਨ ਸਿੱਖੀ' ਅਤੇ ਨਾ 'ਮਾਡਰਨ ਸਿੱਖ ਰਾਜਨੀਤੀ' ਨੂੰ ਕਿਸੇ ਵੀ ਢੰਗ ਨਾਲ 'ਸਿੱਖ ਸਿਧਾਂਤਾਂ' ਅਨੁਸਾਰੀ ਮੰਨਿਆ ਜਾ ਸਕਦਾ ਹੈ। 'ਧਰਮ ਤੇ ਰਾਜਨੀਤੀ' ਦੇ ਇਸ ਮਾਡਰਨ ਗੱਠਜੋੜ ਨਾਲ ਕੁਝ ਕੁ ਸਵਾਰਥੀ ਤੇ ਮੌਕਾਪ੍ਰਸਤ ਲੀਡਰਾਂ ਨੂੰ ਤਾਂ ਦੇਸ਼-ਵਿਦੇਸ਼ ਵਿਚ ਲਾਭ ਹੋ ਰਿਹਾ ਹੈ, ਪਰ ਸਿੱਖਾਂ ਤੇ ਸਿੱਖੀ ਨੂੰ ਪਿਛਲੇ 100-150 ਸਾਲ ਤੋਂ ਲਗਾਤਾਰ ਨੁਕਸਾਨ ਹੀ ਹੋ ਰਿਹਾ ਹੈ। 'ਧਰਮ ਤੇ ਰਾਜਨੀਤੀ' ਦੇ ਜੋੜ ਦੀ ਅਜਿਹੀ ਚਰਚਾ ਸਿਰਫ ਸਿੱਖਾਂ ਵਿਚ ਹੀ ਨਹੀਂ, ਇਸਾਈਆਂ, ਮੁਸਲਮਾਨਾਂ ਤੇ ਹੋਰ ਧਾਰਮਿਕ ਫਿਰਕਿਆਂ ਵਿਚ ਸਦੀਆਂ ਪੁਰਾਣੀ ਹੈ। ਪਰ ਬਾਕੀ ਕੌਮਾਂ ਨੇ ਆਪਣੇ ਇਤਿਹਾਸਕ ਤਜਰਬਿਆਂ ਤੋਂ ਸਿੱਖ ਕੇ ਨਵੇਂ ਰਾਹ ਅਪਨਾ ਲਏ ਹਨ, ਸਿੱਖ ਇਸ ਬਾਰੇ ਕਦੋਂ ਸੋਚਣਗੇ?


'ਧਰਮ ਤੇ ਰਾਜਨੀਤੀ' ਦੇ ਸੈਂਕੜੇ ਸਾਲਾਂ ਦੇ ਸੁਮੇਲ ਦੇ ਤਜਰਬਿਆਂ ਜਾਣੀ ਕਿ 11ਵੀਂ ਸਦੀ ਤੋਂ ਲੈ ਕੇ 14ਵੀਂ ਸਦੀ ਤੱਕ ਚੱਲੇ ਨਾਮ-ਨਿਹਾਦ ਧਾਰਮਿਕ ਕਰੂਸੇਡਾਂ (ਧਰਮ ਯੁੱਧਾਂ) ਤੱਕ ਅਤੇ ਫਿਰ 1648 ਵਿਚ ਹੋਏ ਪੀਸ ਆਫ ਵੈਸਟਫੇਲੀਆ ਸਮਝੌਤੇ ਤੱਕ ਪਹੁੰਚਦੇ, ਪੱਛਮ ਵਿਚ ਧਰਮ ਨੂੰ ਰਾਜਨੀਤੀ ਤੋਂ ਵੱਖ ਕਰਨ ਦਾ ਰੁਝਾਨ ਵੱਡੀ ਪੱਧਰ 'ਤੇ ਚੱਲ ਪਿਆ ਸੀ। 1644 ਈਸਵੀ ਵਿਚ ਅਮਰੀਕਨ ਬੈਪਟਿਸਟ ਚਰਚ ਦੇ ਮਨਿਸਟਰ ਰੋਜਰ ਵਿਲੀਅਮ ਨੇ ਇਹ ਸਿਧਾਂਤ ਪੇਸ਼ ਕੀਤਾ ਕਿ 'ਧਰਮ ਤੇ ਸਿਆਸਤ' ਵਿਚ ਦੀਵਾਰ ਹੋਣੀ ਚਾਹੀਦੀ ਹੈ, ਜੋ ਇਨ੍ਹਾਂ ਨੂੰ ਵੱਖ ਕਰ ਸਕੇ। ਜਿਸ 'ਤੇ ਵੱਖ-ਵੱਖ ਢੰਗਾਂ ਨਾਲ ਸੈਂਕੜੇ ਸਾਲ ਵਿਚਾਰ ਚੱਲਦੀ ਰਹੀ ਤਾਂ 1801 ਵਿਚ ਫਰਾਂਸ ਦੇ ਬਾਦਸ਼ਾਹ ਨੈਪੋਲੀਅਨ ਬੋਨਾਪਰਟ ਅਤੇ ਪੋਪ ਪੀਅਸ ਸੱਤਵੇਂ ਵਿਚ ਧਰਮ ਨੂੰ ਰਾਜ ਤੋਂ ਵੱਖ ਕਰਨ ਦਾ ਪੈਰਿਸ ਵਿਚ ਸਮਝੌਤਾ ਹੋਇਆ। ਇਸ ਤੋਂ ਇੱਕ ਸਾਲ ਬਾਅਦ ਤੀਜੇ ਅਮਰੀਕਨ ਰਾਸ਼ਟਰਪਤੀ ਥੋਮਸ ਜੈਫਰਸਨ ਨੇ 1802 ਵਿਚ ਅਮਰੀਕਨ ਪਾਰਲੀਮੈਂਟ ਵਿਚ 'ਚਰਚ ਤੇ ਸਟੇਟ' ਨੂੰ ਵੱਖ ਕਰਨ ਦਾ ਬਿੱਲ ਪਾਸ ਕੀਤਾ। ਫਿਰ 20ਵੀਂ ਸਦੀ ਦੇ ਸ਼ੁਰੂ ਵਿਚ ਸੈਕੂਲਰ ਸਟੇਟ (ਧਰਮ ਨਿਰਪੱਖ ਰਾਜ) ਦਾ ਸਿਧਾਂਤ ਪ੍ਰਚੱਲਤ ਹੋਇਆ ਤਾਂ 1905 ਵਿਚ 'ਸਟੇਟ ਤੇ ਚਰਚ' ਨੂੰ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਗਿਆ। ਜਿਸਨੂੰ ਪਿਛਲੀ ਸਦੀ ਵਿਚ ਤਕਰੀਬਨ ਸਾਰੇ ਪੱਛਮੀ ਦੇਸ਼ਾਂ ਨੇ ਸਵੀਕਾਰ ਲਿਆ, ਬੇਸ਼ੱਕ ਅਜੇ ਵੀ ਦੁਨੀਆਂ ਵਿਚ ਮੁਸਲਮਾਨਾਂ ਦੀਆਂ ਇਸਲਾਮਿਕ ਸਟੇਟਸ ਹਨ, ਜਿਨ੍ਹਾਂ ਨੂੰ ਉਥੇ ਰਹਿਣ ਵਾਲੇ ਲੋਕਾਂ ਸਮੇਤ ਕੋਈ ਵੀ ਪਸੰਦ ਨਹੀਂ ਕਰਦਾ। 'ਧਰਮ ਤੇ ਰਾਜਨੀਤੀ' ਦੇ ਗੱਠਜੋੜ ਨਾਲ ਮਨੁੱਖਤਾ ਦੀ ਹੋਈ ਤਬਾਹੀ ਤੋਂ ਸਬਕ ਲੈਂਦਿਆਂ, ਦੁਨੀਆਂ ਵਿਚ ਅੱਜ ਧਰਮ ਨਿਰਪੱਖ, ਲੋਕਤੰਤਰੀ ਰਾਜ ਸਰਬ-ਪ੍ਰਵਾਨਤ ਹਨ। ਪਰ ਸਾਡੀ ਦੇਸ਼-ਵਿਦੇਸ਼ ਵਿਚਲੀ ਸਿੱਖ ਲੀਡਰਸ਼ਿਪ ਆਪ ਤਾਂ ਕੋਈ ਫੈਸਲਾ ਕਰਨ ਦੇ ਸਮਰੱਥ ਨਹੀਂ, ਪਰ ਦੁਨੀਆਂ ਦੇ ਤਜਰਬੇ ਤੋਂ ਲਾਭ ਉਠਾ ਕੇ ਧਰਮ ਅਤੇ ਰਾਜਨੀਤੀ ਨੂੰ ਵੱਖ ਕਰਨ ਦੀ ਥਾਂ 'ਰਾਜਨੀਤੀ' ਨੂੰ 'ਧਰਮ' ਵਿਚ ਬੜੇ ਜ਼ੋਰ-ਸ਼ੋਰ ਨਾਲ ਵਾੜ ਰਹੀ ਹੈ। ਬੇਸ਼ੱਕ ਸਿੱਖ ਸਮਾਜ ਵਿਚ ਵੀ ਪਿਛਲੇ 100 ਸਾਲ ਦੇ ਧਰਮ ਤੇ ਰਾਜਨੀਤੀ ਦੇ ਸੁਮੇਲ ਨਾਲ ਨਤੀਜੇ ਸਭ ਦੇ ਸਾਹਮਣੇ ਹਨ, ਪਰ ਫਿਰ ਵੀ ਸਾਡੀ ਦੇਸ਼-ਵਿਦੇਸ਼ ਦੀ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਆਪਣੇ ਸੌੜੇ ਹਿੱਤਾਂ ਲਈ ਧਰਮ ਦੀ, ਰਾਜਨੀਤੀ ਲਈ ਦੁਰਵਰਤੋਂ ਨੂੰ ਜਾਇਜ਼ ਦੱਸ ਰਹੀ ਹੈ।



ਗਿਆਨੀ ਹੀਰਾ ਸਿਘ ਦਰਦ



ਸਰਦਾਰਾ ਸਿੰਘ ਜੌਹਲ



ਅਮਰਜੀਤ ਗਰੇਵਾਲ

"ਸਿੱਖ ਸਮਾਜ ਵਿਚ ਪ੍ਰਚੱਲਤ ਵਿਚਾਰ ਅਨੁਸਾਰ ਸਿੱਖ ਧਰਮ ਵਿਚ 'ਧਰਮ ਤੇ ਰਾਜਨੀਤੀ' ਦਾ ਗੱਠਜੋੜ ਹੈ, ਜਿਸ ਅਨੁਸਾਰ ਰਾਜਨੀਤੀ, ਧਰਮ ਦੇ ਕੁੰਡੇ ਹੇਠ ਚੱਲਦੀ ਹੈ। ਪਰ ਹਕੀਕਤ ਵਿਚ 'ਸ਼੍ਰੋਮਣੀ ਅਕਾਲ ਦਲ' ਅਤੇ 'ਸ਼੍ਰੋਮਣੀ ਕਮੇਟੀ' ਦੀ ਲੀਡਰਸ਼ਿਪ ਨੇ ਪੰਜਾਬ ਵਿਚ ਮਿਲੀ ਸੱਤਾ ਦੌਰਾਨ ਇਹ ਸਿਧਾਂਤ ਉਲਟਾ ਕੇ ਧਾਰਮਿਕ ਸਿੱਖ ਸੰਸਥਾਵਾਂ ਵਿਚ ਬਹੁਤ ਬੁਰੀ ਤਰ੍ਹਾਂ ਦੀ ਕੁਰੱਪਟ ਸਿਆਸਤ ਵਾੜ ਦਿੱਤੀ ਹੈ। ਅਕਾਲੀ ਲੀਡਰਸ਼ਿਪ ਦੀ ਸੌੜੀ ਸਿਆਸਤ ਨੇ ਸਿਰਫ ਸਿੱਖ ਸੰਸਥਾਵਾਂ ਹੀ ਨਹੀਂ, ਸਗੋਂ ਸਿੱਖ ਧਰਮ 'ਤੇ ਵੀ ਸਵਾਲੀਆ ਚਿੰਨ੍ਹ ਲਗਾ ਦਿੱਤੇ ਹਨ।" (ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਤੇ ਅਰਥ ਸ਼ਾਸਤਰੀ, ਸਰਦਾਰਾ ਸਿੰਘ ਜੌਹਲ ਦੇ 1999 ਵਿਚ ਖਾਲਸਾ ਸਾਜਨਾ ਦਿਵਸ ਦੀ 300ਵੀਂ ਸ਼ਤਾਬਦੀ ਮੌਕੇ ਬਾਦਲ-ਟੌਹੜਾ ਦੀ ਰਾਜਸੀ ਸਰਦਾਰੀ ਲਈ ਚੱਲਦੀ ਕਾਟੋ-ਕਲੇਸ਼ ਦੌਰਾਨ ਇੱਕ ਲੇਖ 'ਸਿੱਖ ਧਰਮ, ਸਿਆਸਤ ਅਤੇ ਅਕਾਲ ਤਖ਼ਤ' ਵਿਚੋਂ ਕੁਝ

(ਬਾਕੀ ਅਗਲੇ ਸਫੇ 'ਤੇ)

# ਸਵੈ ਤੇ ਸਮਾਜਿਕ ਸੇਧ ਦਿੰਦੀਆਂ-ਨਿੱਕੀਆਂ ਵੱਡੀਆਂ ਗੱਲਾਂ

ਡਾ. ਪ੍ਰੇਮ ਮਾਨ ਬਹੁਤ ਹੀ ਸਹਿਜਭਾਵੀ ਪਰ ਸੂਖਮ ਲੇਖਕ ਹਨ ਜਿਨ੍ਹਾਂ ਦੀ ਲੇਖਣੀ ਵਿਚਲਾ ਠਹਿਰਾਅ ਅਤੇ ਸੰਜਮ ਉਨ੍ਹਾਂ ਦੇ ਅਦਬੀ ਸਫ਼ਰ ਵਿਚੋਂ ਦੇਖਿਆ ਜਾ ਸਕਦਾ ਹੈ। 1970-72 ਵਿਚ ਕਹਾਣੀ ਅਤੇ ਗ਼ਜ਼ਲ ਸੰਗ੍ਰਹਿ ਛਾਪਣ ਤੋਂ 50 ਸਾਲ ਬਾਅਦ ਉਨ੍ਹਾਂ ਦੀ ਕਲਮ ਨੇ ਦਸਤਕ ਦਿੱਤੀ ਹੈ। 'ਅੰਦਰੇਟੇ ਦਾ ਜੋਗੀ' ਦੇ ਪੰਜਾਬੀ ਅਤੇ ਹਿੰਦੀ ਐਡੀਸ਼ਨ ਅਤੇ ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਰਾਹੀਂ ਅੱਜ-ਕੱਲ੍ਹ ਉਹ ਆਪਣੀ ਸਾਹਿਤ-ਸੰਗਤੀ ਦਾ ਰੰਗ




**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਮਾਣ ਰਹੇ ਹਨ। ਅਮਰੀਕਾ ਦੀ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦੇ ਪ੍ਰੋਫ਼ੈਸਰ ਵਜੋਂ ਅਰਥ ਸ਼ਾਸਤਰ ਦੀਆਂ ਬਹੁਤ ਸਾਰੀਆਂ ਪੁਸਤਕਾਂ ਲਿਖਣ ਵਾਲੇ ਡਾ. ਪ੍ਰੇਮ ਮਾਨ ਜੀ ਦੀ ਵਾਰਤਕ ਪੁਸਤਕ 'ਨਿੱਕੀਆਂ ਵੱਡੀਆਂ ਗੱਲਾਂ' ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ, ਇਸ ਦੀ ਖ਼ੂਬਸੂਰਤੀ ਅਤੇ ਖ਼ੂਬਸੀਰਤੀ ਲਈ ਸੰਦੇਸ਼ਾਂ ਨਾਲ ਓਤ-ਪੋਤ ਹੈ।

ਡਾ. ਮਾਨ ਜੀ ਮਾਨਵੀ ਅਤੇ ਸਮਾਜਿਕ ਸਰੋਕਾਰਾਂ ਵਿਚ ਪੈਦਾ ਹੋ ਰਹੀ ਅਧੋਗਤੀ ਤੇ ਮਾਨਸਿਕ ਵਿਗਾੜ ਕਾਰਨ ਸਮਾਜਿਕ ਤੰਦਾਂ ਵਿਚ ਪੈਦਾ ਹੋਏ ਖਿਚਾਅ ਅਤੇ ਮਨੁੱਖੀ ਮਾਨਸਿਕਤਾ ਵਿਚਲੇ ਪੈਦਾ ਹੋ ਰਹੇ ਅਸੰਤੁਲਨ ਪ੍ਰਤੀ ਬਹੁਤ ਫ਼ਿਕਰਮੰਦ ਹਨ। ਇਸ ਕਿਤਾਬ ਵਿਚਲੇ ਜ਼ਿਆਦਾਤਰ ਨਿਬੰਧ ਦਰਅਸਲ ਉਨ੍ਹਾਂ ਦੀ ਫ਼ਿਕਰਮੰਦੀ ਵਿਚੋਂ ਪੈਦਾ ਹੋਈ ਚਿੰਤਾ ਨਾਲ ਉਪਜੀ ਚੇਤਨਾ ਹੈ ਜਿਸ ਰਾਹੀਂ ਉਹ ਸਮਾਜ ਨੂੰ ਨਰੋਈ ਸੇਧ ਦੇਣ ਦੇ ਉਪਰਾਲੇ ਲਈ ਯਤਨਸ਼ੀਲ ਹਨ।

ਇਹ ਨਿਬੰਧ ਪਾਠਕ ਨੂੰ ਆਪਣੇ ਅੰਦਰ ਝਾਤੀ ਮਾਰਨ ਅਤੇ ਆਪਣੀਆਂ ਕਮੀਆਂ, ਕੁਤਾਹੀਆਂ, ਕਮੀਨਗੀਆਂ ਅਤੇ ਵਿਗਾੜਾਂ ਨੂੰ ਦੇਖਣ, ਸਮਝਣ ਅਤੇ ਇਨ੍ਹਾਂ ਦੇ ਸੁਧਾਰਾਂ ਪ੍ਰਤੀ ਸੰਵੇਦਨਾ ਅਤੇ ਚੇਤਨਾ ਪੈਦਾ ਕਰਦੇ ਹਨ। ਮਨੁੱਖੀ ਵਿਵਹਾਰ ਹੀ ਸਮਾਜ ਦਾ ਮੁਹਾਂਦਰਾ ਹੁੰਦਾ ਜਿਸ ਨੂੰ ਸੰਵਾਰਦੀਆਂ ਨੇ ਮਨੁੱਖੀ ਆਦਤਾਂ ਜਿਸ ਬਾਰੇ ਉਨ੍ਹਾਂ ਦੇ 7 ਨਿਬੰਧ ਹਨ। ਚੰਗੀਆਂ ਅਤੇ ਮਾੜੀਆਂ ਆਦਤਾਂ ਦੇ ਵਿਸ਼ਲੇਸ਼ਣ ਰਾਹੀਂ ਚੰਗੀਆਂ ਆਦਤਾਂ ਨੂੰ ਗ੍ਰਹਿਣ ਕਰ ਕੇ ਮਨੁੱਖ ਨੂੰ ਇਨਸਾਨੀਅਤ ਦੇ ਰਾਹ ਦੇ ਤੋਰਨ ਲਈ ਪ੍ਰੇਰਤ ਕਰਦੀਆਂ ਹਨ। ਭਾਵੇਂ ਮਨੁੱਖੀ ਮਨ ਵਿਚ ਬੈਠੀ ਬੇਈਮਾਨੀ, ਚੋਰ ਬਾਜ਼ਾਰੀ, ਹੇਰਾ-ਫੇਰੀ, ਈਰਖਾ, ਅਸੂਲ, ਚਾਪਲੂਸੀ ਅਤੇ ਖ਼ੁਸ਼ਾਮਦ, ਸਭਿਆਚਾਰ, ਇਖ਼ਲਾਕ ਅਤੇ ਕਦਰਾਂ-ਕੀਮਤਾਂ ਦਾ ਦੀਵਾਲਾਪਣ ਜਾਂ ਸਾਡੀਆਂ ਜ਼ਿੰਮੇਵਾਰੀਆਂ ਆਦਿ ਲੇਖ ਹੋਣ। ਜਦ ਮਾਨ ਸਾਹਿਬ ਮਨੁੱਖੀ ਵਿਅਕਤੀਤਵ ਦੀ ਬਿਹਤਰੀ ਦੀ ਬਾਤ ਪਾਉਂਦੇ ਹਨ ਤਾਂ ਉਹ ਵਿਸ਼ਵ ਮਨੁੱਖ ਦੀ ਗੱਲ ਕਰਦੇ ਹਨ ਕਿ ਕਿਵੇਂ ਸੰਸਾਰਕ ਪੱਧਰ 'ਤੇ ਮਨੁੱਖੀ ਬਿਰਤੀਆਂ ਵਿਚ ਵਿਗਾੜ ਪੈਦਾ ਹੋ ਰਿਹਾ ਹੈ ਜਿਹੜਾ ਵਿਕਾਸਸ਼ੀਲ ਦੇਸ਼ਾਂ ਵਿਚ ਬਦਤਰ ਹੈ ਜਦ ਕਿ ਵਿਕਸਤ ਦੇਸ਼ਾਂ ਵਿਚ ਕਦਰਾਂ-ਕੀਮਤਾਂ ਨੂੰ ਮਨੁੱਖੀ ਸੁਭਾਅ ਦਾ ਅਹਿਮ ਅੰਗ ਸਮਝਿਆ ਜਾਂਦਾ ਹੈ।




ਮਾਨ ਸਾਹਿਬ ਪਿਛਲੇ 50 ਕੁ ਸਾਲਾਂ ਤੋਂ ਅਮਰੀਕਾ ਵਿਚ ਰਹਿੰਦੇ ਹਨ ਪਰ ਉਨ੍ਹਾਂ ਦੇ ਦਿਲ ਵਿਚ ਪੰਜਾਬ ਅਤੇ ਹਿੰਦੁਸਤਾਨ ਦੀਆਂ ਸਮੱਸਿਆਵਾਂ ਅਤੇ ਸਮੁੱਚੀ ਅਧੋਗਤੀ ਪ੍ਰਤੀ ਇਕ ਚੀਸ ਪੈਦਾ ਹੁੰਦੀ ਹੈ। ਇਹੀ ਚੀਸ ਸ਼ਬਦਾਂ ਦਾ ਰੂਪ ਧਾਰ ਕੇ ਉਨ੍ਹਾਂ ਦੇ ਚਾਰ/ਪੰਜ ਲੇਖਾਂ ਵਿਚ ਫੈਲਦੀ ਹੈ ਭਾਵੇਂ ਇਹ ਰਿਸ਼ਵਤਖੋਰੀ ਹੋਵੇ, ਲੀਡਰਾਂ ਦੀ ਦੇਸ਼-ਪ੍ਰੇਮ ਦੀ ਕਮੀ ਹੋਵੇ, ਬੇਰੋਕ ਵਧ ਰਹੀ ਅਬਾਦੀ ਹੋਵੇ, ਸਿੱਖਿਆ ਅਤੇ ਸਿਹਤ-ਸਹੂਲਤਾਂ ਵਿਚ ਵਿਗਾੜ ਜਾਂ ਧਾਰਮਿਕ ਸੰਕੀਰਨਤਾ ਦੀ ਗੱਲ ਹੋਵੇ। ਖ਼ੁਦ ਅਰਥ ਸ਼ਾਸਤਰ ਦੇ ਪ੍ਰੋਫੈਸਰ ਹੋਣ ਕਾਰਨ ਉਹ ਇਨ੍ਹਾਂ ਦੇ ਆਰਥਿਕ ਅਤੇ ਸਮਾਜਿਕ ਪਹਿਲੂਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਹਨ।

ਡਾ. ਪ੍ਰੇਮ ਮਾਨ ਜਦ ਪੰਜਾਬੀ ਵਿਰਸਾ ਜਾਂ ਪੰਜਾਬ ਦੇ ਭਵਿੱਖ ਪ੍ਰਤੀ ਫ਼ਿਕਰਮੰਦੀ ਨਾਲ ਆਪਣੀ ਕਲਮ ਦੇ ਰੂਬਰੂ ਹੁੰਦੇ ਹਨ ਤਾਂ ਉਹ ਅਮੀਰ ਪਰੰਪਰਾਵਾਂ ਵਾਲੇ ਪੰਜਾਬ ਅਤੇ ਇਸ ਦੇ ਸਭਿਆਚਾਰ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਪੰਜਾਬੀਆਂ ਨੂੰ ਚੇਤਨ ਕਰਦਿਆਂ, ਇਸ ਦੀ ਮੂਲ ਭਾਵਨਾ ਨੂੰ ਜੀਵੰਤ ਰੱਖਣ ਲਈ ਹਰ ਉਪਰਾਲਾ ਕਰਨ ਦੀ ਨਸੀਹਤ ਦਿੰਦੇ ਹਨ।

ਡਾ. ਸਾਹਿਬ ਖ਼ੁਦ ਅਦਬ ਨਾਲ ਜੁੜੇ ਹੋਏ ਹਨ ਅਤੇ ਢਾਹਾਂ ਪੁਰਸਕਾਰ ਕਮੇਟੀ ਦੇ ਮੁਖੀ ਵੀ ਰਹੇ ਹਨ। ਇਸ ਲਈ ਉਨ੍ਹਾਂ ਨੂੰ ਪੰਜਾਬੀ ਲੇਖਕਾਂ ਵਿਚ ਮਾਨ-ਸਨਮਾਨ ਪ੍ਰਾਪਤ ਕਰਨ ਜਾਂ ਪੁਰਸਕਾਰ ਹਾਸਲ ਕਰਨ ਲਈ ਵਰਤੀਆਂ ਜਾ ਰਹੀਆਂ ਜੁਗਾੜ ਬੰਦੀਆਂ ਅਤੇ ਘੁਤਿੱਤਾਂ ਬਾਰੇ ਅੰਦਰੂਨੀ ਜਾਣਕਾਰੀ ਹੈ। ਇਸ ਬਾਰੇ ਆਪਣੇ ਲੇਖ 'ਪੰਜਾਬੀ ਸਾਹਿਤ ਵਿਚ ਮਾਣ, ਸਨਮਾਨ ਅਤੇ ਪੁਰਸਕਾਰ' ਬਾਰੇ ਖੁੱਲ੍ਹ ਕੇ ਚਰਚਾ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬੀ ਲੇਖਕਾਂ ਦੀ ਇਸ ਬਿਰਤੀ ਨੇ ਪੰਜਾਬੀ ਮਾਂ ਬੋਲੀ ਦਾ ਬਹੁਤ ਨੁਕਸਾਨ ਕੀਤਾ ਹੈ।

ਇਸ ਕਿਤਾਬ ਨੂੰ ਪੜ੍ਹਦਿਆਂ ਪਾਠਕ ਨੂੰ ਆਪਣੇ ਅੰਤਰੀਵ ਵਿਚ ਝਾਤੀ ਮਾਰਨ, ਖ਼ੁਦ ਦੇ ਰੂਬਰੂ ਹੋਣ ਅਤੇ ਆਪਣਾ ਮੁਲਾਂਕਣ ਖ਼ੁਦ ਕਰਨ ਦਾ ਅਹਿਸਾਸ ਪੈਦਾ ਹੁੰਦਾ ਹੈ। ਉਹ ਆਪਣੇ ਵਿਅਕਤੀਤਵ ਨੂੰ ਨਿਹਾਰਨ ਦੇ ਰਾਹ ਤੁਰਦਾ ਹੈ। ਇਹੀ ਇਸ ਕਿਤਾਬ ਦਾ ਸਭ ਤੋਂ ਵੱਡਾ ਹਾਸਲ ਹੈ। ਡਾ. ਪ੍ਰੇਮ ਮਾਨ ਹੁਰਾਂ ਨੂੰ ਇਸ ਪ੍ਰੇਰਨਾਮਈ ਕਿਤਾਬ ਪੰਜਾਬੀ ਪਿਆਰਿਆਂ ਦੇ ਸਨਮੁੱਖ ਕਰਨ ਲਈ ਢੇਰ ਸਾਰੀਆਂ ਮੁਬਾਰਕਾਂ।

---

*(ਪਿਛਲੇ ਸਫੇ ਦੀ ਬਾਕੀ)*

ਲਾਈਨਾਂ)। ਯਾਦ ਰਹੇ ਕਿ ਉਸ ਵਕਤ ਜਥੇਦਾਰ ਟੌਹੜਾ ਨੇ ਬਾਦਲ ਨੂੰ ਢਾਹੁਣ ਲਈ ਅਕਾਲ ਤਖ਼ਤ ਦੇ ਜਥੇਦਾਰਾਂ ਪ੍ਰੋ. ਮਨਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਰਾਹੀਂ ਅਕਾਲ ਤਖ਼ਤ ਦੀ ਭਰਪੂਰ ਦੁਰਵਰਤੋਂ ਕੀਤੀ ਸੀ। ਪਰ ਉਹ ਕਾਮਯਾਬ ਨਹੀਂ ਹੋ ਸਕਿਆ ਸੀ। ਇਸ ਤੋਂ ਬਾਅਦ ਬਾਦਲ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ 'ਤੇ ਅਜਿਹਾ ਕਬਜ਼ਾ ਕੀਤਾ ਕਿ ਅੱਜ ਤੱਕ ਕੋਈ ਛੁਡਵਾ ਨਹੀਂ ਸਕਿਆ।

''ਇਸ ਬਾਰੇ ਸਭ ਤੋਂ ਪਹਿਲਾਂ (ਸਿੱਖੀ ਦੇ ਆਗਮਨ ਤੋਂ ਹਜ਼ਾਰ ਸਾਲ ਪਹਿਲਾਂ) ਪੋਪ ਗੇਲਾਸੀਅਸ ਪਹਿਲੇ (Gelasius 1) ਨੇ 494 ਈਸਵੀ ਵਿਚ ਬਾਦਸ਼ਾਹ ਐਨਸਤੇਸੀਅਸ (King anastesius) ਨੂੰ ਲਿਖੇ ਇੱਕ ਪੱਤਰ ਵਿਚ 'ਧਰਮ ਤੇ ਰਾਜਨੀਤੀ' ਬਾਰੇ ਸਿਧਾਂਤਕ ਵਿਚਾਰ ਪੇਸ਼ ਕੀਤਾ ਸੀ। ਗੇਲਾਸੀਅਸ ਲਿਖਦਾ ਹੈ, 'ਦੋ ਸ਼ਕਤੀਆਂ ਹਨ, ਜੋ ਵਿਸ਼ਵ 'ਤੇ ਰਾਜ ਕਰਦੀਆਂ ਹਨ: ਪੁਜਾਰੀਆਂ (Preists) ਦੀ ਪਵਿੱਤਰ ਪ੍ਰਭੂ ਸੱਤਾ ਅਤੇ ਰਾਜ ਕੁਮਾਰਾਂ ਦੀ ਪ੍ਰਬੰਧਕੀ ਰਾਜ ਸ਼ਕਤੀ। ਇਹ ਦੋਨੋਂ ਹੀ, ਪ੍ਰਭੂ ਵਲੋਂ ਦੋਨਾਂ (ਬਾਦਸ਼ਾਹ ਤੇ ਪੁਜਾਰੀ) ਨੂੰ ਬਖਸ਼ੀਆਂ ਹੋਈਆਂ ਹਨ।'' ਇਸਨੂੰ ਪੋਪ ਗੇਲਾਸੀਅਸ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਜਿਸਨੂੰ 1302 ਈਸਵੀ ਵਿਚ ਪੋਪ ਬੋਨੀਫੇਸ ਅੱਠਵੇਂ ਨੇ 'ਦੋ ਤਲਵਾਰਾਂ' ਦੇ ਸਿਧਾਂਤ ਦੇ ਰੂਪ ਵਿਚ ਪੇਸ਼ ਕੀਤਾ ਸੀ, ਜਿਸ ਅਨੁਸਾਰ ਸੰਸਾਰ ਵਿਚ ਦੋ ਮੁੱਖ ਸ਼ਕਤੀਆਂ ਹਨ, 'ਇੱਕ ਚਰਚ' (ਧਰਮ ਦੀ ਤਲਵਾਰ) ਅਤੇ 'ਦੂਜੀ ਸਟੇਟ' (ਰਾਜਨੀਤੀ ਦੀ ਤਲਵਾਰ), ਦੋਨੋਂ ਰਲ਼ ਕੇ ਚੱਲਦੀਆਂ ਹਨ, ਪਰ 'ਧਰਮ ਦੀ ਤਲਵਾਰ', 'ਰਾਜ ਦੀ ਤਲਵਾਰ' ਤੋਂ ਉਪਰ ਹੈ। (ਸਾਡੇ ਵਿਚ ਵੀ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਦੀ ਗੱਲ ਚੱਲਦੀ ਹੈ, ਭਾਵ ਇੱਕ ਰਾਜਨੀਤੀ ਤੇ ਧਰਮ ਦੀ ਤਲਵਾਰ)। ਪਰ ਇਸਾਈਅਤ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ 'ਪੁਜਾਰੀ' (ਧਰਮ) ਹਮੇਸ਼ਾਂ 'ਬਾਦਸ਼ਾਹ' ਦੇ ਅਧੀਨ ਹੀ ਰਿਹਾ ਹੈ। ਜਿਸ ਅਧੀਨ ਇਸਾਈਅਤ ਦੇ ਨਾਮ 'ਤੇ ਬਾਦਸ਼ਾਹਾਂ ਨੇ ਸਾਰੀ ਦੁਨੀਆਂ ਵਿਚ ਆਪਣੇ ਨਿੱਜੀ ਰਾਜ ਸਥਾਪਿਤ ਕੀਤੇ।'' (ਕੈਨੇਡਾ ਰਹਿੰਦੇ ਲੇਖਕ ਸ. ਹਾਕਮ ਸਿੰਘ ਨੇ ਸਰਦਾਰਾ ਸਿੰਘ ਜੌਹਲ਼ ਦੇ ਉਪਰਲੇ ਲੇਖ ਦੇ ਜਵਾਬ ਵਿਚ 'ਪੰਜਾਬ ਟਾਈਮਜ਼' ਅਖ਼ਬਾਰ ਦੇ ਫਰਵਰੀ 23, 2019 ਨੂੰ ਛਪੇ ਇੱਕ ਲੇਖ 'ਸਿੱਖ ਧਰਮ ਅਤੇ ਸਿਆਸਤ' ਰਾਹੀਂ ਜਵਾਬ ਦਿੱਤਾ ਸੀ, ਜਿਸ ਵਿਚੋਂ ਇਹ ਕੁਝ ਲਾਈਨਾਂ ਹਨ)।

''ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਦਾ ਪਹਿਲਾ ਮੁੱਖ ਕਾਰਨ ਗੁਰਦੁਆਰਾ ਐਕਟ ਵਿਚ ਗੁਰਦੁਆਰੇ ਨੂੰ ਜਾਇਦਾਦ ਬਣਾਉਣ ਕਰਕੇ ਹੈ। ਦੂਜਾ ਸ਼੍ਰੋਮਣੀ ਕਮੇਟੀ ਦਾ ਅਕਾਲੀ ਦਲ ਵਲੋਂ ਸਿਆਸੀਕਰਨ ਕਰਨਾ, ਭਾਵ ਸਿੱਖਾਂ ਦੀ ਸੰਗਠਿਤ ਸ਼ਕਤੀ ਨੂੰ ਅਕਾਲੀ ਦਲ ਵਲੋਂ ਆਪਣੇ ਰਾਜਨੀਤਕ ਹਿੱਤਾਂ ਲਈ ਵਰਤਣਾ। ਤੀਜਾ ਇਸਦੇ ਮਾਇਕ ਵਸੀਲਿਆਂ ਸਮੇਤ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ, ਮੁਲਾਜ਼ਮਾਂ, ਜਥੇਦਾਰਾਂ ਆਦਿ ਨੂੰ ਆਪਣੀ ਵੋਟ ਸਿਆਸਤ ਲਈ ਵਰਤਣਾ। ਚੌਥਾ ਗੁਰਦੁਆਰਾ ਸਟੇਜਾਂ ਨੂੰ ਪੰਥਕ ਕਾਨਫਰੰਸਾਂ ਦਾ ਨਾਮ ਦੇ ਕੇ ਸਿਆਸੀ ਲਾਹੇ ਲੈਣ ਲਈ ਵਰਤਣਾ। ਪੰਜਵਾਂ ਅਕਾਲੀ ਦਲ ਵਲੋਂ ਸ਼੍ਰੋਮਣੀ ਕਮੇਟੀ ਦੇ ਫੰਡ ਵਰਤ ਕੇ ਆਪਣੇ ਸਿਆਸੀ ਲਾਭਾਂ ਲਈ ਖਾਲਸਾ ਮਾਰਚਾਂ, ਸ਼ਤਾਬਦੀਆਂ, ਨਗਰ ਕੀਰਤਨਾਂ ਨੂੰ ਵਰਤਣਾ।'' (ਸਿੱਖ ਵਿਦਵਾਨ ਤੇ ਲੇਖਕ ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਇੱਕ ਲੇਖ: 'ਦੂਸਰੀ ਸਿੱਖ ਜਾਗ੍ਰਿਤੀ ਲਹਿਰ ਦੀ ਲੋੜ' ਵੀ 1999 ਦੀ ਖਾਲਸਾ ਸ਼ਤਾਬਦੀ ਮੌਕੇ ਹੀ ਲਿਖਿਆ ਸੀ, ਜਿਸ ਵਿਚੋਂ ਉਪਰਲੀਆਂ ਕੁਝ ਲਾਈਨਾਂ ਲਈਆਂ ਗਈਆਂ ਹਨ।)

ਮਾਡਰਨ ਵਰਲਡ ਦੇ ਲੋਕਤੰਤਰੀ ਸਿਸਟਮ ਵਿਚ ਹਰੇਕ ਵਿਅਕਤੀ, ਸੰਸਥਾ ਜਾਂ ਕਮਿਊਨਿਟੀ ਨੂੰ ਆਪਣੀ ਗੱਲ ਆਪਣੇ ਢੰਗ ਨਾ਼ਲ ਕਰਨ ਦਾ ਕਾਨੂੰਨੀ ਤੌਰ 'ਤੇ ਪੂਰਨ ਅਧਿਕਾਰ ਹੈ। ਪਰ ਕੀ ਅਸੀਂ ਅਜਿਹੀਆਂ ਘਟਨਾਵਾਂ ਮੌਕੇ ਚੁੱਪ ਰਹਿ ਕੇ, ਆਪਣੀ ਮਨਮਾਨੀ ਕਰਨ ਦੇ ਸਾਰੇ ਅਧਿਕਾਰ ਕੁਝ ਲੋਕਾਂ ਨੂੰ ਹੀ ਨਹੀਂ ਦੇ ਰਹੇ? ਕੀ ਸਾਡਾ ਸਮਾਜ ਭੀੜਤੰਤਰ ਵੱਲ ਨਹੀਂ ਵਧ ਰਿਹਾ, ਜਿੱਥੇ ਸੋਚ-ਵਿਚਾਰ, ਸੰਵਾਦ ਨੂੰ ਕੋਈ ਥਾਂ ਨਹੀਂ ਹੋਵੇਗੀ? ਅੱਜ ਸਿੱਖ ਸਮਾਜ ਵੱਡੇ ਪੱਧਰ 'ਤੇ ਬੌਧਿਕ ਕੰਗਾਲੀ ਹੰਢਾਅ ਰਿਹਾ ਹੈ? ਆਮ ਲੋਕਾਂ ਦੀ ਗੱਲ ਤਾਂ ਹੁਣ ਬਹੁਤ ਦੂਰ ਲੰਘ ਚੁੱਕੀ ਹੈ, ਚੰਗੇ ਸੂਝਵਾਨ, ਪੜ੍ਹੇ-ਲਿਖੇ, ਸੰਜੀਦਾ ਅਤੇ ਲੋਕ ਸਰੋਕਾਰਾਂ ਨੂੰ ਸਮਰਪਿਤ ਵਿਅਕਤੀ ਵੀ ਆਪਣੇ ਦਿਲ ਦੀ ਗੱਲ ਪਬਲੀਕਲੀ ਕਰਨ ਤੋਂ ਡਰਦੇ ਹਨ ਜਾਂ ਕੰਨੀ ਕਤਰਾਉਂਦੇ ਹਨ?

ਸਿੱਖ ਪੰਥ ਲਈ ਦੇਸ਼-ਵਿਦੇਸ਼ ਵਿਚ ਇਹ ਮਸਲਾ, ਵਿਰਾਟ ਰੂਪ ਧਾਰ ਚੁੱਕਾ ਹੈ ਕਿ ਧਰਮ ਨੂੰ ਰਾਜਨੀਤੀ ਲਈ ਵਰਤਣਾ ਕਿਤਨਾ ਕੁ ਜਾਇਜ਼ ਮੰਨਿਆ ਜਾ ਸਕਦਾ ਹੈ? ਕੀ 17ਵੀਂ-18ਵੀਂ ਸਦੀ ਦੇ ਇਤਿਹਾਸਕ ਫੈਸਲਿਆਂ ਨੂੰ 21ਵੀਂ ਸਦੀ ਵਿਚ ਉਵੇਂ ਹੀ ਲਾਗੂ ਕੀਤਾ ਜਾ ਸਕਦਾ ਹੈ ਜਾਂ ਕੀਤਾ ਜਾਣਾ ਚਾਹੀਦਾ ਹੈ? ਕੀ ਗੁਰਦੁਆਰੇ ਦੇ ਸਰਬ ਸਾਂਝੇ ਧਾਰਮਿਕ ਪਲੈਟਫਾਰਮ ਨੂੰ ਵੋਟ ਰਾਜਨੀਤੀ ਲਈ ਵਰਤਣਾ ਸਿੱਖ ਪੰਥ ਦੇ ਵਡੇਰੇ ਹਿੱਤਾਂ ਵਿਚ ਹੋ ਸਕਦਾ ਹੈ? ਇਸ 'ਤੇ ਪੰਥ ਵਿਚ ਸੰਜੀਦਾ ਵਿਚਾਰ ਕਦੋਂ ਸ਼ੁਰੂ ਹੋਵੇਗੀ? ਆਮ ਸੰਗਤ ਨਗਰ ਕੀਰਤਨ ਨੂੰ ਧਾਰਮਿਕ ਘੱਟ ਤੇ ਮੇਲੇ ਵਾਂਗ ਵੱਧ ਲੈਂਦੀ ਹੈ, ਉਨ੍ਹਾਂ ਦਾ ਧਿਆਨ ਖਾਣ-ਪੀਣ, ਆਪਣੇ ਜਾਣਕਾਰਾਂ ਨੂੰ ਮਿਲਣ-ਗਿਲਣ ਵੱਲ ਵੱਧ ਹੁੰਦਾ ਹੈ। ਆਮ ਬਿਜ਼ਨਸਮੈਨਾਂ ਅਤੇ ਸਿਆਸੀ ਲੀਡਰਾਂ ਨੂੰ ਵੀ ਇਸ ਵੱਡੇ ਇਕੱਠ ਵਿਚ ਆਪਣੀ ਪ੍ਰਮੋਸ਼ਨ ਕਰਨ ਦਾ ਮੌਕਾ ਮਿਲਦਾ ਹੈ। ਫਿਰ ਕਿਉਂ ਨਾ ਸੜਕਾਂ ਰੋਕ ਕੇ, ਵੱਡੀ ਗਿਣਤੀ ਵਿਚ ਪੁਲਿਸ ਪ੍ਰਸ਼ਾਸਨ ਨੂੰ ਸਕਿਉਰਿਟੀ ਅਤੇ ਟਰੈਫਿਕ ਕੰਟਰੋਲ ਲਈ ਲੱਖਾਂ ਡਾਲਰ ਦੇਣ ਨਾ਼ਲੋਂ ਲੋਕਾਂ ਦੀ ਮਾਨਸਿਕਤਾ ਅਨੁਸਾਰ ਇਸਨੂੰ ਕਿਸੇ ਪਾਰਕ ਜਾਂ ਗਰਾਊਂਡ ਵਿਚ ਮੇਲੇ ਦਾ ਰੂਪ ਦੇ ਦਿੱਤਾ ਜਾਵੇ? ਜਿੱਥੇ ਲੋਕ ਖਾਣ-ਪੀਣ, ਬਿਜ਼ਨਸ ਵਾ਼ਲੇ ਆਪਣੀ ਪ੍ਰਮੋਸ਼ਨ ਕਰਨ, ਦੋ ਵੱਖਰੀਆਂ ਧਾਰਮਿਕ ਤੇ ਰਾਜਸੀ ਸਟੇਜਾਂ ਲਗਾ ਦਿੱਤੀਆਂ ਜਾਣ। ਜਿੱਥੇ ਲੋਕ ਆਪਣੀ ਸੋਚ ਅਨੁਸਾਰ ਮੇਲੇ ਦਾ ਆਨੰਦ ਮਾਨਣ। ਜਿਸ ਤਰ੍ਹਾਂ ਪੰਜਾਬ ਵਿਚ ਵਿਸਾਖੀ ਮੇਲਿਆਂ 'ਤੇ ਧਾਰਮਿਕ, ਸਮਾਜਿਕ, ਰਾਜਸੀ ਅਤੇ ਸਭਿਆਚਾਰਕ ਸਟੇਜਾਂ ਹੁੰਦੀਆਂ ਹਨ, ਇੱਥੇ ਵੀ ਇਵੇਂ ਹੀ ਕੀਤਾ ਜਾ ਸਕਦਾ ਹੈ। ਜਿਸ ਨਾ਼ਲ ਆਮ ਲੋਕਾਂ ਦੀ ਸੜਕਾਂ ਰੋਕਣ ਨਾ਼ਲ ਹੁੰਦੀ ਪ੍ਰੇਸ਼ਾਨੀ ਤੋਂ ਵੀ ਬਚਿਆ ਜਾ ਸਕਦਾ ਹੈ ਅਤੇ ਖਰਚਾ ਵੀ ਕਾਫੀ ਘਟ ਸਕਦਾ ਹੈ। ਪਰ ਹੋਵੇਗਾ ਤਾਂ ਹੀ ਜੇ ਗੁਰਦੁਆਰਿਆਂ ਦੇ ਪ੍ਰਬੰਧਕ ਲੋਕ-ਹਿੱਤ ਵਿਚ ਸੋਚਣ ਅਤੇ ਦ੍ਰਿੜ੍ਹਤਾ ਨਾ਼ਲ ਫੈਸਲੇ ਲੈਣ ਦੇ ਸਮਰੱਥ ਹੋਣ। ਪਰ ਊਠ ਦੇ ਗ਼ਲ ਟੱਲੀ ਬੰਨ੍ਹਣ ਤੋਂ ਹਰ ਕੋਈ ਡਰਦਾ ਹੈ, ਜਦਕਿ ਤਬਦੀਲੀ ਹਰ ਕੋਈ ਚਾਹੁੰਦਾ ਹੈ। ਮੇਰੀ ਬਜ਼ੁਰਗਾਂ ਦੀਆਂ ਸੁਸਾਇਟੀਆਂ ਦੇ ਕਈ ਮੈਂਬਰਾਂ ਨਾ਼ਲ ਗੱਲ ਹੋਈ, ਸਭ ਦੀ ਅਜਿਹੀ ਹੀ ਰਾਏ ਹੈ। ਮੇਰੀ ਸਮਝ ਅਨੁਸਾਰ ਸਭ ਜਗ੍ਹਾ ਸੰਗਤ ਨੇ ਆਪਣਾ ਫੈਸਲਾ ਸਪੱਸ਼ਟ ਰੂਪ ਵਿਚ ਦੇ ਦਿੱਤਾ ਹੈ ਕਿ ਬਹੁ-ਗਿਣਤੀ ਸੰਗਤ ਨੂੰ ਸੜਕਾਂ 'ਤੇ ਤੁਰਨ ਵਿਚ ਕੋਈ ਦਿਲਚਸਪੀ ਨਹੀਂ, ਸਭ ਨੂੰ ਸਿੱਧਾ ਪਾਰਕ ਵਿਚ ਜਾਣਾ ਹੀ ਠੀਕ ਲੱਗ ਰਿਹਾ ਹੈ। ਕੀ ਪ੍ਰਬੰਧਕ ਸੰਗਤ ਦੀ ਇੱਛਾ ਅਨੁਸਾਰ ਫੈਸਲਾ ਕਰ ਸਕਣਗੇ ਜਾਂ ਕੁਝ ਲੋਕਾਂ ਦੇ ਰਾਜਸੀ ਹਿੱਤਾਂ ਦੀ ਹੀ ਪੂਰਤੀ ਕਰਦੇ ਰਹਿਣਗੇ?

''ਸਿੱਖ ਫਲਸਫੇ ਵਿਚੋਂ ਪੈਦਾ ਹੋ ਰਹੇ ਨਿਆਂਇਕ ਅਤੇ ਸਰਬੱਤ ਦੇ ਭਲੇ ਦੇ ਸਿਧਾਂਤ ਆਧਾਰਿਤ, ਜਿਸ ਸਿੱਖ ਰਾਜਨੀਤੀ ਦੀ ਮਾਸਟਰ ਤਾਰਾ ਸਿੰਘ ਸਮੇਤ ਸਿੱਖ ਲੀਡਰਸ਼ਿਪ ਕਲਪਨਾ ਕਰਦੀ ਹੈ, ਅਜਿਹੀ ਰਾਜਨੀਤੀ ਇਤਿਹਾਸ ਵਿਚ ਨਾ ਕਦੇ ਸੀ ਤੇ ਨਾ ਹੀ ਹੋਵੇਗੀ। ਅਜਿਹੀ ਰਾਜਨੀਤੀ ਕਿਸੇ ਸਮੇਂ ਦੇ ਹਾਲਾਤਾਂ ਅਨੁਸਾਰ ਹੁੰਦੀ ਹੈ ਅਤੇ ਸਮਾਂ ਪਾ ਕੇ ਖਤਮ ਹੋ ਜਾਂਦੀ ਹੈ। ਇਸਦਾ ਧਰਮ ਦੇ ਕਿਸੇ ਬੁਨਿਆਦੀ ਸਦੀਵਕਾਲੀ ਸਿਧਾਂਤ ਨਾ਼ਲ ਕੋਈ ਸਬੰਧ ਨਹੀਂ, ਜਿਸ ਤਰ੍ਹਾਂ ਸਿੱਖ ਲੀਡਰਸ਼ਿਪ ਸੋਚਦੀ ਹੈ...। 'ਸਰਬੱਤ ਦਾ ਭਲਾ' ਰਾਜਸੀ ਤਾਕਤ ਨਾ਼ਲ ਨਹੀਂ ਹੁੰਦਾ, ਉਦੋਂ ਹੁੰਦਾ ਹੈ, ਜਦੋਂ ਸਮਾਜਵਾਦੀ ਨਿਜ਼ਾਮ ਨਾ਼ਲ, ਸਮਾਜ, ਵਰਗ ਰਹਿਤ ਹੋ ਜਾਂਦਾ ਹੈ...। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ, ਸਿੱਖਾਂ ਦੀ ਮੱਧ ਵਰਗ ਸ਼੍ਰੇਣੀ ਦੀ ਗੁਰਦੁਆਰਾ ਸੁਧਾਰ ਮੂਵਮੈਂਟ ਨਾ਼ਲ ਬਣੇ ਸਨ। ਜਲਦੀ ਹੀ ਇਸ ਉਪਰ ਜਗੀਰਦਾਰੀ ਵਰਗ ਕਾਬਿਜ ਹੋ ਗਿਆ। ਹੁਣ ਇਸਦੇ ਸੰਘਰਸ਼, ਹਾਰੀ ਟੁੱਟੀ ਜਗੀਰਦਾਰੀ ਦੀ ਸਿਆਸਤ ਹੈ। ਹੁਣ ਇਸਨੂੰ ਜੋ ਮਰਜੀ ਨਾਮ (ਸਿੱਖ ਪੰਥ, ਸਿੱਖ ਕੌਮ, ਸਰਬੱਤ ਦਾ ਭਲਾ ਆਦਿ) ਦੇ ਲਉ, ਇਸਦੀ ਸਿਆਸਤ ਉਨ੍ਹਾਂ ਦੀ ਹੋਵੇਗੀ, ਜਿਨ੍ਹਾਂ ਦਾ ਇਨ੍ਹਾਂ ਸੰਸਥਾਵਾਂ 'ਤੇ ਕਬਜਾ ਹੋਵੇਗਾ। ਸਮੇ-ਸਮੇਂ ਇਸਦੇ ਆਦਰਸ਼ ਇਹ ਰਹੇ ਹਨ: ਗੁਰਦੁਆਰਿਆਂ ਦੀ ਅਜ਼ਾਦੀ, ਸਿੱਖ ਹੱਕਾਂ ਦੀ ਰਾਖੀ, ਆਜ਼ਾਦ ਪੰਜਾਬ, ਸਿੱਖ ਸਟੇਟ, ਸਿੱਖਾਂ ਲਈ ਵੱਖਰਾ ਖਿੱਤਾ, ਖਾਲਿਸਤਾਨ, ਸਿੱਖ ਸੂਬਾ, ਅਜ਼ਾਦ ਸਿੱਖ ਰਾਜ, ਮੁਕੰਮਲ ਅਜ਼ਾਦੀ, ਪੰਜਾਬੀ ਸੂਬਾ ਆਦਿ। ਹੁਣ ਜੇ ਸਰਬੱਤ ਦੇ ਭਲੇ ਦਾ ਆਦਰਸ਼ ਰੱਖ ਕੇ ਵੀ ਪੰਥ ਨੂੰ ਕੋਈ ਪ੍ਰੋਗਰਾਮ ਦੇ ਲਿਆ ਜਾਵੇ, ਇਸਦਾ ਖਾਸਾ ਨਹੀਂ ਬਦਲੇਗਾ ਕਿਉਂਕਿ ਇਸਨੂੰ ਚਲਾਉਣ ਵਾ਼ਲੀ ਸ਼ਕਤੀ ਜਗੀਰਦਾਰੀ (ਸਰਮਾਏਦਾਰੀ) ਹੈ। ਇਸਦਾ ਮੁੱਖ ਕੰਮ ਸਿੱਖਾਂ ਵਿਚਲੀ ਹੇਠਲੀ ਮਿਹਨਤਕਸ਼ ਅਤੇ ਮੱਧ ਵਰਗੀ ਜਮਾਤ ਨੂੰ ਸਿੱਖੀ ਜਾਂ ਪੰਥ ਦੇ ਨਾਮ 'ਤੇ ਗੁੰਮਰਾਹ ਕਰਕੇ ਜਮਾਤੀ ਜਥੇਬੰਦੀਆਂ ਅਤੇ ਜਨਤਕ ਘੋਲ਼ਾਂ ਤੋਂ ਦੂਰ ਰੱਖਣਾ ਹੈ। ਜੇ ਤੁਸੀਂ ਸਿੱਖਾਂ ਜਾਂ ਸਿੱਖੀ ਦੇ ਹਿੱਤ ਵਿਚ ਹੋ ਤਾਂ ਇਹ ਭੁਲੇਖਾ ਕੱਢ ਦੇਵੋ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ, ਸਿੱਖਾਂ ਦਾ ਕਦੇ ਕੋਈ ਭਲਾ ਕਰੇਗੀ। ਇਸਦੇ ਸਾਰੇ ਨਾਅਰੇ, ਮੋਰਚੇ, ਪ੍ਰੋਗਰਾਮ, ਉਨ੍ਹਾਂ ਲਈ ਹੀ ਹੁੰਦੇ ਹਨ, ਜਿਨ੍ਹਾਂ ਜਗੀਰੂ ਤਾਕਤਾਂ ਦੀ ਇਹ ਨੁਮਾਇੰਦਗੀ ਕਰਦੇ ਹਨ।'' (ਉਘੇ ਸਿੱਖ ਵਿਦਵਾਨ ਗਿਆਨੀ ਹੀਰਾ ਸਿੰਘ ਦਰਦ ਦੀ 1949 ਵਿਚ ਛਪੀ ਕਿਤਾਬ 'ਪੰਥ, ਧਰਮ ਤੇ ਰਾਜਨੀਤੀ' ਦੇ ਲੇਖ 'ਜੇ ਸ਼੍ਰੋਮਣੀ ਅਕਾਲੀ ਦਲ ਆਪਣਾ ਪ੍ਰੋਗਰਾਮ ਸਮਾਜਵਾਦੀ ਵੀ ਬਣਾ ਲਵੇ?' ਵਿਚੋਂ ਕੁਝ ਲਾਈਨਾਂ)

''1947 ਤੋਂ ਬਾਅਦ ਸਿੱਖ ਲੀਡਰਸ਼ਿਪ ਕੋ਼ਲ ਪੰਜਾਬ ਵਿਚ ਆਪਣੀ ਚੌਧਰ ਸਥਾਪਿਤ ਕਰਨ ਲਈ ਦੋ ਬਦਲ ਮੌਜੂਦ ਸਨ। ਇੱਕ ਪ੍ਰੋ ਪੂਰਨ ਸਿੰਘ ਵਲੋਂ ਸੁਝਾਇਆ, ਸਿੱਖ ਸਿਧਾਂਤਾਂ ਅਧਾਰਿਤ, ਸਿੱਖ ਸਪਿਰਟ ਵਾ਼ਲਾ ਬਹੁ-ਭਾਸ਼ਾਈ, ਬਹੁ-ਕੌਮੀ, ਬਹੁ-ਜਾਤੀ, ਬਹੁ-ਧਰਮੀ, ਬਹੁ-ਸਭਿਆਚਾਰੀ, 'ਗੁਰਾਂ ਦੇ ਨਾਮ 'ਤੇ ਵਸਦਾ ਪੰਜਾਬ' ਅਤੇ ਦੂਜਾ ਸੀ, ਸਿੱਖ ਬਹੁ-ਗਿਣਤੀ ਵਾ਼ਲੇ ਖਿੱਤੇ ਦੀ ਸਥਾਪਨਾ, ਜਿੱਥੇ ਜਗੀਰੂ ਸਿੱਖ ਲੀਡਰਸ਼ਿਪ ਰਾਜ ਕਰ ਸਕਦੀ। ਸਿੱਖ ਲੀਡਰਸ਼ਿਪ ਨੇ 'ਸਿੱਖ ਸਪਿਰਟ' ਦੀ ਥਾਂ 'ਸਿੱਖ ਬਹੁ-ਗਿਣਤੀ' ਵਾ਼ਲੇ ਖਿੱਤੇ 'ਤੇ ਰਾਜ ਦਾ ਰਾਹ ਚੁਣਿਆ...। ਕੀ 50-55 ਸਾਲ ਬਾਅਦ ਸਿੱਖਾਂ ਦੀ ਚੌਧਰ ਵਾ਼ਲੇ 'ਪੰਜਾਬੀ ਸੂਬੇ' ਨੂੰ 'ਗੁਰਾਂ ਦੇ ਨਾਮ 'ਤੇ ਵਸਦਾ ਪੰਜਾਬ' ਕਿਹਾ ਜਾ ਸਕਦਾ ਹੈ...? ਬੇਸ਼ਕ 'ਖਾਲਸਾ ਰਾਜ' ਦੇ ਮੁੱਦਈ ਸਿੱਖ ਵਿਦਵਾਨ ਵੀ ਹੁਣ ਪ੍ਰੋ ਪੂਰਨ ਸਿੰਘ ਦੀਆਂ ਲਾਈਨਾਂ 'ਪੰਜਾਬ ਵਸਦਾ ਗੁਰਾਂ ਦੇ ਨਾਮ..' ਨੂੰ ਤਾਂ ਵਰਤ ਰਹੇ ਹਨ, ਪਰ ਕੀ ਉਨ੍ਹਾਂ ਵਲੋਂ ਸਿਰਜਿਆ ਜਾਣ ਵਾਲਾ 'ਖਾਲਸਾ ਰਾਜ' ਪ੍ਰੋ ਪੂਰਨ ਸਿੰਘ ਦੇ ਸੁਪਨਿਆਂ ਵਾ਼ਲੇ ਪੰਜਾਬ ਵਰਗਾ 'ਬਹੁ-ਭਾਸ਼ਾਈ, ਬਹੁ-ਧਰਮੀ' ਹੋਵੇਗਾ? ਅਕਾਲੀਆਂ ਤੇ ਖਾਲਿਸਤਾਨੀਆਂ ਦੇ ਸਿੱਖ ਬਹੁ-ਗਿਣਤੀ ਦੇ ਚੌਧਰ ਵਾ਼ਲਾ ਪੰਜਾਬ, ਨਾ ਪ੍ਰੋ ਪੂਰਨ ਸਿੰਘ ਦੇ ਸੁਪਨਿਆਂ ਦਾ ਅਤੇ ਨਾ ਹੀ ਗੁਰੂਆਂ ਦੇ ਆਸ਼ੇ ਵਾ਼ਲਾ ਪੰਜਾਬ ਹੋਵੇਗਾ...। ਪ੍ਰੋ ਪੂਰਨ ਸਿੰਘ ਜਾਣਦੇ ਸਨ ਕਿ ਪੰਜਾਬ ਦੇ ਨਿਰਮਤ ਹੋ ਰਹੇ ਅਧੁਨਿਕਵਾਦੀ ਸਮਾਜ ਵਿਚ ਘੱਟ-ਗਿਣਤੀ ਸਿੱਖ ਭਾਈਚਾਰੇ ਦੀ ਚੌਧਰ, ਉਦੋਂ ਤੱਕ ਸਥਾਪਿਤ ਨਹੀਂ ਹੋ ਸਕਦੀ, ਜਿਤਨੀ ਦੇਰ ਤੱਕ ਉਹ, ਬਹੁ-ਧਰਮੀ, ਬਹੁ-ਜਾਤੀ, ਬਹੁ-ਭਾਸ਼ਾਈ, ਬਹੁ-ਸਭਿਆਚਾਰੀ ਪੰਜਾਬੀਆਂ ਨੂੰ ਸਰਬੱਤ ਦੇ ਭਲੇ ਵਾ਼ਲੇ ਸਿੱਖ ਸਿਧਾਂਤਾਂ ਅਤੇ ਸਿੱਖ ਸਪਿਰਟ ਨਾ਼ਲ ਜਿੱਤ ਨਹੀਂ ਲੈਂਦੇ...।'' (ਸਿੱਖ ਚਿੰਤਕ ਤੇ ਲੇਖਕ, ਸ. ਅਮਰਜੀਤ ਸਿੰਘ ਗਰੇਵਾ਼ਲ ਦੇ ਇੱਕ ਲੇਖ 'ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ ਵਿਚੋਂ ਕੁਝ ਲਾਈਨਾਂ)।

ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਤੁਸੀਂ ਚਲੇ ਜਾਓ, ਹਰੇਕ ਸਮਾਜ, ਦੇਸ਼, ਕੌਮ, ਧਰਮ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸਿੱਖਾਂ ਦੀਆਂ ਪੰਜਾਬ, ਭਾਰਤ ਜਾਂ ਵਿਦੇਸ਼ਾਂ ਵਿਚ ਬਾਕੀ ਦੁਨੀਆਂ ਵਾਂਗ ਸਮੱਸਿਆਵਾਂ ਹਨ। ਪਰ ਕੀ ਉਨ੍ਹਾਂ ਸਮੱਸਿਆਵਾਂ ਨੂੰ ਉਸ ਖਿੱਤੇ ਦੇ ਸਾਰੇ ਲੋਕਾਂ ਦੇ ਹਿੱਤਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਮੰਨਿਆ ਜਾਂ ਮਨਾਇਆ ਜਾ ਸਕਦਾ ਹੈ? ਕੀ ਉਸ ਖਿੱਤੇ ਦੇ ਬਾਕੀ ਭਾਈਚਾਰਿਆਂ ਨੂੰ ਨਾ਼ਲ ਲਏ ਬਿਨਾਂ ਇਹ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ? ਕੀ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਬਾਕੀ ਪੰਜਾਬੀਆਂ ਉਪਰ ਸਿਰਫ ਸਿੱਖਾਂ ਦੀ ਚੌਧਰ ਵਾ਼ਲਾ ਰਾਜ ਥੋਪਿਆ ਜਾ ਸਕਦਾ ਹੈ? ਇਸ ਤਰ੍ਹਾਂ ਦੇ ਅਨੇਕਾਂ ਸਵਾਲ ਹਨ, ਜਿਸ ਬਾਰੇ ਸਿੱਖ ਜਗਤ ਵਿਚ ਗੰਭੀਰ ਚਿੰਤਨ ਕਰਨ ਦੀ ਦੇਸ਼-ਵਿਦੇਸ਼ ਵਿਚ ਲੋੜ ਹੈ। ਨਰਮ-ਖਿਆਲੀ ਜਾਂ ਗਰਮ-ਖਿਆਲੀ ਸਿੱਖ ਲੀਡਰਸ਼ਿਪ ਵਲੋਂ ਦੇਸ਼-ਵਿਦੇਸ਼ ਵਿਚ ਆਪਣੀਆਂ ਮੰਗਾਂ ਲਈ ਜੋ ਢੰਗ ਤਰੀਕੇ ਅਪਨਾਏ ਜਾ ਰਹੇ ਹਨ, ਕੀ ਉਸ ਨਾ਼ਲ ਸਿੱਖਾਂ ਦਾ ਕੁਝ ਸੰਵਰ ਰਿਹਾ ਹੈ ਜਾਂ ਸਿੱਖ ਨਿੱਤ ਨਵੇਂ ਦਿਨ ਨਵੀਆਂ ਮੁਸੀਬਤਾਂ ਵਿਚ ਫਸਦੇ ਜਾ ਰਹੇ ਹਨ? ਜੇ ਸਿੱਖ ਪੰਜਾਬ ਛੱਡ ਕੇ ਵਿਦੇਸ਼ਾਂ ਵੱਲ ਭੱਜ ਰਹੇ ਹਨ ਤੇ ਵਿਦੇਸ਼ੀ ਸਰਕਾਰਾਂ ਸਾਨੂੰ ਖੁਸ਼ੀ-ਖੁਸ਼ੀ ਪਨਾਹ ਵੀ ਦੇ ਰਹੀਆਂ ਹਨ ਤਾਂ ਕਿਤੇ ਸਵਾਰਥੀ ਅਤੇ ਮੌਕਾਪ੍ਰਸਤ ਲੋਕਾਂ ਦੀਆਂ ਹਰਕਤਾਂ ਨਾ਼ਲ ਸਭ ਲਈ ਰਾਹ ਤੇ ਬੰਦ ਨਹੀਂ ਹੋ ਜਾਣਗੇ? ਇਸ ਤੋਂ ਪਹਿਲਾਂ ਕਿ ਅਜਿਹਾ ਕੋਈ ਭਾਣਾ ਵਾਪਰੇ, ਕੀ ਕਦੇ ਸਿੱਖ ਪੰਥ ਇਸ ਪਾਸੇ ਵੀ ਗੰਭੀਰਤਾ ਨਾ਼ਲ ਵਿਚਾਰ ਕਰੇਗਾ?

# ਚੋਣਾਂ ਅਤੇ ਭਾਰਤ ਦੇ ਲੋਕਤੰਤਰ ਦੀ ਅਵਸਥਾ



ਭਾਰਤ ਵਿਚ ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਭਰ ਜੋਬਨ 'ਤੇ ਹੈ। ਲਗਭਗ ਇੱਕ ਤਿਹਾਈ ਸੀਟਾਂ 'ਤੇ ਵੋਟਿੰਗ ਹੋ ਚੁੱਕੀ ਹੈ ਅਤੇ ਬਾਕੀਆਂ ਲਈ ਚੋਣ ਪ੍ਰਚਾਰ ਤੇਜ਼ੀ ਨਾਲ ਹੋ ਰਿਹਾ ਹੈ। ਪੰਜਾਬ ਵਿਚ ਭਾਵੇਂ ਵੋਟਾਂ ਇਕ ਜੂਨ ਨੂੰ ਪੈਣੀਆਂ ਹਨ ਅਤੇ ਇਹ ਸਤਰਾਂ ਲਿਖਣ ਤੱਕ ਭਾਜਪਾ ਤੋਂ ਬਿਨਾਂ ਲਗਭਗ ਸਾਰੀਆਂ ਪਾਰਟੀਆਂ ਨੇ ਸਾਰੀਆਂ ਸੀਟਾਂ 'ਤੇ ਆਪਣੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਵਿਚ ਚੋਣ ਭਾਵੇਂ ਇਕ ਮਹੀਨਾ ਦੂਰ ਹੈ, ਫਿਰ ਵੀ ਚੋਣ ਸਰਗਰਮੀਆਂ ਜ਼ੋਰਾਂ 'ਤੇ ਹਨ। ਵੇਖਣ ਵਿਚ ਆਇਆ ਹੈ ਕਿ ਐਤਕੀਂ ਚੋਣ ਮੁਹਿੰਮ ਵਿਚ ਕਈ ਉਮੀਦਵਾਰਾਂ ਵਲੋਂ ਇੱਕ-ਦੂਜੇ ਉਤੇ ਬੜੀ ਨੀਵੇਂ ਪੱਧਰ ਦੀ

**ਨਰਿੰਦਰ ਸਿੰਘ ਢਿੱਲੋਂ**
**ਫੋਨ: 1+825 925 4032**

ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਜਿਸ ਨਾਲ ਰਾਜਨੀਤੀ ਦੀਆਂ ਸੁਚੱਜੀਆਂ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਇਥੋਂ ਤੱਕ ਕਿ ਦੇਸ਼ ਦੇ ਪ੍ਰਧਾਨ ਮੰਤਰੀ ਜਿਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਲੋਕਤੰਤਰ ਦੀ ਰਾਖੀ ਕਰਨ ਅਤੇ ਦੇਸ਼ ਦੀ ਅਗਵਾਈ ਕਰਨ ਦੀ ਹੈ, ਉਹ ਵੀ ਪਿਛਲੇ ਪੰਜ ਸਾਲਾਂ ਵਿਚ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ ਲੋਕਾਂ ਸਾਹਮਣੇ ਰੱਖਣ ਦੀ ਥਾਂ ਭਾਸ਼ਣ ਕਰਦਿਆਂ ਫਿਰਕੂ ਭੜਕਾਹਟ ਪੈਦਾ ਕਰਨ ਵਰਗੀਆਂ ਟਿੱਪਣੀਆਂ ਕਰ ਰਹੇ ਹਨ। ਭਾਸ਼ਣ ਕਰਦਿਆਂ ਦੇਸ਼ ਵਿਚ ਇੱਕ ਘੱਟ ਗਿਣਤੀ ਧਾਰਮਿਕ ਵਰਗ 'ਤੇ ਹਮਲੇ ਕਰਨ ਦਾ ਪ੍ਰਭਾਵ ਦੇਸ਼ ਦੀ ਏਕਤਾ ਅਤੇ ਅਖੰਡਤਾ 'ਤੇ ਪੈਣ ਦਾ ਡਰ ਹੈ। ਭਾਜਪਾ ਦੇ ਹੋਰ ਵੀ ਕਈ ਚੋਟੀ ਦੇ ਨੇਤਾ ਬੋਲਣ ਲੱਗਿਆਂ ਬਹੁਤ ਇਤਰਾਜ਼ਯੋਗ ਟਿੱਪਣੀਆਂ ਕਰਦੇ ਮੀਡੀਆ ਦੀਆਂ ਸੁਰਖੀਆਂ ਬਣ ਰਹੇ ਹਨ। ਚੋਣ ਪ੍ਰਚਾਰ ਵਿਚ ਜਨੇਊ ਨੂੰ ਖਤਰੇ ਦਾ ਜ਼ਿਕਰ ਕਰਕੇ ਭਾਰਤ ਵਿਚ ਵਸਦੇ ਹਿੰਦੂ ਭਾਈਚਾਰੇ ਦੀਆਂ ਵੋਟਾਂ ਬਟੋਰਨ ਦਾ ਇੱਕ ਕੋਝਾ ਯਤਨ ਕੀਤਾ ਜਾ ਰਿਹਾ ਹੈ ਅਤੇ ਵੱਧ ਬੱਚਿਆਂ ਵਾਲੇ ਲੋਕਾਂ ਦਾ ਜ਼ਿਕਰ ਕਰਕੇ ਟੇਢੇ ਢੰਗ ਨਾਲ ਮੁਸਲਮਾਨ ਭਾਈਚਾਰੇ ਵਿਰੁੱਧ ਨਫਰਤ ਅਤੇ ਅਸਹਿਣਸ਼ੀਲਤਾ ਪੈਦਾ ਕੀਤੀ ਜਾ ਰਹੀ ਹੈ।

ਰਾਜਨੀਤੀ ਵਿਚ ਵੱਖ ਵੱਖ ਪਾਰਟੀਆਂ ਦੀ ਆਪਣੀ-ਆਪਣੀ ਵਿਚਾਰਧਾਰਾ, ਨੀਤੀਆਂ ਅਤੇ ਪਾਰਟੀ ਪ੍ਰਬੰਧ ਹੁੰਦਾ ਹੈ। ਦੇਸ਼ ਦੇ ਸੰਵਿਧਾਨ ਦੇ ਦਾਇਰੇ ਅੰਦਰ ਰਹਿੰਦਿਆਂ ਪਾਰਟੀ ਨੂੰ ਚਲਾਉਣਾ, ਪਾਰਟੀ ਨੂੰ ਤਕੜੇ ਕਰਨ ਲਈ ਦੇਸ਼ ਦੀ ਸਮੱਸਿਆਵਾਂ ਬਾਰੇ ਪ੍ਰਚਾਰ ਕਰਕੇ ਲੋਕਾਂ ਨੂੰ ਆਪਣੇ ਨਾਲ ਜੋੜਨ ਅਤੇ ਦੇਸ਼ ਦੇ ਵੱਖ-ਵੱਖ ਧਰਮਾਂ, ਜਾਤਾਂ, ਬੋਲੀਆਂ ਅਤੇ ਇਲਾਕਿਆਂ ਦੇ ਲੋਕਾਂ ਨੂੰ ਇੱਕਜੁੱਟ ਰੱਖਦਿਆਂ ਹੋਇਆਂ ਵੋਟਾਂ ਲੈਣ ਦਾ ਪ੍ਰਚਾਰ ਕਰਨਾ ਹੁੰਦਾ ਹੈ। ਜੇਕਰ ਰਾਜਸੀ ਸਰਗਰਮੀਆਂ ਵਿਚ ਲੋਕਾਂ ਵਿਚ ਉਪਰੋਕਤ ਗੱਲਾਂ ਦੇ ਆਧਾਰ 'ਤੇ ਦੁਫੇੜ ਪਾਈ ਜਾਵੇ ਤਾਂ ਇਹ ਗੈਰ ਸੰਵਿਧਾਨਿਕ ਤਾਂ ਹੈ ਹੀ, ਲੋਕਤੰਤਰ ਦੀ ਮੂਲ ਭਾਵਨਾ ਦੇ ਵੀ ਵਿਰੁਧ ਹੈ। ਲੋਕਾਂ ਉੱਤੇ ਰਾਜ ਕਰਨ ਲਈ ਸਰਕਾਰ ਅਸਲ ਵਿਚ ਸਿਆਸੀ ਪ੍ਰਬੰਧ ਹੀ ਹੁੰਦਾ ਹੈ ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਰਾਜਨੀਤੀ ਨੂੰ ਇੰਨੇ ਨੀਵੇਂ ਪੱਧਰ 'ਤੇ ਨਾ ਲਿਜਾਇਆ ਜਾਵੇ ਜਿਸ ਨਾਲ ਲੋਕਾਂ ਵਿਚ ਧਰਮ, ਜਾਤ, ਬੋਲੀ ਜਾਂ ਇਲਾਕੇ ਦੇ ਨਾਂ 'ਤੇ ਭੜਕਾਹਟ ਪੈਦਾ ਹੋ ਜਾਵੇ। ਇਹ ਫੁੱਟ ਪਾਊ ਰੁਝਾਨ ਰਾਜਨੀਤੀ ਦਾ ਹਿੱਸਾ ਨਹੀਂ ਹੋਣਾ ਚਾਹੀਦਾ।

ਰਾਜਨੀਤੀ ਦੇਸ਼ ਨੂੰ ਚਲਾਉਣ (ਰਾਜ ਕਰਨ) ਅਤੇ ਦੇਸ਼ ਦੇ ਲੋਕਾਂ ਦੇ ਹਿੱਤ ਵਿਚ ਕਾਨੂੰਨ ਬਣਾਉਣ ਅਤੇ ਉਨ੍ਹਾਂ ਕਾਨੂੰਨਾਂ ਨੂੰ ਕਾਰਜ ਪਾਲਿਕਾ ਰਾਹੀਂ ਲਾਗੂ ਕਰਨ ਦਾ ਕੰਮ ਕਰਦੀ ਹੈ। ਅੱਜ ਦੇ ਦੌਰ ਵਿਚ ਬਹੁਤੀਆਂ ਰਾਜਨੀਤਿਕ ਪਾਰਟੀਆਂ ਸਰਕਾਰ 'ਤੇ ਕਬਜ਼ਾ ਕਰਕੇ ਅਤੇ ਆਪਣੀ ਮਨ ਮਰਜ਼ੀ ਕਰਦਿਆਂ ਦੌਲਤ ਇਕੱਠੀ ਕਰਨ ਤੱਕ ਹੀ ਸੀਮਤ ਹੋ ਗਈਆਂ ਹਨ। ਸਰਕਾਰ 'ਤੇ ਕਬਜ਼ਾ ਕਰਕੇ ਬਿਨਾਂ ਕਿਸੇ ਨੂੰ ਛੋਟ ਦਿੱਤਿਆਂ ਕਾਨੂੰਨ ਦਾ ਰਾਜ ਸਥਾਪਿਤ ਕਰਨ ਦਾ ਨਿਸ਼ਾਨਾ ਇਨ੍ਹਾਂ ਪਾਰਟੀਆਂ ਦੇ ਏਜੰਡੇ 'ਤੇ ਨਹੀਂ ਬਲਕਿ ਵੱਡੇ ਵੱਡੇ ਨੇਤਾ ਖੁਦ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਵੇਖੇ ਗਏ ਹਨ। ਜੇਕਰ ਕੋਈ ਅਧਿਕਾਰੀ ਕਾਨੂੰਨ ਮੁਤਾਬਕ ਕੰਮ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਕਈ ਨੇਤਾਵਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਸ ਨੂੰ ਗੁੱਠੇ ਲਾ ਦਿੱਤਾ ਜਾਂਦਾ ਹੈ ਜਾਂ ਬਦਲੀ ਕਰ ਦਿੱਤੀ ਜਾਂਦੀ ਹੈ। ਜੇਕਰ ਕਿਸੇ ਵੀ ਦੇਸ਼ ਵਿਚ ਕਾਨੂੰਨ ਦਾ ਰਾਜ ਸਥਾਪਿਤ ਨਹੀਂ ਕੀਤਾ ਜਾਂਦਾ ਤਾਂ ਦੇਸ਼ ਦਾ ਆਰਥਿਕ, ਸਮਾਜਿਕ ਨਿਆਂ, ਗੱਲ ਕੀ ਸਮੁੱਚਾ ਪ੍ਰਬੰਧ ਟੁੱਟ-ਭੱਜ ਜਾਂਦਾ ਹੈ, ਜਿਸ ਕਰਕੇ ਲੋਕ ਇਨਸਾਫ, ਰੁਜ਼ਗਾਰ ਅਤੇ ਹੋਰ ਬੁਨਿਆਦੀ ਸਹੂਲਤਾਂ ਤੋਂ ਵਿਰਵੇ ਹੋ ਜਾਂਦੇ ਹਨ।

ਦੇਸ਼ ਵਿਚ ਰਾਜ ਕਰ ਰਹੀ ਪਾਰਟੀ ਦੀ ਰਾਜਨੀਤੀ ਦਾ ਇਹ ਹਿੱਸਾ ਹੋਣਾ ਚਾਹੀਦਾ ਹੈ ਕਿ ਉਹ ਕੌਮੀ ਅਤੇ ਕੌਮਾਂਤਰੀ ਨੀਤੀਆਂ ਦੀ ਪੜਚੋਲ ਕਰਕੇ ਦੇਸ਼ ਦੀਆਂ ਦੂਸਰੀਆਂ ਰਾਜਨੀਤਿਕ ਪਾਰਟੀਆਂ ਨੂੰ ਨਜ਼ਰ ਅੰਦਾਜ਼ ਨਾ ਕਰੇ ਅਤੇ ਉਨ੍ਹਾਂ ਨਾਲ ਆਪਣੇ ਨਿਸ਼ਾਨੇ 'ਤੇ ਸਹਿਮਤੀ ਕਰ ਕੇ ਉਸਨੂੰ ਲਾਗੂ ਕਰੇ। ਅੱਜ ਦੇਸ਼ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਕੁਰੱਪਸ਼ਨ, ਨਸ਼ਾ ਤਸਕਰੀ, ਮਾੜੀਆਂ ਸਿਹਤ ਸੇਵਾਵਾਂ, ਅਤਿਵਾਦ, ਪ੍ਰਸ਼ਾਸਨ ਵਿਚ ਸਿਆਸੀ ਦਖਲਅੰਦਾਜ਼ੀ, ਮਿਲਾਵਟਖੋਰੀ, ਸਾਈਬਰ ਅਪਰਾਧ, ਫਿਰਕਾਪ੍ਰਸਤੀ, ਪ੍ਰਦੂਸ਼ਿਤ ਵਾਤਾਵਰਨ, ਘੱਟ ਗਿਣਤੀ ਲੋਕਾਂ ਵਿਰੁਧ ਭੀੜ ਹਿੰਸਾ ਅਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਨਾਲ ਜੂਝ ਰਿਹਾ ਹੈ। ਚੋਣਾਂ ਵਿਚ ਬਹਿਸ ਇਨ੍ਹਾਂ ਮੁੱਦਿਆਂ 'ਤੇ ਹੋਣੀ ਚਾਹੀਦੀ ਹੈ।

ਉਂਝ ਤਾਂ ਸਾਰੀਆਂ ਹੀ ਸਿਆਸੀ ਪਾਰਟੀਆਂ ਨੂੰ ਬਹਿਸ ਇਨ੍ਹਾਂ ਮੁੱਦਿਆਂ 'ਤੇ ਕਰਨੀ ਚਾਹੀਦੀ ਹੈ ਲੇਕਿਨ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਉੱਚ ਨੇਤਾਵਾਂ ਨੂੰ ਇਹ ਪੁਛਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਿਉਂ ਨਹੀਂ ਕਰ ਸਕੇ। ਦੇਸ਼ ਦੀ ਵਿਦੇਸ਼ ਨੀਤੀ ਅਸਫਲ ਹੋਣ ਕਰਕੇ ਸਾਡੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਸੁਖਾਵੇਂ ਕਿਉਂ ਨਹੀਂ ਰਹੇ। ਇਨ੍ਹਾਂ ਮੁੱਦਿਆਂ 'ਤੇ ਬਹਿਸ ਕਰਦਿਆਂ ਦੇਸ਼ ਦੇ ਨਾਗਰਿਕਾਂ ਨੂੰ ਦੇਸ਼ ਦੇ ਸੰਵਿਧਾਨ ਦੀ ਰਾਖੀ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਭਾਜਪਾ ਨੇਤਾ ਸ਼ਰ੍ਹੇਆਮ ਇਹ ਕਹਿ ਰਹੇ ਹਨ ਕਿ ਉਨ੍ਹਾਂ ਜਿੱਤ ਹੀ ਜਾਣਾ ਹੈ, ਜਿੱਤਣ ਤੋਂ ਬਾਅਦ ਉਹ ਸੰਵਿਧਾਨ ਨੂੰ ਬਦਲ ਦੇਣਗੇ। ਇਸ ਕਰਕੇ ਦੇਸ਼ ਵਿਚ ਵਿਰੋਧੀ ਪਾਰਟੀਆਂ ਇਹ ਸ਼ੱਕ ਪ੍ਰਗਟ ਕਰ ਰਹੀਆਂ ਹਨ ਕਿ ਭਾਜਪਾ ਲੋਕਤੰਤਰ ਦੇ ਨਾਂ ਹੇਠ ਡਿਕਟੇਟਰਸ਼ਿਪ ਲਾਗੂ ਕਰਨਾ ਚਾਹੁੰਦੀ ਹੈ ਅਤੇ ਮੌਜੂਦਾ ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਮੁਤਾਬਕ ਇਹ ਚੋਣਾਂ ਸੰਵਿਧਾਨ ਦੀ ਰਾਖੀ ਕਰਨ ਦੀ ਲੜਾਈ ਹੈ।

ਇਸ ਦੇ ਉਲਟ ਭਾਜਪਾ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਲਈ ਵਿਰੋਧੀ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਜੋ ਇਨ੍ਹਾਂ ਦੀ ਅਗਵਾਈ ਵਿਚ ਚਲ ਰਹੀ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਾ ਹੈ। ਉਸ ਨੂੰ ਹਿੰਦੂ ਵਿਰੋਧੀ ਕਹਿ ਕੇ ਪਾਕਿਸਤਾਨ ਚਲੇ ਜਾਣ ਲਈ ਕਿਹਾ ਜਾਂਦਾ ਹੈ। ਭਾਰਤ ਦੇ ਧਾਰਮਿਕ ਬਹੁ ਗਿਣਤੀ ਲੋਕਾਂ ਵਿਚ ਬੌਧਕ ਕੰਗਾਲੀ ਹੀ ਹੈ ਕਿ ਉਹ ਮੰਦਰ ਬਾਰੇ ਜਾਂ ਘੱਟ ਗਿਣਤੀ ਫਿਰਕੇ ਵਿਰੁਧ ਭਾਸ਼ਣ ਸੁਣ ਕੇ ਵੋਟਾਂ ਭਾਜਪਾ ਦੇ ਖਾਤੇ ਵਿਚ ਪਾ ਦਿੰਦੇ ਹਨ, ਜਦ ਕਿ ਦੇਸ਼ ਦੀਆਂ ਸਮੱਸਿਆਵਾਂ ਨਾਲ ਉਹ ਵੀ ਬੁਰੀ ਤਰ੍ਹਾਂ ਪੀੜਿਤ ਹਨ। ਸਿਆਸੀ ਸ਼ਹਿ 'ਤੇ ਹੀ ਧਰਮ ਅਤੇ ਗਊ ਨੂੰ ਮੁੱਦਾ ਬਣਾ ਕੇ ਪਿਛਲੇ ਸਮੇਂ ਵਿਚ ਘੱਟ ਗਿਣਤੀ ਫਿਰਕਿਆਂ ਵਿਰੁਧ ਭੀੜ ਹਿੰਸਾ ਨੂੰ ਸ਼ਹਿ ਦਿੱਤੀ ਜਾਂਦੀ ਰਹੀ ਹੈ।

ਇਸ ਅਵਸਥਾ ਵਿਚ ਅਸੀਂ ਵੇਖ ਰਹੇ ਹਾਂ ਕਿ ਚੋਣਾਂ ਸਮੇਂ ਭਾਰਤ ਦਾ ਚੋਣ ਕਮਿਸ਼ਨ ਬਣਦਾ ਰੋਲ ਅਦਾ ਨਹੀਂ ਕਰ ਰਿਹਾ। ਕਮਿਸ਼ਨ ਨੂੰ ਚਾਹੀਦਾ ਹੈ ਕਿ ਚੋਣ ਪ੍ਰਚਾਰ ਵਿਚ ਧਰਮ ਦੇ ਨਾਂ 'ਤੇ ਨਫਰਤ ਫੈਲਾਉਣ ਵਾਲਿਆਂ ਨਾਲ ਸਖਤੀ ਨਾਲ ਪੇਸ਼ ਆਵੇ ਭਾਵੇਂ ਕੋਈ ਕਿਸੇ ਪਾਰਟੀ ਦਾ ਕਿੱਡਾ ਵੀ ਵੱਡਾ ਲੀਡਰ ਹੋਵੇ। ਇਸ ਤਰ੍ਹਾਂ ਦੇ ਪ੍ਰਚਾਰ ਨਾਲ ਦੇਸ਼ ਵਿਚ ਮਾਰੂ ਸਿੱਟੇ ਨਿਕਲ ਸਕਦੇ ਹਨ ਜੋ ਦੇਸ਼ ਨੂੰ ਟੋਟੇ-ਟੋਟੇ ਕਰਨ ਲਈ ਖਤਰਾ ਬਣ ਸਕਦੇ ਹਨ।

ਲੋਕਤੰਤਰਿਕ ਰਾਜ ਵਿਚ ਨਾਗਰਿਕਾਂ ਦੇ ਮਨੁੱਖੀ ਅਤੇ ਸੰਵਿਧਾਨਕ ਮੁਢਲੇ ਅਧਿਕਾਰਾਂ ਦੀ ਇੱਜ਼ਤ ਅਤੇ ਰਾਖੀ ਕਰਨਾ, ਆਜ਼ਾਦ, ਨਿਰਪੱਖ ਘੱਟ ਖਰਚੀਲੀਆਂ ਅਤੇ ਸੁਰੱਖਿਅਤ ਚੋਣਾਂ ਯਕੀਨੀ ਬਣਾਉਣਾ, ਵੱਖ ਵੱਖ ਸੰਵਿਧਾਨਕ ਸੰਸਥਾਵਾਂ ਨੂੰ ਉਨ੍ਹਾਂ ਦੀਆਂ ਸ਼ਕਤੀਆਂ ਮੁਤਾਬਕ ਕੰਮ ਕਰਨ ਦੇ ਯੋਗ ਬਣਾਉਣਾ ਅਤੇ ਉਨ੍ਹਾਂ ਵਿਚ ਦਖਲਅੰਦਾਜ਼ੀ ਨਾ ਕਰਨਾ, ਪਾਰਲੀਮੈਂਟ ਜਾਂ ਵਿਧਾਨ ਸਭਾਵਾਂ ਵਿਚ ਸ਼ਾਮਿਲ ਛੋਟੀਆਂ ਜਾਂ ਵੱਡੀਆਂ ਸਿਆਸੀ ਪਾਰਟੀਆਂ ਦੀ ਹੋਂਦ ਨੂੰ ਸਵੀਕਾਰ ਕਰਨਾ ਹੁੰਦਾ ਹੈ। ਪਰ ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਅਸੂਲਾਂ ਦੀਆਂ ਘੋਰ ਉਲੰਘਣਾਵਾਂ ਦੀਆਂ ਖਬਰਾਂ ਆ ਰਹੀਆਂ ਹਨ। ਮੈਨੂੰ ਯਾਦ ਹੈ ਕਿ ਇੱਕ ਵਾਰ ਜਦ ਕਾਂਗਰਸ ਦੀ ਅਗਵਾਈ ਵਿਚ ਕੇਂਦਰ ਸਰਕਾਰ ਸੀ ਅਤੇ ਪੀ.ਵੀ. ਨਰਸਿਮਹਾ ਰਾਓ ਪ੍ਰਧਾਨ ਮੰਤਰੀ ਸਨ। ਉਨ੍ਹਾਂ ਨੇ ਭਾਜਪਾ ਦੇ ਨੇਤਾ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਕਸ਼ਮੀਰ ਮੁੱਦੇ 'ਤੇ ਭਾਰਤ ਦਾ ਪੱਖ ਸਪਸ਼ਟ ਕਰਨ ਲਈ ਯੂ.ਐਨ.ਓ. ਲਈ ਡੈਲੀਗੇਸ਼ਨ ਭੇਜਿਆ ਸੀ। ਸ੍ਰੀ ਵਾਜਪਾਈ ਜੀ ਨੇ ਯੂ.ਐਨ.ਓ. ਵਿਚ ਭਾਰਤ ਦਾ ਪੱਖ ਬਾਖੂਬੀ ਰੱਖਿਆ ਸੀ। ਇਹ ਰਵਾਇਤ ਅਗਾਂਹ ਵੀ ਕਾਇਮ ਰਹਿਣੀ ਚਾਹੀਦੀ ਸੀ। 1988 ਵਿਚ ਜਦ, ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ ,ਉਸ ਵੇਲੇ ਸ੍ਰੀ ਅਟਲ ਬਿਹਾਰੀ ਵਾਜਪਾਈ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸਨ। ਸ੍ਰੀ ਰਾਜੀਵ ਗਾਂਧੀ ਨੇ ਅਟਲ ਬਿਹਾਰੀ ਵਾਜਪਾਈ ਨੂੰ ਯੂ.ਐਨ.ਓ. ਦੇ ਡੈਲੀਗੇਸ਼ਨ ਵਿਚ ਆਪਣੇ ਨਾਲ ਸ਼ਾਮਿਲ ਕੀਤਾ ਅਤੇ ਉਨ੍ਹਾਂ ਨੂੰ ਉੱਥੇ ਆਪਣਾ ਇਲਾਜ ਕਰਾਉਣ ਲਈ ਵੀ ਕਿਹਾ। ਸ੍ਰੀ ਵਾਜਪਾਈ ਆਪਣਾ ਇਲਾਜ ਕਰਵਾ ਕੇ ਆਏ। ਭਾਵੇਂ ਕਾਂਗਰਸ ਰਾਜ ਵਿਚ ਵੀ ਸਭ ਕੁਝ ਅੱਛਾ ਨਹੀਂ ਸੀ, ਫਿਰ ਵੀ ਇਹੋ ਜਿਹੀਆਂ ਮਿਸਾਲਾਂ ਕਾਇਮ ਰਹਿਣੀਆਂ ਚਾਹੀਦੀਆਂ ਸਨ। ਅਸੀਂ ਇਹ ਵੀ ਸੁਣਦੇ ਰਹੇ ਹਾਂ ਕਿ ਕਈ ਪ੍ਰਧਾਨ ਮੰਤਰੀ ਸਿਆਸੀ ਮੱਤਭੇਦਾਂ ਦੇ ਬਾਵਜੂਦ ਕੌਮੀ ਅਤੇ ਕੌਮਾਂਤਰੀ ਮਸਲਿਆਂ ਬਾਰੇ ਇਨ੍ਹਾਂ ਮਸਲਿਆਂ ਦੇ ਮਾਹਿਰ ਸੀ.ਪੀ.ਆਈ.(ਐਮ) ਨੇਤਾ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਸਲਾਹ ਵੀ ਲੈਂਦੇ ਰਹੇ ਹਨ। ਭਾਜਪਾ ਰਾਜ ਵਿਚ ਇਹ ਸਿਹਤਮੰਦ ਪਿਰਤਾਂ ਹੁਣ ਬੀਤੇ ਦੀ ਗੱਲ ਬਣ ਚੁੱਕੀਆਂ ਹਨ ਅਤੇ ਇਹ ਦੋਸ਼ ਲੱਗ ਰਿਹਾ ਹੈ ਕਿ ਹੈ ਕਿ ਭਾਜਪਾ ਦੇਸ਼ ਵਿਚੋਂ ਦੂਸਰੀਆਂ ਪਾਰਟੀਆਂ ਨੂੰ ਖਤਮ ਕਰ ਦੇਣਾ ਚਾਹੁੰਦੀ ਹੈ।

ਅਸੀਂ ਆਪਣੇ ਕਾਲਮਾਂ ਵਿਚ ਪਹਿਲਾਂ ਲਿਖ ਚੁੱਕੇ ਹਾਂ ਕਿ ਮੌਜੂਦਾ ਕੇਂਦਰ ਸਰਕਾਰ ਪਾਰਲੀਮੈਂਟ ਵਿਚ ਤਾਂ ਵੱਡੀ ਬਹੁ ਸੰਪਤੀ ਵਿਚ ਹੈ ਹੀ, ਬਲਕਿ ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਪ੍ਰੈਸ ਦੇ ਇੱਕ ਪਾਸੜ ਰੋਲ ਉੱਤੇ ਵੀ ਉਂਗਲਾਂ ਉਠ ਰਹੀਆਂ ਹਨ। ਇਸ ਕਰਕੇ ਪਾਰਲੀਮੈਂਟ ਵਿਚ ਆਪਹੁਦਰੇ ਢੰਗ ਦੇ ਨਾਲ ਕਈ ਐਸੇ ਕਾਨੂੰਨ ਬਣਾਏ ਗਏ ਹਨ ਜਿਨ੍ਹਾਂ ਦੀ ਭਰਪੂਰ ਆਲੋਚਨਾ ਹੋ ਰਹੀ ਹੈ। ਲੰਮੇ ਸਮੇਂ ਤੋਂ ਸਥਾਪਤ ਜਨਤਕ ਅਦਾਰੇ ਕਾਰਪੋਰੇਟ ਘਰਾਣਿਆਂ ਨੂੰ ਵੇਚੇ ਗਏ ਹਨ। ਨੋਟਬੰਦੀ ਤੋਂ ਲੈ ਕੇ ਜੰਮੂ ਕਸ਼ਮੀਰ ਦੀ ਧਾਰਾ 370 ਨੂੰ ਰੱਦ ਕਰਨ ਤੱਕ ਬਹੁਤ ਸਾਰੇ ਫੈਸਲੇ ਲਏ ਗਏ ਹਨ ਜਿਨ੍ਹਾਂ ਦਾ ਸਿੱਟਾ ਦੇਸ਼ ਨੂੰ ਭੁਗਤਣਾ ਪਿਆ ਹੈ। ਭਾਜਪਾ ਰਾਜ ਵਿਚ ਕਿੰਨੇ ਲੋਕ ਕਰੋੜਾਂ ਰੁਪਏ ਬੈਂਕਾਂ ਨਾਲ ਫਰਾਡ ਕਰਕੇ ਵਿਦੇਸ਼ ਜਾ ਚੁੱਕੇ ਹਨ। ਵਿਦੇਸ਼ੀ ਬੈਂਕਾਂ ਵਿਚੋਂ ਕਾਲਾ ਧਨ ਲਿਆਉਣਾ, ਹਰ ਇੱਕ ਦੇ ਖਾਤੇ ਵਿਚ 15 ਲੱਖ ਰੁਪਏ ਜਮਾਂ ਕਰਾਉਣੇ, ਕਿਸਾਨਾਂ ਲਈ ਸੁਆਮੀ ਨਾਥਨ ਰਿਪੋਰਟ ਲਾਗੂ ਕਰਨ ਅਤੇ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੇ ਵਾਅਦੇ ਬੋਗਸ ਸਾਬਤ ਹੋਏ ਹਨ।

ਦੇਸ਼ ਦਾ ਮੀਡੀਆ ਵਿਸ਼ੇਸ਼ ਤੌਰ 'ਤੇ ਟੀਵੀ ਮੀਡੀਆ ਡਰਿਆ ਹੋਇਆ ਜਾਂ ਖਰੀਦਿਆ ਹੋਇਆ ਹੋਣ ਕਰਕੇ ਭਾਜਪਾ ਆਗੂਆਂ ਦੇ ਨਫਰਤ ਭਰੇ ਬਿਆਨਾਂ ਨੂੰ ਬਾਰ ਬਾਰ ਵਿਖਾ ਰਿਹਾ ਹੈ। ਇਹ ਮੀਡੀਆ ਭਾਜਪਾ ਦੀ ਗੋਦੀ ਵਿਚ ਬੈਠਾ ਹੋਣ ਕਰਕੇ ਇਸ ਨੂੰ ਗੋਦੀ ਮੀਡੀਆ ਕਿਹਾ ਜਾ ਰਿਹਾ ਹੈ। ਇਹ ਸਭ ਕੁਝ ਵੇਖਦਿਆਂ ਹੋਇਆਂ ਵੀ ਮੁੱਖ ਚੋਣ ਕਮਿਸ਼ਨ ਅੱਖਾਂ ਮੀਟ ਕੇ ਬੈਠਾ ਹੈ। ਦੇਸ਼ ਦੀਆਂ ਜਾਂਚ ਏਜੰਸੀਆਂ CBI, ED, Income tax Dept., ANI, Vigilance ਅਤੇ ਦਿੱਲੀ ਪੁਲਿਸ ਕੇਂਦਰ ਸਰਕਾਰ ਦੀਆਂ ਹੱਥ ਠੋਕਾ ਬਣੀਆਂ ਹੋਈਆਂ ਹਨ। ਇਨ੍ਹਾਂ ਏਜੰਸੀਆਂ ਨੂੰ ਕੁਰੱਪਟ ਨੇਤਾ ਕੇਵਲ ਵਿਰੋਧੀ ਪਾਰਟੀਆਂ ਵਿਚ ਹੀ ਦਿਸਦੇ ਹਨ। ਜੋ ਭ੍ਰਿਸ਼ਟਾਚਾਰ ਨਾਲ ਲੱਥ-ਪੱਥ ਵਿਅਕਤੀ ਬੀ.ਜੇ.ਪੀ. ਵਿਚ ਸ਼ਾਮਿਲ ਹੋ ਜਾਂਦੇ ਹਨ ਤਾਂ ਉਹ ਬੇਦਾਗ ਹੋ ਜਾਂਦੇ ਹਨ। ਇਨ੍ਹਾਂ ਏਜੰਸੀਆਂ ਨੂੰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਡਰਾਉਣ, ਖਰੀਦਣ ਜਾਂ ਵਿਰੋਧੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਨੂੰ ਤੋੜਨ ਲਈ ਵਰਤਿਆ ਜਾ ਰਿਹਾ ਹੈ।

ਚੰਗੇ ਸ਼ਾਸਨ (Governance) ਦੇ ਨਿਯਮ ਤਾਰ ਤਾਰ ਕੀਤੇ ਜਾ ਰਹੇ ਹਨ। ਉੱਪਰ ਦੱਸੇ ਜਮਹੂਰੀ ਅਸੂਲਾਂ ਤੋਂ ਇਲਾਵਾ ਦੇਸ਼ ਵਿਚ ਆਰਥਿਕ ਸੰਕਟ ਨੂੰ ਹੱਲ ਕਰਨ, ਸਰਕਾਰੀ ਕੰਮ ਵਿਚ ਜ਼ਿੰਮੇਵਾਰੀ ਦਾ ਅਹਿਸਾਸ, ਸਰਕਾਰੀ ਕੰਮਕਾਰ ਵਿਚ ਜਵਾਬਦੇਹੀ, ਕਿਸੇ ਸੰਕਟਮਈ ਹਾਲਤ ਵਿਚ ਹਾਲਤ ਨਾਲ ਨਜਿੱਠਣ ਲਈ ਫੌਰੀ ਤੇ ਅਸਰਦਾਇਕ ਕਦਮ ਚੁੱਕਣੇ, ਲੋਕਾਂ ਦੀਆਂ ਬੁਨਿਆਦੀ ਲੋੜਾਂ ( ਰੋਟੀ, ਕੱਪੜਾ, ਮਕਾਨ) ਨੂੰ ਪੂਰਾ ਕਰਨ ਲਈ ਨੀਤੀਆਂ ਬਣਾਉਣਾ, ਲੋਕਾਂ ਦੇ ਟੈਕਸ ਤੇ ਪੈਸਿਆਂ ਦੀ ਸਹੀ ਵਰਤੋਂ ਕਰਨਾ ਆਦਿ ਵਿਚ ਕੇਂਦਰ ਸਰਕਾਰ ਅਸਫਲ ਰਹੀ ਹੈ। ਦੇਸ਼ ਵਿਚ ਉਭਰ ਰਹੀ ਕਿਸੇ ਵੀ ਖਤਰਨਾਕ ਸਮੱਸਿਆ ਵੱਲ ਕੇਂਦਰ ਸਰਕਾਰ ਨੇ ਕਦੇ ਵੀ ਫੌਰੀ ਧਿਆਨ ਨਹੀਂ ਦਿੱਤਾ। ਮਿਸਾਲ ਦੇ ਤੌਰ 'ਤੇ ਮਨੀਪੁਰ ਵਿਚ ਜੋ ਹਿੰਸਾ, ਸਾੜ ਫੂਕ, ਕਤਲੋਗਾਰਤ ਆਦਿ ਹੋਈ ਕੇਂਦਰ ਸਰਕਾਰ ਲਗਾਤਾਰ ਅਵੇਸਲੀ ਬੈਠੀ ਰਹੀ। ਇਸ ਦਾ ਸਿੱਟਾ ਉਥੋਂ ਦੇ ਲੋਕਾਂ ਨੂੰ ਭੁਗਤਣਾ ਪਿਆ ਹੈ। ਪਿਛਲੇ 10 ਸਾਲ ਤੋਂ ਭਾਜਪਾ ਜੋ ਨਫਰਤ ਦੀ ਰਾਜਨੀਤੀ ਕਰ ਰਹੀ ਹੈ ਇਸ ਦੇ ਆਉਣ ਵਾਲੇ ਸਮੇਂ ਵਿਚ ਚੰਗੀ ਸਿੱਟੇ ਨਹੀਂ ਨਿਕਲਣਗੇ।

ਪਿਛਲੇ 10 ਸਾਲਾਂ ਦੇ ਰਾਜ ਵਿਚ ਦੇਸ਼ ਪਿਛਾਂਹ ਹੀ ਗਿਆ ਹੈ। ਕੌਮਾਂਤਰੀ ਮੰਡੀ ਵਿਚ ਭਾਰਤ ਦੇ ਰੁਪਏ ਦੀ ਕੀਮਤ ਬਹੁਤ ਥੱਲੇ ਜਾ ਚੁੱਕੀ ਹੈ। ਮੌਜੂਦਾ ਕੇਂਦਰ ਸਰਕਾਰ ਦੀਆਂ ਅਸਫਲਤਾਵਾਂ ਦੀ ਲਿਸਟ ਬਹੁਤ ਲੰਬੀ ਹੈ, ਜੋ ਸਾਰੀ ਇਸ ਲਿਖਤ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ। ਨੋਟਬੰਦੀ ਵਿਚ ਜਿੱਥੇ ਲੋਕਾਂ ਦਾ ਵਪਾਰ ਬਰਬਾਦ ਹੋਇਆ ਉੱਥੇ ਬਹੁਤ ਸਾਰੇ ਲੋਕ ਨੌਕਰੀਆਂ ਤੋਂ ਹੱਥ ਧੋ ਬੈਠੇ। ਬਲੈਕ ਮਨੀ ਕੱਢਣ ਵਿਚ ਵੀ ਸਰਕਾਰ ਫੇਲ ਹੋਈ। ਇੱਕ ਸਾਲ ਤੋਂ ਵੱਧ ਸਮਾਂ ਚੱਲੇ ਕਿਸਾਨਾਂ ਦੇ ਸੰਘਰਸ਼ ਸਮੇਂ ਸਰਕਾਰ ਨੇ ਐਮ.ਐਸ.ਪੀ. ਲਾਗੂ ਕਰਨ ਸਮੇਤ ਜੋ ਮੰਗਾਂ ਮੰਨੀਆਂ ਸਨ, ਉਨ੍ਹਾਂ ਨੂੰ ਲਾਗੂ ਨਾਂ ਕਰਕੇ ਕਿਸਾਨਾਂ ਨਾਲ ਧੋਖਾ ਕੀਤਾ ਗਿਆ, ਜਿਸ ਕਰਕੇ ਕਿਸਾਨ ਮੁੜ ਸੰਘਰਸ਼ ਦੇ ਰਾਹ ਤੁਰੇ ਹੋਏ ਹਨ।

ਬਹੁਤ ਚਰਚਿਤ ਰਫਾਲ ਜਹਾਜ਼ ਸਮਝੌਤਾ ਵਿਚ ਵੀ ਸਰਕਾਰ ਦੀ ਨੀਅਤ ਜਨਤਕ ਹੋ ਗਈ ਸੀ। ਮੀਡੀਆ ਵਿਚ ਆਈਆਂ ਖਬਰਾਂ ਦੇ ਮੁਤਾਬਿਕ ਕੇਂਦਰ ਸਰਕਾਰ ਨੇ ਪਿਛਲੇ ਸਾਲਾਂ ਵਿਚ ਆਪਣੀ ਵਾਹ-ਵਾਹ ਕਰਾਉਣ ਲਈ ਕਰਦਾਤਾਵਾਂ ਦੇ 4880 ਕਰੋੜ ਰੁਪਏ ਖਰਚ ਦਿੱਤੇ। ਮੀਡੀਆ ਵਿਚ ਇਹ ਵੀ ਚਰਚਾ ਰਹੀ ਹੈ ਕਿ ਪ੍ਰਧਾਨ ਮੰਤਰੀ ਪਾਰਲੀਮੈਂਟ ਵਿਚ ਅਕਸਰ ਘੱਟ ਹਾਜਰੀ ਦਿੰਦੇ ਹਨ ਅਤੇ ਜਦੋਂ ਹਾਜ਼ਰ ਹੁੰਦੇ ਹਨ ਤਾਂ ਉਹ ਦੂਸਰੀਆਂ ਪਾਰਟੀਆਂ 'ਤੇ ਸ਼ਬਦੀ ਹਮਲੇ ਕਰਦਿਆਂ ਇੰਝ ਭਾਸ਼ਣ ਕਰਦੇ ਹਨ, ਜਿਵੇਂ ਚੋਣ ਮੁਹਿੰਮ ਵਿਚ ਭਾਸ਼ਣ ਕਰ ਰਹੇ ਹੋਣ। ਚੋਣ ਬਾਂਡ ਫੰਡ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੇ ਤਾਂ ਸਾਰਾ ਕੁਝ ਨੰਗਾ ਕਰ ਦਿੱਤਾ ਹੈ। ਇੰਨਾ ਵੱਡਾ ਸਕੈਂਡਲ ਸ਼ਾਇਦ ਪਹਿਲਾਂ ਕਦੇ ਨਾ ਹੋਇਆ ਹੋਵੇ। ਜਾਰੀ ਕੀਤੇ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਫੰਡ ਵੀ ਭਾਜਪਾ ਨੂੰ ਹੀ ਮਿਲਿਆ ਹੈ। ਇਸ ਸਕੈਂਡਲ ਦੀ ਜਾਂਚ ਕੌਣ ਕਰੇਗਾ ਅਤੇ ਦੋਸ਼ੀਆਂ ਨੂੰ ਸਜਾ ਕੌਣ ਦੇਵੇਗਾ? ਇਹ ਸਵਾਲ ਦੇਸ਼ ਦੇ ਲੋਕਾਂ ਦੇ ਸਾਹਮਣੇ ਹੈ। ਕੋਵਿਡ-19 ਦੇ ਸਮੇਂ ਦੌਰਾਨ ਦੇਸ਼ ਦੀਆਂ ਸਿਹਤ ਸੇਵਾਵਾਂ ਦਾ ਜਲੂਸ ਨਿਕਲ ਗਿਆ। ਉਸ ਸਮੇਂ ਦੌਰਾਨ ਕੋਵਿਡ ਲਈ ਭਾਰਤ ਵਿਚ ਬਣਾਏ ਗਏ ਵੈਕਸੀਨ ਬਾਰੇ ਵੀ ਹੁਣ ਕਈ ਤਰ੍ਹਾਂ ਦੇ ਸ਼ੰਕੇ ਅਤੇ ਚਰਚਾਵਾਂ ਚੱਲ ਰਹੀਆਂ ਹਨ। ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਨੇ ਲੋਕਾਂ ਦਾ ਕਚੂਮਰ ਕੱਢ ਦਿੱਤਾ ਹੈ। ਨੈਸ਼ਨਲ ਹਾਈਵੇ ਬਣਾਉਣ ਲਈ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਗਈ ਹੈ। ਇਹ ਕੰਮ ਪ੍ਰਾਈਵੇਟ ਕੰਪਨੀਆਂ ਨੂੰ ਦੇ ਕੇ ਲੋਕਾਂ ਦੀਆਂ ਜੇਬਾਂ ਕੱਟਣ ਲਈ ਟੋਲ ਟੈਕਸ ਲਾਗੂ ਕਰ ਦਿੱਤਾ ਗਿਆ ਹੈ।

ਕਰੋੜਾਂ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਗੱਲ ਵੀ ਜੁਮਲਾ ਸਾਬਿਤ ਹੋਈ ਹੈ। ਬੇਰੁਜ਼ਗਾਰੀ ਤੋਂ ਸਤਾਏ ਉੱਚ ਯੋਗਤਾ ਪ੍ਰਾਪਤ ਨੌਜਵਾਨ ਜਿਨਾਂ ਵਿਚ ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਅਧਿਆਪਕ, ਵਕੀਲ ਆਦਿ ਸ਼ਾਮਿਲ ਹਨ, ਵਿਦੇਸ਼ਾਂ ਨੂੰ ਜਾ ਰਹੇ ਹਨ। ਦੇਸ਼ ਨੌਜਵਾਨ ਪੀੜੀ ਤੋਂ ਖਾਲੀ ਹੋ ਰਿਹਾ ਹੈ।

ਅੱਜ ਜਦ ਚੋਣਾਂ ਹੋ ਰਹੀਆਂ ਹਨ ਤਾਂ ਦੇਸ਼ ਦੀ ਮਾੜੀ ਅਵਸਥਾ ਸਭ ਦੇ ਸਾਹਮਣੇ ਹੈ। ਇਹ ਹੁਣ ਲੋਕਾਂ ਦੇ ਹੱਥ ਵਿਚ ਹੈ ਕਿ ਉਹ ਇਨ੍ਹਾਂ ਚੋਣਾਂ ਵਿਚ ਦੇਸ਼ ਦੀ ਵਾਗ-ਡੋਰ ਕਿੰਨਾ ਲੋਕਾਂ ਨੂੰ ਫੜਾਉਣਾ ਚਾਹੁੰਦੇ ਹਨ। ਜੇ ਇਸ ਇਲੈਕਸ਼ਨ ਵਿਚ ਲੋਕ ਧਰਮ ਅਧਾਰਤ ਸੌੜੀ ਸੋਚ ਅਧੀਨ ਵੋਟਾਂ ਪਾ ਗਏ ਤਾਂ ਦੇਸ਼ ਦੇ ਲੋਕਾਂ ਨੂੰ ਇਸ ਦਾ ਖਮਿਆਜਾ ਭੁਗਤਣਾ ਪਵੇਗਾ। ਵੋਟ ਧਰਮ ਜਾਂ ਜਾਤ ਦੇ ਹਿੱਤ ਵਿਚ ਨਹੀਂ ਦੇਸ਼ ਦੇ ਹਿੱਤ ਵਿਚ ਪਾਉਣ ਦੀ ਲੋੜ ਹੈ।

## ਗੀਤ

ਆਓ ਸੱਜਣੋ ਆਓ ਵੇਲੀਓ,
ਸੱਚੀਆਂ ਸੱਚ ਸੁਣਾਵਾਂ
ਚੋਰ ਤੇ ਚੋਰ ਹੈ ਹੁੰਦਾ ਆਖਿਰ,
ਕਿਸਮਾਂ ਮੈਂ ਗਿਣਾਵਾਂ
ਲਿਖ ਗਿਆ ਵਾਰਿਸ ਸ਼ਾਹ ਮੀਆਂ ਜੀ
ਆਦਤਾਂ ਕਦੇ ਨਾ ਜਾਵਣ
ਚੋਰਾਂ ਦੀਆਂ ਵੀ ਕਿਸਮਾਂ
ਚੋਰੀ ਤੋਂ ਬਾਜ ਨਾ ਆਵਣ
ਚੋਰਾਂ ਦੀਆਂ ਵੀ ਕਿਸਮਾਂ।

ਪਹਿਲੇ ਚੋਰ ਜੋ ਉੱਚ ਕੋਟੀ ਦੇ
ਹੱਥਾਂ ਵਿੱਚ ਬੜੀ ਸਫ਼ਾਈ
ਅੱਖ ਫਰੋਕੇ ਧਿਆਨ ਭਟਕਿਆ
ਐਧਰ ਚੀਜ਼ ਚੁਰਾਈ
ਭੀੜ ਭੜੱਕੇ ਅਕਸਰ ਹੁੰਦੇ
ਛਿਣਾ 'ਚ ਦਾਅ ਏਹ ਲਾਵਣ
ਚੋਰਾਂ ਦੀਆਂ ਵੀ ਕਿਸਮਾਂ
ਚੋਰੀ ਤੋਂ ਬਾਜ ਨਾ ਆਵਣ

ਦੂਜੇ ਚੋਰ ਜੋ ਰਾਤਾਂ ਹਨੇਰੀਆਂ
ਆਪਣੇ ਦਾਅ ਨੇ ਲਾਉਂਦੇ
ਪੋਲੇ ਪੈਰਾਂ ਵਾਲੇ ਏਹੋ
ਬਿੜਕ ਨਾ ਕੰਨੀਂ ਪਾਉਂਦੇ
ਅੱਧੀ ਰਾਤ ਪਹਿਰ ਦੇ ਤੜਕੇ
ਆਪਣਾ ਕਰਮ ਕਮਾਵਣ
ਚੋਰਾਂ —।

ਤੀਜੇ ਚੋਰ ਓਹ ਭੈਣ ਭਰਾ ਜੋ
ਰਿਸ਼ਤਿਆਂ ਨੂੰ ਦਾਗ਼ ਨੇ ਲਾਉਂਦੇ
ਨਾਲ਼ ਧੋਖਿਆਂ ਜਾਇਦਾਦਾਂ ਜੋ
ਚੋਰ ਨੇ ਜੋ ਹਥਿਆਉਂਦੇ
ਦੇਰ ਹੈ ਰੱਬ ਘਰ ਅੰਧੇਰ ਨਹੀਂ
ਓਹ ਆਪਣਾ ਕੀਤਾ ਪਾਵਣ
ਚੋਰਾਂ ਦੀਆਂ —।

ਚੌਥੇ ਚੋਰ ਜੋ ਦੇਸ਼ ਹੀ ਆਪਣੇ
ਸੰਨ੍ਹ ਖਜ਼ਾਨਿਆਂ ਲਾਉਂਦੇ
ਭ੍ਰਿਸ਼ਟ ਓਹ ਲੀਡਰ ਹਰਦੂ ਲਾਹਣਤ
ਦੇਸ਼ ਨੂੰ ਚੂਨਾ ਲਾਉਂਦੇ
ਜਨਤਾ ਦੇ ਜੋ ਟੈਕਸ ਦੇ ਪੈਸੇ
ਲੀਡਰ ਐਸ਼ ਉਡਾਵਣ
ਚੋਰਾਂ ਦੀਆਂ...।

ਬੋਦਲਾਂ ਦੇ ਸੁੱਖਵਿੰਦਰਾ ਚੋਰ ਜੋ
ਗੀਤ ਤੇ ਸਾਹਿਤ ਚਰਾਉਂਦੇ
ਮਾਂ ਬੋਲੀ ਪੰਜਾਬੀ ਨੂੰ ਓਹ
ਦਾਗ਼ ਨੇ ਸੱਜਣ ਲਾਉਂਦੇ
ਗਾਇਕ ਲੇਖਕ ਗੀਤਕਾਰ ਓਹ
ਬੇਸ਼ਰਮ ਓਹ ਚੋਰ ਕਹਾਵਣ
ਚੋਰਾਂ ਦੀਆਂ ਵੀ ਕਿਸਮਾਂ
ਚੋਰੀ ਤੋਂ ਬਾਜ ਨਾ ਆਵਣ।

*-ਸੁੱਖਵਿੰਦਰ ਬੋਦਲਾਂਵਾਲਾ*
*ਫੋਨ: 360-281-2624*

## ਕੈਲੇਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਵਿਖੇ ਗਰੇਜੂਏਸ਼ਨ ਸਮਾਗਮ

**ਫਰਿਜ਼ਨੋ:** ਕੈਲੇਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਵੱਲੋਂ ਬੀਤੇ ਹਫ਼ਤੇ ਵੱਖ-ਵੱਖ ਵਿਸ਼ਿਆਂ, ਭਾਸ਼ਾਵਾਂ, ਕਿੱਤਿਆਂ ਅਤੇ ਖੇਤਰਾਂ ਵਿਚ ਇਸ ਸਾਲ ਆਪਣੀ ਪੜ੍ਹਾਈ ਮੁਕੰਮਲ ਕਰ ਚੁੱਕੇ ਹਜ਼ਾਰਾਂ ਵਿਦਿਆਰਥੀਆਂ ਨੂੰ ਸਥਾਨਕ "ਸੇਵ ਮਾਰਟ ਸੈਂਟਰ" ਵਿਚ ਡਿਪਲੋਮੇ ਅਤੇ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਸਮਾਗਮ ਦੀ ਰਸਮੀ ਸ਼ੁਰੂਆਤ ਅਮੈਰੀਕਨ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਸ ਉਪਰੰਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਬੱਚਿਆਂ ਦੀਆਂ ਉਪਲੱਬਧੀਆਂ ਦਾ ਜ਼ਿਕਰ ਕੀਤਾ। ਇਸ ਉਪਰੰਤ ਗਰੇਜੂਏਸ਼ਨ ਸਮਾਗਮ ਸ਼ੁਰੂ ਹੋਇਆ। ਇਸ ਮੌਕੇ ਯੂਨੀਵਰਸਿਟੀ ਅਧਿਕਾਰੀ, ਵਿਦਿਆਰਥੀ, ਮਾਪੇ ਅਤੇ ਰਿਸ਼ਤੇਦਾਰ ਹਾਜ਼ਰ ਸਨ।

ਇਸ ਸਮੇਂ ਪੰਜਾਬੀ ਭਾਈਚਾਰੇ ਦਾ ਮਾਣ ਵਧਾਉਂਦੇ ਹੋਏ ਵੱਖ-ਵੱਖ ਖੇਤਰਾਂ ਵਿਚ ਪੰਜਾਬੀ ਵਿਦਿਆਰਥੀਆਂ ਨੇ ਵੀ ਆਪਣੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸ ਗਰੇਜੂਏਸ਼ਨ ਸਮਾਗਮ ਦੀ ਸਮਾਮਤੀ ਉਪਰੰਤ ਸਭ ਅੰਦਰ ਖੁਸ਼ੀ ਦੀ ਲਹਿਰ ਸੀ ਅਤੇ ਮਾਪਿਆਂ ਅਤੇ ਦੋਸਤਾਂ ਵੱਲੋਂ ਗਰੇਜੂਏਟ ਬੱਚਿਆਂ ਨੂੰ ਫੁੱਲ ਅਤੇ ਹੋਰ ਤੋਹਫ਼ੇ ਦਿੱਤੇ ਜਾ ਰਹੇ ਸਨ। ਇਸ ਸਮੇਂ ਪੱਤਰਕਾਰ ਨੀਟਾ ਮਾਛੀਕੇ ਨੇ ਖਾਸ ਸੁਨੇਹਾ ਭੇਜਦੇ ਹੋਏ ਸਭ ਨੂੰ ਵਧਾਈ ਦਿੱਤੀ। ਵਿਦਿਆਰਥੀਆਂ ਵਿਚੋਂ ਆਂਚਲ ਕੌਰ ਹੇਅਰ ਨੇ ਗੱਲਬਾਤ ਕਰਦਿਆਂ ਮਾਪਿਆਂ, ਅਧਿਆਪਕਾਂ ਅਤੇ ਸਹਿਯੋਗੀ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਵਧਾਈ ਦਿੱਤੀ। ਅੰਤ ਸੁਨਹਿਰੇ ਭਵਿੱਖ ਦੀ ਕਿਰਨ ਜਗਾਉਂਦਾ ਹੋਇਆ ਇਹ ਗਰੈਜੂਏਸ਼ਨ ਸਮਾਗਮ ਆਪਣਾ ਯਾਦਗਾਰੀ ਇਤਿਹਾਸ ਸਿਰਜ ਗਿਆ।

**-ਕੁਲਵੰਤ ਧਾਲੀਆਂ / ਨੀਟਾ ਮਾਛੀਕੇ**





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES


* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377
Website: www.caials.com e-mail: rosy@caials.com
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com


REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਚੋਣਾਂ ਅਤੇ ਸੁਸ਼ੀਲ ਲੇਖਕ

**ਭਾਰਤ ਵਿਚ ਲੋਕ ਸਭਾ ਚੋਣਾਂ ਦਾ ਪਿੜ ਖੂਬ ਭਖਿਆ ਹੋਇਆ ਹੈ। ਪੰਜਾਬ ਵਿਚ ਵੋਟਾਂ ਆਖਰੀ ਗੇੜ ਤਹਿਤ ਪਹਿਲੀ ਜੂਨ ਨੂੰ ਪੈਣੀਆਂ ਹਨ। ਐਤਕੀਂ ਪੰਜਾਬ ਅੰਦਰ ਬਹੁਕੋਣੀ ਮੁਕਾਬਲੇ ਹੋ ਰਹੇ ਹਨ। ਇਸ ਵਾਰ ਚੋਣਾਂ ਦੇ ਮੌਸਮ ਦੌਰਾਨ ਪੰਜਾਬ ਵਿਚ ਦਲ ਬਦਲੀਆਂ ਵੀ ਬਹੁਤ ਹੋਈਆਂ ਹਨ; ਇਥੋਂ ਤੱਕ ਕਿ ਉਨ੍ਹਾਂ ਆਗੂਆਂ ਨੇ ਵੀ ਪਾਲੇ ਬਦਲ ਲਏ ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਟਿਕਟ ਦੇਣ ਦਾ ਐਲਾਨ ਕਰ ਚੁੱਕੀ ਸੀ। ਪਹਿਲਾਂ ਚੋਣਾਂ ਮੌਕੇ ਜ਼ਿਆਦਾ ਦਲ ਬਦਲੀਆਂ ਟਿਕਟ ਨਾ ਮਿਲਣ ਕਰ ਕੇ ਹੁੰਦੀਆਂ ਸਨ। ਇਉਂ ਸਿਆਸਤ ਦੇ ਪਿੜ ਵਿਚ ਨਿਘਾਰ ਸਾਫ ਦਿਸ ਰਿਹਾ ਹੈ। ਮਰਹੂਮ ਲਿਖਾਰੀ ਹਰੀ ਸ਼ੰਕਰ ਪਰਸਾਈ ਆਪਣੇ ਇਸ ਲੇਖ ਵਿਚ ਚੋਣਾਂ ਦੇ ਪ੍ਰਸੰਗ ਵਿਚ ਬੜਾ ਦਿਲਚਸਪ ਵਿਅੰਗ ਸਿਰਜਿਆ ਹੈ।**

**ਹਰੀ ਸ਼ੰਕਰ ਪਰਸਾਈ**
**ਅਨੁਵਾਦ: ਨਿਰਮਲਜੀਤ**



ਲੋਕ ਚੋਣਾਂ 'ਚ ਖੜ੍ਹੇ ਹੋਣ ਦੇ ਬਹਾਨੇ ਲੱਭਦੇ ਹਨ। ਕੋਈ ਕਹਿੰਦਾ ਹੈ, ਮਿੱਤਰਾਂ ਦੇ ਕਹਿਣ 'ਤੇ ਖੜ੍ਹੇ ਹੋਣਾ ਪਿਆ। ਕਿਸੇ ਨੂੰ ਲੋਕ ਮਜਬੂਰ ਕਰਦੇ ਹਨ। ਇਹ ਅਕਸਰ ਝੂਠ ਹੁੰਦਾ ਹੈ। ਮਿੱਤਰ ਕਿਸੇ ਨੂੰ ਚੋਣਾਂ ਲੜਨ ਦੀ ਸਲਾਹ ਦੇ ਕੇ ਝੰਜਟ ਮੁੱਲ ਕਿਉਂ ਲੈਣਗੇ? ਪਿਆਰ ਵਾਂਗ ਚੋਣਾਂ ਲੜਨ ਦੀ ਭਾਵਨਾ ਮਨ 'ਚ ਆਪਣੇ-ਆਪ ਪੈਦਾ ਹੋ ਜਾਂਦੀ ਹੈ ਅਤੇ ਫਿਰ ਜਿਵੇਂ ਪ੍ਰੇਮੀ ਨੂੰ ਸਮਝਾਉਣਾ ਅਸੰਭਵ ਹੈ, ਉਵੇਂ ਹੀ ਉਮੀਦਵਾਰ ਨੂੰ। ਦੋਵੇਂ ਖੱਫਣ ਦਾ ਅਗਾਊਂ ਪ੍ਰਬੰਧ ਕਰ ਲੈਂਦੇ ਹਨ।

ਚੋਣ ਲੜਨ ਦਾ ਸਭ ਤੋਂ ਵਜ਼ਨਦਾਰ ਕਾਰਨ ਮੇਰੇ ਕੋਲ ਹੈ। ਮੈਨੂੰ ਖੁਫੀਆ ਵਿਭਾਗ ਦੇ ਲੋਕਾਂ ਨੇ ਸਲਾਹ ਦਿੱਤੀ ਹੈ। ਇਹ ਮਾਣ ਇਸ ਮਹਾਨ ਦੇਸ਼ 'ਚ ਸਿਰਫ਼ ਮੈਨੂੰ ਪ੍ਰਾਪਤ ਹੋਇਆ ਹੈ। ਪੰਡਿਤ ਨਹਿਰੂ ਹੋਣਗੇ 'ਹਿਰਦੇ ਸਮਰਾਟ' ਪਰ ਖੁਫ਼ੀਆ ਵਿਭਾਗ ਨੇ ਉਹਨਾਂ ਨੂੰ ਵੀ ਚੋਣ ਲੜਨ ਦੀ ਸਲਾਹ ਨਹੀਂ ਦਿੱਤੀ ਹੋਵੇਗੀ। ਖੁਫ਼ੀਆ 'ਹਿਰਦੇ ਸਮਰਾਟ' ਤਾਂ ਮੈਂ ਹੀ ਹੋਇਆ। ਕੱਲ੍ਹ ਸਵੇਰ ਦੀ ਗੱਲ ਹੈ। ਘਰ ਦੇ ਕੋਲ ਚੌਰਾਹੇ 'ਤੇ ਖੁਫ਼ੀਆ ਵਿਭਾਗ ਦੇ ਦੋ ਅਧਿਕਾਰੀ ਮਿਲ ਗਏ। ਪਾਨ ਤਮਾਖੂ ਹੋਇਆ। ਸ਼ਹਿਰ ਦੇ ਹਾਲਾਤ 'ਤੇ ਚਰਚਾ ਹੋਈ। ਇਸੇ ਸਿਲਸਿਲੇ 'ਚ ਇਕ ਨੇ ਕਿਹਾ- ਇਸ ਵਾਰੀ ਤਾਂ ਤੁਸੀਂ ਵੀ ਚੋਣ ਲੜੋਗੇ। ਦੂਸਰੇ ਨੇ ਕਿਹਾ- ਲੜ ਲਓ। ਤੁਹਾਡੇ ਚਾਂਸ ਚੰਗੇ ਹਨ। ਮੇਰੇ ਬੁੱਲ੍ਹਾਂ ਤੱਕ ਸਵਾਲ ਆ ਗਿਆ ਸੀ- ਤੁਹਾਨੂੰ ਕਿਵੇਂ ਪਤਾ ਲੱਗਾ? ਮੈਂ ਉਸ ਨੂੰ ਅੰਦਰੇ-ਅੰਦਰ ਹੀ ਪੀ ਗਿਆ। ਮੈਨੂੰ ਯਾਦ ਆ ਗਈ ਇਕ ਮਿੱਤਰ ਦੇ ਉਸ ਦਿਲਚਸਪ ਸਾਲੇ ਦੀ ਜੋ ਹਰ ਗੱਲ 'ਤੇ ਪੁੱਛਦਾ ਸੀ- ਤੁਹਾਨੂੰ ਕਿਵੇਂ ਪਤਾ ਲੱਗਾ? ਇਕ ਦਿਨ ਮੈਂ ਕਿਹਾ- ਅੱਜ ਤਾਂ ਤੁਸੀਂ ਬੜੇ ਸੋਹਣੇ ਲੱਗ ਰਹੇ ਹੋ। ਉਸ ਨੇ ਤੁਰੰਤ ਪੁੱਛਿਆ- ਤੁਹਾਨੂੰ ਕਿਵੇਂ ਪਤਾ ਲੱਗਾ? ਜੇ ਕੋਈ ਕਹੇ ਕਿ ਸੂਰਜ ਚਮਕ ਰਿਹਾ ਹੈ ਤਾਂ ਉਹ ਪੁੱਛੇਗਾ- ਤੁਹਾਨੂੰ ਕਿਵੇਂ ਪਤਾ ਲੱਗਾ?

ਪੁੱਛਿਆ ਨਹੀਂ ਪਰ ਮਨ 'ਚ ਸਵਾਲ ਆਉਂਦਾ ਰਿਹਾ ਕਿ ਇਹਨਾਂ ਲੋਕਾਂ ਨੂੰ ਕਿਵੇਂ ਪਤਾ ਕਿ ਚਾਂਸ ਚੰਗੇ ਹਨ। ਸੋਚਿਆ, ਇਹ ਲੋਕ ਜਨਤਾ ਨਾਲ ਸੰਪਰਕ ਰੱਖਦੇ ਹਨ। ਪਤਾ ਲਗਾਉਂਦੇ ਰਹਿੰਦੇ ਹਨ। ਇਹਨਾਂ ਨੂੰ ਇਸ ਹਲਕੇ ਦੇ ਨਾਗਰਿਕਾਂ ਨੇ ਕਿਹਾ ਹੋਵੇਗਾ ਕਿ ਜੇ ਇਸੇ ਹਲਕੇ ਤੋਂ ਪਰਸਾਈ ਜੀ ਇਸ ਵਾਰ ਖੜ੍ਹੇ ਨਾ ਹੋਏ ਤਾਂ ਅਸੀਂ ਲੋਕ ਕਿਤੇ ਹੋਰ ਜਾ ਵਸਾਂਗੇ। ਸਾਰੀਆਂ ਥਾਵਾਂ ਤੋਂ ਅਜਿਹੇ ਲੋਕ ਖੜ੍ਹੇ ਹੁੰਦੇ ਹਨ ਜਿਨ੍ਹਾਂ ਦੇ ਉਮੀਦਵਾਰ ਹੁੰਦੇ ਹੀ ਲੋਕ ਇਲਾਕਾ ਛੱਡਣ ਦਾ ਸੋਚਦੇ ਹਨ। ਇਸ ਵਾਰੀ ਪਰਸਾਈ ਜੀ ਨੂੰ ਕਿਤਿਓਂ ਦਾ 'ਮੈਂਬਰ' ਬਣ ਜਾਣਾ ਚਾਹੀਦਾ ਹੈ। ਮੈਂ ਸੋਚਿਆ, ਘੱਟੋ-ਘੱਟ ਲੋਕਾਂ ਨੂੰ ਉਜੜਨ ਤੋਂ ਬਚਾਉਣ ਲਈ ਮੈਨੂੰ ਚੋਣ ਲੜ ਲੈਣੀ ਚਾਹੀਦੀ ਹੈ। 'ਮੈਂਬਰ' ਬਹੁਤ ਆਕਰਸ਼ਿਤ ਸ਼ਬਦ ਹੈ। ਇਕ ਸਾਹਿਬ ਨਗਰਪਾਲਿਕਾ ਦਾ ਮੈਂਬਰ ਬਣ ਗਿਆ ਸੀ। ਉਹ ਅਗਰਵਾਲ ਸਨ ਪਰ ਅੱਗੇ ਉਹਨਾਂ ਦਾ ਉਪਨਾਮ 'ਮੈਂਬਰ' ਹੋ ਗਿਆ- ਰਾਮਕਿਸ਼ਨ ਅਗਰਵਾਲ ਤੋਂ ਰਾਮਕਿਸ਼ਨ ਮੈਂਬਰ ਹੋ ਗਿਆ। ਅੱਗੇ ਵੀ ਇਹੋ ਉਪਨਾਮ ਚੱਲ ਰਿਹਾ ਹੈ। ਦੋ ਪੁੱਤਰ ਹਨ- ਸ਼ਿਵ ਪ੍ਰਸਾਦ ਮੈਂਬਰ ਅਤੇ ਰਾਮ ਪ੍ਰਸਾਦਿ ਮੈਂਬਰ। ਇਕ ਮੈਂਬਰ ਸਾਰੀ ਕੁੱਲ ਨੂੰ ਮੈਂਬਰ ਬਣਾ ਦਿੰਦਾ ਹੈ।

ਮੇਰੇ ਮਨ 'ਚ ਮੋਹ ਪੈਦਾ ਹੋ ਗਿਆ। ਮੈਂ ਕੋਈ ਤਪੱਸਵੀ ਨਹੀਂ ਹਾਂ ਪਰ ਰਾਜਨੀਤਕ ਸੁਪਨਾ ਜ਼ਰੂਰ ਮੇਨਕਾ ਹੈ। ਪਹਿਲਾਂ ਵਿਸ਼ਵਾਮਿੱਤਰ ਵਰਗੇ ਤਪੱਸਵੀ ਨੂੰ ਮੋਹ 'ਚ ਫਸਾਉਂਦੀਆਂ ਸਨ, ਹੁਣ ਮੇਰੇ ਵਰਗੇ ਮਾਮੂਲੀ ਹਿੰਦੀ ਲੇਖਕ 'ਤੇ ਆਪਣਾ ਰੂਪ ਅਤੇ ਕੌਸ਼ਲ ਖਰਚ ਕਰਦੀਆਂ ਹਨ। ਮੈਂ ਹੱਥ ਜੋੜ ਕੇ ਆਖਦਾ ਹਾਂ- ਸਿਸਟਰ, ਵੱਡੇ-ਵੱਡੇ ਪ੍ਰਸਿੱਧ, ਪੂਜਣਯੋਗ, ਇਨਾਮ ਜੇਤੂ ਅਤੇ ਸਨਮਾਨਿਤ ਲੇਖਕਾਂ ਕੋਲ ਜਾਹ। ਸਾਹਿਤ ਦੇ ਤਪੋਵਨ ਦੇ ਰਿਸ਼ੀਆਂ ਨੂੰ ਕੀ ਤੂੰ ਨਹੀਂ ਪਛਾਣਦੀ? ਮੈਂ ਤਾਂ ਇਸ ਆਸ਼ਰਮ ਦਾ 'ਚੇਲਾ' ਹਾਂ। ਉਸ ਨੇ ਕਿਹਾ- ਪਛਾਣਦੀ ਹਾਂ ਅਤੇ ਜਾਣਦੀ ਵੀ ਹਾਂ। ਜੋ ਜਿੰਨਾ ਵੱਡਾ ਰਿਸ਼ੀ ਹੁੰਦਾ ਹੈ, ਉਹ ਓਨੀ ਹੀ ਛੇਤੀ ਤਿਲਕਦਾ ਹੈ। ਉਹ ਤਾਂ ਬੈਠਾ-ਬੈਠਾ ਅਪਸਰਾਂ ਦੀਆਂ ਰਾਹ ਹੀ ਦੇਖਦਾ ਰਹਿੰਦਾ ਹੈ। ਉਸ ਨਾਲ ਤਾਂ ਸਾਡੀ ਦਾਸੀ ਹੀ ਨਜਿੱਠ ਲੈਂਦੀ ਹੈ। 'ਚੇਲਾ' ਜ਼ਰਾ ਔਖਾ ਹੁੰਦਾ ਹੈ। ਅੱਜ ਕੱਲ੍ਹ ਅਸੀਂ ਉਸੇ 'ਤੇ ਧਿਆਨ ਦੇ ਰਹੀਆਂ ਹਾਂ।

ਬੜੀ ਉਲਝਣ 'ਚ ਪੈ ਗਿਆ ਹਾਂ। ਸੁਪਨੇ ਦੇਖਣ ਲੱਗਾ ਹਾਂ। ਆਖਰ ਇਹ ਗੱਲ ਚੱਲੀ ਕਿਵੇਂ ਕਿ ਮੈਂ ਚੋਣ ਲੜਾਂਗਾ। ਸ਼ਾਇਦ ਲੋਕ ਆਖਦੇ ਹੋਣਗੇ- ਇਹ ਆਦਮੀ ਨੌਕਰੀ ਨਹੀਂ ਕਰਦਾ, ਰਾਜਨੀਤੀ ਵਾਲਿਆਂ ਨਾਲ ਦੇਖਿਆ ਜਾਂਦਾ ਹੈ, ਭਾਸ਼ਣ ਜ਼ਿਆਦਾ ਦਿੰਦਾ ਹੈ, ਲੋਕਾਂ ਨਾਲ ਵੀ ਜ਼ਿਆਦਾ ਮਿਲਦਾ-ਜੁਲਦਾ ਹੈ, ਕੁੜਤਾ, ਪਜਾਮਾ, ਜੈਕਟ, ਸ਼ੇਰਵਾਨੀ ਪਾਉਂਦਾ ਹੈ- ਆਖਰ ਇਹ ਚੋਣ ਕਿਉਂ ਨਹੀਂ ਲੜਦਾ। ਓਏ ਜਾਂ ਤਾਂ ਨੌਕਰੀ ਕਰ ਜਾਂ ਚੋਣ ਲੜ! ਕੁਝ ਹੋਰ ਲੋਕ ਕਹਿੰਦੇ ਹੋਣਗੇ- ਇਹ ਭਾਵੇਂ ਕਿੰਨਾ ਹੀ ਨਿਰਲੇਪੀ ਬਣੇ, ਦੇਖ ਲਿਓ ਇਕ ਨਾ ਇਕ ਦਿਨ ਜ਼ਰੂਰ ਚੋਣ ਲੜੇਗਾ। ਇਸ ਦਾ ਸਾਰਾ ਰੰਗ-ਢੰਗ ਹੀ ਚੋਣਾਂ ਲੜਨ ਵਾਲਾ ਹੈ। ਸਾਹਿਤ ਦੇ ਆਦਮੀ ਦਾ ਆਖਰੀ ਝੁਕਾਅ ਸਾਹਿਤ ਤੋਂ ਵੱਖਰੇ ਕਿਸੇ ਖੇਤਰ ਵਿਚ ਹੁੰਦਾ ਹੈ। ਜੋ ਕਵੀ ਅਖਵਾਉਂਦਾ ਰਿਹਾ, ਉਸ ਦੀ ਮੌਤ 'ਤੇ ਸਿਰਫ਼ ਕਾਂਗਰਸ ਕਮੇਟੀ ਦੀ ਸੋਗ ਸਭਾ ਹੁੰਦੀ ਹੈ। ਕਿਸੇ ਸਾਹਿਤਕਾਰ ਦੀ ਅੰਤਿਮ ਯਾਤਰਾ 'ਚ ਕਰਿਆਨਾ ਵਪਾਰੀ ਜ਼ਿਆਦਾ ਸਨ। ਕਿਸੇ ਬਹੁਤ ਬਜ਼ੁਰਗ ਲੇਖਕ ਦੀ ਵਰ੍ਹੇਗੰਢ ਸਰਵੋਦਿਆ ਵਾਲੇ ਹੀ ਮਨਾਉਂਦੇ ਹਨ। ਇਕ 'ਸਟੇਜ' ਦੇ ਬਾਅਦ ਲੇਖਕ ਸਾਹਿਤ ਦੀ ਜ਼ਮੀਨ ਤੋਂ ਉਠ ਕੇ ਰਾਜਨੀਤੀ, ਵਪਾਰ ਜਾਂ ਨੌਕਰੀ ਦੇ ਰੁੱਖ 'ਤੇ ਬੈਠ ਜਾਂਦਾ ਹੈ। ਲੋਕ ਸੋਚਦੇ ਹੋਣਗੇ ਕਿ ਇਹ ਵੀ ਬਸ ਉਡਿਆ, ਹੁਣੇ ਉਡਿਆ ਪਰ ਹਰ ਉਠਣ ਵਾਲੇ ਮੌਸਮ ਪਿਛੋਂ ਮੈਂ ਫਿਰ ਇਹਨਾਂ ਸੜਕਾਂ 'ਤੇ ਹੀ ਦਿਸ ਜਾਂਦਾ ਹਾਂ। ਉਹ ਕਹਿੰਦੇ ਹੋਣਗੇ- ਇਸ ਕਮਬਖ਼ਤ ਦੇ ਖੰਭ ਹੀ ਨਹੀਂ ਹਨ। ਇੰਨੇ ਰੁੱਖ ਖੜ੍ਹੇ ਹਨ, ਜ਼ਰਾ ਜਿਹੇ ਖੰਭ ਫੜਫੜਾਏ ਤਾਂ ਰੁੱਖ 'ਤੇ ਪਹੁੰਚ ਜਾਵੇਗਾ ਪਰ ਇਸ ਨੂੰ ਤਾਂ ਜ਼ਮੀਨ ਨੇ ਬੰਨ੍ਹ ਰੱਖਿਆ ਹੈ। ਤਦ ਕੁਝ ਸਿਆਣੇ ਕਹਿੰਦੇ ਹੋਣਗੇ- ਇਸ ਨੂੰ ਸਿੱਧਾ ਨਾ ਸਮਝੋ, ਚਲਾਕ ਹੈ। ਸਾਧੂ ਬਣ ਕੇ ਮੌਕੇ ਦੀ ਭਾਲ 'ਚ ਹੈ। ਕਿਸੇ ਦਿਨ ਇਹ ਜ਼ਰੂਰ ਚੋਣ ਲੜੇਗਾ।

ਨੌਕਰੀ ਜਾਂ ਚੋਣ, ਇਹ ਦੋ ਬਦਲ ਮੈਨੂੰ ਕਈ ਸਾਲਾਂ ਤੋਂ ਦਿੱਤੇ ਗਏ ਹਨ। ਕੁਝ ਲੋਕ ਅਜਿਹੇ ਵੀ ਹਨ ਜੋ ਮੇਰੇ ਲਈ ਸਿਰਫ਼ ਕਰੁਣਾ ਭਾਵ ਰੱਖਦੇ ਹਨ। ਉਹ ਇਹ ਨਹੀਂ ਮੰਨਦੇ ਕਿ ਮੇਰੇ ਅੰਦਰ ਵੀ ਵੱਡਾ ਬੰਦਾ ਬਣਨ ਵਾਲੇ ਗੁਣ ਹਨ। ਉਹਨਾਂ ਦਾ ਖਿਆਲ ਹੈ ਕਿ ਇਸ ਵਿਚਾਰੇ ਨੂੰ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਨੌਕਰੀ ਨਹੀਂ ਮਿਲਦੀ। ਬਹੁਤ ਖ਼ਰਾਬ ਜ਼ਮਾਨਾ ਆ ਗਿਆ ਹੈ। ਇੱਕ ਬਜ਼ੁਰਗ ਅਧਿਆਪਕ ਸਹਿਜ ਦਯਾ ਨਾਲ ਕਹਿੰਦੇ ਹਨ- ਵਿਚਾਰਾ ਚੰਗਾ-ਖ਼ਾਸਾ ਪੜ੍ਹਿਆ-ਲਿਖਿਆ ਹੈ। ਹਿੰਦੀ ਚੰਗੀ ਲਿਖ ਲੈਂਦਾ ਹੈ ਪਰ ਇਸ ਨੂੰ ਨੌਕਰੀ ਨਹੀਂ ਮਿਲਦੀ। ਇੱਧਰ ਰੇਡੀਓ ਦੀ ਬ੍ਰਾਂਚ ਖੁੱਲ੍ਹੀ ਤਾਂ ਉਹਨਾਂ ਨੇ ਲੋਕਾਂ ਨੂੰ ਕਿਹਾ- ਹੁਣ ਇਹਦੀ ਨੌਕਰੀ ਲੱਗ ਜਾਵੇਗੀ। ਕੁਝ ਮਹੀਨਿਆਂ ਬਾਅਦ ਮੈਨੂੰ ਪੁੱਛਿਆ- ਕਿਉਂ, ਨੌਕਰੀ ਮਿਲੀ?

ਮੈਂ ਕਿਹਾ- ਨਹੀਂ। ਉਹਨਾਂ ਨੇ ਕਿਹਾ- ਤੂੰ ਕੋਸ਼ਿਸ਼ ਹੀ ਨਹੀਂ ਕੀਤੀ ਹੋਣੀ। ਇਕ ਆਦਮੀ ਜੋ ਆਪ ਚੋਰ-ਉਚੱਕਾ ਹੈ, ਜਦੋਂ ਵੀ ਮੈਨੂੰ ਮਿਲਦਾ ਹੈ, ਆਖਦਾ ਹੈ- ਕਿਤੇ ਚਿਪਕ ਜਾ। ਇੰਝ ਕਦੋਂ ਤੱਕ ਬੇਕਾਰ ਘੁੰਮਦਾ ਰਹੇਂਗਾ?

ਮੈਂ ਸ਼ਾਇਦ ਕੁਝ 'ਹੋ ਜਾਣ' ਦਾ ਮਹੱਤਵ ਸਮਝਦਾ ਨਹੀਂ ਹਾਂ। ਸਾਹਿਤ ਦਾ ਅਦਨੇ ਤੋਂ ਅਦਨਾ ਸੇਵਕ ਵੀ ਇਹ ਸਮਝਦਾ ਹੈ। ਇਹ ਸਾਹਿਤਕਾਰ ਮਿੱਤਰ ਮੈਨੂੰ ਹਰ ਕਿਤੇ ਮਿਲ ਜਾਂਦੇ ਹਨ। ਪੰਜ-ਦਸ ਮਿੰਟ ਸਾਹਿਤਕ ਚਰਚਾ ਕਰਦੇ ਹਨ। ਉਹ ਇਸ ਤਰ੍ਹਾਂ ਹੁੰਦੀ ਹੈ-

ਉਹ -ਮਾਚਵੀ ਜੀ ਹਿੰਦੀ ਸਲਾਹਕਾਰ ਬਣ ਗਏ।

ਮੈਂ -ਹਾਂ।

-ਅਗੇਯ 'ਦਿਨਮਾਨ' ਦੇ ਸੰਪਾਦਕ ਬਣ ਗਏ।

-ਹਾਂ।

-ਭਾਰਤੀ ਤਾਂ ਪਹਿਲਾਂ ਹੀ ਭਰਤੀ ਹੋ ਗਏ ਸਨ।

-ਹਾਂ

-ਸੁਰੇਸ਼ ਅਵਸਥੀ ਅਕਾਦਮੀ ਦੇ ਮੰਤਰੀ ਬਣ ਗਏ।

-ਹਾਂ।

-ਕਮਲੇਸ਼ਵਰ ਵੀ ਬੰਬਈ ਜਾ ਰਹੇ ਹਨ।

-ਹਾਂ, ਸੁਣਿਆ ਹੈ।

-ਬੱਚਨ ਰਾਜ ਸਭਾ ਦੇ ਮੈਂਬਰ ਬਣ ਗਏ।

-ਹਾਂ।



-ਰਾਕੇਸ਼ ਬਾਰੇ ਹਾਲੇ ਕੁਝ ਨਹੀਂ ਸੁਣਿਆ।

-ਹਾਲੇ ਤੱਕ ਤਾਂ ਨਹੀਂ।

-ਦਿਨਕਰ ਜੀ ਨੇ ਚੰਗਾ ਹੱਥ ਮਾਰਿਆ।

-(ਚੁੱਪ)

-ਹੋਰ ਕੀ ਚੱਲ ਰਿਹਾ ਹੈ।

-ਸਭ ਠੀਕ ਹੈ।

-ਚੰਗਾ ਚੱਲਾਂ।

-ਚੰਗਾ।

ਲਗਭਗ ਅਜਿਹੀ ਗੱਲਬਾਤ ਹਰ ਮਿਲਣੀ ਵੇਲੇ ਹੁੰਦੀ ਹੈ। ਜੋ 'ਬਣ ਜਾਂਦੇ ਹਨ', ਉਹਨਾਂ ਨਾਲ ਉਹਨਾਂ ਦੀ ਦੂਰ ਦੀ ਵੀ ਜਾਣ-ਪਛਾਣ ਨਹੀਂ ਹੈ ਪਰ ਹਿੰਦੀ ਦੇ ਸੇਵਕ ਹੋਣ ਕਰ ਕੇ ਉਹ ਇਹ ਜਾਣਕਾਰੀ ਰੱਖਣਾ ਅਤੇ ਦੇਣਾ ਆਪਣਾ ਕਰਤੱਵ ਸਮਝਦੇ ਹਨ ਕਿ ਕਿਹੜਾ ਲੇਖਕ ਨੌਕਰੀ 'ਤੇ ਹੈ। ਕੀ ਲਿਖਿਆ ਜਾ ਰਿਹਾ ਹੈ, ਇਸ 'ਚ ਹਿੰਦੀ ਸੇਵਕ ਨੂੰ ਕੋਈ ਦਿਲਚਸਪੀ ਨਹੀਂ।

ਹੁਣ ਤੱਕ ਪਾਠਕ ਕਹਿਣ ਲੱਗ ਪਏ ਹੋਣਗੇ- ਬੜਾ ਪਾਖੰਡੀ ਹੈ। ਦੇਖੋ, ਇੱਦਾਂ ਗੱਲਾਂ ਕਰ ਰਿਹਾ ਹੈ ਜਿਵੇਂ ਕੋਈ ਲੋਭ ਹੀ ਨਹੀਂ ਹੈ। ਲੋਭ ਤੋਂ ਕੋਈ ਅਛੂਤਾ ਨਹੀਂ ਹੈ। ਨਕਾਰਨ ਦਾ ਮਤਲਬ ਹਮੇਸ਼ਾ ਨਿਰਲੋਭ ਹੀ ਨਹੀਂ ਹੁੰਦਾ। ਤੁਲਸੀਦਾਸ ਨੇ ਇਹ ਆਖ ਕੇ ਮਨਸਬਦਾਰੀ ਨਕਾਰ ਦਿੱਤੀ ਸੀ- 'ਅਬ ਤੁਲਸੀ ਕਾ ਹੋਹਿੰਗੇ ਨਰ ਕੇ ਮਨਸਬਦਾਰ' ਪਰ ਉਹਨਾਂ ਨੂੰ ਵੀ ਯਕੀਨ ਸੀ ਕਿ ਆਪਣਾ ਪੱਟਾ ਰਘੁਵੀਰ ਦੇ ਦਰਬਾਰ 'ਚ ਲਿਖਿਆ ਗਿਆ ਹੈ। ਤੁਲਸੀਦਾਸ ਨੇ ਸੋਚਿਆ ਹੋਵੇਗਾ- ਮਨਸਬਦਾਰੀ 'ਚ ਬਹੁਤ ਝੰਜਟ ਹਨ। ਆਪਣੀ ਚਾਦਰ ਛੱਡ ਕੇ ਪਤਾ ਨਹੀਂ ਕਿਹੋ ਜਿਹਾ ਜਾਮਾ ਅਤੇ ਚੋਗਾ ਪਾਉਣਾ ਪਵੇਗਾ। ਵਰਦੀ ਤਾਂ ਚਪੜਾਸੀ ਦੀ ਵੀ ਹੁੰਦੀ ਹੈ ਅਤੇ ਮਨਸਬਦਾਰ ਦੀ ਵੀ। ਦਰਬਾਰ 'ਚ ਖਾਸ ਢੰਗ ਨਾਲ ਉਠਣਾ, ਬੈਠਣਾ ਅਤੇ ਝੁਕਣਾ ਪਵੇਗਾ। ਆਪਣੇ ਤੋਂ ਨਹੀਂ ਹੋਣਾ। ਪਰੇ ਕਰੋ ਇਸ ਝੰਜਟ ਨੂੰ। ਮਹਾਂ ਕਵੀ ਦੇ ਮਨ 'ਚ ਵਰਦੀ ਅਤੇ ਚੋਗੇ ਦੇ ਡਰ ਤੋਂ ਹੀ ਸ਼ਾਇਦ ਨਿਰਲੋਭ ਪੈਦਾ ਹੋ ਗਿਆ ਹੋਵੇ; ਤੇ ਕੁੰਭਨਦਾਸ ਨੇ ਜਦੋਂ ਕਿਹਾ- 'ਸੰਤਨ ਕਹਾ ਸੀਕਰੀ ਸੌਂ ਕਾਮ' ਤਾਂ ਉਹਨਾਂ ਦੇ ਮਨ ਦਾ ਚੋਰ ਵੀ ਅੱਗੇ ਬੋਲ ਗਿਆ- 'ਜਿਨ ਕੇ ਦੇਖੇ ਦੁਖ ਉਪਜਤ ਹੈ, ਤਿਨਕੋ

> **ਪਾਠਕ ਕਹਿਣ ਲੱਗ ਪਏ ਹੋਣਗੇ- ਬੜਾ ਪਾਖੰਡੀ ਹੈ। ਦੇਖੋ, ਇੱਦਾਂ ਗੱਲਾਂ ਕਰ ਰਿਹਾ ਹੈ ਜਿਵੇਂ ਕੋਈ ਲੋਭ ਹੀ ਨਹੀਂ ਹੈ। ਲੋਭ ਤੋਂ ਕੋਈ ਅਛੂਤਾ ਨਹੀਂ ਹੈ। ਨਕਾਰਨ ਦਾ ਮਤਲਬ ਹਮੇਸ਼ਾ ਨਿਰਲੋਭ ਹੀ ਨਹੀਂ ਹੁੰਦਾ। ਤੁਲਸੀਦਾਸ ਨੇ ਇਹ ਆਖ ਕੇ ਮਨਸਬਦਾਰੀ ਨਕਾਰ ਦਿੱਤੀ ਸੀ- 'ਅਬ ਤੁਲਸੀ ਕਾ ਹੋਹਿੰਗੇ ਨਰ ਕੇ ਮਨਸਬਦਾਰ' ਪਰ ਉਹਨਾਂ ਨੂੰ ਵੀ ਯਕੀਨ ਸੀ ਕਿ ਆਪਣਾ ਪੱਟਾ ਰਘੁਵੀਰ ਦੇ ਦਰਬਾਰ 'ਚ ਲਿਖਿਆ ਗਿਆ ਹੈ।**

## ਵਿਅੰਗਨਾਮਾ

ਕਰਬੋ ਪੜੈ ਸਲਾਮ'। ਹਟਾਓ ਅਜਿਹੀ ਰਾਜ ਕ੍ਰਿਪਾ ਨੂੰ। ਦੋਵੇਂ ਵਰਦੀ ਅਤੇ ਚੋਗੇ ਦੇ ਡਰੋਂ ਸ਼ਾਇਦ ਦਰਬਾਰ ਤੋਂ ਦੂਰ ਹੀ ਰਹੇ। ਕੀ ਪਤਾ ਮੈਂ ਵੀ ਵਰਦੀ ਚੋਗੇ ਦੇ ਡਰ ਤੋਂ ਹੀ ਨਿਰਲੋਭ ਦਾ ਨਾਟਕ ਕਰ ਰਿਹਾ ਹਾਂ।

ਖੁਫ਼ੀਆ ਵਿਭਾਗ ਵਾਲਿਆਂ ਦੀਆਂ ਗੱਲਾਂ ਤੋਂ ਵੀ ਇਹੀ ਪਤਾ ਲੱਗਦਾ ਹੈ ਕਿ ਇਹ ਮੰਨ ਲਿਆ ਗਿਆ ਹੈ ਕਿ ਇਹ ਆਦਮੀ ਉਚੀ ਨੌਕਰੀ ਕਰਨ ਦੇ ਕਾਬਿਲ ਨਹੀਂ ਹੈ। ਹੁਣ ਸਿਰਫ਼ ਚੋਣਾਂ ਹੀ ਬਚੀਆਂ ਹਨ। ਇਹ ਚੋਣ ਲੜੇਗਾ। ਤਦ ਉਸ ਨੇ ਕਿਹਾ ਸੀ- ਤੁਹਾਡੇ ਚਾਂਸ ਚੰਗੇ ਹਨ। ਤਾਂ ਕਿ ਲੜ ਲਵਾਂ? ਪਰ ਚੋਣਾਂ 'ਚ ਆਪਣਾ ਰਿਕਾਰਡ ਚੰਗਾ ਨਹੀਂ ਹੈ। ਦੋ ਵਾਰੀ ਚੋਣਾਂ ਲੜਵਾਈਆਂ ਹਨ ਅਤੇ ਦੋਵਾਂ 'ਚ ਹਾਰ ਮਿਲੀ ਹੈ। ਇਕ ਮਿੱਤਰ ਦੀ ਚੋਣ 'ਚ ਗਲੀ-ਗਲੀ, ਚੌਕ-ਚੌਕ ਇੰਨੇ ਭਾਸ਼ਣ ਦਿੱਤੇ ਸੀ ਕਿ ਗਲਾ ਖਰਾਬ ਹੋ ਗਿਆ ਸੀ ਪਰ ਉਹ ਹਾਰ ਗਿਆ। ਹਾਰ ਵਾਲੀ ਸ਼ਾਮ ਨੂੰ ਜੋ ਬੈਠਕ ਹੋਈ, ਉਸ ਵਿਚ ਕਈ ਹਜ਼ਾਰ ਆਦਮੀ ਉਹਨਾਂ ਦੀ ਹਾਰ ਤੋਂ ਦੁਖੀ ਅਤੇ ਗੁੱਸੇ 'ਚ ਦੰਗੇ ਕਰਨ 'ਤੇ ਉਤਾਰੂ ਸਨ। ਮੈਂ ਸੋਚਿਆ, ਇੰਨਾ ਲੋਕ ਪ੍ਰਸਿੱਧ ਆਦਮੀ ਕਿਵੇਂ ਹਾਰ ਗਿਆ? ਜਿੰਨੇ ਲੋਕ ਉਸ ਦੀ ਹਾਰ ਤੋਂ ਦੁਖੀ ਹਨ, ਉਸ ਤੋਂ ਅੱਧੇ ਵੀ ਜੇ ਉਹਨਾਂ ਨੂੰ ਵੋਟ ਦੇ ਦਿੰਦੇ ਤਾਂ ਉਹ ਜਿੱਤ ਜਾਂਦਾ। ਲੋਕਾਂ ਦਾ ਇਹ ਮਖੌਲ ਮੈਨੂੰ ਪਸੰਦ ਨਹੀਂ। ਵੋਟ ਨਹੀਂ ਪਾਉਣਗੇ ਪਰ ਹਾਰਨ 'ਤੇ ਦੁਖੀ ਹੋਣਗੇ। ਜਿਨ੍ਹਾਂ ਨੇ ਵੋਟ ਨਹੀਂ ਪਾਈ ਹੁੰਦੀ, ਉਹ ਵੱਧ ਦੁਖੀ ਹੁੰਦੇ ਹਨ।

ਇਕ ਹੋਰ ਮਿੱਤਰ ਨੂੰ ਰਾਜ ਸਭਾ ਦੀ ਚੋਣ ਲੜਵਾਈ। ਵਿਧਾਇਕ ਵਿਸ਼ਰਾਮ ਘਰ ਦੇ ਕਮਰੇ 'ਚ ਬੈਠ ਕੇ ਹਰ ਰੋਜ਼ ਰਾਤ ਨੂੰ ਹਿਸਾਬ ਲਗਾਉਂਦੇ ਹਨ ਕਿ ਲੋਕ ਪਾਰਟੀ ਦੇ ਫ਼ੈਸਲੇ ਨੂੰ ਭੰਗ ਕਰ ਕੇ ਸਾਡੇ ਮਿੱਤਰ ਨੂੰ ਵੋਟ ਪਾਉਣ ਲਈ ਉਤਾਵਲੇ ਹੋ ਰਹੇ ਹਨ। ਵੋਟਾਂ ਗਿਣੀਆਂ ਗਈਆਂ ਤਾਂ ਦੇਖਿਆ ਕਿ ਜਿੰਨੀਆਂ ਮਿਲੀਆਂ, ਉਸ ਤੋਂ ਦਸ ਗੁਣਾ ਲੋਕਾਂ ਨੇ ਵਾਅਦੇ ਕੀਤੇ ਸਨ। ਜਨਤਾ ਤਾਂ ਜਨਤਾ, ਵਿਧਾਇਕ ਵੀ ਮਖੌਲ ਕਰਦੇ ਹਨ। ਇਕ ਨੇਤਾ ਨੇ ਮੈਨੂੰ ਦੱਸਿਆ ਕਿ ਉਹਨਾਂ ਨਾਲ ਬੜਾ ਬੇਰਹਿਮ ਮਖੌਲ ਹੋ ਗਿਆ। ਕਹਿਣ ਲੱਗੇ- ਇਕ ਕਸਬੇ 'ਚ ਅਸੀਂ ਦੋ ਘੰਟੇ ਚੋਣਾਂ ਦਾ ਭਾਸ਼ਣ ਦਿੱਤਾ। ਸਰੋਤੇ ਮੰਤਰ-ਮੁਗਧ ਹੋ ਗਏ ਸਨ। ਰਾਤ ਨੂੰ ਇਕ ਬਜ਼ੁਰਗ ਸੱਜਣ ਆਇਆ, ਬੋਲਿਆ- ਵਾਹ ਸਾਹਬ, ਕੀ ਤਕਰੀਰ ਕੀਤੀ ਹੈ। ਮਜ਼ਾ ਆ ਗਿਆ। ਤੁਹਾਡਾ ਮੂੰਹ ਹੈ ਕਿ ਕੋਈ ਪੋਲ ਹੈ- ਨਿਕਲਦਾ ਹੀ ਜਾਂਦਾ ਹੈ। ਮਜ਼ਾ ਆ ਗਿਆ। ਖੈਰ, ਵੋਟ ਤਾਂ ਅਸੀਂ ਤੁਹਾਡੀ ਪਾਰਟੀ ਨੂੰ ਨਹੀਂ ਪਾਵਾਂਗੇ ਪਰ ਸਵੇਰੇ ਤੁਹਾਡੀ ਇਕ ਤਕਰੀਰ ਹੋਰ ਹੋ ਜਾਵੇ। ਅਸੀਂ ਰਾਤੋ-ਰਾਤ ਹੀ ਉਸ ਪਿੰਡ 'ਚੋਂ ਆਪਣਾ ਡੇਰਾ-ਡੰਡਾ ਪੁੱਟ ਲਿਆ।

ਮੈਂ ਲੋਕਾਂ ਦੇ ਅਜਿਹੇ ਮਖੌਲ ਤੋਂ ਬਹੁਤ ਘਬਰਾਉਂਦਾ ਹਾਂ ਪਰ ਜੋ ਇਸ ਤੋਂ ਘਬਰਾਉਂਦਾ ਹੈ, ਉਹ ਚੋਣਾਂ ਕਦੇ ਨਹੀਂ ਲੜ ਸਕਦਾ। ਅਜਿਹੀ ਸਥਿਤੀ ਵਿਚ ਖੁਫ਼ੀਆ ਵਿਭਾਗ ਦੀ ਸਲਾਹ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਤਦ ਮੈਂ ਸਿਵਾਇ ਇਸ ਦੇ ਹੋਰ ਕੀ ਕਹਾਂ ਕਿ ਓਏ, ਇਹ ਰਾਜਨੀਤੀ ਅਪਸਰਾ ਹੈ ਜੋ ਤਪੱਸਵੀ ਸਾਹਿਤਕਾਰ ਨੂੰ ਆਪਣੇ ਰਾਹ ਤੋਂ ਭਟਕਾ ਦਿੰਦੀ ਹੈ।

ਇਸ ਨਾਲ ਪੇਸ਼ੇਵਰ ਮੰਤਰੀ ਬਹੁਤ ਖੁਸ਼ ਹੋਣਗੇ। ਕਹਿਣਗੇ- ਦੇਖੋ, ਕਿੰਨਾ ਸੁਸ਼ੀਲ ਲੇਖਕ ਹੈ। ਰਾਜਨੀਤੀ ਨੂੰ ਰਾਹ ਤੋਂ ਭਟਕਾਉਣ ਵਾਲੀ ਅਪਸਰਾ ਮੰਨਦਾ ਹੈ। ਉਹ ਘ੍ਰਿਣਤ ਹੈ। ਸਚਮੁੱਚ ਲੇਖਕਾਂ, ਕਲਾਕਾਰਾਂ, ਅਧਿਆਪਕਾਂ, ਬੁੱਧੀਜੀਵੀਆਂ ਨੂੰ ਰਾਜਨੀਤੀ ਨਾਲ ਕੀ ਮਤਲਬ? ਇਹਨਾਂ ਨੂੰ ਅਜਿਹੇ ਝੰਜਟ 'ਚ ਨਹੀਂ ਪੈਣਾ ਚਾਹੀਦਾ। ਮੈਂ ਉਹਨਾਂ ਨੂੰ ਕਹਿੰਦਾ ਹਾਂ- ਜਨਾਬ! ਲੇਖਕ, ਅਧਿਆਪਕ, ਬੁੱਧੀਜੀਵੀ ਜੇ ਰਾਜਨੀਤੀ ਤੋਂ ਬਾਹਰ ਰਹੇ ਤਾਂ ਅੰਦਰ ਕੌਣ ਬਚੇ? ਤੁਹਾਡੇ ਵਰਗੇ ਅਨਪੜ੍ਹ, ਗੰਵਾਰ, ਅਸੱਭਿਅਕ, ਅਸੰਸਕ੍ਰਿਤ ਅਤੇ ਭ੍ਰਿਸ਼ਟ ਲੋਕ! ਇਹ ਦੇਸ਼ ਅਜਿਹੇ ਲੋਕਾਂ ਦੇ ਹੱਥਾਂ 'ਚ ਦੇਣਾ ਹੈ ਜਾਂ ਨਹੀਂ, ਇਹ ਵੀ ਸੋਚਣਾ ਪੈਣਾ ਹੈ। ਜਦੋਂ ਵੀ ਸਾਡਾ ਵੱਸ ਚੱਲੇਗਾ, ਅਸੀਂ ਤੁਹਾਡੇ ਕੰਨ ਫੜਾਂਗੇ ਅਤੇ ਬਾਹਰ ਕੱਢ ਦੇਵਾਂਗੇ। ਸਾਨੂੰ ਇੰਨਾ ਸੁਸ਼ੀਲ ਸਮਝਣਾ ਤੁਹਾਡੇ ਲਈ ਖ਼ਤਰਨਾਕ ਹੋਵੇਗਾ।

ੴ ਸਤਿਗੁਰ ਪ੍ਰਸਾਦਿ॥

ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥




ਗੁਰਦੁਆਰਾ ਸਿੱਖ ਟੈਂਪਲ, ਓਕ ਕਰੀਕ



ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

*ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਉਹ 1926 ਤੋਂ 1950 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1937 ਤੇ 1945 ਵਿਚ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਬਣੇ। ਵਿਦਿਆ ਦਾ ਚਾਨਣ ਵੰਡਣ ਲਈ ਉਨ੍ਹਾਂ ਕਈ ਸਕੂਲ ਬਣਵਾਏ। ਪੰਜਾਬ ਦੀ ਲੁਬਾਣਾ ਬਰਾਦਰੀ ਉਨ੍ਹਾਂ ਦੀ ਬਖਸ਼ਿਸ਼ ਸਦਕਾ ਹੀ ਅੱਜ ਦੁਨੀਆਂ ਵਿਚ ਉਜਵਲ ਇਤਿਹਾਸ ਸਿਰਜ ਰਹੀ ਹੈ।*

# ਸੰਤ ਪ੍ਰੇਮ ਸਿੰਘ ਮੁਰਾਰੇਵਾਲਿਆਂ ਦੀ 74ਵੀਂ ਸਾਲਾਨਾ ਬਰਸੀ ਸਬੰਧੀ

# ਵਿਸ਼ੇਸ਼ ਸਮਾਗਮ

**Programs**

**June 7, 2024 (Friday)** Arambh Shri Akhand Path 10 Am

**June 9, 2024 (Sunday)** Bhog Shri Akhand Path 10:30 Am







ਕਥਾਵਾਚਕ ਭਾਈ ਅਜਮੇਰ ਸਿੰਘ ਸੈਂਬੀ ਕਥਾ ਕਰਨਗੇ। ਭਾਈ ਸੁਰਜੀਤ ਸਿੰਘ ਜੀ ਤੇ ਜਥਾ ਅਤੇ ਭਾਈ ਗੁਰਮੇਲ ਸਿੰਘ ਤੇ ਜਥਾ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

ਗੁਰੂ ਲਾਧੋ ਰੇ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਸਾਹਿਬ ਦੇ ਬਾਹਰ ਗਰਾਊਂਡ ਵਿਚ ਬਰੇਕਫਾਸਟ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਜਲੇਬੀਆਂ ਅਤੇ ਹੋਰ ਵੱਖ ਵੱਖ ਤਰ੍ਹਾਂ ਦੇ ਪਕਵਾਨ ਵੀ ਵਰਤਾਏ ਜਾਣਗੇ। ਬੱਚਿਆਂ ਦੇ ਮਨੋਰੰਜਨ ਲਈ ਖੇਡਾਂ ਵੀ ਹੋਣਗੀਆਂ। ਸੰਗਤ ਨੂੰ ਹੁੰਮ-ਹੁਮਾ ਕੇ ਸਮਾਗਮਾਂ ਵਿਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

## ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਸੇਵਾਦਾਰ



ਸੁਖਵਿੰਦਰ ਸਿੰਘ ਘੱਗਰ



ਜੱਗੀ ਸਿੰਘ ਘੋਤੜਾ



ਜਰਨੈਲ ਸਿੰਘ ਮਿਆਣੀ



ਪਰਮਿੰਦਰ ਸਿੰਘ ਗੋਲਡੀ



ਦਵਿੰਦਰ ਸਿੰਘ ਬਿੰਦ



ਨਰਿੰਦਰਪਾਲ ਸਿੰਘ ਸਲੇਮਪੁਰ



ਅਰਵਿੰਦਰ ਸਿੰਘ ਬੂਟਾ



ਹਰਜਿੰਦਰ ਸਿੰਘ ਜਿੰਦੀ



ਭੁਪਿੰਦਰ ਸਿੰਘ ਟਿੰਕਾ



ਰਨਦੀਪ ਪਾਲ ਸਿੰਘ ਰਿੰਕੂ



ਕੁਲਜੀਤ ਸਿੰਘ ਗਿਲਜੀਆਂ



ਸਤਪਾਲ ਸਿੰਘ ਪਹਿਲਵਾਨ



ਗੁਰਿੰਦਰ ਸਿੰਘ ਗਿਲਜੀਆਂ

**From: Guru Ladho Re Sewa Society & All Sadh Sangat**

7512 South Howell Ave. Oak Creek, WI 53154 Ph: 262-370-2428, E-Mail: guruladhore@gmail.com

# ਪਿੰਡ ਪੱਤੜ ਕਲਾਂ ਦਾ ਪਾਤਰ ਤੇ ਉਸਦੇ ਪਾਤਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮਾਰਚ 2010 ਵਿਚ ਛਪੀ ਇੰਡੀਅਨ ਸਟੈਸਟੀਕਲ ਲਾਇਬਰੇਰੀ ਦੀ ਦਿਹਾਤੀ ਡਾਇਰੈਕਟਰੀ ਅਨੁਸਾਰ 2880 ਬੰਦਿਆਂ ਦੀ ਵਸੋਂ ਤੇ 570 ਹੈਕਟੇਅਰ ਰਕਬੇ ਵਾਲੇ ਪਿੰਡ ਪੱਤੜ ਕਲਾਂ ਵਿਚ 13 ਜਨਵਰੀ, 1945 ਵਾਲੇ ਦਿਨ ਇੱਕ ਚਮਤਕਾਰੀ ਘਟਨਾ ਵਾਪਰੀ। ਕਰਤਾਰਪੁਰ-ਕਪੂਰਥਲਾ ਮਾਰਗ ਤੋਂ ਹਟਵੇਂ ਇਸ ਪਿੰਡ ਦੀ ਬੀਬੀ ਗੁਰਬਖਸ਼ ਕੌਰ (ਸੁਪਤਨੀ ਹਰਭਜਨ ਸਿੰਘ) ਨੇ ਇਕ ਅਜਿਹੇ ਜੀਵ ਨੂੰ ਜਨਮ ਦਿੱਤਾ ਜਿਸਨੇ ਇਸ ਪਿੰਡ ਦਾ ਨਾਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਹੀ ਨਹੀਂ ਪੰਜਾਬੀ ਜਾਣਦੀ ਤੇ ਬੋਲਦੀ ਕੁੱਲ ਦੁਨੀਆਂ ਵਿਚ ਰੌਸ਼ਨ ਕਰ ਦਿੱਤਾ। ਸੁਰਜੀਤ ਪਾਤਰ ਨਾਮੀ ਇਹ ਜੀਉੜਾ ਮਈ ਮਹੀਨੇ ਦੀ 11 ਤਰੀਕ ਨੂੰ ਅਲਵਿਦਾ ਕਹਿ ਗਿਆ ਹੈ।

ਗੁਰਮਤ ਕਾਲਜ, ਪਟਿਆਲਾ ਦੀ ਪ੍ਰਿੰਸੀਪਲ ਜਸਬੀਰ ਕੌਰ ਨੇ ਮੈਨੂੰ ਸੁੱਤੇ ਪਏ ਨੂੰ ਜਗਾ ਕੇ ਇਹ ਖਬਰ ਦਿੱਤੀ ਤਾਂ ਯੂਟਿਊਬ 'ਤੇ ਪਾਏ ਉਸਦੇ ਆਪਣੇ ਪਿੰਡ ਦੀ ਫੇਰੀ ਵਾਲੇ ਬੋਲ ਮਨ ਨੂੰ ਧਰਵਾਸ ਦੇ ਰਹੇ ਸਨ।

ਖੁਸ਼ਦਿਲ ਸੁਹਣੀਓ ਰੂਹੋ, ਮੇਰੇ ਪਿੰਡ ਦੀਓ ਜੂਹੋ
ਤੁਸੀਂ ਹਰਗਿਜ਼ ਨਾ ਕਮਲਾਇਓ
ਮੈਂ ਇੱਕ ਦਿਨ ਫੇਰ ਆਉਣਾ ਹੈ
ਨੀ ਕਿੱਕਰੋ, ਟਾਹਲੀਓ, ਡੇਕੋ
ਤੇ ਮੇਰੇ ਬਾਬਿਓ ਪਿਪਲੋ
ਮੈਂ ਛਾਵੇਂ ਬਹਿਣ ਆਉਣਾ ਹੈ
ਜੋ ਚੱਕ ਘੁੰਮੇ ਘੁਮਾਰਾਂ ਦਾ
ਲੋਹਾ ਤਪਦਾ ਲੁਹਾਰਾਂ ਦਾ
ਉਨ੍ਹਾਂ ਸਭਨਾਂ ਨੂੰ ਦੱਸ ਦੇਵੋ
ਮੈਂ ਇੱਕ ਦਿਨ ਫੇਰ ਆਉਣਾ ਹੈ।

ਅਗਲੇ ਦਿਨ ਅਜੀਤ ਸਮਾਚਾਰ ਸਮੂਹ ਨੇ ਉਸਨੂੰ ਪੰਜਾਬੀ ਸਾਹਿਤ ਦਾ ਬਾਬਾ ਬੋਹੜ ਕਹਿ ਕੇ ਉਸਦੇ ਚਲਾਣੇ ਨੂੰ ਇਕ ਯੁਗ ਦਾ ਅੰਤ ਕਿਹਾ ਤੇ ਟ੍ਰਿਬਿਊਨ ਟਰੱਸਟ ਦੇ ਚੇਅਰਮੈਨ ਐਨ ਐਨ ਵੋਹਰਾ ਨੇ ਉਸਦੀਆਂ ਹੇਠ ਲਿਖੀਆਂ ਲਾਈਨਾਂ ਦੁਹਰਾਈਆਂ:

ਇਹ ਜੋ ਰੰਗਾਂ 'ਚ ਚਿਤਰੇ ਨੇ ਖੁਰ ਜਾਣਗੇ
ਇਹ ਜੋ ਮਰਮਰ 'ਚ ਉੱਕਰੇ ਨੇ ਮਿਟ ਜਾਣਗੇ
ਬਲਦੇ ਹੱਥਾਂ ਨੇ ਜਿਹੜੇ ਹਵਾ ਵਿਚ ਲਿਖੇ
ਲਫਜ਼ ਉਹੀ ਹਮੇਸ਼ਾ ਲਿਖੇ ਰਹਿਣਗੇ।

ਏਸੇ ਤਰ੍ਹਾਂ 'ਹਿੰਦੁਸਤਾਨ ਟਾਈਮਜ਼' ਨੇ ਪਿੱਛੋਂ ਰਹਿ ਗਿਆਂ ਨੂੰ ਧੀਰਜ ਬਨ੍ਹਾਉਣ ਲਈ ਫੈਜ਼ ਅਹਿਮਦ ਫੈਜ਼ ਦੇ ਬੋਲ ਚੇਤੇ ਕਰਵਾਏ:

ਬੜਾ ਹੈ ਦਰਦ ਕਾਰਿਸਤਾ ਸ਼ੇਰ ਦਿਲ ਗਰੀਬ ਸਹੀ
ਤੁਮਹਾਰੇ ਨਾਮ ਪੇ ਆਏਂਗੇ ਸ਼ਰਮਸ਼ਾਰ ਚਲੇ।

ਪੰਜਾਬੀ ਤੇ ਹਿੰਦੀ ਦੇ ਸਾਰੇ ਅਖ਼ਬਾਰਾਂ ਨੇ ਉਸਦੀ ਦੇਣ ਤੇ ਪ੍ਰਾਪਤੀਆਂ ਦਾ ਗੁੱਡਾ ਬੰਨ੍ਹਿਆ। ਮਾਰਕਸਵਾਦੀ ਪਰਚੇ 'ਦੇਸ਼ ਸੇਵਕ' ਸਮੇਤ। ਪ੍ਰਕਾਸ਼ਕ ਹਰੀਸ਼ ਜੈਨ ਨੇ ਉਸਨੂੰ 'ਹਵਾ ਵਿਚ ਤਰਦਾ ਦੀਵਾ' ਕਹਿ ਕੇ ਉਸਦੀ ਚਾਲ ਵਿਚਲੇ ਤਰੰਨਮ ਤੇ ਚਿਹਰੇ ਦੀ ਲੈਅ ਪਹਿਚਾਣੀ ਤੇ ਇਹ ਵਾਲੇ ਬੋਲ ਵੀ ਚੇਤੇ ਕੀਤੇ।

ਤੇਰੇ ਕਲਾਮ ਨੂੰ ਜਜ਼ਬੇ ਬਹੁਤ ਮਹੀਨ ਮਿਲੇ
ਦਿਖਾਈ ਦੇਣ ਜੋ ਹੰਝੂ ਦੀ ਖੁਰਦਬੀਨ ਮਿਲੇ

ਇਨ੍ਹਾਂ ਸਤਰਾਂ ਦਾ ਲੇਖਕ ਵੀ ਉਸਦੇ ਹੀ ਸ਼ਿਅਰ ਤੇ ਬੋਲ ਦੁਹਰਾਉਂਦਾ ਹੈ:

ਮੈਂ ਰਾਹਾਂ 'ਤੇ ਨਹੀਂ ਤੁਰਦਾ
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ
ਜੁਗਾਂ ਤੋਂ ਕਾਫ਼ਲੇ ਆਏ
ਇਸ ਗੱਲ ਦੇ ਗਵਾਹ ਬਣਦੇ
ਕਦੀ ਦਰਿਆ ਇਕੱਲਾ
ਤੈਅ ਨਹੀਂ ਕਰਦਾ ਦਿਸ਼ਾ ਆਪਣੀ
ਜ਼ਮੀਂ ਦੀ ਢਾਲ, ਜਲ ਦਾ ਵੇਗ ਹੀ
ਰਲ ਮਿਲ ਕੇ ਰਾਹ ਬਣਦੇ
ਜਦੋਂ ਤੱਕ ਲਫਜ਼ ਜਿਉਂਦੇ ਨੇ,
ਸੁਖਨਵਰ ਜਿਉਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ,
ਜੋ ਸਿਵਿਆਂ ਵਿਚ ਸੁਆਹ ਬਣਦੇ।
**
ਰੇਤੇ ਉੱਤੋਂ ਪੈੜ ਮਿਟਦਿਆਂ ਫਿਰ ਵੀ ਕੁਝ ਪਲ ਲੱਗਦੇ ਨੇ
ਕਿੰਨੀ ਛੇਤੀ ਭੁੱਲਗੇ ਸਾਨੂੰ ਤੇਰੇ ਉਸ ਨਗਰ ਦੇ ਲੋਕ।



ਸੁਰਜੀਤ ਪਾਤਰ ਦੇ ਮਾਤਾ ਜੀ, ਪਤਨੀ, ਪੁੱਤਰ ਤੇ ਪਾਤਰ

**
ਇਹ ਕੀ ਘੱਟ ਹੈ ਕਿ
ਇਸ ਰੁਖ ਨੂੰ ਹੈ ਮੇਰੇ ਖ਼ੂਨ ਨੇ ਸਿੰਜਿਆ
ਕੀ ਹੋਇਆ ਜੇ ਪੱਤਿਆਂ 'ਤੇ ਮੇਰਾ ਨਾਮ ਨਹੀਂ ਹੈ।

ਕਦੀ ਬੰਦਿਆਂ ਦੇ ਵਾਂਗ ਸਾਨੂੰ ਮਿਲਿਆ ਵੀ ਕਰ
ਐਵੇਂ ਲੰਘ ਜਾਨੈਂ, ਪਾਣੀ, ਕਦੀ ਹਵਾ ਬਣ ਕੇ
ਜਦੋਂ ਮਿਲਿਆ ਸੀ, ਹਾਣਦਾ ਸੀ, ਸਾਂਵਰਾ ਜਿਹਾ
ਜਦੋਂ ਜੁਦਾ ਹੋਇਆ ਤੁਰ ਗਿਆ ਖੁਦਾ ਬਣ ਕੇ।
**
ਜੋ ਬਦੇਸ਼ਾ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

ਪੰਜਾਬ ਦੇ ਕਾਲੇ ਦਿਨਾਂ ਵਿਚ ਉਸਦੀ ਰਚਨਾਕਾਰੀ ਵਿਚ ਅੰਤਾਂ ਦੀ ਸੰਵੇਦਨਾ ਸੀ। ਸੰਨ ਸੰਤਾਲੀ ਦੇ ਹਵਾਲੇ ਸਮੇਤ:

ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ,
ਹੁਣ ਸ਼ਿਵ ਕੁਮਾਰ ਦੀ ਵਾਰੀ ਹੈ
ਉਹ ਜ਼ਖ਼ਮ ਪੁਰਾਣੇ ਭੁੱਲ ਵੀ ਗਏ
ਨਵਿਆਂ ਦੀ ਹੋਈ ਤਿਆਰੀ ਹੈ।
**
ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ
ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ
ਇਹ ਮਿਰਚਾਂ ਜ਼ਹਿਰੋਂ ਕੌੜੀਆਂ, ਮਿਰਚਾਂ ਸਿਰ ਸੜੀਆਂ
ਸਿਰ 'ਤੇ ਵਾਰੋ, ਵਾਰ ਕੇ, ਅੱਗ ਦੇ ਵਿਚ ਸਾੜੋ।

ਦੇਸ਼ ਵੰਡ ਸਮੇਂ ਪੰਜਾਬ ਕਿੰਨਾ ਵੀ ਵੰਡਿਆ ਗਿਆ ਹੋਵੇ ਉਹ ਦੋਨਾਂ ਪੰਜਾਬਾਂ ਨੂੰ ਸਾਬਤ ਸਬੂਤੇ ਦੇਖਦਾ ਸੀ।

ਇਹ ਪੰਜਾਬ ਕੋਈ ਨਿਰਾ ਜੁਗਰਾਫੀਆ ਨਹੀਂ
ਇਹ ਇੱਕ ਰੀਤ, ਇਕ ਗੀਤ, ਇਤਿਹਾਸ ਵੀ ਹੈ
ਕਿੰਨੇ ਝੱਖੜ ਤੂਫ਼ਾਨਾਂ 'ਚੋਂ ਲੰਘਿਆ ਏ
ਇਹਦਾ ਮੁਖੜਾ ਕੁੱਝ ਕੁੱਝ ਉਦਾਸ ਵੀ ਹੈ
ਮੁੜ ਕੇ ਸ਼ਾਨ ਇਸਦੀ ਸੂਰਜ ਵਾਂਗ ਚਮਕੂ
ਮੇਰੀ ਆਸ ਵੀ ਹੈ, ਅਰਦਾਸ ਵੀ ਹੈ।

ਉਹ ਏਥੋਂ ਦੀ ਕਿਸਾਨੀ ਤੇ ਪਿੰਡਾਂ ਨੂੰ ਅੰਤਾਂ ਦਾ ਪਿਆਰ ਕਰਦਾ ਸੀ। ਦਿੱਲੀ ਦੀ ਸਰਹੱਦ ਦੇ ਕਿਸਾਨ ਅੰਦੋਲਨ ਬਾਰੇ ਉਸਦੇ ਬੋਲ ਅੱਜ ਵੀ ਪੌਣਾਂ ਵਿਚ ਗੂੰਜ ਰਹੇ ਹਨ।

ਇਹ ਬਾਤ ਨਿਰੀ ਏਨੀ ਹੀ ਨਹੀਂ,
ਨਾ ਇਹ ਮਸਲਾ ਸਿਰਫ ਕਿਸਾਨ ਦਾ ਹੈ
ਇਹ ਪਿੰਡ ਦੇ ਵਸਦੇ ਰਹਿਣ ਦਾ ਏ,
ਜੀਹਨੂੰ ਤੌਖਲਾ ਉੱਜੜ ਜਾਣ ਦਾ ਹੈ।

ਨਿਸ਼ਚੇ ਹੀ ਉਸਦੀ ਇਸ ਭਾਵਨਾ ਦੀਆਂ ਜੜ੍ਹਾਂ ਪਿੰਡ ਪੱਤੜ ਕਲਾਂ ਦੀ ਸਰਜ਼ਮੀਨ ਵਿਚ ਸਨ।

ਹੁਣ ਅੰਤ ਵਿਚ ਉਸਦੇ ਉਹ ਬੋਲ ਜਿਹੜੇ ਸਮੇਂ ਦੇ ਸੱਚ ਤੇ ਇਸਦੀ ਸਦੀਵਤਾ ਦਾ ਗੁਣ ਗਾਇਨ ਕਰਦੇ ਹਨ:

ਸੂਰਜ ਨਾ ਡੁਬਦਾ ਕਦੇ ਸਿਰਫ ਛੁਪਦਾ ਹੈ
ਮਤ ਸੋਚ ਕਿ ਮਰ ਜਾਵੇਗਾ, ਸਿਵੇ 'ਚ ਬਲ ਕੇ
ਮੈਂ ਤਾਂ ਸੜਕ 'ਤੇ ਵਿਛੀ ਬਿਰਖਾਂ ਦੀ ਛਾਂ ਹਾਂ
ਮੈਂ ਨਹੀਂ ਮਿਟਣਾ, ਸੌ ਵਾਰ ਲੰਘ ਮਸਲ ਕੇ।
**
ਬਲਦਾ ਬਿਰਖ ਹਾਂ, ਖਤਮ ਹਾਂ, ਬੱਸ ਸ਼ਾਮ ਤੀਕ ਹਾਂ
ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ
ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ
ਪਾਣੀ ਨੇ ਮੇਰੇ ਗੀਤ, ਮੈਂ ਪਾਣੀ 'ਤੇ ਲੀਕ ਹਾਂ।
**
ਦਿਲ ਨੂੰ ਬੋਝਲ ਜਿਹੀਆਂ ਲੱਗੀਆਂ ਤੇਰੀਆਂ ਕੋਮਲ ਯਾਦਾਂ
ਪੱਥਰਾਂ ਕੋਲੋਂ ਚੁੱਕ ਨਾ ਹੁੰਦਾ ਹੁਣ ਫੁੱਲਾਂ ਦਾ ਭਾਰ
ਮਿੱਟੀ ਉੱਤੇ, ਫੁੱਲ ਦੇ ਉੱਤੇ, ਤੇ ਸ਼ਾਇਰ ਦੇ ਦਿਲ 'ਤੇ
ਇੱਕ ਮੋਈ ਤਿਤਲੀ ਦਾ ਹੁੰਦਾ ਵੱਖੋ ਵੱਖਰਾ ਭਾਰ।
**
ਹਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸਮਝੇ ਕਿ ਸੂਰਜ ਮਰ ਗਿਆ ਹੈ
ਪੌਣ ਵਿਚ ਨਿੱਤ ਵਸ ਰਹੀ ਵਿਸ਼ ਤੋਂ ਨਾ ਡਰਦੇ
ਬਿਰਖ ਬੂਟੇ ਰੋਜ਼ ਆਪਣਾ ਕਰਮ ਕਰਦੇ।

ਸੁਰਜੀਤ ਪਾਤਰ ਦਾ ਅੰਤਮ ਸਪਤਾਹ ਬੜਾ ਰੁਝੇਵਿਆਂ ਵਾਲਾ ਸੀ। ਮੈਂ ਉਸਨੂੰ ਹਫਤਾ ਪਹਿਲਾਂ ਹੀ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਮਿਲਿਆ ਸਾਂ। ਨਵੇਂ ਸਥਾਪਤ ਹੋਏ ਆਡੀਓ ਵੀਡੀਓ ਸਟੂਡੀਓ ਦੇ ਉਦਘਾਟਨ ਸਮੇਂ। ਉਹ ਥੱਕਿਆ ਥੱਕਿਆ ਜਾਪਦਾ ਸੀ। ਪਰ ਅਗਲੇ ਦਿਨ ਉਸਨੇ ਬਰਨਾਲਾ ਵਾਲਿਆਂ ਨੂੰ ਵੀ ਨਾਂਹ ਨਹੀਂ ਕੀਤੀ ਫੇਰ ਉਥੋਂ ਵਾਲੇ ਫੰਕਸ਼ਨ ਵਿਚ ਸ਼ਿਰਕਤ ਕਰਦੇ ਵਾਪਸ ਆਉਂਦਿਆਂ ਕਵੀਆਂ ਦੀ ਕਿਸੇ ਮਿਲਣੀ ਵਿਚ ਭਾਗ ਲੈਣ ਲਈ ਜਗਰਾਓਂ ਵੀ ਰੁਕ ਗਿਆ। ਅਜਿਹੇ ਰੁਝੇਵਿਆਂ ਪਿਛੋਂ ਆਸ਼ਾ ਪੁਰੀ ਲੁਧਿਆਣਾ ਆਪਣੇ ਘਰ ਆ ਕੇ ਅਜਿਹਾ ਸੁੱਤਾ ਕਿ ਸੁੱਤਾ ਹੀ ਰਹਿ ਗਿਆ। ਤਿਤਲੀਆਂ ਤੋਲਣ ਵਾਲਿਆਂ ਨੂੰ ਆਹਰੇ ਲਾ ਕੇ ਤੇ ਖੁਦ ਮੁੱਖ ਮੰਤਰੀ ਪੰਜਾਬ ਦੇ ਮੋਢਿਆਂ 'ਤੇ ਸਵਾਰ ਹੋ ਕੇ ਇਸ ਫਾਨੀ ਸੰਸਾਰ ਨੂੰ ਸੁੱਚੀ ਤੇ ਸੱਚੀ ਅਲਵਿਦਾ ਕਹਿ ਗਿਆ। ਉਨ੍ਹਾਂ ਰੁੱਖਾਂ, ਬੂਟਿਆਂ, ਸੂਰਜ, ਚੰਦਰਮਾ, ਪਸ਼ੂ, ਪੰਛੀਆਂ, ਹਨੇਰ, ਚਾਨਣ ਤੇ ਤਿਤਲੀਆਂ ਤੋਂ ਬਹੁਤ ਦੂਰ ਜਿਹੜੇ ਉਸਦੇ ਤਨ-ਮਨ ਵਿਚ ਸਮਾਏ ਹੋਏ ਸਨ।

ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਜਦ ਉਸਦੀ ਹਲਕੀ-ਫੁਲਕੀ ਤੇ ਕੋਮਲ ਦੇਹ ਅਗਨੀ ਭੇਟ ਹੋ ਰਹੀ ਸੀ ਸਾਰਾ ਸੰਸਾਰ ਮਾਂ ਦਿਵਸ ਮਨਾ ਰਿਹਾ ਸੀ। ਉਹ ਵੀ ਅਰਸ਼ਾਂ ਵਿਚ ਬੈਠੀ ਆਪਣੀ ਮਾਤਾ ਦੀ ਗੋਦ ਵਿਚ ਜਾ ਬੈਠਿਆ ਸੀ। ਭੁਪਿੰਦਰ ਕੌਰ ਨੂੰ ਦਿਲਾਸਾ ਦੇਣ ਦੀ ਜ਼ਿੰਮੇਵਾਰੀ ਉਸਦੇ ਦੋਵੇਂ ਬੇਟਿਆਂ ਅੰਕੁਰ ਤੇ ਮਨਰਾਜ ਦੇ ਸਿਰ ਪਾ ਕੇ।

ਏਧਰ ਆਪਣੇ ਆਪ ਨੂੰ ਚੰਗਾ ਵਾਰਤਾਕਾਰ ਕਹਿਣ ਵਾਲੇ ਮੇਰੇ ਵਰਗੇ ਮੱਦਾਹਾਂ ਨੂੰ ਤਾਂ ਇਹ ਵੀ ਨਹੀਂ ਸੁੱਝ ਰਿਹਾ ਕਿ ਉਸ ਦੇ ਤੁਰ ਜਾਣ ਨਾਲ ਪਏ ਖਲਾਅ ਨੂੰ ਕਿਹੋ ਜਿਹੀ ਸ਼ਬਦਾਵਲੀ ਨਾਲ ਭਰਨ। ਏਥੇ ਵੀ ਮੈਨੂੰ ਉਹਦੇ ਵਲੋਂ ਸੰਤ ਸਿੰਘ ਸੇਖੋਂ ਦੇ ਅਕਾਲ ਚਲਾਣੇ ਸਮੇਂ ਵਰਤੇ ਸ਼ਬਦਾਂ ਦੀ ਸ਼ਰਨ ਲੈਣੀ ਪੈ ਰਹੀ ਹੈ: 'ਕੱਲ੍ਹ ਤੱਕ ਲੁਦਿਹਾਣਾ ਸ਼ਹਿਰ ਦੇ ਇਸ ਪਾਸੇ ਵੀ ਇਕ ਸਤਲੁਜ ਵਗ ਰਿਹਾ ਸੀ ਜਿਹੜਾ ਅਚਾਨਕ ਰੁਕ ਗਿਆ ਹੈ। ਸਦਾ ਲਈ। ਸਦਾ ਸਦਾ ਲਈ।'

ਬਹੁਤ ਪਿਆਰੇ ਸੁਰਜੀਤ ਪਾਤਰ ਨੂੰ ਉਸਦੀ ਅਲਵਿਦਾ ਮੁਬਾਰਕ!

**ਅੰਤਿਕਾ**

ਅਮਾਨਤ ਅਲੀ ਮੁਸਾਫਰ, ਲਾਹੌਰ॥
ਤੇਰੀ ਸ਼ਾਇਰੀ ਛੱਲਾਂ ਮਾਰਦੀ ਜਿਵੇਂ ਪਾਣੀ ਵਿਚ ਦਰਿਆ
ਦਮ ਤੋੜ ਗਈਆਂ ਸਭ ਸੱਧਰਾਂ ਤੇ ਮੱਠੇ ਪੈ ਗਏ ਚਾਅ
ਤੇਰੇ ਉੱਤੇ ਕਰਦਾ ਮਾਣ ਸੀ ਸਾਡਾ ਸਾਰਾ ਪਾਕ ਪੰਜਾਬ
ਤੂੰ ਸ਼ਾਇਰੀ ਦੇ ਬਾਗ ਦਾ ਸੈਂ ਖਿੜਿਆ ਫੁੱਲ ਗੁਲਾਬ।

---

## ਸੁਰਜੀਤ ਪਾਤਰ ਨੂੰ ਸਮਰਪਿਤ ਕਾਵਿ-ਰਚਨਾਵਾਂ

### *ਵੇਖਿਆ ਸੁਣਿਆਂ ਪਾਤਰ*

ਪਾਤਰ ਸਾਹਿਬ ਦੀ ਮੈਂ ਅੜੀਓ, ਕੀ ਕੀ ਸਿਫਤ ਸੁਣਾਵਾਂ।
ਰੱਬੀ ਗੁਣ ਦਾਤੇ ਜੋ ਦਿੱਤੇ, ਉਨ੍ਹਾਂ ਦੇ ਗੁਣ ਗਾਵਾਂ।

ਸੀਤਲ ਸ਼ਾਂਤ ਸੁਭਾਅ ਦੇ ਮਾਲਕ, ਕਦੇ ਨਾ ਬੋਲਣ ਕੌੜਾ
ਹਰ ਗੱਲ ਨਾਪ ਤੋਲ ਕੇ ਬੋਲਣ, ਬੋਲਣ ਥੋੜ੍ਹਾ ਥੋੜ੍ਹਾ
ਚਿਹਰੇ 'ਤੇ ਮੁਸਕਾਨ, ਤੇ ਮੱਥੇ ਕਵਿਤਾ ਦਾ ਸਿਰਨਾਵਾਂ
ਪਾਤਰ ਸਾਹਿਬ ...।

'ਲੱਗੀ ਨਜ਼ਰ ਪੰਜਾਬ ਨੂੰ' ਦੀ ਵੀ ਚਿੰਤਾ ਪਾਤਰ ਕਰਦਾ
ਪਰਦੇਸਾਂ ਦੇ ਦਰਦਾਂ ਨੂੰ ਵੀ, ਸ਼ਾਇਰੀ ਦੇ ਵਿਚ ਭਰਦਾ
ਕਹਿੰਦਾ-ਰਾਹਾਂ 'ਤੇ ਨਹੀਂ ਤੁਰਦਾ, ਆਪਣੇ ਰਾਹ ਬਣਾਵਾਂ
ਪਾਤਰ ਸਾਹਿਬ ...।

ਪਾਣੀ ਵਰਗੇ ਗੀਤ ਨੇ ਉਸਦੇ, ਤਾਂ ਹੀ ਹਰਮਨ ਪਿਆਰੇ
ਪੱਤਝੜ ਵਿਚ ਬਹਾਰ ਉਡੀਕਣ, ਉਹ ਸਾਰੇ ਦੇ ਸਾਰੇ
ਮੋਮਬੱਤੀਆਂ ਜਗਾਉਂਦੇ, ਭਾਵੇਂ ਤੱਤੀਆਂ ਵਗਣ ਹਵਾਵਾਂ
ਪਾਤਰ ਸਾਹਿਬ ...।

ਚੁੱਪ ਚੁਪੀਤੇ ਤੁਰ ਗਿਆ ਪਾਤਰ, ਹਰ ਕੋਈ ਹੈ ਅੱਜ ਕਹਿੰਦਾ
ਮਹਿਫਲ ਵਿਚ ਸੁਣਾਉਂਦਾ ਸ਼ਾਇਰੀ, ਸ਼ਾਨ ਵਧਾਉਂਦਾ ਰਹਿੰਦਾ
ਹਰ ਗਾਇਕ ਦੀ ਇੱਛਾ ਹੁੰਦੀ, ਉਸ ਦੀਆਂ ਗ਼ਜ਼ਲਾਂ ਗਾਵਾਂ
ਪਾਤਰ ਸਾਹਿਬ ...।

'ਦੀਸ਼' ਕਿਉਂ ਤੂੰ ਝੋਰਾ ਲਾਇਆ, ਸੁਖਨਵਰ ਨਾ ਮਰਦੇ
ਹਰ ਇਕ ਦੇ ਦਿਲ ਅੰਦਰ ਵਸ ਕੇ, ਰੌਸ਼ਨ ਜ਼ਿੰਦਗੀ ਕਰਦੇ
ਸ਼ਰਧਾ ਦੇ ਫੁੱਲ ਮੈਂ ਵੀ ਲੈ ਕੇ, ਸਿਜਦਾ ਕਰ ਕੇ ਆਵਾਂ
ਪਾਤਰ ਸਾਹਿਬ ਦੀ ਮੈਂ ਅੜੀਓ, ਕੀ ਕੀ ਸਿਫਤ ਸੁਣਾਵਾਂ।

*-ਗੁਰਦੀਸ਼ ਕੌਰ ਗਰੇਵਾਲ*
*ਫੋਨ +1 403 404 1450*

---

### ਪਾਤਰਨਾਮਾ

ਠੁਮਕ ਠੁਮਕ ਉਹ ਤੁਰਦਾ ਸੀ,
ਬੋਚ ਬੋਚ ਪੱਬ ਧਰਦਾ ਸੀ!
ਸਹਿਜ ਜਿਹੇ ਸਭ ਕਹਿੰਦਾ ਸੀ,
ਸੁਰ ਸਾਜ਼ਾਂ ਸੰਗ ਰਹਿੰਦਾ ਸੀ!

ਐਵਰੈਸਟ ਤੋਂ ਵੀ ਉੱਚਾ ਪਾਤਰ,
ਮੋਤੀਆਂ ਨਾਲੋਂ ਸੁੱਚਾ ਪਾਤਰ!
ਉਸ ਦੇ ਖਿਆਲ ਸਮੁੰਦਰੋਂ ਡੂੰਘੇ,
ਧਰਤੀ ਉਸ ਤੋਂ ਜੇਰਾ ਮੰਗੇ!

ਕਵਿਤਾ ਉਸ ਦੀ ਕਾਇਨਾਤੀ,
ਰਿਖੀਆਂ ਵਰਗੀ ਰੁਖਸਤੀ!
ਪਰ ਪਾਤਰ ਸੁਰਜੀਤ ਵੀ ਹੈ,
ਅਮਰ, ਸਦੀਵੀ ਗੀਤ ਵੀ ਹੈ!

'ਬਲਦਾ ਬਿਰਖ', ਜਗਦੀ ਮੋਮਬੱਤੀ
ਬੁਝਾ ਸਕੂ ਨਾ ਪੌਣ ਕੁਪੱਤੀ!

'ਹਵਾ ਵਿਚ ਲਿਖੇ ਹਰਫ' ਰਹਿਣਗੇ,
ਪਾਤਰ, ਸ਼ਿਵ ਹਰ ਤਰਫ ਰਹਿਣਗੇ!

ਸੁਰ ਸ਼ਬਦ ਕਦੇ ਮਰਦੇ ਨਈਂ,
ਗੀਤ ਗਾਂਵਦੇ ਬਿਰਖ ਰਹਿਣਗੇ!

*-ਪ੍ਰੋ. ਜਸਵੰਤ ਸਿੰਘ ਗੰਡਮ*
*ਫੋਨ: 98766-55055*

---

### .ਗਜ਼ਲ

ਸਾਹਿਤ ਦਾ ਗੁਲਜ਼ਾਰ ਬਣਾਇਆ ਪਾਤਰ ਨੇ।
ਇੱਕ ਵੱਖਰਾ ਸੰਸਾਰ ਬਣਾਇਆ ਪਾਤਰ ਨੇ।
ਸਿਰਜਣ ਵਾਲੀ ਸ਼ਕਤੀ ਭਗਤੀ ਉਸ ਵਿਚ ਸੀ,
ਬਿੰਬਾ ਦਾ ਕਿਰਦਾਰ ਬਣਾਇਆ ਪਾਤਰ ਨੇ।

ਗ਼ਜ਼ਲਾਂ ਲੇਖਾਂ ਵਾਲੀ ਕਰਕੇ ਸਿਰਜਨਤਾ,
ਬੋਲੀ ਦਾ ਸਤਿਕਾਰ ਬਣਾਇਆ ਪਾਤਰ ਨੇ।
ਦੇਸ਼ ਵਿਦੇਸ਼ਾਂ ਵਿਚ ਪੰਜਾਬੀ ਦਾ ਸੂਰਜ,
ਆਰ ਬਣਾਇਆ ਪਾਰ ਬਣਾਇਆ ਪਾਤਰ ਨੇ।

ਇਸ ਦੇ ਸਿਰ 'ਤੇ ਕਲਗੀ ਲਾ ਕੇ ਸਿਰਜਨ ਦੀ,
ਪੰਜਾਬੀ ਨੂੰ ਸਰਦਾਰ ਬਣਾਇਆ ਪਾਤਰ ਨੇ।
ਸਾਹਿਤ ਸਭਾਵਾਂ ਤੇ ਲਿਖਤਾਂ ਦੀ ਜ਼ੁਰਅਤ ਨਾਲ,
ਕਿਰਤਾਂ ਨੂੰ ਹੱਕਦਾਰ ਬਣਾਇਆ ਪਾਤਰ ਨੇ।
ਆਕਾਸ਼ ਬਾਣੀ ਤੇ ਦੂਰਦਰਸ਼ਨ ਦੀ ਪ੍ਰਤਿਭਾ,
ਪ੍ਰਤਿਸ਼ਠਾ ਨੂੰ ਦਮਦਾਰ ਬਣਾਇਆ ਪਾਤਰ ਨੇ।
ਮਾਂ ਬੋਲੀ ਦੀ ਰਜ ਰਜ ਸੇਵਾ ਕੀਤੀ ਹੈ,
ਇੱਕ ਸੱਚਾ ਕਿਰਦਾਰ ਬਣਾਇਆ ਪਾਤਰ ਨੇ।

ਮਰਮਸਪਰਸ਼ੀ ਗਜ਼ਲਾਂ ਗੀਤਾਂ ਦੇ ਰਾਹੀਂ,
ਗਾਇਕਾਂ ਨੂੰ ਫਨਕਾਰ ਬਣਾਇਆ ਪਾਤਰ ਨੇ।
ਸਾਹਿਤ ਦੀ ਝੋਲੀ ਵਿਚ ਪਾ ਕੇ ਪੋਥੀਆਂ,
ਇੱਕ ਸੋਹਣਾ ਉਪਹਾਰ ਬਣਾਇਆ ਪਾਤਰ ਨੇ।

ਬੁਣਤੀ ਲੈ ਕੇ ਨਵਯੁੱਗ ਦੇ ਹਾਲਾਤਾਂ ਦੀ,
ਵੱਖਰਾ ਸੱਭਿਆਚਾਰ ਬਣਾਇਆ ਪਾਤਰ ਨੇ।
ਕ੍ਰਿਤੀਤਵ ਤੇ ਵਿਅਕਤੀਤਵ ਦੇ ਫੁੱਲ ਲੈ ਕੇ,
ਸਾਂਝਾਂ ਵਾਲਾ ਹਾਰ ਬਣਾਇਆ ਪਾਤਰ ਨੇ।

ਭਾਸ਼ਾ ਵਾਲੇ ਆਧੁਨਿਕ ਗਹਿਣੇ ਪਾ ਪਾ ਕੇ,
ਦੁਲਹਨ ਦਾ ਸ਼ਿੰਗਾਰ ਬਣਾਇਆ ਪਾਤਰ ਨੇ।
ਬਾਲਮ ਅੱਖਰ ਜਨਨੀ ਰਾਹੀਂ ਚੁਣ ਚੁਣ ਕੇ,
ਸ਼ਬਦਾਂ ਦਾ ਭੰਡਾਰ ਬਣਾਇਆ ਪਾਤਰ ਨੇ ।

*-ਬਲਵਿੰਦਰ ਬਾਲਮ ਗੁਰਦਾਸਪੁਰ*
*ਫੋਨ: 98 156 25409*

# ਸ਼ਾਇਰੀ ਦਾ ਸੁਰੀਲਾ ਸਫ਼ਰ...ਸੁਰਜੀਤ ਪਾਤਰ

ਨਵੀਂ ਪੰਜਾਬੀ ਕਵਿਤਾ ਦੀਆਂ ਸਾਰੀਆਂ ਲਹਿਰਾਂ, ਸਾਰੀਆਂ ਕਾਵਿ-ਪ੍ਰਵਿਰਤੀਆਂ, ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਨਾਲ ਸੰਬੰਧਿਤ ਸਾਰੀਆਂ ਸੰਸਥਾਵਾਂ ਤੋਂ ਉਚੇ ਕੱਦ-ਬੁੱਤ ਵਾਲਾ ਸੁਰਜੀਤ ਪਾਤਰ ਹੁਣ ਇਸ ਦੁਨੀਆ ਵਿਚ ਨਹੀਂ ਹੈ। ਉਸ ਦਾ ਜਾਣਾ ਸ਼ਾਂਤ ਵਗਦੀ ਨਦੀ ਦੇ ਮਾਰੂਥਲ ਵਿਚ ਜੀਰ ਜਾਣ ਵਰਗਾ ਹੈ। ਉਸ ਨੇ ਕਦੇ ਲਿਖਿਆ ਸੀ :

ਮੈਂ ਆਵਾਜ਼ਾਂ ਤੈਨੂੰ ਬੜੀਆਂ ਮਾਰੀਆਂ
ਤੇਰੀ ਚੁੱਪ ਨੇ ਜੀਰ ਲਈਆਂ ਸਾਰੀਆਂ

ਚੁੱਪ ਨੂੰ ਆਵਾਜ਼ ਦੇਣ ਵਾਲਾ ਸ਼ਾਇਰ ਚੁੱਪ ਹੋ ਗਿਆ ਹੈ। ਉਹ ਪਜਾਬੀ ਕਾਵਿ-ਜਗਤ ਦਾ ਅਜਿਹਾ ਨਾਂਅ ਹੈ ,ਜਿਸ ਦਾ ਕੋਈ ਸਾਨੀ ਨਹੀਂ ਹੈ। ਪੰਜਾਬੀ ਕਵਿਤਾ ਦਾ ਪਰਿਆਏ ਬਣਿਆ ਸੁਰਜੀਤ ਪਾਤਰ ਇਕ ਅਜਿਹੀ ਸਰਵ-ਪ੍ਰਵਾਨਿਤ ਸ਼ਖ਼ਸੀਅਤ



**ਡਾ. ਲਖਵਿੰਦਰ ਸਿੰਘ ਜੌਹਲ**
**ਫੋਨ: 94171-94812**

ਸੀ, ਜਿਸ ਨੂੰ ਹਰ ਕੋਈ ਸਤਿਕਾਰ ਦਿੰਦਾ ਸੀ, ਪਿਆਰ ਕਰਦਾ ਸੀ, ਉਸ ਤੋਂ ਅਗਵਾਈ ਲੈਂਦਾ ਸੀ।

ਕੋਲੰਬੀਆ ਦੇ ਵਿਸ਼ਵ ਕਵਿਤਾ ਉਤਸਵ ਵਿਚ ਭਾਰਤੀ ਕਵਿਤਾ ਦੀ ਪ੍ਰਤੀਨਿਧਤਾ ਕਰਨਾ, ਚੀਨ ਵਿਚ ਜਾਣ ਵਾਲੇ ਭਾਰਤੀ ਲੇਖਕਾਂ ਦੇ ਵਫ਼ਦ ਵਿਚ ਸ਼ਾਮਿਲ ਹੋਣਾ, ਨਿਊਯਾਰਕ ਦੀ ਲਿਟਰੇਚਰ ਕਾਨਫ਼ਰੰਸ ਵਿਚ ਭਾਰਤੀ ਕਵੀ ਵਜੋਂ ਸ਼ਿਰਕਤ ਕਰਨਾ'', ਜਰਮਨ ਦੇ ਪੁਸਤਕ ਮੇਲੇ ਵਿਚ ਪੰਜਾਬੀ ਕਵੀ ਵਜੋਂ ਹਾਜ਼ਰੀ ਭਰਨੀ, ਆਬੂਧਾਬੀ ਦੇ ਵਿਸ਼ਵ ਪੁਸਤਕ ਮੇਲੇ ਵਿਚ ਭਾਰਤੀ ਸਾਹਿਤਕਾਰ ਵਜੋਂ ਉਸ ਨੂੰ ਬੁਲਾਏ ਜਾਣਾ ਸੁਰਜੀਤ ਪਾਤਰ ਦੇ ਵੱਡੇ ਹਾਸਿਲ ਸਨ।

ਪਾਰਗਾਮੀ ਸੁਭਾਅ ਵਾਲਾ ਅਜਿਹਾ ਵਿਅਕਤੀਤਵ ਸਦੀਆਂ ਬਾਅਦ ਹੀ ਪੈਦਾ ਹੁੰਦਾ ਹੈ। 14 ਜਨਵਰੀ, 1945 ਨੂੰ ਦੁਆਬੇ ਦੇ ਪੱਤੜ ਕਲਾਂ ਪਿੰਡ ਵਿਚ ਪੈਦਾ ਹੋਇਆ ਪਾਤਰ ਰੋਟੀ ਰੋਜ਼ੀ ਲਈ ਲੁਧਿਆਣਾ ਵਾਸੀ ਹੋ ਗਿਆ ਸੀ। ਐਮ.ਏ. ਪੰਜਾਬੀ ਵਿਚ ਗੋਲਡ ਮੈਡਲ ਪਰਾਪਤ ਕਰਨ ਵਾਲਾ ਪਾਤਰ, ਐਮ.ਫਿਲ, ਪੀਐੱਚ.ਡੀ. ਤਕ ਪੜ੍ਹਿਆ ਅਤੇ ਫੇਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਸ ਨੂੰ ਆਨਰੇਰੀ ਡੀ.ਲਿੱਟ ਦੀ ਡਿਗਰੀ ਵੀ ਪ੍ਰਦਾਨ ਕੀਤੀ। ਪਰ ਅਜਿਹੀਆਂ ਡਿਗਰੀਆਂ ਅਤੇ ਸਨਮਾਨਾਂ ਤੋਂ ਬਹੁਤ ਉੱਚਾ ਪਾਤਰ ਸ਼ਾਇਰੀ ਦਾ ਅਜਿਹਾ ਦਰਿਆ ਸੀ, ਜਿਸ ਦੀ ਰਵਾਨੀ ਕਵਿਤਾ ਨੂੰ ਤੁਰਨਾ ਸਿਖਾਉਂਦੀ ਸੀ। 'ਹਵਾ ਵਿਚ ਲਿਖੇ ਹਰਫ਼' ਤੋਂ ਸ਼ੁਰੂ ਹੋਈ ਉਸ ਦੀ ਰਚਨਾਕਾਰੀ ਦਾ ਸਫ਼ਰ 'ਚੰਨ ਸੂਰਜ ਦੀ ਵਹਿੰਗੀ' ਰਾਹੀਂ ਹੁੰਦਾ ਹੋਇਆ 'ਇਹ ਬਾਤ ਨਿਰੀ ਏਨੀ ਨਹੀਂ' ਤਕ ਫੈਲਿਆ ਹੋਇਆ ਸੀ। ਉਸ ਦੀ ਰਚਨਾਕਾਰੀ ਗ਼ਜ਼ਲਾਂ, ਗੀਤਾਂ, ਕਵਿਤਾਵਾਂ, ਨਾਟਕਾਂ ਅਤੇ ਵਾਰਤਕ ਦਾ ਉਹ ਖ਼ਜ਼ਾਨਾ ਹੈ, ਜਿਸ ਦੀ ਚਮਕ ਵਰਤਮਾਨ ਦੇ ਨਾਲ-ਨਾਲ ਭਵਿੱਖ ਨੂੰ ਵੀ ਰੁਸ਼ਨਾ ਦੇਣ ਦੀ ਸਮਰੱਥਾ ਰੱਖਦੀ ਹੈ। ਉਹ ਜਦੋਂ ਆਪਣੀਆਂ ਗ਼ਜ਼ਲਾਂ ਨਾਲ ਇਕਸੁਰ ਹੋ ਕੇ ਦਰਸ਼ਕਾਂ/ਸਰੋਤਿਆਂ ਸਾਹਮਣੇ ਹਾਜ਼ਰ ਹੁੰਦਾ ਤਾਂ ਸਮਾਂ ਠਹਿਰ ਜਾਂਦਾ ਸੀ।

ਉਸ ਦੀ ਇਸ ਅਦਾ ਦੀ ਝਲਕ ਉਸ ਦੀ ਅਗਲੀ ਪੀੜ੍ਹੀ ਵਿਚ ਉਸ ਦੇ ਛੋਟੇ ਬੇਟੇ ਮਨਰਾਜ ਵਿਚ ਵੀ ਝਲਕਦੀ ਹੈ। ਉਸ ਦੇ ਵੱਡੇ ਬੇਟੇ ਅੰਕੁਰ ਨੇ ਡਿਜੀਟਲ ਪੇਂਟਿੰਗ ਦਾ ਵਿਲੱਖਣ ਪੈਂਡਾ ਚੁਣਿਆ ਹੋਇਆ ਹੈ। ਉਸ ਦੇ ਬਣਾਏ ਹੋਏ ਬਹੁਤ ਸਾਰੇ ਪੋਰਟਰੇਟਾਂ ਵਿਚ ਆਪਣੇ ਪਿਤਾ ਸੁਰਜੀਤ ਪਾਤਰ ਦਾ ਬਣਾਇਆ ਹੋਇਆ ਪੋਰਟਰੇਟ ਵੀ ਅਦੁੱਤੀ ਹੈ।

ਸੁਰਜੀਤ ਪਾਤਰ ਦੀ ਧਰਮ ਪਤਨੀ ਭੁਪਿੰਦਰ ਕੌਰ ਜਦੋਂ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਆਪਣੀ ਆਵਾਜ਼ ਅਤੇ ਆਪਣੀਆਂ ਸੁਰਾਂ ਨਾਲ ਇਕਸੁਰ ਕਰਦੀ ਹੈ ਤਾਂ ਫ਼ਿਜ਼ਾ ਤਰੰਗਿਤ ਹੋ ਜਾਂਦੀ ਹੈ। ਇਕੋ



ਘਰ ਵਿਚ ਇਕੋ ਛੱਤ ਹੇਠ ਵਗਦੇ, ਪੰਜਾਬੀ ਸਾਹਿਤ ਸਭਿਆਚਾਰ ਦੇ ਏਨੇ ਦਰਿਆਵਾਂ ਵਿਚੋਂ ਇਕ ਦਰਿਆ ਜ਼ਿੰਦਗੀ ਦੇ ਮਾਰੂਥਲ ਨੇ ਜੀਰ ਲਿਆ ਹੈ।

...ਪਾਤਰ ਨਾਲ ਮੇਰੀ ਪਹਿਲੀ ਮੁਲਾਕਾਤ ਸੰਨ 1972 ਨੂੰ ਬੀ.ਡੀ.ਆਰੀਆ ਕਾਲਜ ਜਲੰਧਰ ਛਾਉਣੀ ਵਿਖੇ ਹੋਈ ਸੀ। ਉਹ ਕਵਿਤਾ ਮੁਕਾਬਲਿਆਂ ਦੀ ਜਜਮੈਂਟ ਲਈ ਆਇਆ ਸੀ। ਮੈਂ ਜੰਡਿਆਲਾ ਕਾਲਜ ਵਿਚੋਂ ਕਾਵਿ-ਪ੍ਰਤੀਯੋਗਤਾ ਵਿਚ ਭਾਗ ਲੈਣ ਲਈ ਪਹੁੰਚਿਆ ਸੀ। ਇਨਾਮ ਤਾਂ ਖ਼ਾਲਸਾ ਕਾਲਜ ਜਲੰਧਰ ਤੋਂ ਆਈ ਕਸ਼ਮੀਰ ਕਾਦਰ ਅਤੇ ਨਰਜੀਤ ਖਹਿਰਾ ਦੀ ਜੋੜੀ ਲੈ ਗਈ ਸੀ, ਪਰ ਪ੍ਰਤੀਯੋਗਤਾ ਦੇ ਜੱਜਾਂ ਵਲੋਂ ਪ੍ਰਤੀਭਾਗੀਆਂ ਨਾਲ ਪੀਤੀ ਗਈ ਚਾਹ ਦਾ ਸਵਾਦ ਅਤੇ ਸੁਰਜੀਤ ਪਾਤਰ ਨਾਲ ਕੀਤੀਆਂ ਗੱਲਾਂ ਦੀ ਮਿਠਾਸ ਅਜੇ ਵੀ ਮੈਨੂੰ ਸਰਸ਼ਾਰ ਕਰਦੀ ਰਹਿੰਦੀ ਹੈ...।

ਫੇਰ ਦੂਰਦਰਸ਼ਨ ਦੇ ਅਨੇਕਾਂ ਪ੍ਰੋਗਰਾਮਾਂ ਨਾਲ ਸੁਰਜੀਤ ਪਾਤਰ ਦਾ ਜੜਾਓ ਰਿਹਾ। ਕਦੇ ਸੂਰਜ ਦਾ ਸਿਰਨਾਵਾਂ, ਕਦੇ ਕਾਵਿਸ਼ਾਰ, ਕਦੇ ਲੋਕ ਰੰਗ ਤੇ ਫੇਰ ਰੂਬਰੂ ਉਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਿਲ ਹੈ ਜਿਨ੍ਹਾਂ ਦਾ ਕਦੇ ਉਹ ਸੰਚਾਲਕ ਰਿਹਾ ਅਤੇ ਕਦੇ ਪ੍ਰਤੀਭਾਗੀ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦਾ ਉਹ ਪ੍ਰਧਾਨ ਰਿਹਾ ਅਤੇ ਫੇਰ 2017 ਵਿਚ ਉਸ ਨੂੰ ਪੰਜਾਬ ਕਲਾ ਪਰਿਸ਼ਦ ਦਾ ਚੇਅਰਮੈਨ ਬਣਾ ਦਿੱਤਾ ਗਿਆ। ਇਨ੍ਹਾਂ ਸਾਲਾਂ ਵਿਚ ਉਸ ਨੂੰ ਹੋਰ ਨੇੜਿ'' ਤੱਕਣ ਦਾ ਮੌਕਾ ਮਿਲਿਆ। ਉਸ ਦੀ ਅਗਵਾਈ ਵਿਚ ਪੰਜਾਬ ਕਲਾ ਪਰਿਸ਼ਦ ਦੇ ਸਕੱਤਰ ਦੇ ਅਹੁਦੇ ਉੱਤੇ ਰਹਿੰਦਿਆਂ ਮੈਂ ਉਸ ਦੀ ਸ਼ਖ਼ਸੀਅਤ ਦੇ ਗਹਿਰੇ ਰੰਗਾਂ ਨੂੰ ਅਤਿ ਨੇੜੇ ਤੋਂ ਵੇਖਣ ਦੇ ਅਨੁਭਵ ਦੀ ਜੋ ਅਮੀਰੀ, ਇਨ੍ਹਾਂ ਸਾਲਾਂ ਵਿਚ ਗ੍ਰਹਿਣ ਕੀਤੀ, ਉਹ ਮੇਰਾ ਬੇਹੱਦ ਵਡਮੁੱਲਾ ਸਰਮਾਇਆ ਹੈ। ਪੇਚੀਦਾ ਤੋਂ ਪੇਚੀਦਾ ਮਸਲਿਆਂ ਨੂੰ ਮਿੱਠੀ ਮੁਸਕਾਨ ਨਾਲ ਟਾਲ ਦੇਣਾ, ਉਸ ਦਾ ਮੀਰੀ ਗੁਣ ਸੀ। ਤਲਖ਼ੀ ਭਰੇ ਮਾਹੌਲ 'ਚ ਵੀ ਚਾਰ ਚੁਫ਼ੇਰੇ ਭੜਕ ਰਹੀਆਂ ਮਿਰਚਾਂ ਨੂੰ ਮਿਸ਼ਰੀ ਬਣਾ ਦੇਣ ਦੀ ਕਲਾ, ਉਸ ਨੂੰ ਆਉਂਦੀ ਸੀ। ਅਸਹਿਮਤੀ ਨੂੰ ਸਹਿਮਤੀ, ਅਸਹਿਜਤਾ ਨੂੰ ਸਹਿਜਤਾ, ਤਲਖ਼ੀ ਨੂੰ ਤਰਲਤਾ ਵਿਚ ਬਦਲਣ ਵਾਲਾ ਜਾਦੂਗਰ ਮੇਰੀ ਮਨਪਸੰਦ ਸ਼ਖ਼ਸੀਅਤ ਸੀ...।

ਭਾਸ਼ਾ ਵਿਭਾਗ ਪੰਜਾਬ, ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬੀ ਅਕਾਦਮੀ ਦਿੱਲੀ ਅਤੇ ਭਾਰਤੀ ਸਾਹਿਤ ਅਕਾਦਮੀ ਦੇ ਪੁਰਸਕਾਰਾਂ ਦੇ ਨਾਲ-ਨਾਲ ਉਸ ਨੂੰ ਪੰਚਨਦ ਅਤੇ ਸਰਸਵਤੀ ਪੁਰਸਕਾਰਾਂ ਵਰਗੇ ਕੌਮੀ ਪੁਰਸਕਾਰ ਵੀ ਮਿਲ ਚੁੱਕੇ ਸਨ। ਦੇਸ਼ ਦਾ ਵਕਾਰੀ ਪੁਰਸਕਾਰ ਪਦਮਸ਼੍ਰੀ ਪੁਰਸਕਾਰ ਵੀ ਉਸ ਦੀ ਝੋਲੀ ਵਿਚ ਸੀ... ਸਾਹਿਤਕ ਮੰਚਾਂ ਉੱਤੇ ਉਹ ਸ਼ਿਵ ਕੁਮਾਰ ਦਾ ਜਾਨਸ਼ੀਨ ਸੀ, ਕਵਿਤਾ ਦੀ ਸਰਬੰਗਤਾ ਵਿਚ ਉਹ ਪ੍ਰੋ. ਮੋਹਣ ਸਿੰਘ ਦਾ ਪੂਰਕ ਸੀ, ਪ੍ਰਗਤੀਵਾਦੀ ਧਾਰਾ ਵਿਚ ਉਹ ਪਾਸ਼ ਦਾ ਸਮਾਨੰਤਰੀ ਸੀ ਅਤੇ ਨਵੀ ਪੰਜਾਬੀ ਕਵਿਤਾ ਵਿਚ ਉਹ ਅਜਿਹਾ ਬੇਜੋੜ ਕਵੀ ਸੀ,ਜਿਸ ਦੀ ਕਿਸੇ ਵੀ ਸਮਾਗਮ ਵਿਚ ਹਾਜ਼ਰੀ ਦਿਨ ਦੇ ਸੂਰਜ ਅਤੇ ਰਾਤ ਦੇ ਚੰਦਰਮਾ ਵਰਗੀ ਸੀ...।

ਉਸ ਦੇ ਵਿਛੋੜੇ ਉੱਤੇ ਉਸ ਦੀ ਬਹੁਤ ਪਿਆਰੀ ਗ਼ਜ਼ਲ ਨੂੰ ਯਾਦ ਕਰਦਿਆਂ ਇਉਂ ਲੱਗ ਰਿਹਾ ਹੈ, ਜਿਵੇਂ ਉਹ ਕਹਿ ਰਿਹਾ ਹੋਵੇ... ਉਦਾਸ ਨਾ ਹੋਣਾ... ਮੈਂ ਬਹੁਤ ਜਲਦੀ ਪਰਤ ਆਵਾਂਗਾ...

ਜੇ ਆਈ ਪਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ ਵਿਚ ਯਕੀਨ ਰੱਖੀਂ
ਮੈਂ ਲੱਭ ਕੇ ਲਿਆਉਂਦਾ ਕਿਤਿ'' ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ...
ਕਿਸੇ ਵੀ ਸ਼ੀਸ਼ੇ 'ਚ ਅਕਸ ਆਪਣਾ
ਗੰਧਲਦਾ ਤੱਕ ਨਾ ਉਦਾਸ ਹੋਈਂ
ਸੱਜਣ ਦੀ ਨਿਰਮਲ ਨਦਰ 'ਚ ਹਰਦਮ
ਤੂੰ ਧਿਆਨ ਆਪਣੇ ਨੂੰ ਲੀਨ ਰੱਖੀਂ...

ਉਦਾਸ ਮੌਸਮਾਂ ਵਿਚ ਵੀ ਸੱਜਣ ਦੀ ਨਿਰਮਲ ਨਜ਼ਰ ਵਿਚ, ਆਪਣੇ ਧਿਆਨ ਨੂੰ ਲੀਨ ਰੱਖਣ ਵਾਲਾ ਸੁਰਜੀਤ ਪਾਤਰ ਸਭ ਤਰ੍ਹਾਂ ਦੀਆਂ ਦੋਸਤੀਆਂ ਤੇ ਅਣਜਾਣੀਆਂ ਦੁਸ਼ਮਣੀਆਂ ਦੇ ਸਿਲਸਿਲੇ ਤੋੜ ਕੇ ਘੂਕ ਸੌਂ ਜਾਵੇਗਾ... ਇਹ ਤਾਂ ਸੋਚਿਆ ਹੀ ਨਹੀਂ ਸੀ :-


ਦੋਸਤੀ ਤੇ ਦੁਸ਼ਮਣੀ ਦੇ
ਸਿਲਸਿਲੇ ਸਭ ਤੋੜ ਕੇ
ਇਕ ਨਾ ਇਕ ਦਿਨ ਘੂਕ
ਸੌਂ ਜਾਵਾਂਗਾ ਮਿੱਟੀ ਓੜ ਕੇ।

# ਵੱਡੀ ਹਾਜ਼ਰੀ ਦਾ ਹਾਸਲ ਸੁਰਜੀਤ ਪਾਤਰ

ਵੱਡੀ ਹਾਜ਼ਰੀ ਭਰ ਗਿਆ ਹੈ ਸੁਰਜੀਤ ਪਾਤਰ ਇਸ ਮਾਤਲੋਕ ਵਿਚ ਹਾਜ਼ਰੀ ਲੁਆ ਕੇ, ਆਪਣੇ ਸਾਹਿਤਕ ਮਾਧਿਅਮ ਰਾਹੀਂ ਮਾਨਵੀ ਦੁੱਖਾਂ ਦਰਦਾਂ ਦਾ ਅਨੁਭਵ ਪ੍ਰਗਟਾ ਕੇ। ਪਿਛਲੇ ਪਹਿਰੇ ਉਸ ਦਾ ਲਿਬਾਦਾ. ਉਸ ਦੇ ਹਰੁਫ, ਉਸ ਦਾ ਮੁਕਾਲਮਾ, ਉਸਦੇ ਬੋਲ, ਉਸਦਾ ਲਹਿਜਾ, ਉਸ ਦਾ ਵਜੂਦ ਉਚ ਪਾਏ ਦੀ ਪੁਖ਼ਤਾ ਕਵਿਤਾ ਵਰਗਾ ਹੀ ਹੋ ਗਿਆ ਸੀ। ਕੌਮ ਦੇ ਸੰਘਰਸ਼ਾਂ ਤੇ ਅਜ਼ਾਦੀਆਂ ਦੇ ਘੋਲ ਬਾਰੇ ਗਹਿਰੀਆਂ ਗੱਲਾਂ ਕੀਤੀਆਂ ਤੇ ਫਿਰ

**ਗੱਜਣਵਾਲਾ ਸੁਖਮਿੰਦਰ**
**ਵੱਟਸ ਐਪ +91 99151 06449**

ਕਦਰ ਨਾ ਪੈਣ ਬਾਰੇ ਆਪਣੀ ਇਬਾਰਤ ਵਿਚ ਵੱਡੇ ਅਰਥਾਂ ਦਾ ਅੰਦਰਾਜ਼ ਕਰ ਗਿਆ ਸੀ ਪਾਤਰ। ਉਸ ਦੀ ਕਵਿਤਾ ਜਦ ਬੋਲਦੀ ਤੇ ਜਦੋਂ ਗੁਰੂ ਪਾਤਸ਼ਾਹ ਜਾਂ ਗੁਰੂ ਗ੍ਰੰਥ ਸਹਿਬ ਦਾ ਨਿਆਰੇ ਅੰਦਾਜ਼ ਵਿਚ ਜ਼ਿਕਰ ਕਰਦੀ ਵੱਡੇ ਰਹੱਸਾਂ ਦੇ ਨਕਸ਼ ਉਘੇੜਦੀ ਤਾਂ ਹੋਰ ਭਾਸ਼ਾਵਾਂ ਵਾਲੇ ਲੋਕ ਵੀ ਅਸ਼ ਅਸ਼ ਕਰ ਸਿਜਦਾ ਕਰਦੇ ਲੱਗਦੇ। ਗੱਲ ਪਾਤਰ ਨੂੰ ਤੋਰਨੀ ਨਿਭਾਉਣੀ ਵਿਛਾਉਣੀ ਆਉਂਦੀ ਸੀ। ਉਸ ਕੋਲ ਸ਼ਬਦ-ਗੁਰੂ ਤੇ ਗੁਰੂ ਆਸ਼ੇ ਨੂੰ ਪਰਗਟ ਕਰਨ ਵਿਚ ਵੱਡੀ ਮੁਹਾਰਤ ਦਾ ਖਾਸਾ ਹਾਸਲ ਸੀ। ਅਤੀਤ ਦੀ ਪੀੜ ਤੇ ਵਰਤਮਾਨ ਚ ਪੇਸ਼ ਕੌਮ ਦੀਆਂ ਦੁਸ਼ਵਾਰੀਆਂ ਤੇ ਦਰਪੇਸ਼ ਚਣੌਤੀਆਂ ਦਾ ਜਿਕਰ ਉਸ ਦੇ ਮਨ ਮਸਤਕ 'ਚੋਂ ਸਾਫ-ਸਵਾਫ ਨੁਮਾਇਆ ਹੁੰਦਾ ਸੀ। ਉਸ ਦਾ ਪੰਜਾਬੀ ਸਾਹਿਤਕ ਰੂਪ, ਬੌਧਕਿਤਾ ਦੀ ਚਾਸ਼ਨੀ ਚ ਡੁਬਿਆ ਹੋਣ ਕਰਕੇ ਪਾਤਰ ਵੱਖਰੇ ਹਟਵੇਂ ਰੂਪ ਮਹਾਨ ਸਾਇਰ ਦੇ ਸਾਂਚੇ ਵਿਚ ਆ ਗਿਆ ਸੀ; ਸੰਜਮ, ਠਰੰਮੇ, ਅਪਣੱਤ ਤੇ ਨਿੱਘ ਦੇ ਵਜੂਦ ਦਾ ਧਾਰਨੀ ਪਾਤਰ ਜਦ ਮਾਈਕ ਤੇ ਹਾਜ਼ਰ ਹੁੰਦਾ ਤਾਂ ਉਹ ਪਲਾਂ ਵਿਚ ਐਸੀ ਉਚੀ ਉਡਾਨ ਭਰ ਜਾਂਦਾ ਕਿ ਦਰਸ਼ਕ ਦੇ ਮਨ ਮਸਤਕ ਤੇ ਕੋਈ ਅਜਬ ਜਿਹੀ ਅਵਸਥਾ ਤਾਰੀ ਹੋ ਜਾਂਦੀ ਤੇ ਪਾਤਰ ਦਾ ਕਾਵਿ ਸਾਹਿਤਕ ਕਥਾ ਪ੍ਰਵਾਹ ਅੰਤਰ ਮੁਗਧਤਾ ਵੱਲ ਲੈ ਜਾਂਦਾ। ਉਸਦਾ ਬੌਧਿਕ ਚਿੰਤਨ ਕੁਦਰਤੀ ਐਨਾ ਪ੍ਰਬਲ ਸੀ ਕਿ ਉਸ ਦੇ ਮੁੱਖੋਂ ਅਲਫਾਜ਼ ਫੁੱਟਦੇ, ਉਗਦੇ ਹੀ ਨਹੀਂ ਸਨ, ਸਗੋਂ ਐ ਲੱਗਦਾ ਜਿਵੇ ਉਸ ਦਾ ਸਾਰਾ ਤੁਲੱਫਜ਼ ਕਿਸੇ ਰੂਹਾਨੀ ਫਾਰਮੈਟ ਚ ਬੱਧਤ ਹੋਵੇ, ਕਿਸੇ ਰੂਹਾਨੀ ਚਸਮੇ 'ਚੋਂ ਨਿਕਲਦਾ ਹੋਵੇ। ਬੜੇ ਤਵੀਲ ਅਰਸੇ ਤੋਂ ਪਾਤਰ ਦੇ ਸਾਹਿਤਕ ਮੁਕਾਮ ਦੇ ਨਜ਼ਦੀਕ ਕੋਈ ਇਕ ਵੀ ਨਹੀਂ ਸੀ ਢੁਕ ਸਕਿਆ; ਦੂਰ ਤਕ



ਪਾਤਰ ਹੀ ਦਿਸਦਾ ਰਿਹਾ। ਪਾਤਰ ਦੇ ਰਿਦੈ ਅੰਦਰ ਪ੍ਰਕਿਰਤੀ ਦਾ ਵਿਸਾਲ ਅਨੁਭਵ ਤੇ ਰੂਹਾਨੀਅਤ ਦਾ ਵਗਦਾ ਨਿਰਮਲ ਵਹਾਅ ਸੀ। ਉਸ ਦੀ ਤਹਿਰੀਰ ਅੰਦਰ ਲੁਕਵਾਂ, ਗੁੱਝਾ, ਹਿਡਨ ਰੂਪ ਵਿਚ ਰੂਹਾਨੀਅਤ ਦਾ ਵਿਸ਼ਾਲ ਪਸਾਰ ਸੀ।

ਆਪਣੀ ਨਿਵੇਕਲੀ ਸਾਹਿਤਕ ਸ਼ਬਦ-ਲੀਲ੍ਹਾ ਰਾਹੀਂ ਇਸ ਦੁਨਿਆਵੀ ਜਗਤ ਵਿਚ ਵੱਡੀ ਹਾਜ਼ਰੀ ਲੁਆਉਣ ਦਾ ਹਾਸਲ ਬਣਨ ਵਾਲਾ ਸੁਰਜੀਤ ਪਾਤਰ ਚਾਹੇ ਚਲਾ ਗਿਆ ਪਰ ਉਹ ਹਮੇਸ਼ਾ ਲਈ ਸਾਡੇ ਸੁਚੇਤ ਚੇਤਿਆ ਦਾ ਹਿੱਸਾ ਬਣਿਆ ਰਹੇਗਾ। ਉਸ ਦੇ ਅਲਫਾਜ਼, ਉਸਦੇ ਬੌਧਿਕ ਬੋਲਾਂ ਦੀ ਗੂੰਜ ਸਾਡੀ ਪੰਜਾਬੀ ਦੁਨੀਆ ਦੀ ਫਿਜ਼ਾ ਵਿਚ ਹਮੇਸ਼ਾ ਲਈ ਤੈਰਦੀ, ਸੁਣਦੀ ਤੇ ਕੰਨਾਂ 'ਚ ਪੈਂਦੀ ਰਹੇਗੀ। ਸੁਰਜੀਤ ਪਾਤਰ ਦੀ ਇਸ ਮਾਨਵੀ ਸੰਸਾਰ ਵਿਚ ਲੱਗੀ ਵੱਡੀ ਹਾਜ਼ਰੀ ਹਮੇਸ਼ਾ ਸਾਡੀਆਂ ਵੱਡੀਆਂ ਯਾਦਾਂ ਵਿਚ ਸ਼ੁਮਾਰ ਰਹੇਗੀ।

# ਆਖ਼ਰੀ ਸਫ਼ਰ (ਮਿੰਨੀ ਕਹਾਣੀ)

ਦਿੱਲੀ ਰੇਲਵੇ ਸਟੇਸ਼ਨ 'ਤੇ ਆਂਧਰਾ ਪ੍ਰਦੇਸ਼ ਐਕਸਪ੍ਰੈੱਸ ਲੱਗ ਚੁੱਕੀ ਸੀ। ਪਲੇਟਫਾਰਮ 'ਤੇ ਉਹੀ ਵੀਹ ਸਾਲ ਪਹਿਲਾਂ ਵਾਲੀ ਭੱਜ ਦੌੜ। ਕੋਈ ਬੈਗ ਚੁੱਕੀ ਗੱਡੀ ਚੜ੍ਹਨ ਲਈ ਭੱਜਿਆ ਜਾ ਰਿਹਾ ਸੀ ਤੇ ਕੋਈ ਸੂਟਕੇਸ ਚੁੱਕੀ ਉੱਤਰਨ ਲਈ ਕਾਹਲਾ ਸੀ। ਪਰ ਅੱਜ ਕੰਵਰ ਬਿਲਕੁਲ ਆਰਾਮ ਨਾਲ ਆਪਣਾ ਸਾਮਾਨ ਲੈ ਕੇ ਆਪਣੀ ਰਿਜ਼ਰਵੇਸ਼ਨ ਵਾਲੀ ਸੀਟ ਵੱਲ ਜਾ ਰਿਹਾ ਸੀ। ਗੱਡੀ ਚੱਲਣ ਤੋਂ ਦਸ ਕੁ ਮਿੰਟ ਪਹਿਲਾਂ ਕੰਵਰ ਆਪਣੀ ਸੀਟ 'ਤੇ ਬੈਠ ਗਿਆ ਸੀ। ਸ਼ਾਮੀ ਛੇ ਕੁ ਵਜੇ ਗੱਡੀ ਚੱਲ ਕੇ ਹੁਣ ਰਫ਼ਤਾਰ ਫੜ ਚੁੱਕੀ ਸੀ। ਖਿੜਕੀ ਵਿਚੋਂ ਦੀ ਬਾਹਰ ਤੱਕਦਿਆਂ ਠੰਢੀ ਹਵਾ ਦੇ ਬੁੱਲੇ ਲੈਂਦਿਆਂ ਕੰਵਰ ਦੇ ਦਿਮਾਗ਼ 'ਚ ਪੰਦਰਾਂ-ਵੀਹ ਸਾਲ ਪਹਿਲਾਂ ਦੀ ਰੀਲ੍ਹ ਘੁੰਮਣ ਲੱਗੀ। ਹੈਦਰਾਬਾਦ ਪੜ੍ਹਦਿਆਂ ਕੰਵਰ ਹੋਰੀਂ ਇਕੱਠੇ ਦਸ ਵੀਹ ਜਣੇ ਗਰੁੱਪ 'ਚ ਹਰ ਛੇ ਮਹੀਨੇ ਬਾਅਦ ਛੁੱਟੀਆਂ ਵਿਚ ਪੰਜਾਬ ਆਉਂਦੇ ਹੁੰਦੇ ਸੀ। ਕਦੇ ਸੀਟ ਰਿਜ਼ਰਵ ਹੋਣੀ ਤੇ ਕਦੇ ਜਨਰਲ ਡੱਬੇ ਵਿਚ ਹੀ ਸਾਰੇ ਰਸਤੇ ਸੀਟਾਂ ਲਈ ਧੱਕੇ ਮੁੱਕੀ ਹੁੰਦੇ ਰਹਿੰਦੇ।

ਅੱਜ ਏਨੇ ਸਾਲਾਂ ਬਾਅਦ ਕੰਵਰ ਆਪਣੀ ਕੰਪਨੀ ਵੱਲੋਂ ਪਹਿਲੇ ਦਫ਼ਤਰੀ ਟੂਰ 'ਤੇ ਹੈਦਰਾਬਾਦ ਜਾ ਰਿਹਾ ਸੀ। ਨਾ ਕਿਸੇ ਨਾਲ ਸੀਟਾਂ ਦੀ ਲੜਾਈ ਤੇ ਨਾ ਹੀ ਦੋਸਤਾਂ ਦਾ ਸ਼ੋਰ ਸ਼ਰਾਬਾ। ਕੰਵਰ ਆਪਣੇ ਡੱਬੇ ਵਾਲੇ ਕੈਬਿਨ ਵਿਚ ਇਕੱਲਾ ਹੀ ਪੁਰਾਣੀਆਂ ਯਾਦਾਂ 'ਚ ਡੁੱਬਿਆ ਹੋਇਆ ਖ਼ਾਮੋਸ਼ ਬੈਠਾ ਸੀ। ਗੱਡੀ ਠੰਢ ਅਤੇ ਹਨੇਰੇ 'ਚ ਛੂਕਦੀ ਖ਼ਾਮੋਸ਼ੀ ਨੂੰ ਤੋੜ ਰਹੀ ਸੀ। ਕੰਵਰ ਸੋਚ ਰਿਹਾ ਸੀ ਕਿ ਉਸ ਨੇ ਕਿੰਨੀਆਂ ਠੰਢੀਆਂ ਰਾਤਾਂ ਅਤੇ ਕਿੰਨੇ ਹੀ ਤਪਦੇ ਦੁਪਹਿਰ ਏਸੇ ਗੱਡੀ ਵਿਚ ਹੰਢਾਏ ਸਨ। ਉਦੋਂ ਕਿਵੇਂ ਸ਼ੌਕ ਤੇ ਜੋਸ਼ ਨਾਲ ਰਸਤੇ ਵਿਚ ਹਰ ਸਟੇਸ਼ਨ 'ਤੇ ਗੱਡੀ ਰੁਕਣ ਤੋਂ ਪਹਿਲਾਂ ਹੀ ਉੱਤਰ ਜਾਣਾ ਤੇ ਚੱਲਣ ਤੋਂ ਬਾਅਦ ਹੀ ਗੱਡੀ ਵਿਚ ਚੜ੍ਹਨਾ।

ਸਾਹਮਣੇ ਬਰਥ 'ਤੇ ਅਚਾਨਕ ਬੈਗ ਰੱਖਣ ਦੀ ਆਵਾਜ਼ ਨਾਲ ਕੰਵਰ ਦੀ ਸੋਚਾਂ ਦੀ ਲੜੀ ਟੁੱਟੀ ਅਤੇ ਸਾਹਮਣਿਓਂ ਆਵਾਜ਼ ਆਈ, ''ਇਜ਼ ਦਿਸ ਐਸ 9?'' ਹੜਬੜਾਹਟ 'ਚ ''ਯੈਸ'' ਕਹਿੰਦਿਆਂ ਕੰਵਰ ਨੇ ਦੇਖਿਆ ਕਿ 27-28 ਸਾਲਾਂ ਦੀ ਮੁਟਿਆਰ ਕੁੜੀ ਜੋ ਕਿ ਵੇਖਣ ਵਿਚ ਸਾਊਥ ਇੰਡੀਅਨ ਲੱਗ ਰਹੀ ਸੀ।''ਥੈਂਕਸ'', ਬੈਠਦਿਆਂ ਉਸ ਨੇ ਕਿਹਾ। ਗੱਲਾਂ ਦਾ ਸਿਲਸਿਲਾ ਸ਼ੁਰੂ ਹੋਇਆ ਤੇ ਉਸ ਨੇ ਦੱਸਿਆ ਕਿ ਉਹ ਇੱਕ ਕੰਪਨੀ ਦੀ ਈਵੈਂਟ ਮੈਨੇਜਰ ਹੈ ਤੇ ਦਿੱਲੀ ਇੱਕ ਈਵੈਂਟ ਆਰਗੇਨਾਈਜ਼ ਕਰ ਕੇ ਵਾਪਸ ਹੈਦਰਾਬਾਦ ਜਾ ਰਹੀ ਹੈ। ਗੱਲਾਂ ਕਰਦਿਆਂ ਨਾਂ ਅਤੇ ਮੋਬਾਈਲ ਨੰਬਰ ਵੀ ਐਕਸਚੇਂਜ ਹੋ ਗਏ। 'ਕਸ਼ਿਸ਼' ਦੱਸਿਆ ਸੀ ਉਸ ਨੇ ਆਪਣਾ ਨਾਂ। ਸਾਂਵਲਾ ਜਿਹਾ ਰੰਗ ਤੇ ਲੋਹੜੇ ਦਾ ਆਤਮ-ਵਿਸ਼ਵਾਸ। ਗੱਲ ਕਰਨ ਦਾ ਤਰੀਕਾ ਹੀ ਅਲੱਗ ਜਿਹਾ ਸੀ ਉਸ ਦਾ। ਪਿਛਲੇ ਪੰਦਰਾਂ ਸਾਲਾਂ 'ਚ ਪੜ੍ਹਾਈ ਦੌਰਾਨ ਓਹੀ ਰੂਟ ਤੇ ਉਹੀ ਟਰੇਨ, ਪਰ ਕੰਵਰ ਨੂੰ ਆਉਂਦੇ-ਜਾਂਦਿਆਂ



ਅਜਿਹੀ ਹਮਸਫ਼ਰ ਕਦੇ ਵੀ ਨਹੀਂ ਸੀ ਮਿਲੀ। ਚਾਰ ਕੁ ਘੰਟਿਆਂ ਦੇ ਸਫ਼ਰ 'ਚ ਇਹ ਲੱਗਦਾ ਹੀ ਨਹੀਂ ਸੀ ਕਿ ਕੰਵਰ ਨਾਲ ਕਸ਼ਿਸ਼ ਦੀ ਇਹ ਪਹਿਲੀ ਮੁਲਾਕਾਤ ਸੀ। ਆਪਸ ਵਿਚ ਗੱਲਾਂ ਕਰਨ ਕਰਕੇ ਹੁਣ ਰੇਲ ਦੇ ਇੰਜਣ ਤੇ ਹਾਰਨ ਦੀ ਆਵਾਜ਼ ਵੀ ਮੱਧਮ ਜਿਹੀ ਲੱਗ ਰਹੀ ਸੀ।

ਝਾਂਸੀ ਲੰਘਣ ਤੋਂ ਬਾਅਦ ਗੱਡੀ ਗੁਫ਼ਾ ਵਿਚ ਵੜਨ ਸਾਰ ਅਚਾਨਕ ਹੋਏ ਹਨੇਰੇ ਕਾਰਨ ਕਸ਼ਿਸ਼ ਡਰ ਕੇ ਚੀਕਦੀ ਹੋਈ ਕੰਵਰ ਦੇ ਸੀਨੇ ਨਾਲ ਜਿਵੇਂ ਲਿਪਟ ਹੀ ਗਈ ਅਤੇ ਫਿਰ ਉਸ ਰਾਤ ਗੱਡੀ ਵਿਚ ਉਹ ਹੱਦ ਵੀ ਪਾਰ ਹੋ ਗਈ, ਜੋ ਨਹੀਂ ਸੀ ਹੋਣੀ ਚਾਹੀਦੀ।

ਸਵੇਰੇ ਪੰਜ ਕੁ ਵਜੇ ਗੱਡੀ ਕਿਸੇ ਸਟੇਸ਼ਨ 'ਤੇ ਰੁਕੀ। ਉੱਥੇ ਚਾਹ ਵਾਲਿਆਂ ਦੇ ਰੌਲੇ ਨਾਲ ਕੰਵਰ ਦੀ ਅੱਖ ਖੁੱਲ੍ਹੀ। ਅੱਖਾਂ ਮਲਦੇ ਹੋਏ ਉੱਠ ਕੇ ਕੰਵਰ ਨੇ ਦੇਖਿਆ ਕਿ ਕਸ਼ਿਸ਼ ਦੀ ਸੀਟ 'ਤੇ ਉਸ ਦੀ ਜਗ੍ਹਾ ਕੋਈ ਹੋਰ ਫੈਮਿਲੀ ਬੈਠੀ ਹੋਈ ਸੀ। ਜਲਦਬਾਜ਼ੀ ਤੇ ਬੌਖਲਾਹਟ ਜਿਹੀ 'ਚ ਕੰਵਰ ਨੇ ਆਪਣਾ ਮੋਬਾਈਲ ਜੇਬ ਵਿਚੋਂ ਕੱਢਿਆ ਤੇ ਦੇਖਿਆ ਕਿ ਮੋਬਾਈਲ ਦੀ ਸਕਰੀਨ 'ਤੇ ਕਸ਼ਿਸ਼ ਦਾ ਮੈਸੇਜ ਫਲੈਸ਼ ਕਰ ਰਿਹਾ ਸੀ। ਕੰਵਰ ਨੇ ਮੈਸੇਜ ਖੋਲ੍ਹ ਕੇ ਵੇਖਿਆ ਤੇ ਲਿਖਿਆ ਸੀ, ''ਕੰਵਰ, ਵੈੱਲਕਮ ਟੂ ਦਾ ਵਰਲਡ ਆਫ਼ ਏਡਜ਼-ਕਸ਼ਿਸ਼''। ਮੈਸੇਜ ਪੜ੍ਹਦੇ ਸਾਰ ਹੀ ਕੰਵਰ ਤਾਂ ਜਿਵੇਂ ਬਰਫ਼ ਦੀ ਸਿੱਲ੍ਹ ਹੀ ਹੋ ਗਿਆ ਸੀ। ਹੁਣ ਉਸ ਨੂੰ ਕੰਪਨੀ ਵੱਲੋਂ ਸਪਾਂਸਰ ਇਹ ਪਹਿਲਾ ਟੂਰ, ਪਹਿਲਾ ਨਹੀਂ, ਸਗੋਂ ਜ਼ਿੰਦਗੀ ਦਾ ਆਖ਼ਰੀ ਸਫ਼ਰ ਲੱਗ ਰਿਹਾ ਸੀ।

*-ਅਮਰਬੀਰ ਸਿੰਘ ਚੀਮਾ*
*ਫੋਨ: 98889-40211*

ਕਹਾਣੀ

# ਮੜ੍ਹੀਆਂ ਤੋਂ ਦੂਰ

***ਰਘੁਬੀਰ ਢੰਡ ਦੀ ਕਹਾਣੀ 'ਮੜ੍ਹੀਆਂ ਤੋਂ ਦੂਰ' ਉਨ੍ਹਾਂ ਪੰਜਾਬੀਆਂ ਦੀ ਦਾਸਤਾਂ ਬਿਆਨ ਕਰਦੀ ਹੈ, ਜੋ ਰੋਜ਼ੀ-ਰੋਟੀ ਲਈ ਪਰਦੇਸ ਗਏ ਪਰ ਮੁੜ ਕਦੇ ਵਤਨੀਂ ਪਰਤ ਨਾ ਸਕੇ। ਪਿਛੇ ਰਹਿੰਦੇ ਉਨ੍ਹਾਂ ਦੇ ਮਾਪਿਆਂ ਨੂੰ ਵਿਦੇਸ਼ ਜਾ ਕੇ ਆਪਣੇ ਬੱਚਿਆਂ ਨਾਲ ਰਹਿਣ ਦੀ ਖਾਹਸ਼ ਤਾਂ ਹੁੰਦੀ ਹੈ ਪਰ ਜਦੋਂ ਉਨ੍ਹਾਂ ਨੂੰ ਵਿਦੇਸ਼ਾਂ ਦੀ ਅਸਲੀਅਤ ਨਾਲ ਦੋ-ਚਾਰ ਹੋਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਮੁੜ ਦੇਸ਼ ਪਰਤਣ ਦੀ ਕਾਹਲ ਪੈਂਦੀ ਹੈ, ਜਿੱਥੋਂ ਦੀਆਂ ਮੜ੍ਹੀਆਂ ਵੀ ਉਨ੍ਹਾਂ ਨੂੰ ਇਨ੍ਹਾਂ ਮੁਲਕਾਂ ਤੋਂ ਚੰਗੀਆਂ ਲੱਗਦੀਆਂ ਨੇ।***

**ਰਘੁਬੀਰ ਢੰਡ**

ਹਾਲੀਂ ਮਸਾਂ ਨੌਂ ਵੱਜੇ ਹੋਣਗੇ ਕਿ ਟੈਲੀਫੂਨ ਦੀ ਘੰਟੀ ਵੱਜਣ ਲੱਗੀ। ਇੰਨੇ ਸਵਖਤੇ!...ਹੌਲ ਜਿਹਾ ਪੈਣ ਲੱਗਾ। ਸੁੱਖ ਹੋਵੇ-ਪਤਨੀ, ਨੂੰਹ, ਪੁੱਤ, ਧੀ ਰਾਜ਼ੀ ਖੁਸ਼ੀ ਆਪੋ-ਆਪਣੇ ਕੰਮਾਂ 'ਤੇ ਪਹੁੰਚ ਗਏ ਹੋਣ। ਨਾਸਤਿਕ ਹਾਂ-ਚਾਰਵਾਕ। ਪੱਕਾ ਪਤਾ ਵੀ ਹੈ ਕਿ ਰੱਬ-ਰੁੱਬ ਕੁਝ ਨਹੀਂ ਹੈ। ਸਿਰਫ ਅਗਿਆਨ ਤੇ ਸਵੈ-ਵਿਸ਼ਵਾਸ ਦੀ ਥੁੜ੍ਹ ਵਿਚੋਂ ਪੈਦਾ ਹੋਇਆ ਠੁੰਮ੍ਹਣਾ ਹੈ। ਫਿਰ ਵੀ ਸੰਸਕਾਰਾਂ ਦੀ ਧੂੜ ਅਜੇ ਗਹਿਰ ਵਾਂਗ ਚੜ੍ਹੀ ਹੋਣ ਕਰਕੇ, ਟੈਲੀਫੂਨ ਚੁੱਕਣ ਤੋਂ ਪਹਿਲਾਂ ਮੈਂ ਆਖਿਆ: ਸੁੱਖ ਰੱਖੀਂ! ਤੇ ਟੈਲੀਫੂਨ ਚੁੱਕ, ਦੁਨੀਆਂ ਭਰ ਦਾ ਬੋਰ, ਪਰ ਪ੍ਰਚਲਿਤ ਸ਼ਬਦ ਬੋਲਿਆ, ਹੈਲੋ!

-ਬੇਟਾ ਮੈਂ ਮਾਸੀ ਆਂ। ਤੂੰ ਮੇਰੇ ਕੋਲ ਆ ਸਕਨੈਂ?

-ਕਿਉਂ ਨੀ ਮਾਸੀ ਜੀ? ਤੁਸੀਂ ਹੁਕਮ ਕਰੋ ਤੇ ਮੈਂ ਨਾ ਆਵਾਂ! ਉਂਜ ਸੁੱਖ ਤਾਂ ਹੈ?

-ਫਿਕਰ ਵਾਲੀ ਗੱਲ 'ਤੇ ਕੋਈ ਨਹੀਂ ਬੇਟਾ। ਮੈਂ ਬਹੁਤ ਉਦਾਸ ਆਂ।

-ਬੱਸ ਹੁਣੇ ਆਇਆ।

ਆਖ ਮੈਂ ਟੈਲੀਫੂਨ ਰੱਖ ਦਿੱਤਾ। ਫਿਕਰ ਵਾਲੀ ਗੱਲ ਤਾਂ ਕੋਈ ਨਹੀਂ! ਇਹ ਗੱਲ ਮਾਸੀ, ਤੂੰ ਖੂਬ ਕਹੀ। ਕੀ ਇੰਗਲੈਂਡ ਵਿਚ ਇਸ ਤੋਂ ਵੱਡੀ ਫਿਕਰ ਵਾਲੀ ਗੱਲ ਵੀ ਕੋਈ ਹੋ ਸਕਦੀ ਹੈ ਕਿ ਕੋਈ ਬੰਦਾ ਉਦਾਸ ਹੋਵੇ? ਇਹ ਤਾਂ ਬਿਲਕੁਲ ਅਜਿਹੀ ਗੱਲ ਹੈ ਜਿਵੇਂ ਇੰਡੀਆ ਵਿਚ ਕੋਈ ਤੁਹਾਨੂੰ ਟੈਲੀਫੂਨ ਕਰੇ ਕਿ ਜੇ ਤੂੰ ਨਾ ਆਇਆ ਤਾਂ ਸਾਡੇ ਰੋਟੀ ਨਹੀਂ ਪੱਕਣੀ। ਇਹ ਵੱਖਰੀ ਗੱਲ ਹੈ ਕਿ ਜਿਹਨੂੰ ਰੋਟੀ ਦਾ ਸੰਸਾ ਹੋਵੇ, ਟੈਲੀਫੂਨ ਉਹਦੀ ਮਾਰ ਵਿਚ ਨਹੀਂ ਹੁੰਦਾ। ਰੋਟੀ ਨਾ ਪੱਕਣ ਨਾਲ ਸਰੀਰ ਮਰ ਜਾਂਦਾ ਹੈ ਤੇ ਉਦਾਸੀ ਨਾਲ ਰੂਹ ਤੜਫ ਤੜਫ ਮਰ ਜਾਂਦੀ ਹੈ। ਮੈਂ ਨਹੀਂ ਸਾਂ ਚਾਹੁੰਦਾ ਕਿ ਮਾਸੀ ਪਹਿਲਾਂ ਉਦਾਸ ਰਹਿਣ ਲੱਗੇ, ਫਿਰ ਡਾਕਟਰ ਉਸ ਨੂੰ ਟ੍ਰੈਂਕਲਾਈਜ਼ਰ 'ਤੇ ਟ੍ਰੈਂਕਲਾਈਜ਼ਰ ਦੇਵੇ ਅਤੇ ਉਹ ਪਾਗਲਾਂ ਵਾਂਗ ਟਿਕਟਿਕੀ ਬੰਨ੍ਹ ਜਿਧਰ ਵੇਖਣਾ ਸ਼ੁਰੂ ਕਰੇ, ਵੇਖਦੀ ਹੀ ਤੁਰੀ ਜਾਵੇ...ਫਿਰ ਸੱਚੀਂ-ਮੁੱਚੀਂ ਹੀ ਪਾਗਲ ਹੋ ਜਾਵੇ ਅਤੇ ਉਸ ਦਾ ਸਕਾ ਪੁੱਤਰ ਤੇ ਨੂੰਹ ਆਪਣੇ ਕੀਮਤੀ ਵਕਤ 'ਚੋਂ ਦਸ ਮਿੰਟ ਕੱਢ ਮੰਦਿਰ ਜਾਣ ਤੇ ਮਾਤਾ ਦੀ ਮੂਰਤੀ ਮੂਹਰੇ ਡੰਡੌਤ ਕਰ ਸੁੱਖ ਸੁਖਣ: "ਹੇ ਮਾਤਾ! ਜੇ ਤੂੰ ਸਾਡੀ ਮਾਂ ਨੂੰ ਛੇਤੀ ਤੋਂ ਛੇਤੀ ਚੁੱਕ ਲਵੇਂ ਤਾਂ ਅਸੀਂ ਪੰਜ ਸੌ ਇਕ ਪੌਂਡ ਦਾ ਮੱਥਾ ਟੇਕੀਏ। ਜ਼ਰਾ ਹਿਸਾਬ ਵੀ ਲਾ ਲੈਣਾ, ਇਹ ਰਕਮ ਰੁਪਈਆਂ ਵਿਚ ਦਸ ਹਜ਼ਾਰ ਬਣਦੀ ਐ। (ਉਦੋਂ ਇਕ ਪੌਂਡ 20 ਰੁਪਏ ਦਾ ਸੀ) ਉਂਜ ਮਾਤਾ! ਅਸੀਂ ਰੋਟੀ ਤੇ ਆਰਤੀ ਵੀ ਕਰਵਾ ਸਕਦੇ ਹਾਂ। ਇਨ੍ਹਾਂ 'ਤੇ ਕਿਹੜਾ ਰੋਕੜੀਆਂ ਲਗਦੀਆਂ ਨੇ। ਪਰ ਮਾਤਾ, ਸਾਡੇ ਕੋਲ ਤਾਂ ਇਹ ਸੋਚਣ ਦਾ ਵੀ ਵਕਤ ਨੀ ਕਿ ਅਸੀਂ ਇਨਸਾਨ ਹਾਂ ਕਿ ਉੱਲੂ। ਉਹ ਜਾਣੇ, ਇਕ ਸੌ ਇਕ ਹੋਰ ਵੀ ਜਮ੍ਹਾਂ ਕਰ ਲੈ, ਆਰਤੀ ਰੋਟੀ ਦੇ ਸਮਝ ਕੇ। ਜਦੋਂ ਸਾਡੀ ਸੁੱਖ ਪੂਰੀ ਹੋ ਗਈ, ਉਦੋਂ ਵੀ ਪਿਛੇ ਨਹੀਂ ਹਟਾਂਗੇ। ਸ਼ੇਰਾਂ ਵਾਲੀ ਮਾਤਾ, ਤੇਰੀ ਸਦਾ ਹੀ ਜੈ!"

ਮੈਂ ਤੁਰਿਆ ਜਾਂਦਾ ਮਾਸੀ ਦੀ ਉਦਾਸੀ ਦੀ ਕਲਪਨਾ ਕਰਦਾ ਆਪ ਉਦਾਸ ਹੋ ਗਿਆ।

ਮਾਸੀ ਦਾ ਪੁੱਤ ਬਲਵੰਤ ਰਾਏ ਕੁਝ ਮਹੀਨੇ ਪਹਿਲਾਂ ਜਦੋਂ ਇੰਡੀਆ ਗਿਆ ਤਾਂ ਮਾਸੀ ਯਾਨਿ ਉਹਦੀ ਮਾਂ, ਉਸ ਨੂੰ ਤੱਤੀਆਂ-ਤੱਤੀਆਂ ਸੁਣਾਉਣ ਲੱਗੀ: "ਰੁੜ੍ਹ ਜਾਣਿਆਂ! ਤੈਨੂੰ ਪੱਚੀ ਸਾਲ ਹੋ ਗਏ ਵਲਾਇਤ ਰਹਿੰਦੇ ਨੂੰ। ਦੋਵੇਂ ਕੁੜੀਆਂ ਤੇ ਮੁੰਡਾ ਵੀ ਉਥੇ ਹੀ ਜੰਮੇ ਪਲੇ ਤੇ ਜਵਾਨ ਹੋਏ। ਰੰਨ ਦਾ ਹੀ ਬਣ ਕੇ ਰਹਿ ਗਿਆ ਏਂ ਨਾ। ਲੋਕਾਂ ਦੇ ਮੁੰਡਿਆਂ ਨੇ ਆਪਣੀਆਂ ਮਾਂਵਾਂ ਕਿੰਨੀ-ਕਿੰਨੀ ਵਾਰ ਬੁਲਾਈਆਂ। ਤੈਨੂੰ ਕੋਈ ਸ਼ਰਮ ਹਯਾ ਨੀ? ਆਂਢਣਾਂ-ਗੁਆਂਢਣਾਂ ਮੈਨੂੰ ਬੋਲੀ ਮਾਰਦੀਆਂ ਨੇ। ਕੀ ਮੂੰਹ ਵਿਖਾਵਾਂ ਉਨ੍ਹਾਂ ਨੂੰ? ਮਾਂਵਾਂ ਦਾ ਕੀਤਾ ਤਾਂ ਪੁੱਤ ਸਾਰੀ ਉਮਰ ਨ੍ਹੀਂ ਦੇ ਸਕਦੇ। ਨੌਂ ਮਹੀਨੇ ਤੇਰਾ ਭਾਰ ਚੁੱਕਿਆ, ਜਨਮ-ਪੀੜਾਂ ਸਹੀਆਂ, ਤੇਰਾ ਗੰਦ ਹੂੰਝਿਆ, ਆਪ ਗਿੱਲੇ ਥਾਂ ਪਈ, ਤੈਨੂੰ ਸੁੱਕੇ ਥਾਂ ਪਾਇਆ। ਪਰ ਤੂੰ ਮੈਨੂੰ ਇਕ ਵਾਰ ਵੀ ਇੰਗਲੈਂਡ ਨੀ ਵਿਖਾਇਆ। ਊਂ, ਊਂ, ਊਂ!" ਉਹ ਭੁੱਬਾਂ ਮਾਰਨ ਲੱਗ ਪਈ।

ਆਪਣੀ ਮਾਂ ਦੀ ਦਰਦਨਾਕ ਖਾਹਿਸ਼ ਸੁਣ ਬਲਵੰਤ ਰਾਏ ਉਹਦੇ ਨਾਲ ਲੱਗੇ ਮੰਜੇ 'ਤੇ ਬਹਿ ਗਿਆ। ਉਹਦੀਆਂ ਅੱਖਾਂ ਪੂੰਝੀਆਂ ਤੇ ਗਲਵਕੜੀ ਪਾ ਆਖਣ ਲੱਗਾ, "ਬੀਬੀ, ਤੁਹਾਨੂੰ ਹਿੰਦੋਸਤਾਨੀਆਂ ਨੂੰ ਸਿੱਧੀ ਤੇ ਸਪੱਸ਼ਟ ਗੱਲ ਕਰਨੀ ਪਤਾ ਨ੍ਹੀਂ ਕਦੋਂ ਆਊ। ਇੰਜ ਘੇਰ ਕੇ ਗੱਲ ਕਰਦੇ ਹੋ ਜਿਵੇਂ ਤਮਾਖੂ ਦੇ ਖੇਤ 'ਚੋਂ ਸਹਾ ਕੱਢਣਾ ਹੋਵੇ। ਤੂੰ ਇੰਗਲੈਂਡ ਜਾਣਾ ਈ? ਬੱਸ ਗੱਲ ਖਤਮ। ਤੈਨੂੰ ਮੈਂ ਨਾਲ ਲੈ ਜਾਊਂ।"

ਤੇ ਮਾਸੀ, ਯਾਨਿ ਬਲਵੰਤ ਰਾਏ ਦੀ ਮਾਂ ਇੰਗਲੈਂਡ ਆ ਗਈ। ਹਾਂ, ਉਸ ਨੇ ਇੰਗਲੈਂਡ ਆਉਣ ਤੋਂ ਪਹਿਲਾਂ ਆਪਣੀਆਂ ਸਹੇਲੀਆਂ ਕੋਲ ਦੋਹਰ-ਤਿਹਰ ਲਾ ਦੱਸਿਆ: "ਭੈਣੇਂ ਕਿਸੇ ਦਾ ਤਾਂ ਇਕ ਅੱਧਾ ਹੋਵੇਗਾ, ਮੇਰੇ ਤਾਂ ਸੁੱਖ ਨਾਲ ਪੰਜੇ ਸਰਵਣ ਨੇ।"



ਵਲਾਇਤ ਪੁਜਦਿਆਂ ਸਾਰ ਪਹਿਲੇ ਐਤਵਾਰ, ਅਸੀਂ ਬਲਵੰਤ ਰਾਏ ਤੇ ਉਹਦੀ ਪਤਨੀ ਬਿੰਦੂ, ਉਨ੍ਹਾਂ ਦੇ ਤਿੰਨ ਬੱਚਿਆਂ ਅਤੇ ਖਾਸ ਮਹਿਮਾਨ ਮਾਸੀ ਨੂੰ ਖਾਣੇ 'ਤੇ ਸੱਦਿਆ। ਕਿਆ ਬਾਤਾਂ ਸਨ, ਮਾਸੀ ਦੀਆਂ! ਏਨੀ ਸੋਹਣੀ ਔਰਤ! ਜੀਅ ਕੀਤਾ, ਬਲਵੰਤ ਨੂੰ ਆਖਾਂ: "ਤੂੰ ਬਈ ਕੀਹਦੇ 'ਤੇ ਗਿਐਂ? ਕਣਕ 'ਚ ਕੰਗਿਆਰੀ!"

ਮਾਸੀ ਕੀ ਸੀ, ਕਮਾਲ ਸੀ। ਪੰਜ ਫੁੱਟ ਚਾਰ ਇੰਚ ਲੰਮੀ। ਨਾ ਮੋਟੀ ਨਾ ਸੋਟੀ। ਵਾਲ ਬਹੁਤੇ ਚਿੱਟੇ ਪਰ ਏਨੇ ਕੂਲੇ ਤੇ ਚਮਕੀਲੇ ਜਿਵੇਂ ਨੀਗਰੋ ਮੁਟਿਆਰ ਦਾ ਪਿੰਡਾ ਹੋਵੇ। ਮੋਟੀਆਂ ਅੱਖਾਂ, ਤਿੱਖਾ ਨੱਕ ਤੇ ਦੰਦ ਵੀ ਨੀਗਰੋ ਮੁਟਿਆਰ ਵਰਗੇ। ਸਭ ਤੋਂ ਖੂਬਸੂਰਤ ਸਨ ਬੁੱਲ੍ਹ- ਪਤਲੇ ਮਹੀਨ ਤੇ ਕੂਲੇ ਜਿਵੇਂ ਸ਼ਹਿਦ ਮਲ-ਮਲ ਪਾਲੇ ਹੋਣ। ਮੈਂ ਪੈਰੀਂ ਹੱਥ ਲਾਏ ਤੇ ਮੇਰੀ ਪਤਨੀ ਨੇ ਹੱਥ ਜੋੜ ਨਮਸਤੇ ਬੁਲਾਈ। ਮਾਸੀ ਨੇ ਉਸ ਨੂੰ ਗਲਵਕੜੀ ਵਿਚ ਲਿਆ ਜਿਵੇਂ ਅਸੀਂ ਉਹਦੇ ਬਹੁਤ ਹੀ ਆਪਣੇ ਹੁੰਦੇ ਹਾਂ। ਮੈਂ ਉਨ੍ਹਾਂ ਨੂੰ ਬਿਠਾਉਂਦਿਆਂ ਆਖਿਆ, "ਬੀਬੀ ਜੀ, ਮੈਂ ਬੜਾ ਖੁਸ਼ ਆਂ ਕਿ ਆਪਣੇ ਮੁਲਕ ਵਿਚ ਅਜੇ ਤੁਹਾਡੇ ਵਰਗੇ ਮੋਹ ਕਰਨ ਵਾਲੇ ਲੋਕ ਜਿਉਂਦੇ ਨੇ। ਇਥੇ ਤਾਂ ਬੀ ਨਾਸ ਹੋ ਗਿਐ... ਬਲਵੰਤ ਯਾਰ, ਬੱਚਿਆਂ ਨੂੰ ਕਿਉਂ ਨ੍ਹੀਂ ਲਿਆਂਦਾ?" ਮੈਂ ਬੱਚੇ ਨਾਲ ਨਾ ਵੇਖ ਸਵਾਲ ਕੀਤਾ।

"ਉਹ ਯਾਰ, ਸਾਡੇ ਆਖੇ ਨੀ ਲਗਦੇ। ਆਏ ਨੀ।" ਬਲਵੰਤ ਨੇ ਜਵਾਬ ਦਿੱਤਾ। ਉਹ ਬੜਾ ਹੀ ਸੱਚਾ ਤੇ ਸਪਸ਼ਟ ਬੰਦਾ ਸੀ। ਫੜਾਕ ਮੂੰਹ 'ਤੇ ਗੱਲ ਮਾਰਦਾ।

"ਨਹੀਂ ਭਾਈ ਸਾਹਿਬ, ਇਨ੍ਹਾਂ ਦੀ ਤਾਂ ਮਜ਼ਾਕ ਕਰਨ ਦੀ ਆਦਤ ਏ। ਲੜਕਾ ਆਪਣੇ ਫਰੈਂਡਾਂ ਨਾਲ ਬਾਹਰ ਗਿਆ ਹੋਇਐ। ਲੜਕੀਆਂ ਨੂੰ ਆਪਣੀ ਬੋਲੀ ਨਹੀਂ ਆਂਦੀ। ਬੋਰ ਹੀ ਹੋਣਾ ਸੀ ਵਿਚਾਰੀਆਂ ਨੇ।" ਪਤਨੀ ਨੇ ਪੜਦਾ ਪਾਇਆ ਜਿਵੇਂ ਹਰ ਮਾਂ ਪਾਉਂਦੀ ਹੈ।

ਇਸੇ ਮਿਲਣੀ ਵਿਚ ਅਸੀਂ ਮਾਸੀ ਨੂੰ ਬੀਬੀ ਜੀ ਦੀ ਥਾਂ ਮਾਸੀ ਜੀ ਆਖਣ ਲੱਗ ਪਏ। ਦਰਅਸਲ ਉਹਦੇ ਇਕ ਦੋ ਸ਼ਬਦ- ਵੰਝਿਆ, ਡਿੰਗੀ ਆਦਿਕ ਮੇਰੀ ਪਤਨੀ ਨੇ ਨੋਟ ਕਰਦਿਆਂ ਆਖਿਆ: "ਤੁਸੀਂ ਤਾਂ ਉਧਰ ਪਾਕਿਸਤਾਨ ਤੋਂ ਆਏ ਲਗਦੇ ਹੋ।"

-ਹਾਂ ਧੀਏ, ਰਾਵਲਪਿੰਡੀਉਂ।

-ਮੇਰੇ ਮਾਤਾ ਜੀ ਵੀ ਰਾਵਲਪਿੰਡੀ ਦੇ ਨੇ।

-ਫਿਰ ਤੇ ਤੂੰ ਮੇਰੀ ਭਣੇਵੀਂ ਹੋਈ ਕਿ!

-ਹਾਂ, ਮਾਸੀ ਜੀ!

ਪਹਿਲੀ ਮਿਲਣੀ ਵਿਚ ਹੀ ਸਾਡਾ ਮਾਸੀ ਨਾਲ ਅੰਤਾਂ ਦਾ ਮੋਹ ਹੋ ਗਿਆ ਅਤੇ ਪਹਿਲੀ ਮਿਲਣੀ ਵਿਚ ਹੀ ਮਾਸੀ ਦੇ ਪੁੱਤ ਬਲਵੰਤ ਰਾਏ ਨੇ ਆਪਣੇ ਸਪਸ਼ਟ ਸੁਭਾਅ ਅਨੁਸਾਰ ਸਪਸ਼ਟ ਗੱਲ ਕਰ ਦਿੱਤੀ: "ਵੇਖੀਂ ਬੀਬੀ ਜੀ, ਅਸੀਂ ਤਾਂ ਕੁੱਤੇ ਦੀ ਮੌਤ ਮਰਨ ਵਾਲੇ ਲੋਕ ਆਂ। ਸਵੇਰੇ ਛੇ ਵਜੇ ਸ਼ੌਪ ਖੋਲ੍ਹਦੇ ਆਂ। ਸ਼ੌਪ ਦਾ ਮਤਲਬ ਏ ਦੁਕਾਨ। ਸ਼ਾਮ ਨੂੰ ਨੌਂ-ਦਸ ਵਜੇ ਬੰਦ ਕਰਦੇ ਆਂ। ਘਰ ਪਰਤ ਅੱਧ-ਸੁੱਤੇ ਹੀ ਰੋਟੀ ਖਾਂਦੇ ਆਂ। ਤੁਸੀਂ ਆਪਣਾ ਦਿਲ ਆਪ ਹੀ ਲਾਉਣਾ ਏ। ਜੇ ਕਦੀ ਉਦਾਸ ਹੋਵੋ ਤਾਂ ਇਨ੍ਹਾਂ ਨੂੰ ਫੋਨ ਕਰ ਲੈਣਾ। ਇਹ ਤੁਹਾਡੀ ਖਬਰ-ਸਾਰ ਲੈ ਲੈਣਗੇ। ਬੰਦੇ ਚੰਗੇ ਨੇ। ਨਾਲੇ ਇਨ੍ਹਾਂ ਕੋਲ ਵਕਤ ਏ।"

-ਕਿਉਂ ਪੁੱਤਰ, ਤੁਸੀਂ ਕੋਈ ਕੰਮ-ਧੰਦਾ ਨਹੀਂ ਕਰਦੇ? ਮਾਸੀ ਨੇ ਸਵਾਲ ਕੀਤਾ, ਜਿਸ ਦਾ ਸਾਡੀ ਥਾਂ ਉਹਦੇ ਪੁੱਤਰ ਨੇ ਹੀ ਜਵਾਬ ਦਿੱਤਾ: "ਕੰਮ ਤਾਂ ਕਰਦੇ ਨੇ। ਪਰ ਸਾਡੇ ਵਾਂਗ ਕੁੱਤੇ ਦੀ ਮੌਤ ਨੀ ਮਰਦੇ। ਨੌਕਰੀ ਪੇਸ਼ਾ ਲੋਕ ਨੇ। ਨੌਂ ਵਜੇ ਜਾਂਦੇ ਨੇ ਤੇ ਪੰਜ ਵਜੇ ਘਰ। ਸਨਿਚਰ-ਐਤ ਦੀਆਂ ਪੂਰੀਆਂ ਦੋ ਛੁੱਟੀਆਂ। ਇਹੋ ਜਿਹੇ ਲੋਕ ਸਾਡੇ ਲਈ ਤਾਂ ਵਿਹਲੇ ਹੀ ਹੁੰਦੇ ਨੇ।"

ਮਾਸੀ ਦਾ ਸੁਭਾਅ ਬਹੁਤ ਮਿਲਾਪੜਾ ਤੇ ਮਿੱਠਾ ਸੀ। ਅਸੀਂ ਤਾਂ ਉਸ ਨੇ ਮੁੱਲ ਹੀ ਲੈ ਲਏ। ਅਗਲਾ ਐਤਵਾਰ ਆਇਆ ਤਾਂ ਅਸੀਂ ਮਾਸੀ ਨੂੰ ਪੁੱਛਿਆ ਕਿ ਗੁਰਦਵਾਰੇ ਜਾਵੋਗੇ ਕਿ ਮੰਦਿਰ?

ਮਾਸੀ ਨੇ ਜਵਾਬ ਦਿੱਤਾ: "ਪੁੱਤਰ, ਕੋਈ ਫਰਕ ਨੀ ਦੋਵੇਂ ਥਾਂ ਚੱਲਾਂਗੇ। ਸਵੇਰੇ ਗੁਰਦਵਾਰੇ, ਸ਼ਾਮੀਂ ਮੰਦਿਰ।"

-ਮਾਸੀ ਜੀ, ਇਹੋ ਜਿਹੇ ਮਹਾਨ ਲੋਕ ਤਾਂ ਘੱਟ ਹੀ ਵੇਖੇ ਨੇ ਜਿਹੜੇ ਗੁਰਦਵਾਰੇ ਤੇ ਮੰਦਿਰ, ਦੋਹਾਂ ਥਾਂਵਾਂ 'ਤੇ ਜਾਣ। ਤੁਸੀਂ ਤਾਂ ਕਮਾਲ ਕਰ ਦਿੱਤੀ।

-ਨਹੀਂ ਬੇਟਾ, ਇਹ ਫਰਕ ਵਾਲੀ ਬੀਮਾਰੀ ਤਾਂ ਹੁਣੇ ਚੱਲੀ ਏ। ਉਧਰ ਸਾਡੇ ਪਾਕਿਸਤਾਨ ਵਿਚ ਤਾਂ ਹਿੰਦੂਆਂ ਨੂੰ ਗੁਰੂ ਨਾਲ ਬੜਾ ਪਿਆਰ ਸੀ। ਜੇ ਇਕ ਪੁੱਤਰ ਨੂੰ ਸਿੱਖ ਨਾ ਬਣਾਂਦੇ ਤਾਂ ਲੜਕੇ ਬਚਦੇ ਨਹੀਂ ਸਨ।

ਮੈਨੂੰ ਮਾਸੀ ਦੀ ਗੱਲ ਬਹੁਤ ਚੰਗੀ ਲੱਗੀ। ਮੈਂ ਇਸ ਦੇ ਵਿਗਿਆਨਕ ਆਧਾਰ ਨੂੰ ਨਹੀਂ ਪਰਖਿਆ, ਬਲਕਿ ਇਸ ਵਿਚ ਲੁਕੀ ਨੇਕ ਭਾਵਨਾ ਨੇ ਮੈਨੂੰ ਕੀਲ ਲਿਆ। ਬਗੀਚੀ ਵਿਚ ਭਾਂਤ-ਭਾਂਤ ਦੇ ਫੁੱਲ ਲਹਿਰਾ ਰਹੇ ਹੋਣ ਤਾਂ ਬਗੀਚੀ ਦੀ ਆਭਾ ਨੂੰ ਚਾਰ ਚੰਨ ਲੱਗ ਜਾਂਦੇ ਹਨ, ਮੈਂ ਸੋਚਿਆ।

ਮੈਂ ਤੇ ਮੇਰੀ ਪਤਨੀ ਮਾਸੀ ਨੂੰ ਗੁਰਦਵਾਰੇ ਤੇ ਮੰਦਿਰ ਲੈ ਕੇ ਜਾਣ ਲਈ ਤਿਆਰ ਹੋ ਗਏ। ਬਲਵੰਤ ਤੇ ਉਹਦੀ ਪਤਨੀ, ਉਨ੍ਹਾਂ ਦੇ ਲੜਕੇ ਤੇ ਦੋਹਾਂ ਧੀਆਂ ਨੂੰ ਆਖਿਆ: "ਬਈ ਮਾਂ ਤਾਂ ਤੁਹਾਡੀ ਐ। ਤੁਸੀਂ ਵੀ ਨਾਲ ਸੰਗਤ ਕਰੋ।" ਜਵਾਬ ਵਿਚ ਬਲਵੰਤ ਰਾਏ ਨੇ ਫਿਰ ਖਰੀ ਤੇ ਸਿੱਧੀ ਗੱਲ ਕੀਤੀ: "ਭਾਈ ਸਾਹਿਬ ਐਤਵਾਰ ਨੂੰ ਸਿਰਫ ਚਾਰ ਘੰਟੇ ਵਿਹਲੇ ਮਿਲਦੇ ਨੇ। ਉਹੀ ਸਮਾਂ ਸਾਡੀ ਜ਼ਿੰਦਗੀ ਦਾ ਸੁਰਗ ਹੁੰਦਾ ਏ ਜਿਸ 'ਚ ਅਸੀਂ ਨ੍ਹਾ-ਧੋ ਲੈਂਦੇ ਆਂ, ਮਨਮਰਜ਼ੀ ਦੀ ਤਾਜ਼ੀ ਰੋਟੀ ਖਾ ਲੈਂਦੇ ਆਂ ਤੇ ਸੌਂ ਲੈਂਦੇ ਆਂ। ਇਹ ਸੁਰਗ ਸਾਥੋਂ ਨਾ ਖੋਹੋ।"

-ਠੀਕ ਐ, ਨਹੀਂ ਖੋਹੰਦਾ। ਤੂੰ ਬਈ ਅਨੰਤ? ਚਲ ਮੰਦਿਰ ਗੁਰਦਵਾਰੇ ਯਾਰ, ਮਾੜੀ-ਮੋਟੀ ਆਪਣੀ ਸਭਿਅਤਾ ਦਾ ਪਤਾ ਲੱਗੇਗਾ। ਮੈਂ ਉਨ੍ਹਾਂ ਦੇ ਲੜਕੇ ਨੂੰ ਆਖਿਆ।

-ਸੌਰੀ ਅੰਕਲ ਜੀ, ਮੈਂ ਆਪਣੇ ਫਰੈਂਡਾਂ ਨਾਲ ਆਲਰੈਡੀ ਪ੍ਰੋਗਰਾਮ ਬਣਾਇਆ ਹੋਇਐ। ਉਂਜ ਵੀ ਮੈਨੂੰ ਸਮਝ ਨੀ ਪੈਂਦੀ ਕਿ ਉਥੇ ਕੀ ਕਹਿੰਦੇ ਨੇ। ਬਹੁਤ ਬੋਰ ਹੋ ਜਾਂਦਾ ਹਾਂ।

-ਤੂੰ ਭਾਈ ਅਨੀਤਾ?

-ਮੈਂ ਅੰਕਲ ਜੀ ਅੱਜ ਟੈਲੀ ਵੇਖਣੈ।

-ਤੂੰ ਭਾਈ ਮੀਰਾ? ਅਖੀਰ ਮੈਂ ਉਨ੍ਹਾਂ ਦੀ ਭਲੀਮਾਣਸ ਜਿਹੀ ਕੁੜੀ ਨੂੰ ਪੁੱਛਿਆ।

-ਮੈਂ ਅੰਕਲ ਜੀ, ਨਾ ਜਾਵਾਂ ਤਾਂ ਤੁਸੀਂ ਮਾਈਂਡ ਤਾਂ ਨਹੀਂ ਕਰੋਗੇ? ਮੈਨੂੰ ਮੰਦਿਰ ਗੁਰਦਵਾਰੇ ਜਾਣਾ ਚੰਗਾ ਨੀ ਲਗਦਾ। ਪਿਛਲੇ ਸਮੇਂ ਦੀਆਂ ਨਾ ਸਮਝ ਆਣ ਵਾਲੀਆਂ ਗੱਲਾਂ ਕਰਦੇ ਨੇ। ਘਰ ਹੀ ਰਹਾਂਗੀ ਤੇ ਮੰਮੀ ਦੀ ਹੈਲਪ ਕਰਾਂਗੀ। ਪਰ ਜੇ ਤੁਸੀਂ ਆਖੋ ਤਾਂ ਚਲੀ ਵੀ ਚਲਦੀ ਹਾਂ।

-ਨਹੀਂ ਬੇਟਾ, ਤੂੰ ਘਰ ਹੀ ਰਹਿ। ਮਾਂ ਦੀ ਸੇਵਾ ਕਰਮਾਂ ਨਾਲ ਹੀ ਮਿਲਦੀ ਐ। ਪਰ ਜਿਹੜੇ ਘਰ ਵਿਚ ਮਾਂ ਬਾਪ ਸਵੇਰੇ ਛੇ ਵਜੇ ਤੋਂ ਰਾਤ ਦੇ ਦਸ ਵਜੇ ਤੀਕ ਆਪਣੇ ਬੱਚਿਆਂ ਦਾ ਮੂੰਹ ਨਹੀਂ ਵੇਖਦੇ, ਉਥੇ ਖੈਰ ਕਰਮ ਤਾਂ ਕਿਸੇ ਦੇ ਕੀ ਚੰਗੇ ਹੋ ਸਕਦੇ ਨੇ। ਅੱਛਾ, ਸਾਸਰੀ ਕਾਲ ਤੇ ਨਮਸਤੇ... ਅਸੀਂ ਚੱਲੇ।

ਇਹ ਸਿਲਸਿਲਾ ਕਈ ਹਫਤੇ ਜਾਰੀ ਰਿਹਾ। ਮਾਸੀ ਪੁਰਾਣੇ ਵੇਲਿਆਂ ਦੀ ਔਰਤ ਸੀ। ਪੁਰਾਣੇ ਸਮਿਆਂ ਦੀਆਂ ਔਰਤਾਂ ਵਿਚ ਇਕ ਚੀਜ਼ ਤਾਂ ਸਾਂਝੀ ਹੁੰਦੀ ਹੈ ਕਿ ਉਹ ਕਰਮ ਕਰਦੀਆਂ ਹਨ, ਸੋਚਦੀਆਂ ਅਤੇ ਝੂਰਦੀਆਂ ਨਹੀਂ। ਮਨ ਵਿਚ ਵਿਚਾਰ ਆਇਆ ਨਹੀਂ ਤੇ ਉਹ ਉਠ ਕੇ ਤੁਰੀਆਂ ਨਹੀਂ। ਮਾਸੀ ਗੁਰਦਵਾਰੇ ਗਈ, ਮੱਥਾ ਟੇਕਿਆ, ਦੋ ਬੋਲ ਬਾਣੀ ਦੇ ਸੁਣੇ, ਮੁੜ ਮੱਥਾ ਟੇਕਿਆ ਤੇ ਮੇਰੀ ਪਤਨੀ ਨੂੰ ਪੁੱਛਣ ਲੱਗੀ: "ਲੰਗਰ ਕਿਧਰ ਐ ਧੀਏ?" ਮੇਰੀ ਪਤਨੀ ਉਸ ਨੂੰ ਲੰਗਰ ਵਿਚ ਲੈ ਗਈ। ਵੜਦਿਆਂ ਹੀ ਮਾਸੀ ਨੇ ਏਪ੍ਰਨ ਬੰਨ੍ਹਿਆ ਤੇ ਰੋਟੀਆਂ ਪਕਾਉਣ ਲੱਗ ਪਈ। ਇਸ ਕਰਮ ਦਾ ਅਸਰ ਆਮ ਸੇਵਕਾਂ 'ਤੇ ਤਾਂ ਪੈਣਾ ਹੀ ਸੀ, ਪ੍ਰਧਾਨ 'ਤੇ ਵੀ ਪਿਆ, ਹਾਲਾਂਕਿ ਧਾਰਮਿਕ ਅਦਾਰਿਆਂ ਦੇ ਪ੍ਰਧਾਨਾਂ 'ਤੇ ਆਮ ਸੇਵਕਾਂ ਵੱਲੋਂ ਕੀਤੇ ਚੰਗੇ ਕਰਮਾਂ ਦਾ ਅਸਰ ਘੱਟ ਹੀ ਪੈਂਦਾ ਹੈ। ਉਸ ਨੇ ਵੀ ਮੈਨੂੰ ਵਾਰ-ਵਾਰ ਕਿਹਾ ਕਿ ਮਾਤਾ ਜੀ ਨੂੰ ਲੈ ਕੇ ਆਇਆ ਕਰੋ। ਇਹੋ ਜਿਹੀ ਸੇਵਾ ਭਾਵਨਾ ਵਾਲੇ ਜਿਉੜਿਆਂ ਸਦਕਾ ਹੀ ਗੁਰੂ ਘਰ ਆਬਾਦ ਨੇ। ਆਪਣੀ ਘਰਵਾਲੀ ਨੂੰ ਤਾਂ ਮੈਂ ਜਦੋਂ ਵੀ ਲੰਗਰ ਦੀ ਸੇਵਾ ਲਈ ਆਖਦਾ, ਉਹਦੇ ਉੱਲਾਂ ਉਠ ਆਉਂਦੀਆਂ ਨੇ। ਪ੍ਰਧਾਨ ਵੀ ਬਲਵੰਤ ਰਾਏ ਵਾਂਗ ਸਪਸ਼ਟ ਬੰਦਾ ਜਾਪਦਾ ਸੀ।

ਇਸੇ ਤਰ੍ਹਾਂ ਮੰਦਿਰ ਵਿਚ ਮਾਸੀ ਨੇ ਭਜਨ ਗਾਏ ਤੇ ਧੂੜਾਂ ਪੱਟ ਦਿੱਤੀਆਂ। ਇਥੇ ਵੀ ਪ੍ਰਧਾਨ ਸਾਹਿਬ ਇੰਨੇ ਪ੍ਰਭਾਵਿਤ ਹੋਏ ਕਿ ਆਪ ਪੰਜਾਬੀ ਹੁੰਦਿਆਂ ਵੀ ਮੈਨੂੰ ਹਿੰਦੀ ਵਿਚ ਬੇਨਤੀ ਕੀਤੀ: "ਅਰੇ ਭਾਈ, ਮਾਤਾ ਜੀ ਕੋ ਹਰ ਵੀਕ ਲੇ ਕਰ ਆਇਆ ਕਰੋ। ਅੱਛੇ ਭਜਨ ਗਾਨੇ ਵਾਲੇ ਤੋ ਮਿਲਤੇ ਹੀ ਨਹੀਂ। ਗੁਰਦਾਸ ਮਾਨ ਕੀ ਤਰਜ਼ ਪਰ ਸਾਲੇ ਤਿਗੜਮ-ਤਿਗੜਮ ਕਰਤੇ ਰਹਿਤੇ ਹੈਂ।"

ਇਨ੍ਹਾਂ ਸਾਰੀਆਂ ਗੱਲਾਂ ਤੋਂ ਵੱਧ ਮਾਸੀ ਨੂੰ ਇੰਗਲੈਂਡ ਦੇ ਰਹਿਣ-ਸਹਿਣ ਨੇ ਪ੍ਰਭਾਵਿਤ ਕੀਤਾ। ਬੱਸ ਮਹਾਂ-ਪ੍ਰਸੰਨਤਾ ਦੇ ਵੇਗ ਵਿਚ ਇੰਗਲੈਂਡ ਦੀਆਂ ਸਿਫਤਾਂ ਤੇ ਇੰਡੀਆ ਦੀਆਂ ਕੁਸਿਫਤਾਂ ਕਰਦੀ ਰਹਿੰਦੀ: ਬੇਟਾ, ਵੇਖਣ ਤੇ ਸੁਣਨ 'ਚ ਬਹੁਤ ਫਰਕ ਐ। ਜੇ ਸੁਰਗ ਕਿਤੇ ਹੋਵੇਗਾ ਵੀ ਤਾਂ ਉਹ ਇੰਗਲੈਂਡ ਤੋਂ ਚੰਗੇਰਾ ਨਹੀਂ ਹੋਵੇਗਾ। ਏਅਰਪੋਰਟ 'ਤੇ ਉਤਰੀ ਤਾਂ ਏਨੇ ਗੋਰੇ ਚਿੱਟੇ ਲੋਕ ਤੇ ਏਨੀ ਸਫਾਈ ਵੇਖ ਮੇਰੀਆਂ ਤਾਂ ਅੱਖਾਂ ਚੁੰਧਿਆ ਗਈਆਂ। ਨੰਗੇਜ਼ ਜ਼ਰਾ ਵੱਧ ਏ। ਪਰ ਉਹ ਜਾਣੇ, ਇਹ ਤਾਂ ਆਪਣੇ-ਆਪਣੇ ਮੁਲਕ ਦੇ ਰਿਵਾਜ ਨੇ। ਏਨੀਆਂ ਚੌੜੀਆਂ ਤੇ ਸਾਫ-ਸੁਥਰੀਆਂ ਸੜਕਾਂ, ਭਾਵੇਂ ਜੀਭ ਨਾਲ ਚੱਟ ਲਵੋ। ਕੋਈ ਹਾਰਨ ਨਹੀਂ ਵਜਾਂਦਾ। ਇੰਡੀਆ 'ਚ ਤਾਂ ਬੱਸਾਂ ਟਰੱਕਾਂ ਵਾਲੇ ਕੰਨਾਂ ਦੇ ਪੜਦੇ ਪਾੜ ਦਿੰਦੇ ਨੇ।... ਤੇ ਗੰਦ? ਤੋਬਾ, ਤੋਬਾ! ਸਾਰਾ ਮੁਲਕ ਹੀ ਟੌਲਟ ਬਣਿਆ ਹੋਇਆ ਏ।

-ਅੱਜ ਮੇਰਾ ਬਲਵੰਤ ਦਸਦਾ ਸੀ ਕਿ ਇਨ੍ਹਾਂ ਮੁਲਕਾਂ ਤੋਂ ਮੱਖਣ, ਦੁੱਧ ਤੇ ਪਨੀਰ ਸੰਭਾਲਿਆ ਨਹੀਂ ਜਾ ਰਿਹਾ, ਇਸ ਲਈ ਮੁਫਤ ਵੰਡਿਆ ਜਾ ਰਿਹਾ ਏ। ਮੈਂ ਤਾਂ ਆਹਨੀ ਆਂ ਕਿ ਸੁਰਗ ਵਿਚ ਵੀ ਏਨੀਆਂ ਨੇਅਮਤਾਂ ਨਹੀਂ ਹੋ ਸਕਦੀਆਂ। ਨਾਲੇ ਪੁੱਤਰ, ਸੁਰਗ ਕਿਹੜਾ ਕਿਸੇ ਨੇ ਵੇਖਿਆ ਏ। ਵਾਹ-ਵਾਹ! ਅੰਗਰੇਜ਼ ਨੇ ਐਵੇਂ 'ਤੇ ਨਹੀਂ ਦੁਨੀਆਂ 'ਤੇ ਰਾਜ ਕੀਤਾ।

"ਪਰ ਮਾਸੀ ਜੀ, ਅਸੀਂ ਤਾਂ ਮੱਖਣ ਦੀ ਥਾਂ ਮਾਰਜਰੀਨ ਖਾਂਦੇ ਆਂ ਤਾਂ ਕਿ ਮੋਟੇ ਨਾ ਹੋ ਜਾਈਏ। ਦੁੱਧ ਵੀ ਬਹੁਤ ਚਰਬੀ ਵਧਾਉਂਦਾ ਏ। ਇਸੇ ਲਈ ਘੱਟ ਕਰੀਮ ਵਾਲਾ ਦੁੱਧ ਪੀਂਦੇ ਆਂ।" ਮੇਰੀ ਪਤਨੀ ਨੇ ਆਖਿਆ।

ਮਾਸੀ ਮੇਰੀ ਪਤਨੀ ਨੂੰ ਝਈ ਲੈ ਕੇ ਪਈ: "ਤਾਂਹੀਉਂ ਤਾਂ ਫਾਂਕੜ ਪਈ ਲਗਦੀ ਏਂ। ਦੁੱਧ ਮੱਖਣ ਤਾਂ ਰਿਸ਼ੀਆਂ ਮੁਨੀਆਂ ਤੇ ਮਹਾਰਾਜਿਆਂ ਦੀ ਖੁਰਾਕ ਸੀ ਜਿਹੜੇ ਵੇਦ ਗ੍ਰੰਥ ਲਿਖਦੇ ਸਨ ਤੇ ਯੁੱਧ ਕਰਦੇ ਸਨ। ਨਾ ਮੇਰੀ ਧੀ, ਖਾਇਆ ਪੀਆ ਕਰ। ਇਹ ਜਿਹੜੀਆਂ ਤੇਰੇ ਮੋਢਿਆਂ ਤੇ ਤ੍ਰਿੱਕਲ 'ਚ ਪੀੜਾਂ ਰਹਿੰਦੀਆਂ ਨੇ ਨਾ, ਜੇ ਦਿਨਾਂ ਵਿਚ ਨਾ ਚੱਕੀਆਂ ਜਾਣ ਤਾਂ ਮੈਨੂੰ ਫੜ ਲਵੀਂ।"

"ਉਹ ਤਾਂ ਠੀਕ ਐ ਮਾਸੀ ਜੀ, ਪਰ ਵੇਖੋ ਮੌਸਮ ਕਿੰਨਾ ਭੈੜਾ ਰਹਿੰਦੈ। ਸਾਰਾ ਦਿਨ ਕੈਦੀਆਂ ਵਾਂਗ ਅੰਦਰ ਤਾੜੇ ਰਹੀਦਾ ਏ।" ਮੈਂ ਆਖਿਆ।

ਮਾਸੀ ਨੂੰ ਮੇਰੀ ਗੱਲ ਬਹੁਤ ਬੁਰੀ ਲੱਗੀ। ਬੋਲੀ, "ਕੀ ਹੋਇਆ ਏ ਮੌਸਮ ਨੂੰ? ਗਰਮੀ ਦਾ ਤਾਂ ਨਾਂ-ਨਿਸ਼ਾਨ ਨਹੀਂ ਏਥੇ। ਇੰਡੀਆ ਦੀ ਗਰਮੀ ਸ਼ਾਇਦ ਤੁਸੀਂ ਭੁੱਲ ਗਏ ਹੋ। ਤੋਬਾ ਮੇਰੇ ਰਾਮ! ਇਨਸਾਨ ਸੁੱਕ ਕੇ ਕਾਲਾ ਭੂਤ ਬਣ ਜਾਂਦਾ ਏ। ਸਰਦੀਆਂ ਵਿਚ ਹਮੇਸ਼ਾ ਵਿਆਈਆਂ ਫਟੀਆਂ ਰਹਿੰਦੀਆਂ ਨੇ। ਅੱਧੀ ਰਾਤ ਤੀਕਰ ਢਿੱਡ 'ਚ ਗੋਡੇ ਲੈ ਕੇ ਪੈਂਦੇ ਆਂ ਤਾਂ ਕਿਤੇ ਜਾ ਕੇ ਪੈਰ ਜ਼ਰਾ ਗਰਮ ਹੁੰਦੇ ਨੇ। ਜ਼ਰਾ ਬਰਸਾਤਾਂ ਲੱਗ ਜਾਣ ਤਾਂ ਚਿੱਕੜ ਹੀ ਚਿੱਕੜ। ਮੱਛਰ ਏਨੇ ਕਿ ਹੁਣ ਇੰਡੀਆ ਵਿਚ ਘਰ-ਘਰ ਮਲੇਰੀਏ ਦੇ ਰੋਗੀ ਪਏ ਰਹਿੰਦੇ ਨੇ। ਅੰਦਰ ਕਿਉਂ ਤਾੜੇ ਰਹੋ? ਏਨੇ ਸੋਹਣੇ ਮਕਾਨ! ਗਲੀਚੇ। ਚਵ੍ਹੀ ਘੰਟੇ ਗਰਮ ਪਾਣੀ, ਭਾਵੇਂ ਚੁਬੱਚੇ ਭਰ-ਭਰ ਨਹਾਵੋ। ਗੈਸ ਦੇ ਹੀਟਰ ਤੇ ਕੂਕਰ। ਟੈਲੀਵਿਜ਼ਨ, ਵੀਡੀ-ਮਾਸੀ ਜੀ, ਕੀ ਗੱਲ ਬੁਝੇ-ਬੁਝੇ ਲਗਦੇ ਹੋ?

ਬੱਸ ਉਸ ਦੇ ਦੀਦਿਆਂ ਨੂੰ ਜਿਵੇਂ ਬੋਲਾਂ ਦੀ ਉਡੀਕ ਸੀ। ਭੁੱਬਾਂ ਮਾਰ-ਮਾਰ ਰੋਣ ਲੱਗ ਪਈ।

ਮੈਂ ਨੇੜੇ ਹੋ ਗਲਵਕੜੀ ਪਾਂਦਿਆਂ ਆਖਿਆ, "ਮਾਸੀ ਜੀ, ਆਏਂ ਨਾ ਕਰੋ। ਮੈਨੂੰ ਦਸੋ ਕੀ ਗੱਲ ਐ। ਤੁਹਾਡੀ ਹਰ ਤਕਲੀਫ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ।"

ਸੈਟੀ 'ਤੇ ਬਹਿ ਮਾਸੀ ਨੇ ਮੇਰੇ ਅੱਗੇ ਇੰਜ ਹੱਥ ਜੋੜੇ ਜਿਵੇਂ ਉਸ ਨੇ ਕੋਈ ਬਹੁਤ ਵੱਡੀ ਸੁੱਖ ਸੁੱਖਣੀ ਹੋਵੇ ਤੇ ਉਸ ਦੀ ਸੁੱਖ ਪੂਰੀ ਕਰ ਸਕਦਾ ਹੋਵਾਂ। ਮੈਂ ਬੜਾ ਸ਼ਰਮਿੰਦਾ ਹੋ ਉਸ ਦੇ ਜੁੜੇ ਹੋਏ ਹੱਥ ਖੋਲ੍ਹ ਦਿੱਤੇ। ਮਾਸੀ ਨੇ ਆਖਿਆ, "ਪੁੱਤਰ! ਤੂੰ ਰਹਿੰਦੀ ਦੁਨੀਆਂ ਤਕ ਜੀਵੇਂ, ਤੇਰੀ ਭਾਗਵਾਨ, ਤੇਰੇ ਬੱਚੇ ਜੀਣ! ਮੇਰੇ 'ਤੇ ਇਕ ਅਹਿਸਾਨ ਕਰ। ਬਲਵੰਤ ਨੂੰ ਆਖ ਕਿ ਮੈਨੂੰ ਛੇਤੀ ਤੋਂ ਛੇਤੀ ਇੰਡੀਆ ਭੇਜ ਦੇਵੇ।" ਇੰਜ ਆਖ ਮਾਸੀ ਮੁੜ ਜ਼ਾਰ-ਜ਼ਾਰ ਰੋਣ ਲੱਗ ਪਈ।

ਮੈਂ ਤਾਂ ਚਕਰਾ ਗਿਆ ਤੇ ਕਿਹਾ, "ਹੈਂ ਤੁਸੀਂ ਤੇ ਇੰਡੀਆ! ਤੁਸੀਂ ਤਾਂ ਇੰਗਲੈਂਡ ਦੀਆਂ ਦਾਤਾਂ ਦੇ ਗੁਣ ਗਾਉਂਦੇ ਨਹੀਂ ਸੀ ਥੱਕਦੇ। ਤੁਸੀਂ ਤਾਂ ਬਾਊ ਜੀ ਨੂੰ ਵੀ ਬੁਲਾ, ਪੱਕੇ ਤੌਰ 'ਤੇ ਇਥੇ ਰਹਿਣਾ ਚਾਹੁੰਦੇ ਸੀ। ਕੀ ਗੱਲ ਬਲਵੰਤ, ਤੁਹਾਡੀ ਨੂੰਹ ਜਾਂ ਬੱਚਿਆਂ ਨੇ ਤਾਂ ਨੀ ਕੁਝ ਆਖਿਆ ਤੁਹਾਨੂੰ?"

ਮਾਸੀ ਜ਼ਰਾ ਸੰਭਲੀ ਤੇ ਬੋਲੀ, "ਪੁੱਤਰ, ਦੁੱਖ ਤਾਂ ਇਹੀ ਏ ਕਿ ਇਥੇ ਕੋਈ ਕਿਸੇ ਨੂੰ ਕੁਝ ਨਹੀਂ ਕਹਿੰਦਾ। ਸਵੇਰੇ ਤਾਂ ਪਤਾ ਹੀ ਨਹੀਂ ਲਗਦਾ, ਉਹ ਕਦੋਂ ਚਲੇ ਜਾਂਦੇ ਨੇ। ਰਾਤ ਨੂੰ ਦਸ ਵਜੇ ਤੋਂ ਵੀ ਪਿੱਛੋਂ ਆਉਂਦੇ ਨੇ ਤੇ ਇੰਨੇ ਥੱਕੇ ਹੋਏ ਹੁੰਦੇ ਨੇ, ਜੇ ਮੈਂ ਕੋਈ ਗੱਲ ਕਰਾਂ, ਜਾਂ ਤਾਂ ਲਾਹ ਕੇ ਰੱਖ ਦਿੰਦੇ ਨੇ ਜਾਂ ਹਾਂ-ਹੂੰ ਕਰ ਛੱਡਦੇ ਨੇ। ਬਸ ਬੀਅਰ, ਦਾਰੂ ਪੀ, ਦੋ ਰੋਟੀਆਂ ਨਿਗਲ ਆਪਣੇ ਕਮਰੇ ਵੱਲ ਨੱਸ ਜਾਂਦੇ ਨੇ। ਮੈਂ ਆਖਨੀ ਆਂ- ਬੰਤ ਬੇਟਾ, ਆਹ ਇੰਡੀਆ ਤੋਂ ਤੇਰੇ ਬਾਊ ਜੀ ਦੀ ਚਿੱਠੀ ਆਈ ਹੈ, ਨਾਲੇ ਤੇਰੀ ਭੈਣ ਦੀ ਵੀ। ਬੱਸ ਬੇਦਿਲੀ ਜਿਹੀ

*(ਬਾਕੀ ਅਗਲੇ ਸਫੇ 'ਤੇ)*

# ਅੱਠ ਫੁੱਟ ਤੋਂ ਉੱਚੀ ਛਾਲ ਲਾਉਣ ਵਾਲਾ ਜੇਵੀਅਰ

**ਵਿਸ਼ਵ ਦੇ ਮਹਾਨ ਖਿਡਾਰੀ**



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661
principalsarwansingh@gmail.com

ਕਿਊਬਾ ਦਾ ਜੇਵੀਅਰ ਸੋਟੋਮੇਅਰ ਅਫਲਾਤੂਨ ਅਥਲੀਟ ਸੀ। 1990ਵਿਆਂ ਦਾ ਸਿਰਮੌਰ ਹਾਈ ਜੰਪਰ ਰਿਹਾ। ਉਦੋਂ ਉਹਦੀ ਗੁੱਡੀ ਵਿਸ਼ਵ ਭਰ 'ਚ ਚੜ੍ਹੀ ਰਹੀ। 1989 ਤੋਂ ਇਨਡੋਰ ਤੇ 1993 ਤੋਂ ਆਊਟ ਡੋਰ ਮੁਕਾਬਲਿਆਂ ਦੇ ਉਹਦੇ ਉੱਚੀਆਂ ਛਾਲਾਂ ਲਾਉਣ ਦੇ ਵਿਸ਼ਵ ਰਿਕਾਰਡ ਹਾਲੇ ਵੀ ਕਾਇਮ ਹਨ। ਪੱਧਰ ਥਾਂ ਤੋਂ ਅੱਠ ਫੁੱਟ ਤੋਂ ਵੀ ਉੱਚਾ ਕੁੱਦਣਾ ਕਹਿ ਦੇਣੀ ਗੱਲ ਹੈ। ਕੁਝ ਕਦਮ ਦੌੜ ਕੇ ਸਾਰਾ ਸਰੀਰ ਬਾਰ ਉਪਰ ਦੀ ਲੰਘਾ ਦੇਣਾ ਤੇ ਬਾਰ ਦਾ ਫਿਰ ਵੀ ਥਾਏਂ ਟਿਕੇ ਰਹਿਣਾ ਮਨੁੱਖੀ ਜੁੱਸੇ ਦਾ ਕਮਾਲ ਦਾ ਕਾਰਨਾਮਾ ਹੈ! ਤਦੇ ਕਿਹਾ ਜਾਂਦੈ ਕਿ ਮਨੁੱਖ ਦੀ ਸ਼ਕਤੀ ਤੇ ਸੰਭਾਵਨਾ ਦੀ ਕੋਈ ਸੀਮਾ ਨਹੀਂ।

ਜੇਵੀਅਰ ਸੋਟੋਮੇਅਰ ਨੇ 1993 ਵਿਚ 8 ਫੁੱਟ □ ਇੰਚ ਉੱਚੀ ਛਾਲ ਲਾਉਣ ਦਾ ਵਿਸ਼ਵ ਰਿਕਾਰਡ ਰੱਖਿਆ ਸੀ। ਖੇਡਾਂ ਦੇ ਰਿਕਾਰਡ ਨਿੱਤ ਨਵੇਂ ਹੁੰਦੇ ਹਨ ਪਰ ਉਸ ਦਾ 8 ਫੁੱਟ □ ਇੰਚ ਯਾਨੀ 2.45 ਮੀਟਰ ਦਾ ਵਿਸ਼ਵ ਰਿਕਾਰਡ 31 ਸਾਲਾਂ ਤੋਂ ਕਾਇਮ ਹੈ। ਉਂਜ ਉਸ ਦਾ ਕਹਿਣਾ ਹੈ ਕਿ ਕੋਈ ਵੀ ਰਿਕਾਰਡ ਹਮੇਸ਼ਾਂ ਲਈ ਅਟੁੱਟ ਨਹੀਂ ਹੁੰਦਾ। ਹੁਣ ਜੇਵੀਅਰ 57 ਸਾਲਾਂ ਦਾ ਹੋਣ ਵਾਲਾ ਹੈ। ਬਾਲ ਬੱਚੇਦਾਰ ਹੈ ਤੇ ਉਡੀਕ ਰਿਹੈ ਕਿ ਕਿਹੜਾ ਮਾਈ ਦਾ ਲਾਲ ਨਿਤਰਦੈ ਜੋ ਉਹਦੇ ਜਿਉਂਦੇ ਜੀਅ ਉਹਦੇ ਵਿਸ਼ਵ ਰਿਕਾਰਡ ਤੋੜੇ? ਉਹਦੇ ਰਿਕਰਡ ਤੋੜੇ ਤੇ ਉਸ ਤੋਂ ਦਿਲੋਂ ਵਧਾਈਆਂ ਲਵੇ!

ਉਸ ਦਾ ਪੂਰਾ ਨਾਂ ਜੇਵੀਅਰ ਸੋਟੋਮੇਅਰ ਸਨਾਬਰੀਆ ਹੈ। ਉਹਦਾ ਜਨਮ ਕਿਊਬਾ ਦੇ ਪ੍ਰਾਂਤ ਮਟਨਜ਼ਾਸ ਦੇ ਸ਼ਹਿਰ ਲਿਮੋਨਾਰ ਵਿਚ 13 ਅਕਤੂਬਰ 1967 ਨੂੰ ਹੋਇਆ ਸੀ। ਉਸ ਦਾ ਬਾਪ ਸੋਟੋਮੇਅਰ ਖੰਡ ਮਿੱਲ ਦਾ ਕਾਮਾ ਸੀ ਤੇ ਮਾਂ ਸਨਾਬਰੀਆ ਸਾਧਾਰਨ ਘਰੇਲੂ ਸੁਆਣੀ। ਉਹ ਬਚਪਨ ਤੋਂ ਹੀ ਹੁੰਦੜਹੇਲ ਸੀ ਅਤੇ ਖੇਡਣ ਮੱਲ੍ਹਣ ਵਿਚ ਖ਼ਾਸ ਰੁਚੀ ਰੱਖਦਾ ਸੀ। ਉਸ ਦੀ ਰੁਚੀ ਅਨੁਸਾਰ ਮਾਪਿਆਂ ਨੇ ਉਸ ਨੂੰ ਸਰਕਾਰੀ ਸਪੋਰਟਸ ਸਕੂਲ ਵਿਚ ਪੜ੍ਹਨੇ ਪਾਇਆ। ਕੱਦ ਦਾ ਲੰਮਾ ਹੋਣ ਕਰਕੇ ਪਹਿਲਾਂ ਉਸ ਨੂੰ ਬਾਸਕਟਬਾਲ ਖੇਡਣ ਲਾਇਆ ਗਿਆ ਤਾਂ ਜੋ ਵੱਡਾ ਹੋ ਕੇ ਕਿਊਬਾ ਦੀ ਬਾਸਕਟਬਾਲ ਟੀਮ ਵਿਚ ਖੇਡ ਸਕੇ। ਉਹ ਅਜੇ 14 ਸਾਲਾਂ ਦਾ ਹੀ ਹੋਇਆ ਸੀ ਕਿ ਅਥਲੈਟਿਕਸ ਦੇ ਇਕ ਕੋਚ ਨੇ ਉਸ ਨੂੰ ਬਾਸਕਟਬਾਲਰ ਦੀ ਥਾਂ ਹਾਈ ਜੰਪਰ ਬਣਾਉਣ ਦਾ ਬੀੜਾ ਚੁੱਕ ਲਿਆ। ਉਹਦੀ ਤੇ ਕੋਚ ਦੀ ਸਖ਼ਤ ਮਿਹਨਤ ਦਾ ਸਿੱਟਾ ਇਹ ਨਿਕਲਿਆ ਕਿ 19 ਸਾਲ ਦੀ ਉਮਰੇ ਹੀ ਉਹ ਵਿਸ਼ਵ 'ਚ 5ਵੇਂ ਨੰਬਰ ਦਾ ਹਾਈ ਜੰਪਰ ਬਣ ਗਿਆ। ਤਦ ਤਕ ਉਹਦਾ ਕੱਦ ਵੀ 6 ਫੁੱਟ 4 ਇੰਚ ਉੱਚਾ ਹੋ ਗਿਆ ਅਤੇ ਸਰੀਰਕ ਭਾਰ ਵੀ 80 ਕਿਲੋ ਨੂੰ ਅੱਪੜ ਗਿਆ।

ਉਸ ਦੀਆਂ ਜਿੱਤਾਂ ਤੇ ਪ੍ਰਾਪਤੀਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦੈ ਕਿ ਮਨੁੱਖੀ ਜੁੱਸੇ ਦੀ ਸ਼ਕਤੀ ਤੇ ਸੰਭਾਵਨਾ ਦਾ ਕੋਈ ਪਾਰਾਵਾਰ ਨਹੀਂ। ਉਸ ਨੇ ਕਿਊਬਾ ਦੀਆਂ ਅਥਲੈਟਿਕਸ ਟੀਮਾਂ ਦਾ ਮੈਂਬਰ ਬਣ ਕੇ ਦਰਜਨਾਂ ਜਿੱਤਾਂ ਜਿੱਤੀਆਂ। ਓਲੰਪਿਕ ਖੇਡਾਂ ਵਿਚਲੀਆਂ ਜਿੱਤਾਂ ਨੂੰ ਸਭ ਤੋਂ ਵੱਡੀਆਂ ਜਿੱਤਾਂ ਮੰਨਿਆ ਜਾਂਦਾ ਹੈ। ਉਹ 1984 ਤੋਂ 2000 ਤੱਕ ਦੀਆਂ ਪੰਜ ਓਲੰਪਿਕਸ ਵਿਚ ਹਿੱਸਾ ਲੈਣ ਦੇ ਕਾਬਲ ਸੀ ਪਰ ਕਿਊਬਾ ਵੱਲੋਂ ਦੋ ਵਾਰ ਓਲੰਪਿਕ ਖੇਡਾਂ ਦਾ ਬਾਈਕਾਟ ਕਰਨ ਨਾਲ ਕੇਵਲ 1992, 96 ਤੇ 2000 ਦੀਆਂ ਤਿੰਨ ਓਲੰਪਿਕ ਖੇਡਾਂ ਵਿਚ ਹੀ ਭਾਗ ਲੈ ਸਕਿਆ ਸੀ। ਉਨ੍ਹਾਂ ਵਿਚੋਂ ਉਹ ਇਕ ਵਾਰ ਗੋਲਡ ਮੈਡਲ, ਦੂਜੀ ਵਾਰ ਸੱਟ ਤੇ ਤੀਜੀ ਵਾਰ ਸਿਲਵਰ ਮੈਡਲ ਜਿੱਤਿਆ। ਉਸ ਦੇ ਦੋ ਗੋਲਡ ਮੈਡਲ ਬਾਈਕਾਟ ਦੇ ਖਾਤੇ ਚਲੇ ਗਏ।

ਓਲੰਪਿਕ ਖੇਡਾਂ ਦੇ ਬਰਾਬਰ ਹੀ ਵਿਸ਼ਵ ਚੈਂਪੀਅਨਸ਼ਿਪਾਂ ਦੀਆਂ ਖੇਡਾਂ ਸਮਝੀਆਂ ਜਾਂਦੀਆਂ ਹਨ। ਜੇਵੀਅਰ ਨੇ ਉਨ੍ਹਾਂ ਖੇਡਾਂ ਵਿਚੋਂ ਦੋ ਗੋਲਡ ਮੈਡਲ ਤੇ ਦੋ ਸਿਲਵਰ ਮੈਡਲ ਜਿੱਤੇ। ਵਰਲਡ ਇਨਡੋਰ ਚੈਂਪੀਅਨਸ਼ਿਪਸ ਵਿਚੋਂ ਚਾਰ ਗੋਲਡ ਮੈਡਲ, ਇਕ ਸਿਲਵਰ ਤੇ ਇਕ ਬਰਾਂਜ਼ ਮੈਡਲ ਮਾਂਜੇ। ਪਾਨ ਅਮੈਰੀਕਨ ਗੇਮਜ਼ ਵਿਚੋਂ ਵੀ ਤਿੰਨ ਗੋਲਡ ਮੈਡਲ ਹਾਸਲ ਕੀਤੇ। ਸੀਏਸੀ ਚੈਂਪੀਅਨਸ਼ਿਪਸ ਵਿਚੋਂ ਇਕ ਬਰਾਂਜ਼ ਤੇ ਦੋ ਗੋਲਡ ਮੈਡਲ ਜਿੱਤੇ। ਇੰਜ ਵਿਸ਼ਵ ਪੱਧਰ ਦੇ 12 ਗੋਲਡ, 4 ਸਿਲਵਰ ਤੇ 2 ਬਰਾਂਜ਼ ਮੈਡਲ ਉਹਦੇ ਗਲ਼ ਦਾ ਹਰ ਬਣੇ। ਅੰਤਰਰਾਸ਼ਟਰੀ ਜੂਨੀਅਰ ਪੱਧਰ ਅਤੇ ਵਿਸ਼ਵ ਯੂਨੀਵਰਸਿਟੀ ਪੱਧਰ ਦੇ ਮੈਡਲ ਉਨ੍ਹਾਂ ਤੋਂ ਵੱਖ ਹਨ। ਆਪਣੇ ਖੇਡ ਕੈਰੀਅਰ ਦੇ ਅੰਤਰਰਾਸ਼ਟਰੀ ਅਥਲੈਟਿਕਸ ਮੁਕਾਬਲਿਆਂ ਵਿਚ ਉਹ 192 ਵਾਰ 2.30 ਮੀਟਰ ਤੋਂ ਉੱਚਾ ਕੁੱਦਿਆ, 80 ਵਾਰ 2.35 ਮੀਟਰ ਤੋਂ ਉੱਚਾ ਤੇ 21 ਵਾਰ 2.40 ਮੀਟਰ ਤੋਂ ਉੱਚਾ ਬਾਰ ਟੱਪਿਆ।



50ਵਿਆਂ ਦੀ ਉਮਰ 'ਚ ਜਿਉਂ ਰਿਹਾ ਜੇਵੀਅਰ ਜੋ ਹੁਣ ਕਿਊਬਾ ਦੀ ਅਥਲੈਟਿਕਸ ਫੈਡਰੇਸ਼ਨ ਦਾ ਅਹੁਦੇਦਾਰ ਹੈ। ਇਕ ਦਿਨ ਹਵਾਨਾ ਦੇ ਪਾਨ-ਅਮੈਰੀਕਨ ਸਟੇਡੀਅਮ 'ਚ ਬੈਠਾ ਸਰਸਰੀ ਕਹਿਣ ਲੱਗਾ, "ਰਿਕਾਰਡ ਕਿਸੇ ਨਾ ਕਿਸੇ ਦਿਨ ਤੋੜੇ ਜਾਣ ਲਈ ਹੀ ਰੱਖੇ ਜਾਂਦੇ ਹਨ ਜੋ ਟੁੱਟਦੇ ਵੀ ਰਹਿੰਦੇ ਹਨ। ਪਰ ਮੇਰਾ 2.45 ਮੀਟਰ ਦਾ ਵਰਲਡ ਰਿਕਾਰਡ 31 ਸਾਲ ਬੀਤ ਜਾਣ 'ਤੇ ਵੀ ਪਤਾ ਨਹੀਂ ਕਿਉਂ ਨੀ ਟੁੱਟ ਰਿਹਾ? ਉਸ ਦੇ ਇਨਡੋਰ ਵਿਸ਼ਵ ਰਿਕਾਰਡ ਦੀ ਉਮਰ ਵੀ 35 ਸਾਲ ਦੀ ਹੋ ਗਈ ਹੈ ਤੇ ਉਹ ਰਿਕਾਰਡ ਵੀ ਅਜੇ ਤਕ ਨਹੀਂ ਟੁੱਟਾ। ਉਹ ਵਿਸ਼ਵ ਰਿਕਾਰਡ ਛਾਲ ਉਸ ਨੇ ਬੁਡਾਪੈੱਸਟ ਦੇ ਸਟੇਡੀਅਮ ਵਿਚ 1989 'ਚ ਲਾਈ ਸੀ।

ਜੇਵੀਅਰ ਨੂੰ 35-36 ਸਾਲਾਂ ਤੋਂ ਹਾਈ ਜੰਪ ਦਾ ਕਿੰਗ ਕਿਹਾ ਜਾ ਰਿਹੈ। ਇਹ ਦੱਸਣਾ ਵੀ ਉਚਿਤ ਹੋਵੇਗਾ ਕਿ 2.40 ਮੀਟਰ ਤੋਂ ਉਪਰ ਤਾਂ ਕਈ ਹਾਈ ਜੰਪਰ ਕੁੱਦ ਚੁੱਕੇ ਹਨ ਪਰ 2.45 ਮੀਟਰ ਤੋਂ ਉਪਰ ਦਾ ਟੀਚਾ ਹਾਲੇ ਤਕ ਕੋਈ ਹੋਰ ਜੰਪਰ ਸਰ ਨਹੀਂ ਕਰ ਸਕਿਆ। ਸਵੀਡਨ ਦਾ ਪੈਟ੍ਰਿਕ ਸਜੋਬਰਗ ਇਕ ਵਾਰ 2.41 ਮੀਟਰ ਉੱਚੀ ਛਾਲ ਲਾ ਗਿਆ ਸੀ ਪਰ ਅਮਰੀਕਾ ਦਾ ਇਗੋਰ ਪਾਕਲਿਨ 2.40 ਮੀਟਰ ਹੀ ਕੁੱਦ ਸਕਿਆ। ਯੂਕਰੇਨ ਦਾ ਬੋਗਡਨ ਬੋਂਡਾਰੈਂਕੂ ਨਿਊਯਾਰਕ ਵਿਖੇ 2014 ਵਿਚ 2.42 ਮੀਟਰ ਉੱਚਾ ਕੁੱਦਿਆ ਜਦ ਕਿ ਕਤਰ ਦਾ ਮੁਤਾਜ਼ ਈਸਾ ਬਾਰਸ਼ਿਮ ਬ੍ਰੱਸਲਜ਼ ਵਿਚ 2.43 ਮੀਟਰ ਉੱਚੀ ਛਾਲ ਲਾ ਗਿਆ। ਮੁਕਾਬਲਾ ਇਕ-ਇਕ ਸੈਂਟੀਮੀਟਰ ਲਈ ਖਹਿ-ਖਹਿ ਕੇ ਹੋ ਰਿਹੈ ਤੇ ਕੋਈ ਪਤਾ ਨਹੀਂ ਜੇਵੀਅਰ ਦਾ ਵਿਸ਼ਵ ਰਿਕਾਰਡ ਕਿੱਦਣ ਟੁੱਟੇ?

ਜੇਵੀਅਰ ਦੀ ਪਤਨੀ ਦਾ ਨਾਂ ਅਮਾਇਆ ਗੋਂਜ਼ਾਲੇਜ਼ ਹੈ। ਉਨ੍ਹਾਂ ਦੇ ਚਾਰ ਪੁੱਤਰ ਹਨ। ਹੁਣ ਉਨ੍ਹਾਂ ਵਿਚੋਂ ਇਕ ਪੁੱਤਰ ਬਾਪ ਵਾਂਗ ਹੀ ਹਾਈ ਜੰਪ ਲਾਉਣ ਲੱਗ ਪਿਆ ਹੈ। ਬਾਪ ਨੇ ਆਪਣੇ ਪੁੱਤਰ ਜੈਕਸੀਅਰ ਨੂੰ ਆਪਣੇ ਹੀ ਪੁਰਾਣੇ ਕੋਚ ਜੋਜ਼ ਗੋਡੋਏ ਦੇ ਹਵਾਲੇ ਕਰ ਦਿੱਤਾ ਹੈ। ਉਸ ਦੇ ਪੁੱਤਰ ਨੇ 15 ਸਾਲ ਦੀ ਉਮਰ ਵਿਚ ਬਾਪ ਵਾਂਗ 1.99 ਮੀਟਰ ਉੱਚੀ ਛਾਲ ਲਾ ਦਿੱਤੀ ਹੈ। ਉੱਚੀ ਛਾਲ ਦੇ ਦਰਸ਼ਕਾਂ ਨੂੰ ਉਸ ਤੋਂ ਬੜੀਆਂ ਵੱਡੀਆਂ ਆਸਾਂ ਹਨ। ਸੰਭਵ ਹੈ ਉਹ ਹੀ ਆਪਣੇ ਬਾਪ ਦੇ ਰਿਕਾਰਡ ਨੂੰ ਪੈ ਜਾਵੇ!

ਜੇਵੀਅਰ ਦਾ ਕਹਿਣਾ ਹੈ ਕਿ ਉਸ ਨੂੰ ਖ਼ੁਸ਼ੀ ਹੈ ਕਿ ਉਹ ਅਜੇ ਵੀ ਵਿਸ਼ਵ ਰਿਕਾਰਡਧਾਰੀ ਹੈ। ਉਹ ਉਡੀਕ 'ਚ ਹੈ ਕਿ ਵੇਖਾਂ ਮੇਰਾ ਰਿਕਾਰਡ ਕੌਣ ਤੋੜਦੈ? ਉਸ ਦੇ ਬੇਸ਼ੁਮਾਰ ਫੈਨ ਹਨ ਜੋ ਉਹਤੋਂ ਬਲਿਹਾਰੇ ਜਾਂਦੇ ਹਨ। ਉਸ ਦੀ ਛਾਲ ਲਾਉਣ ਦੀ ਤਕਨੀਕ ਨੂੰ 'ਪੀਸ ਆਫ਼ ਆਰਟ' ਯਾਨੀ ਕਲਾ ਦਾ ਨਮੂਨਾ ਕਿਹਾ ਜਾਂਦਾ ਹੈ। ਉਸ ਤੋਂ ਉੱਚੀ ਛਾਲ ਲੁਆਉਣ ਦਾ ਪਹਿਲਾ ਉਸਤਾਦ ਕਾਰਮੇਲੋ ਬੈਨੀਟੇਜ਼ ਸੀ। ਫਿਰ ਉਸ ਦਾ ਟ੍ਰੇਨਰ ਜੋਜ਼ੇ ਗਡੋਏ ਬਣਿਆ ਤੇ ਅਖ਼ੀਰ ਵਿਚ ਗੁਲਰਮੋ ਡੇ ਲਾਅ ਟੋਰੇ। 15 ਸਾਲ ਦੀ ਉਮਰ ਵਿਚ ਉਹ 2 ਮੀਟਰ ਉੱਚੀ ਬਾਰ ਟੱਪਣ ਲੱਗ ਪਿਆ ਸੀ। 16ਵੇਂ ਸਾਲ 'ਚ ਤਾਂ ਉਸ ਨੇ ਹੱਦ ਹੀ ਤੋੜ ਦਿੱਤੀ। ਇਕ ਮੀਟ 'ਚ ਉਹ 2.33 ਮੀਟਰ ਛਾਲ ਲਾ ਕੇ ਕੁਲ ਦੁਨੀਆ ਦੇ ਹਾਈ ਜੰਪਰਾਂ ਤੇ ਦਰਸ਼ਕਾਂ ਦੀਆਂ ਨਜ਼ਰਾਂ ਦਾ ਕੇਂਦਰ ਬਣ ਗਿਆ। ਉਸ ਨੂੰ 1990ਵਿਆਂ ਦਾ ਸਭ ਤੋਂ ਤਕੜਾ ਹਾਈ ਜੰਪਰ ਕਿਹਾ ਜਾਂਦਾ ਰਿਹਾ। ਕਦੇ ਅੱਠ ਫੁੱਟ ਉੱਚਾ ਕੁੱਦਣਾ ਅਸੰਭਵ ਸਮਝਿਆ ਜਾਂਦਾ ਸੀ ਜੋ ਜੇਵੀਅਰ ਨੇ ਸੰਭਵ ਬਣਾਇਆ। ਉਸ ਨੇ 1983 ਦੇ ਅੰਤ ਵਿਚ 2.15 ਮੀਟਰ, 19 ਮਈ 1984 ਨੂੰ 2.33 ਮੀਟਰ, 20 ਮਾਰਚ 1985 ਨੂੰ 2.34 ਮੀਟਰ ਤੇ 1986 ਵਿਚ 2.36 ਮੀਟਰ ਉੱਚੀ ਕੀਤੀ ਬਾਰ ਟੱਪੀ ਸੀ। ਪਹਿਲਾ ਵਿਸ਼ਵ ਰਿਕਾਰਡ 8 ਸਤੰਬਰ 1988 ਨੂੰ ਸਪੇਨ ਦੇ ਸ਼ਹਿਰ ਸਲਾਮਾਨਕਾ ਵਿਚ ਕਾਇਮ ਕੀਤਾ। ਅਗਲੇ ਸਾਲ 2.43 ਮੀਟਰ ਦਾ ਰਿਕਾਰਡ ਰੱਖਿਆ। 29 ਜੁਲਾਈ 1989 ਨੂੰ ਸੈਨ ਜੁਆਂ ਵਿਖੇ 2.44 ਮੀਟਰ ਉੱਚੀ ਛਾਲ ਲਾ ਕੇ ਵਿਸ਼ਵ ਰਿਕਾਰਡ ਹੋਰ ਉੱਚਾ ਕੀਤਾ। ਆਖ਼ਰ 1989 ਦਾ ਇਨਡੋਰ ਵਿਸ਼ਵ ਰਿਕਾਰਡ 2.43 ਮੀਟਰ ਤੇ 1993 ਦਾ ਆਊਟਡੋਰ ਵਿਸ਼ਵ ਰਿਕਾਰਡ 2.45 ਮੀਟਰ ਅੱਜ ਵੀ ਉਹਦੇ ਨਾਂ ਬੋਲਦੇ ਹਨ।

2001 ਵਿਚ ਰਿਟਾਇਰਮੈਂਟ ਵੇਲੇ ਵਿਸ਼ਵ ਦੇ ਸਿਖਰਲੇ 20 ਜੰਪਾਂ 'ਚੋਂ 17 ਜੰਪ ਉਹਦੇ ਨਾਂ ਸਨ। ਹੁਣ ਸਿਰਫ 13 ਹਾਈ ਜੰਪਰ 2.40 ਮੀਟਰ ਜਾਂ ਵੱਧ ਕੁੱਦ ਸਕੇ ਹਨ। 2.44 ਮੀਟਰ ਦੋ ਵਾਰ ਕਲੀਅਰ ਕਰਨ ਵਾਲਾ ਕੇਵਲ ਜੇਵੀਅਰ ਹੀ ਹੈ ਜੋ 10 ਸਾਲ ਟੌਪ 10 'ਚ ਗਿਣਿਆ ਜਾਂਦਾ ਰਿਹਾ।

ਉਸ ਨੇ ਸਪੇਨ ਦੇ ਸ਼ਹਿਰ ਸਲਾਮਕਾ ਵਿਖੇ 2.44 ਮੀਟਰ ਦਾ ਵਿਸ਼ਵ ਰਿਕਾਰਡ ਰੱਖਿਆ ਸੀ। ਸਲਾਮਕਾ ਵਿਖੇ ਹੀ ਉਸ ਨੇ 2.45 ਮੀਟਰ ਦੀ ਉਚਾਈ ਪਾਰ ਕੀਤੀ ਜੋ ਹਾਲੇ ਵੀ ਵਿਸ਼ਵ ਰਿਕਾਰਡ ਹੈ। ਇਹ ਦੱਸਣ ਯੋਗ ਹੋਵੇਗਾ ਕਿ 2.45 ਮੀਟਰ ਦੀ ਉਚਾਈ ਸੀਨੀਅਰਾਂ ਦੇ ਵਾਲੀਬਾਲ ਨੈੱਟ ਤੋਂ 2 ਸੈਂਟੀਮੀਟਰ ਉੱਚੀ ਹੁੰਦੀ ਹੈ ਅਤੇ ਫੁੱਟਬਾਲ ਦੇ ਗੋਲ ਤੋਂ 1 ਸੈਂਟੀਮੀਟਰ ਉੱਚੀ। ਜੇਵੀਅਰ ਦਾ ਛਾਲ ਲਾਉਣ ਦਾ ਸਟਾਈਲ ਕੁੱਦ ਕੇ ਪਹਿਲਾਂ ਸਿਰ ਲੰਘਾਉਣ ਅਤੇ ਪਿੱਛੋਂ ਧੜ ਤੇ ਲੱਤਾਂ ਲੰਘਾਉਣ ਦਾ ਹੈ। ਅਜਿਹੀ ਛਾਲ ਦੇ ਕੁੱਦਣ ਵੇਲੇ ਉਸ ਦੇ ਪੈਰ ਤੇ ਗਿੱਟੇ 'ਤੇ 5 ਕੁਇੰਟਲ ਜਿੰਨਾ ਵਜ਼ਨ ਪੈਂਦੈ! ਉਸ ਦੇ ਇਸ ਸਟਾਈਲ ਨੂੰ 'ਉੱਚ ਦਰਜੇ ਦੀ ਕਲਾਕਾਰੀ' ਦਾ ਖ਼ਿਤਾਬ ਦਿੱਤਾ ਗਿਆ।

1984 ਦੀਆਂ ਓਲੰਪਿਕ ਖੇਡਾਂ ਜੋ ਲਾਸ ਏਂਜਲਸ ਵਿਚ ਹੋਈਆਂ, ਉਨ੍ਹਾਂ ਵਿਚੋਂ ਜੇਵੀਅਰ ਸਹਿਜੇ ਹੀ ਗੋਲਡ ਮੈਡਲ ਜਿੱਤ ਸਕਦਾ ਸੀ ਪਰ ਸੋਵੀਅਤ ਗੁੱਟ ਦੇ ਬਾਈਕਾਟ ਕਾਰਨ ਕਿਊਬਾ ਨੇ ਉਨ੍ਹਾਂ ਵਿਚ ਭਾਗ ਨਹੀਂ ਸੀ ਲਿਆ। 1980 ਵਿਚ ਮਾਸਕੋ ਦੀਆਂ ਓਲੰਪਿਕ ਖੇਡਾਂ ਦਾ ਅਮਰੀਕਾ ਦੇ ਗੁੱਟ ਨੇ ਬਾਈਕਾਟ ਕੀਤਾ ਸੀ। 1988 ਦੀਆਂ ਓਲੰਪਿਕ ਖੇਡਾਂ ਜੋ ਦੱਖਣੀ ਕੋਰੀਆ ਦੇ ਸ਼ਹਿਰ ਸਿਓਲ ਵਿਚ ਹੋਈਆਂ, ਉਨ੍ਹਾਂ ਵਿਚ ਵੀ ਕਿਊਬਾ ਨੇ ਭਾਗ ਨਹੀਂ ਸੀ ਲਿਆ ਜਿਸ ਨਾਲ ਜੇਵੀਅਰ ਦਾ ਦੂਜਾ ਸੰਭਾਵਿਤ ਗੋਲਡ ਮੈਡਲ ਜਿੱਤਣਾ ਮਿੱਸ ਹੋ ਗਿਆ। 1992 ਦੀਆਂ ਓਲੰਪਿਕ ਖੇਡਾਂ ਜੋ ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਚ ਹੋਈਆਂ ਉਨ੍ਹਾਂ 'ਚ ਜੇਵੀਅਰ ਪਹਿਲੀ ਵਾਰ ਭਾਗ ਲੈ ਸਕਿਆ। ਉਥੇ ਉਸ ਨੇ ਪਹਿਲਾ ਓਲੰਪਿਕ ਗੋਲਡ ਮੈਡਲ ਜਿੱਤਿਆ। 1996 ਦੀਆਂ ਓਲੰਪਿਕ ਖੇਡਾਂ ਜੋ ਅਮਰੀਕਾ ਦੇ ਸ਼ਹਿਰ ਐਟਲਾਂਟਾ ਵਿਚ ਹੋਈਆਂ ਉਦੋਂ ਉਹ ਜ਼ਖਮੀ ਸੀ। 2000 ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾਂ ਉਸ ਨੂੰ ਡੋਪ ਟੈੱਸਟ ਵਿਚ ਉਲਝਾ ਲਿਆ ਗਿਆ ਸੀ ਜਿਸ ਦੀ ਆਲੋਚਨਾ ਕਿਊਬਾ ਦੇ ਲੀਡਰ ਫੀਦਲ ਕਾਸਟਰੋ ਨੇ ਵੀ ਕੀਤੀ। 2000 ਦੀਆਂ ਓਲੰਪਿਕ ਖੇਡਾਂ ਜੋ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਚ ਹੋਈਆਂ ਉਦੋਂ ਜੇਵੀਅਰ ਦੀ ਉਮਰ 33 ਸਾਲਾਂ ਦੀ ਹੋ ਗਈ ਸੀ। ਉਦੋਂ ਉਸ ਦੇ ਖੇਡ ਕੈਰੀਅਰ ਦਾ ਲਗਭਗ ਅੰਤ ਹੀ ਸੀ ਤੇ ਸਿਡਨੀ ਤੋਂ ਉਹ ਸਿਲਵਰ ਮੈਡਲ ਹੀ ਜਿੱਤ ਸਕਿਆ। 2001 ਵਿਚ ਉਹ ਆਪਣੇ ਖੇਡ ਕੈਰੀਅਰ ਤੋਂ ਰਿਟਾਇਰ ਹੋ ਗਿਆ।

1983 ਵਿਚ ਉਹ 2.33 ਮੀਟਰ ਉੱਚੀਆਂ ਛਾਲਾਂ ਲਾ ਰਿਹਾ ਸੀ ਤੇ 1988 ਵਿਚ 2.43 ਮੀਟਰ ਉੱਚੀ ਛਾਲ ਨਾਲ ਨਵਾਂ ਵਿਸ਼ਵ ਰਿਕਾਰਡ ਰੱਖ ਚੁੱਕਾ ਸੀ। ਜੇਕਰ 1984 ਤੇ 1988 ਦੀਆਂ ਓਲੰਪਿਕ ਖੇਡਾਂ 'ਚ ਸ਼ਾਮਲ ਹੋਇਆ ਹੁੰਦਾ ਤਾਂ ਉਹ ਦੋ ਓਲੰਪਿਕ ਮੈਡਲ ਹੋਰ ਜਿੱਤ ਸਕਦਾ ਸੀ। 1993 ਤੇ 1997 ਦੀਆਂ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿਚੋਂ ਉਸ ਨੇ ਗੋਲਡ ਮੈਡਲ ਜਿੱਤੇ ਸਨ। ਵਿਚੋਂ ਗੋਡੇ ਦੀ ਇੰਜਰੀ ਕਾਰਨ ਉਹ ਕੁਝ ਸਮਾਂ ਮੁਕਾਬਲਿਆਂ ਤੋਂ ਲਾਂਭੇ ਵੀ ਰਿਹਾ ਸੀ। 1999 ਵਿਚ ਉਸ ਉਤੇ ਵਰਜਿਤ ਡਰੱਗ ਕੋਕੀਨ ਦੀ ਡੋਪਿੰਗ ਦਾ ਦੋਸ਼ ਵੀ ਲੱਗਾ ਸੀ ਤੇ ਉਸ ਨੂੰ ਦੋ ਸਾਲ ਲਈ ਬੈਨ ਕਰ ਦਿੱਤਾ ਗਿਆ ਸੀ। ਬਾਅਦ ਵਿਚ ਬੈਨ ਇਕ ਸਾਲ ਦਾ ਕਰ ਦਿੱਤਾ ਗਿਆ ਸੀ। ਸਿਡਨੀ ਦੀਆਂ ਓਲੰਪਿਕ ਖੇਡਾਂ ਲਈ ਉਹ ਕੇਵਲ ਤਿੰਨ ਮਹੀਨੇ ਹੀ ਤਿਆਰੀ ਕਰ ਸਕਿਆ ਸੀ ਜਿਸ ਕਰਕੇ ਗੋਲਡ ਮੈਡਲ ਦੀ ਥਾਂ ਸਿਲਵਰ ਮੈਡਲ ਹੀ ਉਹਦੇ ਹੱਥ ਆਇਆ ਸੀ। ਉਸ ਨੂੰ ਕਿਊਬਾ ਦੇ ਲੋਕ ਆਪਣਾ ਹੀਰੋ ਸਮਝਦੇ ਹਨ ਤੇ ਘਰਾਂ ਦੀਆਂ ਕੰਧਾਂ ਉਤੇ 2.45 ਮੀਟਰ ਦੇ ਮਾਰਕ ਲੱਗੇ ਦਿਸਦੇ ਹਨ।

1993 ਵਿਚ ਨਵਾਂ ਵਿਸ਼ਵ ਰਿਕਾਰਡ ਰੱਖਣ ਵੇਲੇ ਉਸ ਨੂੰ ਮਰਸੀਡਜ਼ ਸੀ-180 ਦਾ ਤੋਹਫ਼ਾ ਮਿਲਿਆ ਸੀ ਜੋ ਬਾਅਦ ਵਿਚ ਪਲੇਟ ਨੰਬਰ 245 ਬਣ ਗਿਆ। ਜਿਵੇਂ ਕਿਊਬਾ ਦੇ ਲੀਡਰ ਫੀਦਲ ਕਾਸਟਰੋ ਨੂੰ ਜੱਗ ਜਾਣਦੈ ਉਵੇਂ ਉਥੋਂ ਦੇ ਹਾਈ ਜੰਪਰ ਜੇਵੀਅਰ ਨੂੰ ਸਾਰਾ ਖੇਡ ਜਗਤ ਜਾਣਦੈ।

---

***(ਪਿਛਲੇ ਸਫੇ ਦੀ ਬਾਕੀ)***

ਨਾਲ ਆਖ ਦੇਵੇਗਾ- ਬੀਬੀ, ਤੂੰ ਹੀ ਜਵਾਬ ਦੇ ਦੇਵੀਂ। ਮੇਰੇ ਕੋਲ ਪੜ੍ਹਨ ਦਾ ਵਕਤ ਨਹੀਂ ਏ।"

"ਤੁਸੀਂ ਮਾਸੀ ਜੀ, ਆਪਣੀ ਨੂੰਹ ਨਾਲ ਗੱਲਬਾਤ ਕਰਿਆ ਕਰੋ। ਉਹਦੇ ਨਾਲ ਦੁਕਾਨ 'ਤੇ ਚਲੇ ਜਾਇਆ ਕਰੋ। ਔਰਤਾਂ ਨਾਲ ਔਰਤਾਂ ਦੀ ਬੜੀ ਸਾਂਝ ਹੁੰਦੀ ਐ।" ਮੈਂ ਮਾਸੀ ਨੂੰ ਇਸ ਭਵ-ਸਾਗਰ 'ਚੋਂ ਕੱਢਣ ਲਈ ਸੁਝਾਉ ਦਿੱਤਾ।

ਮਾਸੀ ਹੱਸੀ, ਉਦਾਸ ਤੇ ਵਿਅੰਗਮਈ

ਹਾਸਾ! ਤੇ ਆਖਣ ਲੱਗੀ, "ਵੇਖ ਪੁੱਤਰ, ਗੱਲ ਕੀਤੀ ਦੂਰ ਚਲੀ ਜਾਂਦੀ ਏ। ਇਹ ਕੋਈ ਨੋਂਹ ਏ? ਇਸ ਦੀ ਸਿਰਫ ਸ਼ਕਲ ਹੀ ਇੰਡੀਅਨ ਏ, ਬਾਕੀ ਸਭ ਕੁਝ ਗੋਰੀਆਂ ਤੋਂ ਵੀ ਭੈੜਾ ਏ। ਏਹਨੇ ਕਦੀ ਮੇਰੇ ਪੈਰਾਂ ਨੂੰ ਹੱਥ ਨਹੀਂ ਲਾਇਆ। ਕਦੀ ਨੀ ਆਖਿਆ, ਬੀਬੀ ਕੋਈ ਆਪਣੀ ਸਭਿਅਤਾ ਜਾਂ ਮਾਣ-ਮਰਿਆਦਾ ਬਾਰੇ ਗੱਲ ਸੁਣਾਉ। ਇਕ ਦਿਨ ਕਹੇ-ਕਹਾਏ ਨੂੰ ਮੈਨੂੰ ਦੁਕਾਨ 'ਤੇ ਲੈ ਗਈ, ਪਰ ਪਿਛਲੇ ਪਾਸੇ ਇਕ ਖੁਰੇ ਜਿੰਨੀ ਥਾਂ ਸੀ ਜਿਥੇ ਮੈਨੂੰ ਪੰਦਰਾਂ ਘੰਟੇ ਤਾੜੀ ਰੱਖਿਆ। ਸਾਹ ਘੁਟ ਗਿਆ ਮੇਰਾ। ਔਤਰੀ ਕੈਦ ਵਿਚ ਪਤਾ ਨੀ ਲੋਕ ਕਿਵੇਂ ਰਹਿ ਲੈਂਦੇ ਨੇ ਭਾਈ।"

-ਤਾਂ ਫਿਰ ਪੋਤੇ ਪੋਤੀਆਂ ਨਾਲ ਦਿਲ ਪਰਚਾਇਆ ਕਰੋ। ਮੂਲ ਨਾਲੋਂ ਵਿਆਜ ਪਿਆਰਾ ਹੁੰਦੈ।

ਮਾਸੀ ਦੇ ਬੁਲ੍ਹਾਂ 'ਤੇ ਫਿਰ ਦੁਖ ਭਰੀ ਤੇ ਵਿਅੰਗਮਈ ਮੁਸਕਾਣ ਤੜਫੀ, "ਪੋਤੇ ਪੋਤੀਆਂ! ਮੁੰਡਾ ਤੇ ਕੁੜੀ ਤਾਂ ਉਂਜ ਹੀ ਇਨ੍ਹਾਂ ਦੇ ਕਹਿਣ 'ਚ ਨਹੀਂ। ਮੁੰਡਾ ਤਾਂ ਬਹੁਤਾ ਬਾਹਰ ਫਿਰਦਾ ਰਹਿੰਦਾ ਏ। ਜਦੋਂ ਘਰ ਹੋਵੇ ਤਾਂ ਟੈਲੀ ਦੁਆਲੇ ਜਾਂ ਆਪਣੇ ਕਮਰੇ ਵਿਚ ਕੰਨ-ਖਾਣੇ ਅੰਗਰੇਜ਼ੀ ਗਾਣੇ ਸੁਣਦਾ ਰਹਿੰਦਾ ਏ। ਛੋਟੀ ਕੁੜੀ ਦੇ ਮੈਨੂੰ ਉਂਜ ਹੀ ਲੱਛਣ ਚੰਗੇ ਨੀ ਜਾਪਦੇ। ਕਈ ਵਾਰ ਤਾਂ ਮੈਂ ਇਕ ਭੈੜੇ ਜਿਹੇ ਵਾਲਾਂ ਵਾਲੇ ਮੁੰਡੇ ਨੂੰ ਉਹਦੇ ਨਾਲ ਗੇਟ ਤੀਕ ਆਉਂਦਾ ਵੇਖਿਆ। ਮੈਂ ਬਲਵੰਤ ਨਾਲ ਗੱਲ ਕਰਨੀ ਤਾਂ ਠੀਕ ਨੀ ਸਮਝੀ ਕਿ ਕੁੜੀ ਨੂੰ ਧੌਲਧੱਫਾ ਨਾ ਕਰੇ। ਨੂੰਹ ਨਾਲ ਗੱਲ ਕੀਤੀ ਸੀ। ਪਤਾ ਈ ਉਸ ਨੇ ਕੀ ਜਵਾਬ ਦਿੱਤਾ?"

-ਕੀ ਜਵਾਬ ਦਿੱਤਾ?

-ਆਖਣ ਲੱਗੀ, 'ਬੀਬੀ, ਇੰਡੀਆ ਦਾ ਮੁੰਡਾ ਤਾਂ ਸਾਡੀਆਂ ਕੁੜੀਆਂ ਨੇ ਲੈਣਾ ਨਹੀਂ। ਸਾਡੇ ਕੋਲ ਮੁੰਡੇ ਲੱਭਣ ਦਾ ਵਕਤ ਨਹੀਂ। ਸਗੋਂ ਚੰਗਾ ਹੈ ਕਿ ਆਪੇ ਲੱਭ ਲੈਣਗੀਆਂ।' ਕੀ ਆਖਦੀ ਮੈਂ? ਮੈਂ ਚੁਪਚਾਪ ਸੁਣ ਲਈ ਤੇ ਪੀ ਗਈ। ਪਰ ਸਾਰੀ ਰਾਤ ਆਪਣੇ ਆਪ ਵਿਚ ਰਿਝਦੀ ਰਹੀ। ਹੇ ਭਗਵਾਨ! ਏਥੇ ਵਸਦੇ ਲੋਕਾਂ ਦਾ ਕੀ ਬਣੇਗਾ?

ਮੈਂ ਮਾਸੀ ਨੂੰ ਜ਼ਰਾ ਰੰਗ ਵਿਚ ਲਿਆਉਣ ਲਈ ਆਖਿਆ, "ਤੁਸੀਂ ਕੋਈ ਫਿਕਰ ਨਾ ਕਰੋ। ਇਨ੍ਹਾਂ ਕੋਲ ਪੈਸੇ ਬਥੇਰੇ ਨੇ। ਇਨ੍ਹਾਂ ਦੇ ਬਹੁਤ ਸੋਹਣੇ ਬਕਸੇ ਬਣਨਗੇ। ਨਾ ਕਿਸੇ ਨੂੰ ਫੁੱਲ ਚੁੱਗਣੇ ਪੈਣਗੇ ਤੇ ਨਾ ਹਰਦਵਾਰ ਜਾਣਾ ਪਵੇਗਾ। ਇਹ ਲੋਕ ਬੇਹੱਦ ਖੁਸ਼ ਨੇ, ਆਪਣੀ ਉੱਲੂਆਂ ਦੀ ਦੁਨੀਆਂ ਵਿਚ। ਇਹ ਬਿਲਕੁਲ ਪਸੰਦ ਨੀ ਕਰਦੇ ਕਿ ਕੋਈ ਇਨ੍ਹਾਂ ਲਈ ਚਿੰਤਾ ਕਰੇ। ਬੜੀ ਕੁੜੀ ਤਾਂ ਬੜੀ ਚੰਗੀ ਏ। ਉਹਦੇ ਨਾਲ ਗੱਲਬਾਤ ਕਰਿਆ ਕਰੋ।

-ਚੰਗੀ ਤਾਂ ਸ਼ਾਇਦ ਹੋਵੇ। ਪਰ ਬੋਲੀ ਦੀ ਕੋਈ ਸਾਂਝ ਨਹੀਂ। ਬੱਸ ਹੈਲੋ ਤੇ ਗੁਡ ਨੈਟ ਕਰਨ ਲੱਗੀ ਮੈਨੂੰ ਚੁੰਮ ਜ਼ਰੂਰ ਲੈਂਦੀ ਏ। ਘੜੀ ਕੁ ਕਾਲਜੇ ਵਿਚ ਠੰਢ ਪੈ ਜਾਂਦੀ ਏ। ਬੱਸ ਮੁੜ ਉਹੀ ਚੁਪ ਤੇ ਉਦਾਸੀ ਜਿਹੜੀ ਘੰਟਿਆਂ ਬੱਧੀ ਨਹੀਂ ਟੁਟਦੀ।

ਮਾਸੀ ਦੀਆਂ ਗੱਲਾਂ ਤੋਂ ਮੈਂ ਉਸ ਦੀ ਹਾਲਤ ਦਾ ਅੰਦਾਜ਼ਾ ਲਾ ਬੜਾ ਫਿਕਰਮੰਦ ਹੁੰਦਾ ਜਾ ਰਿਹਾ ਸਾਂ। ਕੋਈ ਨਾ ਕੋਈ ਤਾਂ ਰੁਝੇਵਾਂ ਚਾਹੀਦਾ ਹੈ। ਇੰਜ ਤਾਂ ਪਾਗਲ ਹੋ ਜਾਵੇਗੀ ਵਿਚਾਰੀ। ਇਸੇ ਹਾਲਤ ਦੇ ਹੱਲ ਲਈ ਮੈਂ ਕੁਝ ਨਾ ਕੁਝ ਪੁਛੀ ਦੱਸੀ ਜਾ ਰਿਹਾ ਸਾਂ।

-ਬੱਚਿਆਂ ਲਈ ਖਾਣਾ ਬਣਾਇਆ ਕਰੋ। ਨਾਲੇ ਇਹ ਸੁਆਦ ਲੈਣਗੇ, ਨਾਲੇ ਤੁਹਾਡਾ ਵਕਤ ਕਟ ਜਾਇਆ ਕਰੇਗਾ।

ਮਾਸੀ ਡਾਢੇ ਦੁੱਖ ਨਾਲ ਬੋਲੀ, "ਪੰਜੇ ਜਣਿਆਂ ਦੇ ਪੰਜਾਹ ਰਾਹ ਨੇ। ਕੋਈ ਕਿਸੇ ਨੂੰ ਖੇਚਲ ਹੀ ਨਹੀਂ ਦਿੰਦਾ। ਇੰਡੀਆ ਵਿਚ ਸਵੇਰੇ-ਸ਼ਾਮ ਨਿਆਣਿਆਂ ਨੇ ਅਸਮਾਨ ਸਿਰ 'ਤੇ ਚੁਕਿਆ ਹੁੰਦਾ ਏ: ਮਾਤਾ ਜੀ, ਮੈਂ ਪਰੌਂਠੀ ਖਾਣੀ ਏ। ਮਾਤਾ ਜੀ, ਮੈਂ ਗੋਭੀ ਨਾਲ ਫੁਲਕਾ ਖਾਣਾ ਏ। ਮਾਤਾ ਜੀ, ਮੈਂ ਚਾਹ ਪੀਣੀ ਏ। ਮਾਤਾ ਜੀ, ਮੈਂ ਦੁੱਧ ਵਿਚ ਪੱਤੀ ਪਾ ਕੇ ਪੀਣੀ ਏ। ਪਰ ਏਥੇ ਕਿਚਨ ਵਿਚ ਵੜਦੇ ਨੇ, ਤੇ ਡੱਬਿਆਂ 'ਚੋਂ ਕਾਰਨਫਲੇਕਸ ਪਲੇਟ ਵਿਚ ਪਾ, ਵਿਚ ਦੁੱਧ ਦੀ ਬੋਤਲ ਉਲੱਦ, ਖਾ ਕੇ ਅਹੁ ਜਾਂਦੇ ਨੇ। ਜਾਂ ਮਾਸ ਮੱਛੀ ਤਲ-ਤਲ ਖਾਈ ਜਾਂਦੇ ਨੇ। ਮੇਰਾ ਤਾਂ ਪੁੱਤਰ ਧਰਮ ਭ੍ਰਿਸ਼ਟ ਕਰ ਛੱਡਿਆ ਸੂ। ਇੰਡੀਆ ਜਾਂਦੀ ਹੀ ਪਹਿਲਾਂ ਹਰਦਵਾਰ ਨੁਹਾ ਕੇ ਹੀ ਘਰ ਵੜਾਂਗੀ।"

"ਨਾ ਮਾਸੀ ਜੀ, ਜਿਉਂਦੇ ਜੀਅ ਹਰਦਵਾਰ ਨਾ ਜਾਣਾ।" ਮੈਂ ਮਜ਼ਾਕ ਕੀਤਾ।


ਪਰ ਮਾਸੀ ਤਾਂ ਹੋਰ ਵੀ ਗੰਭੀਰ ਹੋ ਗਈ। ਅਤਿ ਨਿਮਰਤਾ ਨਾਲ ਬੋਲੀ, "ਪੁੱਤਰ, ਜੇ ਤੂੰ ਮੈਨੂੰ ਇੰਡੀਆ ਘਲਾਉਣ ਵਿਚ ਮੇਰੀ ਮਦਦ ਕਰੇਂ ਤਾਂ ਮੈਂ ਤੇਰਾ ਅਹਿਸਾਨ ਉਮਰ ਭਰ ਨਹੀਂ ਭੁਲਾਂਗੀ। ਨਹੀ ਤਾਂ ਮੈਂ ਘੁਟ-ਘੁਟ ਕੇ ਮਰ ਜਾਵਾਂਗੀ।" ਆਖ ਉਹ ਮੁੜ ਜ਼ਾਰ-ਜ਼ਾਰ ਰੋਣ ਲੱਗ ਪਈ।

ਮੈਂ ਮਾਸੀ ਦੀਆਂ ਅੱਖਾਂ ਪੂੰਝੀਆਂ। ਉਹਦੀਆਂ ਅੱਖਾਂ ਵਿਚ ਸੂਰਜ ਮਰਿਆ ਪਿਆ ਸੀ। ਮੇਰੀਆਂ ਆਪਣੀਆਂ ਅੱਖਾਂ ਭਰ ਆਈਆਂ। ਤਸੱਲੀ ਦਿੰਦਿਆਂ ਆਖਿਆ, "ਮਾਸੀ ਜੀ, ਕੋਈ ਫਿਕਰ ਨਾ ਕਰੋ। ਹੁਣ ਤੁਹਾਨੂੰ ਇੰਡੀਆ ਜਾਣਾ ਚਾਹੀਦੈ। ਨਹੀਂ ਤਾਂ ਤੁਹਾਨੂੰ ਇਹ ਮੜ੍ਹੀਆਂ ਵਰਗੀ ਇਕੱਲ ਨਿਗਲ ਜਾਵੇਗੀ।"

ਮੈਂ ਮਾਸੀ ਨੂੰ ਅੱਖਾਂ ਪੂੰਝਣ ਲਈ ਟਿਸ਼ੂ ਫੜਾਇਆ। ਮੇਰੇ ਵਲੋਂ ਦਰਸਾਈ ਹਮਦਰਦੀ 'ਤੇ ਤਸੱਲੀ ਨਾਲ ਮਾਸੀ ਜ਼ਰਾ ਸੰਭਲ ਗਈ ਤੇ ਆਪਣੇ ਆਪੇ ਵਿਚ ਆਉਂਦੀ ਆਖਣ ਲੱਗੀ, "ਪੁੱਤਰ, ਮੈਂ ਤਾਂ ਆਪ ਮਰ ਕੇ ਵੇਖ ਲਿਆ ਏ। ਇਹ ਤਾਂ ਮੜ੍ਹੀਆਂ ਤੋਂ ਵੀ ਦੂਰ ਦੀ ਕੋਈ ਸ਼ੈਅ ਏ। ਮੜ੍ਹੀਆਂ ਵਿਚ ਤਾਂ ਫਿਰ ਚੜ੍ਹਦੀ ਧੁਪ ਆਂਦੀ ਏ। ਵਾ ਵਗਦੀ ਏ। ਪੰਛੀ ਚਹਿਕਦੇ ਨੇ...।"

# ਸਮਾਜਿਕ ਬਰਾਬਰੀ ਦਾ ਸਵਾਲ ਅਤੇ ਸਮਾਜਵਾਦ

ਡਾ. ਸ. ਸ. ਛੀਨਾ



ਸਾਰੇ ਹੀ ਧਾਰਮਿਕ ਆਗੂਆਂ ਵੱਲੋਂ ਸਮਾਜਿਕ ਬਰਾਬਰੀ 'ਤੇ ਖਾਸ ਜ਼ੋਰ ਦਿੱਤਾ ਜਾਂਦਾ ਰਿਹਾ ਹੈ ਅਤੇ ਸਮਾਜਿਕ ਬਰਾਬਰੀ ਸਥਾਪਿਤ ਹੀ ਤਾਂ ਹੋ ਸਕਦੀ ਹੈ ਜੇ ਆਰਥਿਕ ਬਰਾਬਰੀ ਹੈ; ਨਹੀਂ ਤਾਂ ਸਮਾਜਿਕ ਬਰਾਬਰੀ ਨੂੰ ਪਰਿਭਾਸ਼ਤ ਵੀ ਨਹੀਂ ਕੀਤਾ ਜਾ ਸਕਦਾ। 1991 ਵਿਚ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਨਾਲ ਸਮਾਜਵਾਦ ਨੂੰ ਭਾਵੇਂ ਵੱਡੀ ਸੱਟ ਵੱਜੀ, ਇੱਥੋਂ ਤੱਕ ਕਿ ਉਹ 16 ਵੱਖ-ਵੱਖ ਦੇਸ਼ ਜਿਹੜੇ ਸੋਵੀਅਤ ਯੂਨੀਅਨ ਦਾ ਹਿੱਸਾ ਬਣੇ ਸਨ ਅਤੇ ਜਿਨ੍ਹਾਂ ਨੇ ਸਮਾਜਵਾਦ ਅਪਨਾਇਆ ਸੀ, ਉਨ੍ਹਾਂ ਵੀ ਸੋਵੀਅਤ ਯੂਨੀਅਨ ਤੋਂ ਵੱਖ ਹੋ ਕੇ ਆਪੋ-ਆਪਣੇ ਸੁਤੰਤਰ ਰਾਜ ਸਥਾਪਤ ਕਰ ਲਏ। ਇਨ੍ਹਾਂ ਵਿਚ ਯੂਕਰੇਨ, ਜਾਰਜੀਆ, ਉਜ਼ਬੇਕਿਸਤਾਨ, ਤਜ਼ਾਕਿਸਤਾਨ, ਕਜ਼ਾਖਸਤਾਨ ਆਦਿ ਆਉਂਦੇ ਹਨ ਪਰ ਉਨ੍ਹਾਂ ਸਾਰੇ ਸਮਾਜਵਾਦੀ ਤੋਂ ਬਦਲੇ ਦੇਸ਼ਾਂ ਨੇ ਸਮਾਜਵਾਦ ਦੀ ਮੁੱਢਲੀ ਗੱਲ ਸਮਾਜਿਕ ਬਰਾਬਰੀ ਨੂੰ ਤਰਜੀਹ ਦਿੱਤੀ ਅਤੇ ਲਗਾਤਾਰ ਸੁਧਾਰਾਂ ਨਾਲ ਸਮਾਜਿਕ ਸੁਰੱਖਿਆ ਵਿਚ ਵੱਧ ਤੋਂ ਵੱਧ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਉਂ ਪਤਾ ਲੱਗਦਾ ਹੈ ਕਿ ਨਾ ਤਾਂ ਸਮਾਜਵਾਦ ਫੇਲ੍ਹ ਹੋ ਸਕਦਾ ਅਤੇ ਨਾ ਹੀ ਖ਼ਤਮ ਹੋ ਸਕਦਾ ਹੈ, ਭਾਵੇਂ ਇਸ ਦੀ ਸੂਰਤ ਵਿਚ ਤਬਦੀਲੀ ਆਉਂਦੀ ਰਹੇਗੀ।

ਮੱਧਕਾਲ ਤੋਂ ਬਾਅਦ ਜਦੋਂ ਇਤਿਹਾਸ ਦੇ ਆਧੁਨਿਕ ਭਾਗ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਵੱਖ-ਵੱਖ ਦੇਸ਼ਾਂ ਵਿਚ ਸਮਾਜਿਕ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਵੱਡੇ-ਵੱਡੇ ਸੰਘਰਸ਼ਾਂ ਦੀਆਂ ਦਾਸਤਾਨਾਂ ਨਜ਼ਰ ਆਉਂਦੀਆਂ ਹਨ ਪਰ ਮੈਂ ਸਿਰਫ਼ ਦੋ ਤਿੰਨ ਦਾ ਹੀ ਜ਼ਿਕਰ ਕਰਾਂਗਾ। 19ਵੀਂ ਸਦੀ ਤੋਂ ਪਹਿਲਾਂ ਦੁਨੀਆ ਭਰ ਵਿਚ ਖੇਤੀਬਾੜੀ ਹੀ ਮੁੱਖ ਪੇਸ਼ਾ ਸੀ ਅਤੇ ਖੇਤੀ ਵਿਚ ਹੋਈ ਇਨਕਲਾਬੀ ਉਨਤੀ ਦੇ ਆਧਾਰ 'ਤੇ 19ਵੀਂ ਸਦੀ ਦੇ ਸ਼ੁਰੂ ਵਿਚ ਪਹਿਲਾਂ ਇੰਗਲੈਂਡ ਅਤੇ ਫਿਰ ਹੋਰ ਦੇਸ਼ਾਂ ਵਿਚ ਸਨਅਤੀ ਇਨਕਲਾਬ ਆਇਆ। ਉਸ ਵਕਤ ਖੇਤੀ ਕਰਨ ਵਾਲੇ ਕਿਸਾਨਾਂ ਦੇ ਦੋ ਸੰਘਰਸ਼ ਇਤਿਹਾਸ ਦਾ ਹਿੱਸਾ ਬਣੇ। ਪਹਿਲਾ ਸੀ 1534 ਵਿਚ ਜਰਮਨੀ ਦੇ ਕਿਸਾਨਾਂ ਦਾ ਸੰਘਰਸ਼ ਜਿਸ ਵਿਚ ਉਨ੍ਹਾਂ ਨੇ ਉਸ ਵਕਤ ਦੇ ਹਾਕਮਾਂ ਨੂੰ ਮਜਬੂਰ ਕੀਤਾ ਕਿ ਉਹ ਉਨ੍ਹਾਂ ਦੇ ਹੱਕ ਦੀ ਨੀਤੀ ਲਾਗੂ ਕਰਨ ਅਤੇ ਉਸ ਤੋਂ ਬਾਅਦ 1789 ਵਿਚ ਫਰਾਂਸ ਦੀ ਕ੍ਰਾਂਤੀ ਦਾ ਜ਼ਿਕਰ ਆਉਂਦਾ ਹੈ ਜਿਸ ਵਿਚ ਕਿਸਾਨ ਖ਼ੂਨੀ ਇਨਕਲਾਬ ਕਰ ਕੇ ਉਸ ਵਕਤ ਦੇ ਵੱਡੇ ਜ਼ਿਮੀਂਦਾਰਾਂ ਅਤੇ ਰਜਵਾੜਿਆਂ ਕੋਲੋਂ ਜ਼ਮੀਨਾਂ ਖੋਹ ਕੇ ਉਨ੍ਹਾਂ ਦੇ ਮਾਲਕ ਬਣੇ। ਮਾਰਕਸ ਅਤੇ ਏਂਜਲਸ ਨੇ ਸਮਾਜਵਾਦ ਦਾ ਜਿਹੜਾ ਸਿਧਾਂਤ ਦਿੱਤਾ ਸੀ ਜਿਸ ਦੀ ਮੁੱਖ ਮਦ ਸਮਾਜਿਕ ਅਤੇ ਆਰਥਿਕ ਬਰਾਬਰੀ ਸੀ, ਉਸ ਵਿਚ ਉਨ੍ਹਾਂ ਦੀ ਕਿਆਸਰਾਈ ਸੀ ਕਿ ਜਿਨ੍ਹਾਂ ਦੇਸ਼ਾਂ ਵਿਚ ਉਦਯੋਗਿਕ ਵਿਕਾਸ ਹੋ ਰਿਹਾ ਹੈ ਉਨ੍ਹਾਂ ਦੇ ਉਦਯੋਗਿਕ ਕਿਰਤੀਆਂ ਵੱਲੋਂ ਸਮਾਜਵਾਦ ਸਥਾਪਤ ਕੀਤਾ ਜਾਵੇਗਾ ਅਤੇ ਰਜਵਾੜਾ ਪ੍ਰਣਾਲੀ ਖ਼ਤਮ ਕੀਤੀ ਜਾਵੇਗੀ।

ਰੂਸ ਵਿਚ ਜਦੋਂ 1917 'ਚ ਸਮਾਜਵਾਦ ਸਥਾਪਤ ਕੀਤਾ ਗਿਆ ਤਾਂ ਉਸ ਸਮਾਜਵਾਦ ਦੀ ਅਗਵਾਈ ਉਦਯੋਗਿਕ ਕਿਰਤੀਆਂ ਨੇ ਨਹੀਂ ਸਗੋਂ ਕਿਸਾਨਾਂ ਨੇ ਕੀਤੀ; ਫਿਰ ਰੂਸ ਉਸ ਵਕਤ ਤੱਕ ਉਦਯੋਗਿਕ ਦੇਸ਼ ਬਣਿਆ ਹੀ ਨਹੀਂ ਸੀ ਅਤੇ ਉੱਥੋਂ ਦੀ ਜ਼ਿਆਦਾਤਰ ਵਸੋਂ ਖੇਤੀ 'ਤੇ ਨਿਰਭਰ ਕਰਦੀ ਸੀ। ਉਦੋਂ ਕਿਸਾਨਾਂ ਨੇ ਕਿਰਤੀਆਂ ਨਾਲ ਮਿਲ ਕੇ ਉੱਥੋਂ ਦੇ ਹੁਕਮਰਾਨ ਜ਼ਾਰ ਨੂੰ ਲਾਹ ਕੇ ਕਿਸਾਨਾਂ ਅਤੇ ਕਿਰਤੀਆਂ ਦਾ ਰਾਜ ਸਥਾਪਤ ਕਰ ਦਿੱਤਾ। 2016 ਵਿਚ ਜਾਂ 1991 ਵਿਚ ਸੋਵੀਅਤ ਯੂਨੀਅਨ ਵੱਲੋਂ ਅਧਿਕਾਰਤ ਤੌਰ 'ਤੇ ਸਮਾਜਵਾਦ ਛੱਡਣ ਦੇ ਤਕਰੀਬਨ 24 ਸਾਲ ਬਾਅਦ ਮੈਂ ਇਕ ਵਾਰ ਰੁਮਾਨੀਆ ਜਾ ਰਿਹਾ ਸਾਂ ਅਤੇ ਮੈਨੂੰ ਕੋਈ 4 ਘੰਟੇ ਮਾਸਕੋ ਦੇ ਹਵਾਈ ਅੱਡੇ 'ਤੇ ਬੁਖਾਰੈਸਟ ਵਾਲੇ ਜਹਾਜ਼ ਦੀ ਉਡੀਕ ਕਰਨੀ ਪਈ। ਉਥੇ ਮੈਂ ਹਰ ਕਰਮਚਾਰੀ ਦੀ ਬਾਂਹ 'ਤੇ ਲੱਗੇ ਦਾਤਰੀ ਅਤੇ ਹਥੌੜੇ ਦੇ ਬਣੇ ਨਿਸ਼ਾਨ ਤੋਂ ਬਹੁਤ ਹੈਰਾਨ ਹੋਇਆ। ਮੈਂ ਇਕ ਕਰਮਚਾਰੀ ਨੂੰ ਪੁੱਛਿਆ ਕਿ 1991 ਵਿਚ ਸੋਵੀਅਤ ਯੂਨੀਅਨ ਵੱਲੋਂ ਸਮਾਜਵਾਦ ਨੂੰ ਨਕਾਰਨ ਤੋਂ ਬਾਅਦ ਵੀ 'ਦਾਤਰੀ ਅਤੇ ਹਥੌੜੇ' ਦੇ ਨਿਸ਼ਾਨ ਨੂੰ ਕਿਉਂ ਅਪਨਾਇਆ ਜਾ ਰਿਹਾ ਹੈ ਤਾਂ ਉਸ ਨੇ ਬਹੁਤ ਢੁਕਵਾਂ ਜਵਾਬ ਦਿੱਤਾ ਕਿ ਉਸ ਸਮੇਂ ਆਈਆਂ ਆਰਥਿਕ ਮੁਸ਼ਕਿਲਾਂ ਦਾ ਮੁੱਖ ਕਾਰਨ ਪ੍ਰਬੰਧਕੀ ਅਯੋਗਤਾ ਸੀ ਪਰ ਉਸ ਤੋਂ ਬਾਅਦ 'ਸਮਾਜਿਕ ਬਰਾਬਰੀ' ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਅਪਨਾਇਆ ਗਿਆ ਹੈ ਅਤੇ ਸਮਾਜਿਕ ਬਰਾਬਰੀ ਵੀ ਬਣਾ ਕੇ ਰੱਖੀ ਹੋਈ ਹੈ। ਸਮਾਜਵਾਦ ਨੂੰ ਕਦੇ ਵੀ ਅਸਲੀਅਤ ਵਿਚ ਨਹੀਂ ਨਕਾਰਿਆ ਭਾਵੇਂ ਆਰਥਿਕ ਪ੍ਰਬੰਧ ਵਿਚ ਕੁਝ ਖੁੱਲ੍ਹਾਂ ਜ਼ਰੂਰ ਦਿੱਤੀਆਂ ਗਈਆਂ ਹਨ।

ਉਨ੍ਹਾਂ ਆਰਥਿਕ ਖੁੱਲ੍ਹਾਂ ਬਾਰੇ ਮੈਨੂੰ ਕੁਝ ਸਮੇਂ ਬਾਅਦ ਹੀ ਗਿਆਨ ਹੋ ਗਿਆ। ਉਹ ਇਸ ਤਰ੍ਹਾਂ ਹੋਇਆ ਕਿ ਮੈਂ ਅਤੇ ਮੇਰੇ ਨਾਲ ਦੇ ਦੋ ਹੋਰ ਸਾਥੀਆਂ ਨੇ ਸਮਾਂ ਬਿਤਾਉਣ ਲਈ ਚਾਹ ਦਾ ਆਰਡਰ ਦਿੱਤਾ ਪਰ ਉਸ ਲੜਕੀ ਨੇ ਸਾਨੂੰ ਪੁੱਛਿਆ: ਆਪ ਦੇ ਕੋਲ ਅਮਰੀਕਨ ਡਾਲਰ ਜਾਂ ਰੂਬਲ (ਰੂਸ ਦੀ ਕਰੰਸੀ) ਹੈ? ਸਾਡੇ ਕੋਲ ਭਾਵੇਂ ਡਾਲਰ ਸਨ ਪਰ ਅਸੀਂ ਇਸ ਗੱਲੋਂ ਬਹੁਤ ਹੈਰਾਨ ਹੋਏ ਕਿ



ਅਮਰੀਕਾ ਜਿਸ ਨਾਲ ਰੂਸ ਦੀ ਲਗਾਤਾਰ ਕੋਈ 70 ਸਾਲ ਸਰਦ ਜੰਗ ਜਾਰੀ ਰਹੀ, ਉੱਥੇ ਹੁਣ ਰੂਬਲ ਤੋਂ ਇਲਾਵਾ ਜੇ ਕਿਸੇ ਕਰੰਸੀ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਉਹ ਅਮਰੀਕਾ ਦਾ ਡਾਲਰ ਹੀ ਹੈ। ਇਸ ਗੱਲ ਨੇ ਸਾਡੇ ਮਨ ਵਿਚ ਕਈ ਹੋਰ ਸਵਾਲ ਪੈਦਾ ਕੀਤੇ ਪਰ ਅਸੀਂ ਗੱਲਬਾਤ ਨਾਲ ਬਿਲਕੁਲ ਸੰਤੁਸ਼ਟ ਹੋ ਗਏ ਕਿ ਵਪਾਰਕ ਅਤੇ ਆਰਥਿਕ ਲੋੜਾਂ ਅਨੁਸਾਰ ਲੋਕ ਹਿੱਤ ਲਈ ਜੇ ਕੋਈ ਤਬਦੀਲੀਆਂ ਕੀਤੀਆਂ ਗਈਆਂ ਹਨ ਤਾਂ ਇਸ ਦਾ ਇਹ ਅਰਥ ਨਹੀਂ ਕੱਢਿਆ ਜਾ ਸਕਦਾ ਕਿ ਹੁਣ ਉੱਥੇ ਉਹ ਅਗਾਂਹਵਧੂ ਨੀਤੀਆਂ ਦਾ ਖ਼ਾਤਮਾ ਹੋ ਗਿਆ ਹੈ।

ਜਦੋਂ 1917 'ਚ ਰੂਸ ਵਿਚ ਇਨਕਲਾਬ ਹੋਇਆ ਸੀ ਤਾਂ ਉਸ ਵਕਤ ਰੂਸ ਬਹੁਤ ਵਿਸ਼ਾਲ ਦੇਸ਼ ਅਤੇ ਕੁਦਰਤੀ ਤੇ ਆਰਥਿਕ ਸਾਧਨਾਂ ਨਾਲ ਭਰਪੂਰ ਹੋਣ ਦੇ ਬਾਵਜੂਦ ਆਪਣੀਆਂ ਖੁਰਾਕ ਲੋੜਾਂ ਵੀ ਪੂਰੀਆਂ ਕਰਨ ਯੋਗ ਨਹੀਂ ਸੀ। ਉੱਥੋਂ ਦਾ ਹੁਕਮਰਾਨ ਜ਼ਾਰ ਅਤੇ ਪ੍ਰਾਂਤਾਂ ਦੇ ਪ੍ਰਬੰਧਕਾਂ ਨੂੰ ਆਮ ਵਿਅਕਤੀਆਂ ਦੀਆਂ ਮੁਸ਼ਕਿਲਾਂ ਦਾ ਕੋਈ ਗਿਆਨ ਨਹੀਂ ਸੀ ਪਰ ਇਨਕਲਾਬ ਤੋਂ ਬਾਅਦ ਕੁਝ ਹੀ ਸਾਲਾਂ ਵਿਚ ਰੂਸ ਦੁਨੀਆ ਦੀ ਨਾ ਸਿਰਫ਼ ਵੱਡੀ ਆਰਥਿਕ ਸ਼ਕਤੀ ਬਣਿਆ ਸਗੋਂ ਸਭ ਤੋਂ ਮਹੱਤਵਪੂਰਨ ਫੌਜੀ ਤਾਕਤ ਵੀ ਬਣ ਗਿਆ ਸੀ। ਸਿਰਫ਼ 40 ਸਾਲਾਂ ਵਿਚ 1957 ਤੱਕ ਉਸ ਦੇਸ਼ ਦੇ ਵਿਗਿਆਨਕ ਅਤੇ ਉਦਯੋਗਿਕ ਖੇਤਰ ਵਿਚ ਓਨੀਆਂ ਪ੍ਰਾਪਤੀਆਂ ਕੀਤੀਆਂ ਸਨ ਕਿ ਪੁਲਾੜ ਵਿਚ ਹੋਰ ਗ੍ਰਹਿਆਂ ਦੀ ਖੋਜ ਕਰਨ ਲਈ ਸਭ ਤੋਂ ਪਹਿਲਾ ਵਿਅਕਤੀ ਯੂਰੀ ਗਾਗਰਿਨ ਸੋਵੀਅਤ ਯੂਨੀਅਨ ਨੇ ਹੀ ਭੇਜਿਆ ਸੀ। ਦੂਸਰੀ ਵੱਡੀ ਜੰਗ ਵਿਚ ਸੋਵੀਅਤ ਯੂਨੀਅਨ ਨਹੀਂ ਸੀ ਪੈਣਾ ਚਾਹੁੰਦਾ ਅਤੇ ਜੰਗ ਦੇ ਹੱਕ ਵਿਚ ਵੀ ਨਹੀਂ ਸੀ ਪਰ ਜਦੋਂ ਜਰਮਨੀ ਵੱਲੋਂ ਉਸ 'ਤੇ ਹਮਲਾ ਕਰ ਕੇ ਉਸ ਨੂੰ ਜੰਗ ਵਿਚ ਕੁੱਦਣ ਲਈ ਮਜਬੂਰ ਕਰ ਦਿੱਤਾ ਸੀ ਤਾਂ ਨਾਜ਼ੀ ਅਤੇ ਫਾਸ਼ੀ ਸ਼ਕਤੀਆਂ ਦੀ ਹਾਰ ਦਾ ਵੱਡਾ ਕਾਰਨ ਵੀ ਰੂਸ ਹੀ ਸੀ, ਇਸ ਜੰਗ ਵਿਚ ਭਾਵੇਂ ਰੂਸੀਆਂ ਨੂੰ ਬਹੁਤ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਵੀ ਉਠਾਉਣਾ ਪਿਆ ਸੀ।

ਸੋਵੀਅਤ ਯੂਨੀਅਨ ਦੀ ਪ੍ਰਣਾਲੀ ਦੀ ਸਫਲਤਾ ਦੀਆਂ ਕਈ ਗੱਲਾਂ ਹਨ ਪਰ ਕੁਝ ਦੱਸਣੀਆਂ ਜ਼ਰੂਰੀ ਹਨ ਜਿਨ੍ਹਾਂ ਦਾ ਅਜੇ ਵੀ ਦੁਨੀਆ ਭਰ ਵਿਚ ਮਹੱਤਵ ਹੈ। 1927 ਵਿਚ ਦੁਨੀਆ ਭਰ ਵਿਚ ਮੰਦੀ ਫੈਲੀ ਸੀ ਜਿਸ ਵਿਚ ਵਸਤੂਆਂ ਦੀਆਂ ਕੀਮਤਾਂ ਘਟ ਰਹੀਆਂ ਸਨ ਪਰ ਘੱਟ ਹੋਣ ਦੇ ਬਾਵਜੂਦ ਵਿਕ ਨਹੀਂ ਸਨ ਰਹੀਆਂ; ਇਸ ਲਈ ਹੋਰ ਬਣਾਉਣ ਦੀ ਲੋੜ ਨਹੀਂ ਸੀ। ਕਾਰਖਾਨੇ ਅਤੇ ਉਤਪਾਦਕ ਅਦਾਰੇ ਬੰਦ ਹੋ ਰਹੇ ਸਨ ਅਤੇ ਦੁਨੀਆ ਭਰ ਵਿਚ ਬੇਰੁਜ਼ਗਾਰੀ ਫੈਲ ਰਹੀ ਸੀ ਪਰ ਰੂਸ ਹੀ ਇਕੱਲਾ ਦੇਸ਼ ਸੀ ਜਿੱਥੇ ਨਾ ਕੀਮਤਾਂ ਘਟੀਆਂ ਅਤੇ ਨਾ ਬੇਰੁਜ਼ਗਾਰੀ ਹੋਈ। 1939 ਵਿਚ ਜਦੋਂ ਦੂਸਰੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਇਕ ਦਮ ਸਾਰੀ ਹੀ ਦੁਨੀਆ ਵਿਚ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧ ਰਹੀਆਂ ਸਨ ਅਤੇ ਆਮ ਆਦਮੀ ਦੁਖੀ ਸੀ ਪਰ ਸੋਵੀਅਤ ਯੂਨੀਅਨ ਇਕੱਲਾ ਹੀ ਦੇਸ਼ ਸੀ ਜਿੱਥੇ ਕੀਮਤਾਂ ਸਥਿਰ ਸਨ। ਜੰਗ ਦੇ ਖ਼ਾਤਮੇ ਤੋਂ ਬਾਅਦ ਬਹੁਤ ਸਾਰੇ ਦੇਸ਼ ਜਿਵੇਂ ਪੋਲੈਂਡ, ਰੁਮਾਨੀਆ, ਆਸਟਰੀਆ, ਯੂਗੋਸਲਾਵੀਆ, ਚੈਕੋਸਲੋਵਾਕੀਆ ਆਦਿ ਸੋਵੀਅਤ ਯੂਨੀਅਨ ਦੀ ਹੋਈ ਉਨਤੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਸਮਾਜਵਾਦ ਅਪਣਾਇਆ ਸੀ ਅਤੇ 1949 ਵਿਚ ਚੀਨ ਨੇ ਸਮਾਜਵਾਦ ਅਪਣਾ ਕੇ ਪਿਛਲੀ ਪ੍ਰਣਾਲੀ ਨੂੰ ਬਿਲਕੁਲ ਖ਼ਤਮ ਕਰ ਦਿੱਤਾ। ਉਸ ਵਕਤ ਚੀਨ ਦੁਨੀਆ ਵਿਚ ਵਸੋਂ ਦੇ ਹਿਸਾਬ ਸਭ ਤੋਂ ਵੱਡਾ ਦੇਸ਼ ਸੀ। 1975 ਤੱਕ ਕੋਈ 69 ਫ਼ੀਸਦੀ ਵਸੋਂ ਨੇ ਦੁਨੀਆ ਵਿਚ ਸਮਾਜਵਾਦ ਅਪਣਾ ਲਿਆ ਸੀ।

ਜਿਨ੍ਹਾਂ ਦੇਸ਼ਾਂ ਨੇ ਸਮਾਜਵਾਦ ਨਹੀਂ ਸੀ ਅਪਣਾਇਆ ਉਨ੍ਹਾਂ ਨੂੰ ਵੀ ਸਮਾਜਵਾਦ ਨੇ ਪ੍ਰਭਾਵਿਤ ਕੀਤਾ। 1947 ਤੋਂ ਪਹਿਲਾਂ ਇਕੱਲਾ ਭਾਰਤ ਹੀ ਨਹੀਂ ਸਗੋਂ ਕਈ ਹੋਰ ਦੇਸ਼ ਇੰਗਲੈਂਡ, ਫਰਾਂਸ, ਹਾਲੈਂਡ ਦੇ ਅਧੀਨ ਸਨ ਅਤੇ ਉਨ੍ਹਾਂ ਦੇਸ਼ਾਂ ਵਿਚ ਆਪਣੀ ਸੁਤੰਤਰਤਾ ਲਈ ਸੰਘਰਸ਼ ਚੱਲ ਰਹੇ ਸਨ। ਉਨ੍ਹਾਂ ਸਾਰੇ ਦੇਸ਼ਾਂ ਨੂੰ ਸੋਵੀਅਤ ਯੂਨੀਅਨ ਦੇ ਸਮਾਜਵਾਦ ਨੇ ਪ੍ਰਭਾਵਿਤ ਕਰ ਕੇ ਉਨ੍ਹਾਂ ਦੇਸ਼ਾਂ ਦੀ ਸੁਤੰਤਰਤਾ ਨੂੰ ਅਸਲੀ ਸ਼ਕਲ ਦਿੱਤੀ ਅਤੇ ਇਕ ਤੋਂ ਬਾਅਦ ਇਕ ਦੇਸ਼ ਸੁਤੰਤਰ ਹੁੰਦਾ ਗਿਆ। ਦੁਨੀਆ ਭਰ ਦੇ ਦੇਸ਼ਾਂ ਵਿਚ ਨਾ ਸਿਰਫ਼ ਉਦਯੋਗਿਕ ਕਿਰਤੀਆਂ ਦੀਆਂ ਸਗੋਂ ਹੋਰ ਸੇਵਾਵਾਂ ਦੇਣ ਵਾਲਿਆਂ ਦੀਆਂ ਯੂਨੀਅਨਾਂ ਸਥਾਪਤ ਹੋਈਆਂ ਜਿਨ੍ਹਾਂ ਨੇ ਕੰਮ ਦਾ ਸਮਾਂ, ਸਮਾਜਿਕ ਸੁਰੱਖਿਆ, ਇਲਾਜ ਦੀ ਵਿਵਸਥਾ ਅਤੇ ਹੋਰ ਮਨੁੱਖੀ ਅਧਿਕਾਰਾਂ ਲਈ ਵੱਡੇ ਸੰਘਰਸ਼ ਕੀਤੇ ਜਿਨ੍ਹਾਂ ਨੂੰ ਸੋਵੀਅਤ ਯੂਨੀਅਨ ਦੇ ਸਮਾਜਵਾਦ ਨੇ ਉਤਸ਼ਾਹਿਤ ਕੀਤਾ।

1917 ਤੋਂ ਬਾਅਦ ਸਾਮਰਾਜਵਾਦੀ ਸ਼ਕਤੀਆਂ ਅਤੇ ਉਦਯੋਗਿਕ ਦੇਸ਼ਾਂ ਵਿਚ ਇਸ ਗੱਲ ਦੀ ਚੇਤਨਾ ਪੈਦਾ ਹੋ ਗਈ ਸੀ ਕਿ ਵੱਧ ਤੋਂ ਵੱਧ ਦੇਸ਼ ਸਮਾਜਵਾਦ ਅਪਣਾ ਰਹੇ ਹਨ ਅਤੇ ਉਨ੍ਹਾਂ ਦੇਸ਼ਾਂ ਨੇ ਸਮਾਜਵਾਦ ਦੇ ਵਾਧੇ ਨੂੰ ਰੋਕਣ ਲਈ ਉਪਾਅ ਕਰਨੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਦੇਸ਼ਾਂ ਨੇ ਕਿਰਤੀਆਂ ਦੇ ਕੰਮ ਦੇ ਸਮੇਂ, ਉਨ੍ਹਾਂ ਨੂੰ ਕੰਮ ਕਰਨ ਵਾਲੀ ਜਗ੍ਹਾ ਤੇ ਸਹੂਲਤਾਂ, ਪੈਨਸ਼ਨ, ਪ੍ਰਾਵੀਡੈਂਟ ਫੰਡ, ਹਾਦਸੇ ਦੀ ਹਾਲਤ ਵਿਚ ਮੁਆਵਜ਼ਾ ਆਦਿ ਸਹੂਲਤਾਂ ਇਕ ਤੋਂ ਬਾਅਦ ਇਕ ਦੇਸ਼ ਵਿਚ ਸ਼ੁਰੂ ਹੋ ਗਈਆਂ; ਇੱਥੋਂ ਤੱਕ ਕਿ ਸਰਕਾਰ ਨੇ ਇਹ ਮਹਿਸੂਸ ਕਰ ਲਿਆ ਕਿ ਬੇਰੁਜ਼ਗਾਰੀ ਦਾ ਭੱਤਾ ਵੀ ਲਾਗੂ ਕਰਨਾ ਪੈਣਾ ਹੈ ਅਤੇ ਸਮਾਜਿਕ ਬਰਾਬਰੀ ਬਣਾਉਣ ਲਈ ਆਰਥਿਕ ਬਰਾਬਰੀ ਦੀ ਵਿਵਸਥਾ ਕਰਨੀ ਪਵੇਗੀ ਭਾਵੇਂ ਉਸ ਨੂੰ ਟੈਕਸ ਪ੍ਰਣਾਲੀ ਰਾਹੀਂ ਹੀ ਕੀਤਾ ਜਾਵੇ। ਇਹੋ ਵਜ੍ਹਾ ਹੈ ਕਿ ਅੱਜ ਕੱਲ੍ਹ ਦੁਨੀਆ ਦੇ ਹਰ ਵਿਕਸਤ ਦੇਸ਼ ਵਿਚ ਭਾਵੇਂ ਧਨ ਦੀ ਨਾ-ਬਰਾਬਰੀ ਤਾਂ ਹੈ ਪਰ ਆਮਦਨ ਦੀ ਨਾ-ਬਰਾਬਰੀ ਨਹੀਂ ਜਿਸ ਦੇ ਇਹ ਸਬੂਤ ਹਨ ਕਿ ਅਮੀਰ ਤੋਂ ਅਮੀਰ ਵਿਅਕਤੀ ਕੋਲ ਵੀ ਡਰਾਈਵਰ ਨਹੀਂ ਅਤੇ ਇਨ੍ਹਾਂ ਵਿਕਸਤ ਦੇਸ਼ਾਂ ਵਿਚ ਇਕ ਵੀ ਬਾਲ ਮਜ਼ਦੂਰ ਨਹੀਂ।

ਸਮਾਜਵਾਦ ਦਾ ਪ੍ਰਭਾਵ ਲਗਾਤਾਰ ਬਣਿਆ ਹੋਇਆ ਹੈ ਅਤੇ ਬਣਿਆ ਰਹੇਗਾ। 1991 ਵਿਚ ਸੋਵੀਅਤ ਯੂਨੀਅਨ ਵੱਲੋਂ ਪਹਿਲੇ ਰਸਤੇ ਨੂੰ ਛੱਡ ਕੇ ਨਵਾਂ ਰਸਤਾ ਅਪਣਾ ਲੈਣਾ ਓਨੀ ਹੀ ਮਹੱਤਵਪੂਰਨ ਇਤਿਹਾਸਕ ਘਟਨਾ ਸੀ ਜਿੰਨੀ 1917 ਵਿਚ ਸਮਾਜਵਾਦ ਅਪਣਾਉਣਾ ਸੀ ਪਰ 1917 ਤੋਂ ਲੈ ਕੇ ਲਗਾਤਾਰ ਦੁਨੀਆ ਭਰ ਵਿਚ ਸਮਾਜਿਕ ਬਰਾਬਰੀ ਜਿਹੜੀ ਆਰਥਿਕ ਬਰਾਬਰੀ 'ਤੇ ਆਧਾਰਿਤ ਹੈ, ਉਸ ਸਬੰਧੀ ਸੁਧਾਰ ਲਗਾਤਰ ਚੱਲਦੇ ਰਹਿਣਗੇ ਅਤੇ ਇਸ ਸਮਾਜਿਕ ਬਰਾਬਰੀ ਤੇ ਮਨੁੱਖੀ ਅਧਿਕਾਰਾਂ ਦੀ ਵਰਤੋਂ ਹਰ ਇਕ ਲਈ ਬਰਾਬਰ ਹੋਣੀ ਜਿਹੜੀ ਸਮਾਜਿਕ ਸੁਰੱਖਿਆ 'ਤੇ ਨਿਰਭਰ ਕਰਦੀ ਹੈ ਉਸ ਵਿਚ ਵਾਧਾ ਹੁੰਦਾ ਰਹੇਗਾ।

# ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ

ਡਾ. ਗੁਰਤੇਜ ਸਿੰਘ
ਫੋਨ: +91-95173-96001

ਜ਼ਿੰਦਗੀ ਦੀ ਭੱਜਦੌੜ ਦੀ ਆਖ਼ਰੀ ਮੰਜ਼ਿਲ ਸਫ਼ਲਤਾ ਸਰ ਕਰਨਾ ਹੁੰਦੀ ਹੈ। ਹਰ ਇਨਸਾਨ ਦੀ ਇੱਛਾ ਕਾਮਯਾਬ ਮਨੁੱਖ ਬਣਨ ਦੀ ਹੈ। ਮਨੁੱਖੀ ਸੁਭਾਅ ਆਰਥਿਕ, ਸਮਾਜਿਕ ਤੇ ਧਾਰਮਿਕ ਬਲਕਿ ਹਰ ਤਰ੍ਹਾਂ ਦੀ ਆਜ਼ਾਦੀ ਦਾ ਆਸ਼ਕ ਹੈ। ਆਜ਼ਾਦੀ ਦੀ ਤਾਂਘ ਉਸ ਨੂੰ ਦੁਨੀਆ ਤੋਂ ਵੱਖਰਾ ਕਰ ਗੁਜ਼ਰਨ ਲਈ ਪ੍ਰੇਰਦੀ ਹੈ। ਮੰਜ਼ਿਲ 'ਤੇ ਪਹੁੰਚਣ ਲਈ ਰਾਹੀ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਦਾਸੀ ਨਿਰਾਸ਼ਾ ਨੂੰ ਜਨਮ ਦਿੰਦੀ ਹੈ; ਨਿਰਾਸ਼ਾ ਆਦਮੀ ਨੂੰ ਆਤਮ-ਹੱਤਿਆ ਲਈ ਉਕਸਾਉਂਦੀ ਹੈ। ਨਿਰਾਸ਼ ਵਿਅਕਤੀ ਨੂੰ ਜਦੋਂ ਲੱਗਦਾ ਹੈ ਕਿ ਹੁਣ ਸਾਰੇ ਰਾਹ ਬੰਦ ਹੋ ਗਏ ਹਨ ਤਾਂ ਉਹ ਮੌਤ ਨੂੰ ਹਮਸਫ਼ਰ ਬਣਾ ਲੈਂਦਾ ਹੈ। ਅਜੋਕੇ ਅਗਾਂਹਵਧੂ ਅਤੇ ਤਕਨਾਲੋਜੀ ਦੇ ਸਮੇਂ 'ਚ ਖ਼ੁਦਕੁਸ਼ੀਆਂ ਦਾ ਮੰਦਭਾਗਾ ਰੁਝਾਨ ਆਲਮੀ ਪੱਧਰ 'ਤੇ ਵਧ ਰਿਹਾ ਹੈ। ਮੁਕਾਬਲੇ ਦੇ ਇਸ ਯੁੱਗ ਵਿਚ ਇੱਕ ਦੂਜੇ ਨੂੰ ਪਛਾੜ ਕੇ ਅੱਗੇ ਨਿਕਲਣ ਦੀ ਹੋੜ ਨੇ ਇਨਸਾਨ ਨੂੰ ਮਸ਼ੀਨ ਬਣਾ ਦਿੱਤਾ ਹੈ। ਇਹ ਵਰਤਾਰਾ ਮਨੁੱਖ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਅਜੋਕੇ ਮਾਪੇ ਬੱਚੇ ਤੋਂ ਬਿਨਾਂ ਪੁੱਛੇ ਪਹਿਲਾਂ ਹੀ ਤੈਅ ਕਰ ਲੈਂਦੇ ਹਨ ਕਿ ਬੱਚੇ ਲਈ ਕਮਾਈ ਦਾ ਚੰਗਾ ਖੇਤਰ ਕਿਹੜਾ ਰਹੇਗਾ। ਬੱਚੇ ਨੂੰ ਸਿਰਫ਼ ਪੈਸੇ ਦੀ ਮਸ਼ੀਨ ਬਣਾਉਣਾ ਹੀ ਜ਼ਿਆਦਾਤਰ ਮਾਪਿਆਂ ਦਾ ਖ਼ਿਆਲ ਹੈ। ਜਦੋਂ ਕੋਈ ਦੁਨੀਆ ਦੀ ਦੌੜ 'ਚੋਂ ਪਛੜਦਾ ਹੈ ਤਾਂ ਉਹ ਆਤਮ-ਹੱਤਿਆ ਨੂੰ ਗਲੇ ਲਗਾ ਲੈਂਦਾ ਹੈ।

ਭਾਰਤ ਵਿਚ ਇਹ ਸਮੱਸਿਆ ਗੁੰਝਲਦਾਰ ਤੇ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਦੇਸ਼ ਦੇ 1.32 ਲੱਖ ਖ਼ੁਦਕੁਸ਼ੀ ਕਰਨ ਵਾਲੇ ਲੋਕ 14-30 ਸਾਲ ਉਮਰ ਦੇ ਹਨ। ਇਸ ਵਿਚ ਵਿਦਿਆਰਥੀ ਵਰਗ ਵੀ ਸ਼ਾਮਲ ਹੈ। ਦੇਸ਼ ਅੰਦਰ ਹੋਈਆਂ ਖ਼ੁਦਕੁਸ਼ੀਆਂ 'ਚ 6.1% ਵਿਦਿਆਰਥੀਆਂ ਦੀਆਂ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਵਿਦਿਆਰਥੀਆਂ ਵਿਚ ਆਤਮ-ਹੱਤਿਆ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋਇਆ ਹੈ ਜੋ ਸਾਡੇ ਸਿੱਖਿਆ ਪ੍ਰਬੰਧਾਂ ਦੀ ਪੋਲ ਖੋਲ੍ਹਦਾ ਹੈ। ਰਾਜਸਥਾਨ ਦੇ ਕੋਟਾ ਸ਼ਹਿਰ ਵਿਚ ਮੈਡੀਕਲ ਅਤੇ ਇੰਜਨੀਅਰਿੰਗ ਦੀ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕਰ ਰਹੇ ਚਾਰ ਬੱਚਿਆਂ ਨੇ 24 ਘੰਟਿਆਂ ਵਿਚ ਇੱਕ ਤੋਂ ਬਾਅਦ ਇੱਕ ਨੇ ਆਤਮ-ਹੱਤਿਆ ਕੀਤੀ ਹੈ। ਇਹ ਦੁਖਦਾਈ ਘਟਨਾ 2022 ਦੇ ਦਸੰਬਰ ਮਹੀਨੇ ਦੀ ਹੈ। ਇਹ ਕੋਈ ਪਹਿਲੀ ਘਟਨਾ ਨਹੀਂ, ਇਸ ਤੋਂ ਪਹਿਲਾਂ 2020 ਵਿਚ ਮੱਧ ਪ੍ਰਦੇਸ਼ ਵਿਚ ਇੱਕ ਲੜਕੀ ਨੇ ਨੀਟ ਯੂ.ਜੀ. (ਐੱਨ.ਈ.ਈ.ਟੀ. ਅੰਡਰ ਗ੍ਰੈਜੂਏਸ਼ਨ) ਦੇ ਨਤੀਜੇ ਤੋਂ ਬਾਅਦ ਖ਼ੁਦਕੁਸ਼ੀ ਕੀਤੀ ਸੀ। ਉਸ ਨੇ ਬਹੁਤ ਮਿਹਨਤ ਕਰ ਕੇ ਇਹ ਇਮਤਿਹਾਨ ਦਿੱਤਾ ਸੀ ਪਰ ਨਤੀਜੇ ਵਿਚ ਉਸ ਨੂੰ ਆਪਣੇ ਮਾਤਰ 6 ਅੰਕ ਦੇਖ ਕੇ ਬੜਾ ਧੱਕਾ ਲੱਗਾ। ਉਸ ਦੀ ਮੌਤ ਤੋਂ ਬਾਅਦ ਉਸ ਦੇ ਮਾਪਿਆਂ ਨੇ ਜਦ ਨਤੀਜੇ ਦੀ ਪੜਤਾਲ ਕਰਵਾਈ ਤਾਂ ਉਸ ਦੇ ਅੰਕ 560 ਸਨ। ਇਸ ਤਕਨੀਕੀ ਗਲਤੀ ਦਾ ਖ਼ਮਿਆਜ਼ਾ ਉਸ ਲੜਕੀ ਨੇ ਜ਼ਿੰਦਗੀ ਦੀ ਜੰਗ ਹਾਰ ਕੇ ਚੁਕਾਇਆ। ਅਜਿਹੀਆਂ ਘਟਨਾਵਾਂ ਨੇ ਵਿਦਿਆਰਥੀਆਂ ਵਿਚ ਪ੍ਰਵੇਸ਼ ਪ੍ਰੀਖਿਆ ਦੇ ਮੁਕਾਬਲੇ ਕਾਰਨ ਵਧ ਰਹੇ ਦਬਾਅ ਅਤੇ ਤਣਾਅ ਨੇ ਬੁੱਧੀਜੀਵੀਆਂ ਵਿਚ ਬਹਿਸ ਛੇੜ ਦਿੱਤੀ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਸਤੰਬਰ 2022 ਵਿਚ ਜਾਰੀ ਅੰਕੜਿਆਂ ਅਨੁਸਾਰ ਪਿਛਲੇ ਸਾਲ 13000 ਵਿਦਿਆਰਥੀਆਂ ਨੇ ਆਤਮ-ਹੱਤਿਆ ਕੀਤੀ ਸੀ। ਹੈਰਾਨੀ ਦੀ ਗੱਲ ਹੈ ਕਿ 2020 ਦੇ ਮੁਕਾਬਲੇ 2021 ਵਿਚ ਇਹ ਗਿਣਤੀ 4.5% ਵਧੀ ਹੈ। ਅੰਕੜਿਆਂ ਅਨੁਸਾਰ ਵਿਦਿਆਰਥੀਆਂ ਦੀਆਂ ਕੁੱਲ ਖ਼ੁਦਕੁਸ਼ੀਆਂ 'ਚੋਂ 14% ਇਕੱਲੇ ਮਹਾਰਾਸ਼ਟਰ ਦਾ ਬਣਦਾ ਹੈ ਜਿੱਥੇ 1834 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ।

ਇਸ ਵਰਤਾਰੇ ਨੇ ਅਜੋਕੇ ਸਿੱਖਿਆ ਪ੍ਰਬੰਧਾਂ ਨੂੰ ਕਟਿਹਰੇ 'ਚ ਖੜ੍ਹਾ ਕੀਤਾ ਹੈ। ਵਿਦਿਆਰਥੀਆਂ 'ਚ ਖ਼ੁਦਕੁਸ਼ੀ ਦਾ ਮੁੱਖ ਕਾਰਨ ਇਮਤਿਹਾਨ ਵਿਚ ਫੇਲ੍ਹ ਹੋਣਾ ਪਾਇਆ ਗਿਆ ਹੈ। ਪ੍ਰਵੇਸ਼ ਪ੍ਰੀਖਿਆ ਟੈਸਟ ਦੀ ਤਿਆਰੀ ਕਰਾਉਣ ਵਾਲੇ ਕੋਚਿੰਗ ਕੇਂਦਰਾਂ 'ਚ ਵਿਦਿਆਰਥੀਆਂ ਦੀ ਭੀੜ ਲਗਾਤਾਰ ਵਧ ਰਹੀ ਹੈ ਪਰ ਕੋਰਸਾਂ ਦੀਆਂ ਸੀਟਾਂ ਸੀਮਤ ਹਨ। ਮੈਡੀਕਲ ਦੀ ਇੱਕ ਲੱਖ ਸੀਟ ਲਈ 2022 ਵਿਚ 18 ਲੱਖ ਬੱਚਿਆਂ ਨੇ ਇਮਤਿਹਾਨ ਦਿੱਤਾ ਸੀ। ਯੂ.ਪੀ.ਐੱਸ.ਸੀ. ਦੀਆਂ ਇੱਕ ਹਜ਼ਾਰ ਤੋਂ ਘੱਟ ਸੀਟਾਂ ਲਈ ਲੱਖਾਂ ਲੋਕ ਹਰ ਸਾਲ ਪ੍ਰੀਖਿਆ ਦਿੰਦੇ ਹਨ। ਆਤਮ-ਹੱਤਿਆ ਕਰਨ ਵਿਚ ਗ਼ਰੀਬ ਬੱਚਿਆਂ ਦੀ ਸ਼ਮੂਲੀਅਤ ਕਾਫੀ ਜ਼ਿਆਦਾ ਹੈ। ਜੁਲਾਈ 2021 ਦੇ ਅੰਕੜਿਆਂ ਅਨੁਸਾਰ ਸਾਡੇ ਦੇਸ਼ ਅੰਦਰ 2017-19 ਤੱਕ 14-18 ਸਾਲ ਉਮਰ ਦੇ 24588 ਬੱਚਿਆਂ ਨੇ ਆਤਮ-ਹੱਤਿਆ ਕੀਤੀ ਜਿਨ੍ਹਾਂ 'ਚੋਂ 13325 ਲੜਕੀਆਂ ਹਨ। 2017 'ਚ 8029, 2018 'ਚ 8162 ਤੇ 2019 ਵਿਚ ਇਹ ਅੰਕੜਾ ਵਧ ਕੇ 8377 ਹੋ ਗਿਆ। ਵਿਆਹ ਆਦਿ ਨਾਲ ਸਬੰਧਿਤ ਮਾਮਲਿਆਂ ਕਾਰਨ 3954 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ; ਕਿਸੇ ਬਿਮਾਰੀ, ਨਸ਼ਿਆਂ ਤੋਂ ਗ੍ਰਸਤ, ਜਿਨਸੀ ਛੇੜਛਾੜ ਤੋਂ ਤੰਗ ਆ ਕੇ 2648 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ। ਕੌਮਾਂਤਰੀ ਲੇਬਰ ਖੋਜ ਸੰਗਠਨ ਦੀ ਖੋਜ ਅਨੁਸਾਰ ਆਲਮੀ ਪੱਧਰ 'ਤੇ ਦਸ ਵਿਦਿਆਰਥੀਆਂ 'ਚੋਂ ਇੱਕ ਗੰਭੀਰ ਰੂਪ ਵਿਚ ਤਣਾਅ ਦਾ ਸ਼ਿਕਾਰ ਹੈ। ਨਤੀਜਾ ਐਲਾਨਣ ਤੋਂ ਬਾਅਦ ਅਕਸਰ ਬੱਚੇ ਖ਼ੁਦਕੁਸ਼ੀ ਕਰਦੇ ਹਨ। ਲਾਂਸੇਟ ਮੈਡੀਕਲ ਰਸਾਲੇ ਵਿਚ ਛਪੀ ਰਿਪੋਰਟ ਅਨੁਸਾਰ ਸੰਸਾਰ ਅੰਦਰ 15-29 ਸਾਲ ਉਮਰ ਵਰਗ ਦੇ ਲੋਕਾਂ 'ਚ ਆਤਮ-ਹੱਤਿਆ ਦਰ ਹੋਰਨਾਂ ਨਾਲੋਂ ਸਭ ਤੋਂ ਉੱਚੀ ਹੈ।

ਵਿੱਦਿਆ ਪਾਰਸ ਹੈ ਜੋ ਆਪਣੇ ਨਾਲ ਜੁੜਨ ਵਾਲੇ ਨੂੰ ਵੀ ਪਾਰਸ ਬਣਾ ਦਿੰਦੀ ਹੈ। ਸਿੱਖਿਆ ਜੀਵਨ ਜਾਚ ਸਿਖਾਉਂਦੀ ਹੈ ਅਤੇ ਰੋਜ਼ੀ ਰੋਟੀ ਦੇ ਕਾਬਲ ਬਣਾਉਂਦੀ ਹੈ। ਆਜ਼ਾਦੀ ਦੇ ਸਾਢੇ ਛੇ ਦਹਾਕਿਆਂ ਬਾਅਦ ਵੀ ਲੋਕ ਮੁੱਢਲੀਆਂ ਸਹੂਲਤਾਂ ਤੋਂ ਸੱਖਣੇ ਹਨ। ਅਜੋਕੇ ਦੌਰ ਅੰਦਰ ਸਿੱਖਿਆ ਖਾਸ ਕਰ ਕੇ ਉਚੇਰੀ ਸਿੱਖਿਆ ਬਹੁਤ ਮਹਿੰਗੀ ਹੋ ਚੁੱਕੀ ਹੈ ਜੋ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀ ਹੈ। ਨਿੱਜੀਕਰਨ ਅਤੇ ਸਰਕਾਰਾਂ ਦੀ ਅਣਗਹਿਲੀ ਇਸ ਨੂੰ ਦਿਨੋ ਦਿਨ ਮਹਿੰਗਾ ਕਰ ਰਹੀ ਹੈ। ਇਸ ਕਰ ਕੇ ਵਿਦਿਆਰਥੀਆਂ ਤੇ ਮਾਪਿਆਂ ਦੀ ਚਿੰਤਾ ਵਧਣਾ ਲਾਜ਼ਮੀ ਹੈ। ਉਚੇਰੀ ਸਿੱਖਿਆਂ ਪ੍ਰਾਪਤੀ ਹਿਤ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਣ ਨੂੰ ਮਜਬੂਰ ਹੋਣਾ ਪੈ ਰਿਹਾ ਹੈ। ਦੇਸ਼ ਅੰਦਰ ਜ਼ਿਆਦਾਤਰ ਯੂਨੀਵਰਸਿਟੀਆਂ ਬਗੈਰ ਮਾਨਤਾ ਪ੍ਰਾਪਤ ਕੋਰਸ ਕਰਵਾ ਰਹੀਆਂ ਹਨ। ਕਿਤੇ ਮਾਪਦੰਡਾਂ ਅਨੁਸਾਰ ਦਾਖਲੇ ਨਹੀਂ ਹੁੰਦੇ ਤੇ ਕਿਤੇ ਡਿਗਰੀ ਮਾਨਤਾ ਪ੍ਰਾਪਤ ਨਹੀਂ ਹੁੰਦੀ। ਉਕਤ ਕਾਰਨਾਂ ਨੇ ਵੀ ਵਿਦਿਆਰਥੀਆਂ ਨੂੰ ਅਸ਼ਾਂਤੀ ਦੀ ਦਲਦਲ 'ਚ ਧੱਕਿਆ ਹੈ। ਆਲਮੀ ਪੱਧਰ 'ਤੇ ਖ਼ੁਦਕੁਸ਼ੀਆਂ ਦੇ ਇਸ ਵਰਤਾਰੇ ਨੇ ਬੁੱਧੀਜੀਵੀਆਂ ਅਤੇ ਚਿੰਤਕਾਂ ਨੂੰ ਸੋਚਾਂ ਵਿਚ ਪਾ ਦਿੱਤਾ ਹੈ। ਹਰ ਵਰਗ ਦੇ ਲੋਕ ਇਸ ਮੰਦਭਾਗੇ ਰੁਝਾਨ 'ਚ ਸ਼ਾਮਲ ਹੋ ਰਹੇ ਹਨ। ਇਸ ਦੇ ਕਾਰਨ ਤਾਂ ਹੋਰ ਬਹੁਤ ਸਾਰੇ ਹੋ ਸਕਦੇ ਹਨ ਪਰ ਜਦੋਂ ਤੱਕ ਮਨੁੱਖ ਆਪਣੀ ਬਰਦਾਸ਼ਤ ਕਰਨ ਦੀ ਸੀਮਾ ਨਹੀਂ ਵਧਾਉਂਦਾ ਉਦੋਂ ਤੱਕ ਖ਼ੁਦਕੁਸ਼ੀਆਂ ਦੇ ਰਾਹ ਪੈਂਦਾ ਰਹੇਗਾ। ਜ਼ਿੰਦਗੀ ਦੇ ਉਤਾਰ ਚੜ੍ਹਾਅ ਨੂੰ ਸਹਿਜਤਾ ਨਾਲ ਲਿਆ ਜਾਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣਾ ਹੀ ਸਭ ਤੋਂ ਵੱਡੀ ਬਹਾਦਰੀ ਹੈ। ਜੋ ਸੁੱਖ ਸਾਧਨ ਮੌਜੂਦ ਹਨ, ਉਨ੍ਹਾਂ ਦਾ ਆਨੰਦ ਲਿਆ ਜਾਵੇ; ਜੋ ਕੁਝ ਨਹੀਂ ਹੈ, ਉਸ ਦੀ ਪ੍ਰਾਪਤੀ ਲਈ ਮਿਹਨਤ ਕੀਤੀ ਜਾਵੇ। ਮਨੁੱਖ ਭਵਿੱਖ ਦੀ ਤਿਆਰੀ 'ਚ ਆਪਣਾ ਵਰਤਮਾਨ ਨਸ਼ਟ ਕਰ ਲੈਂਦਾ ਹੈ ਤੇ ਵਰਤਮਾਨ ਦਾ ਅਸਰ ਭਵਿੱਖ 'ਤੇ ਪੈਂਦਾ ਹੈ। ਮਨੁੱਖ ਦੂਜੇ ਸਫ਼ਲ ਲੋਕਾਂ ਤੋਂ ਪ੍ਰਭਾਵਿਤ ਹੋ ਕੇ ਜਲਦੀ ਉਨ੍ਹਾਂ ਵਾਂਗ ਸਫ਼ਲ ਹੋਣਾ ਲੋਚਦਾ ਹੈ ਪਰ ਉਨ੍ਹਾਂ ਲੋਕਾਂ ਦਾ ਸੰਘਰਸ਼, ਅਸਫ਼ਲਤਾ ਦੇ ਬਹੁਤ ਸਾਰੇ ਝਟਕਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਉਦਾਸੀ ਤੋਂ ਬਚਣ ਲਈ ਆਸਵੰਦ ਹੋਣਾ ਚਾਹੀਦਾ ਹੈ। ਆਸਵੰਦ ਹੋਣ ਲਈ ਚੰਗਾ ਸਾਹਿਤ ਪੜ੍ਹਨਾ ਜ਼ਰੂਰੀ ਹੈ; ਆਪਣੇ ਆਪ ਨੂੰ ਰੁੱਝੇ ਰੱਖਣਾ ਚਾਹੀਦਾ ਹੈ। ਮਨੁੱਖ ਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਜ਼ਿੰਦਗੀ ਸਿਰਫ਼ ਜਿਊਣ ਦਾ ਨਾਂ ਨਹੀਂ ਸਗੋਂ ਹੰਢਾਉਣ ਦਾ ਨਾਮ ਹੈ।

ਡਾ. ਕੁਲਦੀਪ ਕੌਰ ਮਾਸ ਕਮਿਊਨੀਕੇਸ਼ਨ ਅਤੇ ਪੱਤਰਕਾਰੀ ਦੀ ਪ੍ਰੋਫੈਸਰ ਹੈ। ਇਸ ਅੰਕ ਤੋਂ ਉਹ ਸੰਸਾਰ ਸਿਨੇਮਾ ਵਿਚ ਨਵੀਆਂ ਲੀਹਾਂ ਪਾਉਣ ਵਾਲੀਆਂ ਲਹਿਰਾਂ, ਫਿਲਮਾਂ ਅਤੇ ਫਿਲਮਸਾਜ਼ਾਂ ਬਾਰੇ ਚਰਚਾ ਆਪਣੇ ਪੰਦਰਾਰੋਜ਼ਾ ਕਾਲਮ 'ਸੰਸਾਰ ਸਿਨੇਮਾ ਦੀਆਂ ਵਿਲੱਖਣ ਹਸਤੀਆਂ' ਤਹਿਤ ਕਰਨਗੇ। ਇਸ ਵਾਰ ਸੰਸਾਰ ਪ੍ਰਸਿੱਧ ਫਿਲਮ ਨਿਰਦੇਸ਼ਕ ਜਾਂ ਲਾਕ ਗੋਦਾਦ ਅਤੇ 1960 ਵਿਚ ਬਣਾਈ ਉਸ ਦੀ ਅਹਿਮ ਫਿਲਮ 'ਬਰੈੱਥਲੈਸ' ਬਾਰੇ ਚਰਚਾ ਕੀਤੀ ਗਈ ਹੈ। ਗੋਦਾਦ ਆਪਣੀ ਫਿਲਮਸਾਜ਼ੀ ਦੌਰਾਨ ਤਾਉਮਰ ਤਜਰਬੇ ਕਰਦਾ ਰਿਹਾ। ਇਸ ਦੌਰਾਨ ਬਹੁਤ ਵਾਰ ਉਸ ਦਾ ਟਕਰਾਓ ਉਸ ਦੇ ਸਮਕਾਲੀ ਸਿਆਸੀ ਵਰਤਾਰਿਆਂ ਅਤੇ ਕਲਾ ਦੇ ਪੁਰਾਣੇ ਮੱਠਾਂ ਨਾਲ ਹੁੰਦਾ ਰਿਹਾ ਪਰ ਉਸ ਅੰਦਰਲਾ ਸਿਰਜਕ ਸਿਨੇਮਾ ਦੀ ਸਕਰੀਨ 'ਤੇ ਬਹੁ-ਪਰਤੀ ਕੋਲਾਜਾਂ ਦੀ ਟੁੱਟਦੀ ਬਣਦੀ ਦੁਨੀਆ ਲਗਾਤਾਰ ਸਿਰਜਦਾ ਰਿਹਾ। ਉਸ ਨੇ ਫਿਲਮਾਂ ਬਣਾਉਣ ਅਤੇ ਸਿਆਸੀ ਸਰਗਰਮੀਆਂ ਵਿਚ ਸ਼ਮੂਲੀਅਤ ਦਾ ਸੰਤੁਲਨ ਪੂਰੀ ਉਮਰ ਬਰਕਰਾਰ ਰੱਖਿਆ।

# ਫਰੈਂਚ ਨਿਊ ਵੇਵ ਸਿਨੇਮਾ, ਗੋਦਾਦ ਤੇ ਫਿਲਮ 'ਬਰੈੱਥਲੈਸ'

ਸੰਸਾਰ ਪ੍ਰਸਿੱਧ ਫਿਲਮ ਨਿਰਦੇਸ਼ਕ ਜਾਂ ਲਾਕ ਗੋਦਾਦ ਆਪਣੀ ਪਹਿਲੀ ਹੀ ਫਿਲਮ 'ਬਰੈੱਥਲੈਸ' (1960) ਰਾਹੀਂ ਫਰੈਂਚ ਨਿਊ ਵੇਵ ਸਿਨੇਮਾ ਦੀ ਸ਼ੁਰੂਆਤੀ ਸੁਰ ਤੈਅ ਕਰਦਿਆਂ ਸਿਨੇਮਾ ਬਣਾਉਣ ਦੇ ਰਵਾਇਤੀ, ਸਟੂਡੀਓ ਆਧਾਰਿਤ ਅਤੇ ਵੇਲਾ ਵਿਹਾ ਚੁੱਕੇ ਹਾਲੀਵੁੱਡ ਫਾਰਮੂਲੇ ਰੱਦ ਕਰਦਾ ਹੈ। 2018 ਵਿਚ ਨਿਰਦੇਸ਼ਿਤ ਆਪਣੀ ਆਖਰੀ ਫਿਲਮ 'ਦਿ ਇਮੇਜ ਬੁੱਕ' ਰਾਹੀਂ ਉਹ ਅਰਬ ਮੁਲਕਾਂ ਨੂੰ ਸਿਨੇਮਾ ਵਰਗੀ ਕਲਾ ਦੇ ਵਿਚਾਰਧਾਰਕ ਚੌਖਟੇ ਵਿਚ ਬਣਦੀ

## ਸੰਸਾਰ ਸਿਨੇਮਾ ਦੀਆਂ ਵਿਲੱਖਣ ਹਸਤੀਆਂ



01

ਡਾ. ਕੁਲਦੀਪ ਕੌਰ
ਫੋਨ: +91-98554-04330

ਜਗ੍ਹਾ ਨਾ ਮਿਲਣ ਦਾ ਅਣਗੌਲਿਆ ਤੇ ਹਾਸ਼ੀਏ 'ਤੇ ਪਿਆ ਬਿਰਤਾਂਤ ਸ਼ਿੱਦਤ ਨਾਲ ਸਿਰਜਦਾ ਹੈ।

ਗੋਦਾਦ ਦੀਆਂ ਫਿਲਮਾਂ ਉਸ ਦੀ ਵਿਚਾਰਧਾਰਕ ਪਾਕੀਜ਼ਗੀ ਵਾਂਗ 'ਨਿੱਜੀ ਵੀ ਸਿਆਸੀ ਹੈ' ਨੂੰ ਪਰਦੇ ਉਤੇ ਪੇਸ਼ ਕਰਨ ਦੇ ਨਾਲ-ਨਾਲ ਕਲਾਤਮਿਕ ਸੁਹਜ ਅਤੇ ਸੰਦਰਤਾ ਬੋਧ ਦੇ ਨਵੇਂ ਦਿਸਹੱਦੇ ਸਿਰਜਦੀਆਂ ਹਨ। ਉਹ ਮਾਰਕਸਵਾਦੀ ਤਾਂ ਹੈ ਹੀ ਪਰ ਉਹ ਜਾਂ ਪਾਲ ਸਾਰਤਰ ਵਾਂਗ ਅਸਤਿਤਵਵਾਦ ਅਤੇ ਮਨੱਖਤਾਵਾਦ ਦੇ ਆਲੇ-ਦੁਆਲੇ ਆਪਣੀਆਂ ਸਿਨੇਮਈ ਕਹਾਣੀਆਂ ਬੁਣਦਾ ਹੈ। ਉਸ ਦੀਆਂ ਫਿਲਮਾਂ ਵਿਚ ਫਲਸਫੇ, ਕਵਿਤਾ ਅਤੇ ਸਿਆਸਤ ਦਾ ਸੁਮੇਲ ਹੁੰਦਾ ਹੈ ਪਰ ਇਨ੍ਹਾਂ ਦੀ ਜੁਗਲਬੰਦੀ ਉਸ ਦੇ ਪ੍ਰੇਰਨਾ ਸਰੋਤ ਰਹੇ ਬਰਤੋਲਤ ਬ੍ਰੈਖਤ ਦੇ ਸਿਰਜੇ ਥੀਏਟਰ ਨਾਲ ਜਾ ਮਿਲਦੀ ਹੈ। ਉਸ ਦੀਆਂ ਫਿਲਮਾਂ ਦੀ ਬੁਣਤਰ ਅਤੇ ਫਿਲਮਸਾਜ਼ੀ ਦਾ ਹੁਨਰ ਇਸ ਹੱਦ ਤੱਕ ਵੱਖਰਾ ਸੀ ਕਿ ਇਸ ਨੇ ਕਲਾ ਦੇ ਮਾਧਿਅਮ ਦੇ ਤੌਰ 'ਤੇ ਫਿਲਮ ਬਾਰੇ ਸਾਡੀਆਂ ਧਾਰਨਾਵਾਂ, ਮਿੱਥਾਂ ਅਤੇ ਫਾਰਮੂਲੇ ਨਵੇਂ ਸਿਰਿਉਂ ਘੜੇ। ਉਸ ਦਾ ਪ੍ਰਭਾਵ ਉਸ ਦੇ ਸਮਕਾਲੀ ਫਿਲਮਸਾਜ਼ਾਂ ਉੱਪਰ ਤਾਂ ਹੋਇਆ ਹੀ, ਹੁਣ ਤੱਕ ਵੀ ਫਿਲਮ ਬਣਾਉਣ ਵਿਚ ਉਸ ਦੀ ਕਲਾਤਮਿਕ ਸੂਝ ਦਾ ਕੋਈ ਸਾਨੀ ਨਹੀਂ।

ਗੋਦਾਦ ਦਾ ਸਿਨੇਮਾ ਵਿਰੋਧਾਭਾਸਾਂ ਦਾ ਸਿਨੇਮਾ ਹੈ। ਉੱਚ ਵਰਗੀ ਪਰਿਵਾਰ ਵਿਚ ਜਨਮ ਲੈਣ ਵਾਲਾ ਗੋਦਾਦ ਪੂਰੀ ਉਮਰ ਆਪਣੀ ਫਿਲਮਸਾਜ਼ੀ ਵਿਚ ਤਜਰਬੇ ਕਰਦਾ ਰਿਹਾ। ਉਸ ਦਾ ਬਹੁਤ ਵਾਰ ਸਮਕਾਲੀ ਸਿਆਸੀ ਵਰਤਾਰਿਆਂ ਅਤੇ ਕਲਾ ਦੇ ਪੁਰਾਣੇ ਮੱਠਾਂ ਨਾਲ ਟਕਰਾਉ ਹੁੰਦਾ ਰਿਹਾ ਪਰ ਉਸ ਅੰਦਰਲਾ ਸਿਰਜਕ ਸਿਨੇਮਾ ਦੀ ਸਕਰੀਨ 'ਤੇ ਬਹੁ-ਪਰਤੀ ਕੋਲਾਜਾਂ ਦੀ ਟੁੱਟਦੀ ਬਣਦੀ ਦੁਨੀਆ ਸਿਰਜਦਾ ਰਿਹਾ। ਉਸ ਨੇ ਫਿਲਮਾਂ ਬਣਾਉਣ ਅਤੇ ਸਿਆਸੀ ਸਰਗਰਮੀਆਂ ਵਿਚ ਸ਼ਮੂਲੀਅਤ ਦਾ ਸੰਤੁਲਨ ਪੂਰੀ ਉਮਰ ਬਰਕਰਾਰ ਰੱਖਿਆ। ਇਸੇ ਕਾਰਨ ਉਸ ਦੀਆਂ ਫਿਲਮਾਂ ਆਪਣੇ ਦੌਰ ਦੀ ਉਥਲ-ਪੁਥਲ, ਦੂਜੀ ਸੰਸਾਰ ਜੰਗ ਤੋਂ ਬਾਅਦ ਬਣ ਰਹੀ ਨਵੀ ਦੁਨੀਆ ਦੇ ਹਜ਼ਾਰਾਂ ਦ੍ਰਿਸ਼ਾਂ ਅਤੇ ਉਸ ਦੇ ਦੌਰ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਆਲੋਚਨਾਤਮਿਕ ਛਾਣ-ਬੀਨ ਨਾਲ ਭਰੀਆਂ ਹੋਈਆਂ ਹਨ। ਉਸ ਦੀ ਇਸ ਆਲੋਚਨਾਤਮਿਕ ਤੇ ਸੂਖਮ ਦ੍ਰਿਸ਼ਟੀ ਦਾ ਕਾਰਨ ਸ਼ਾਇਦ ਇਹ ਹੈ ਕਿ ਉਸ ਨੇ ਆਪਣਾ ਕਰੀਅਰ 1951 ਵਿਚ ਫਿਲਮ ਆਲੋਚਕ ਵਜੋਂ ਫਿਲਮ ਮੈਗਜ਼ੀਨ 'ਕਾਹੀਏਸ ਡੂ ਸਿਨੇਮਾ' (cahiers du cinema) ਨਾਲ ਸ਼ੁਰੂ ਕੀਤਾ। ਉਸ ਨੇ ਆਪਣੇ ਸਮਕਾਲੀਆਂ ਜਾਕ ਰੀਵੈੱਟ ਅਤੇ ਫਰਾਂਸਵਾ ਟਰੂਫੋ ਨਾਲ ਮਿਲ ਕੇ ਸਿਨੇਮਾ, ਸਮਾਜ ਅਤੇ ਸਿਆਸਤ ਦੇ ਆਪਸੀ ਸਬੰਧਾਂ ਅਤੇ ਅੰਤਰ-ਦਵੰਦਾਂ ਨੂੰ ਨਾ ਸਿਰਫ ਨਵੇਂ ਸਿਰਿਉਂ ਪਰਿਭਾਸ਼ਿਤ ਕੀਤਾ ਬਲਕਿ ਫਿਲਮਾਂ ਦੀ ਆਲੋਚਨਾ ਨੂੰ ਸਾਹਿਤਕ ਆਲੋਚਨਾ ਦੇ ਬਰਾਬਰ ਲਿਆ ਖੜ੍ਹਾ ਕੀਤਾ। ਇਸ ਦੇ ਨਾਲ ਹੀ ਇਨ੍ਹਾਂ ਨੇ ਫਿਲਮ ਅਧਿਐਨ ਵਿਚ ਵਰਤੇ ਜਾਣ ਵਾਲੀਆਂ ਆਲੋਚਨਾਤਮਿਕ ਵਿਧੀਆਂ ਅਤੇ ਢੰਗਾਂ ਦੀ ਵਿਉਂਤਕਾਰੀ ਕਰਦਿਆਂ ਇਸ ਨੂੰ ਕਿਸੇ 'ਲਿਖਤ' ਦੀ ਆਲੋਚਨਾ ਦੀਆਂ ਵਿਧੀਆਂ ਅਤੇ ਢੰਗਾਂ ਤੋਂ ਵਖਰੇਵੇਂ ਦਾ ਇਤਿਹਾਸਕ ਕਾਰਜ ਕੀਤਾ। ਮਾਰਕਸਵਾਦ ਦਾ ਗਹਿਰਾ ਪ੍ਰਭਾਵ ਹੋਣ ਕਾਰਨ ਉਸ ਦੀ ਫਿਲਮਾਂ ਦੀ ਚੀਰ-ਫਾੜ ਕਰਨ ਦੀ ਵਿਧੀ ਸੰਪੂਰਨ ਰੂਪ ਵਿਚ ਵਿਗਿਆਨਕ ਅਤੇ ਤਰਕਵਾਦੀ ਨਤੀਜਿਆਂ 'ਤੇ ਆਧਾਰਿਤ ਸੀ। ਇਉਂ ਗੋਦਾਦ ਦਾ ਸਿਨੇਮਾ ਵੱਖ-ਵੱਖ ਐਬਸਟੈਕਟ ਅਤੇ ਇੱਕ-ਦੂਜੀ ਨਾਲ ਸਬੰਧ ਨਾ ਰੱਖਦਿਆਂ ਵੀ ਇੱਕ-ਦੂਜੀ ਦੀ ਵਿਆਖਿਆ ਕਰਨ ਵਾਲੀਆਂ ਲੱਖਾਂ ਤਸਵੀਰਾਂ ਅਤੇ ਦ੍ਰਿਸ਼ਾਂ ਦਾ ਖੂਬਸੂਰਤ ਕੋਲਾਜ ਹੈ।



ਫਿਲਮਸਾਜ਼ ਜਾਂ ਲਾਕ ਗੋਦਾਰਦ ਫਿਲਮ 'ਦਿ ਬਰੈੱਥਲੈਸ' ਰਚਦਿਆਂ।

ਗੋਦਾਦ ਦੀ ਫਿਲਮ 'ਬਰੈੱਥਲੈਸ' ਫਰਾਂਸ ਦੇ ਨਿਊ ਵੇਵ ਸਿਨੇਮਾ ਅੰਦੋਲਨ ਦੀ ਪਹਿਲੀ ਅਹਿਮ ਫਿਲਮ ਹੈ। ਇਸ ਫਿਲਮ ਵਿਚ ਮੁੱਖ ਕਿਰਦਾਰ ਜਾਂ ਪਾਲ ਬੈਲਮੌਂਡੋ ਨੇ ਅਦਾ ਕੀਤਾ ਜਿਸ ਨੇ ਉਦੋਂ ਤੱਕ ਸਿਨੇਮਾ ਦੇ ਇਤਿਹਾਸ ਵਿਚ ਦਰਜ ਹੋ ਚੁੱਕੀ ਹਾਲੀਵੁੱਡ ਸਟਾਈਲ ਹੀਰੋਗਿਰੀ ਅਤੇ ਹੀਰੋ ਦੀ ਮਿੱਥ ਨੂੰ ਉੱਕਾ ਹੀ ਭੰਨ ਦਿੱਤਾ। ਉਹ ਉਥਲ-ਪੁਥਲ ਨਾਲ ਭਰੀਆਂ ਸੜਕਾਂ ਅਤੇ ਵਿਚਾਰਧਾਰਕ ਤੌਰ 'ਤੇ ਨਵੇਂ ਵਿਚਾਰਾਂ ਦੀ ਤਲਾਸ਼ ਦਾ ਹੀਰੋ ਹੈ। ਉਹ ਅਮਰੀਕੀ ਹੀਰੋ ਦੀ ਨਕਲ ਕਰਨ ਦੀ ਕੋਸ਼ਿਸ਼ ਵਿਚ ਉਸ ਦਾ ਕੈਰੀਕੇਚਰ ਬਣ ਕੇ ਰਹਿ ਜਾਂਦਾ ਹੈ। ਉਹ ਸ਼ਹਿਰ ਵਿਚ ਪੜ੍ਹ ਰਹੀ ਵਿਦਿਆਰਥਣ ਜਾਂ ਸੀਬਰਗ ਨੂੰ ਪਸੰਦ ਕਰਨ ਲੱਗਦਾ ਹੈ। ਫਿਲਮ ਵਿਚ ਅਮਰੀਕਨ ਸਿਨੇਮਾ ਦੁਆਰਾ ਸਿਰਜੀਆਂ ਕਹਾਣੀਆਂ ਅਤੇ ਮਿੱਥਾਂ ਉੱਤੇ ਗਹਿਰੇ ਵਿਅੰਗ ਹਨ ਪਰ ਨਾਲ ਹੀ ਪ੍ਰਸਿੱਧ ਸਾਹਿਤਕਾਰਾਂ ਜਿਵੇਂ ਰਿਲਕੇ ਅਤੇ ਫਾਕਨਰ ਦੀਆਂ ਕਹਾਣੀਆਂ ਦਾ ਰੰਗ ਵੀ ਚੜ੍ਹਿਆ ਹੋਇਆ ਹੈ।

ਗੋਦਾਦ ਦੀ ਫਿਲਮਸਾਜ਼ੀ ਦਾ ਸਭ ਤੋਂ ਉੱਘੜਵਾਂ ਸੰਦ ਸੰਪਾਦਨ ਸੀ। ਸੰਪਾਦਨ ਦੀ ਵਿਲੱਖਣ ਵਰਤੋਂ ਦੁਆਰਾ ਉਸ ਨੇ ਸਿਨੇਮਾ ਦੀ ਭਾਸ਼ਾ ਹੀ ਬਦਲ ਦਿੱਤੀ। ਉਸ ਦੀਆਂ ਫਿਲਮਾਂ ਵਿਚਲੇ ਲੰਮੇ ਕੱਟਾਂ ਨੂੰ ਜੰਪ-ਕੱਟ ਉਲਟੇ ਦਾਅ ਕੱਟਦੇ ਹਨ। ਵਾਰ-ਵਾਰ ਅਜਿਹਾ ਕਰਨ ਨਾਲ ਫਿਲਮ ਦੀ ਗਤੀ ਅਤੇ ਸੁਰ ਅਸਾਧਾਰਨ ਰੂਪ ਨਾਲ ਚੁਸਤ ਅਤੇ ਅਰਥ ਭਰਪੂਰ ਹੋ ਜਾਂਦੀ ਹੈ। ਇਸ ਤੋਂ ਬਿਨਾ ਜਿਸ ਤਰ੍ਹਾਂ ਉਸ ਨੇ ਫਿਲਮਾਂ ਵਿਚ ਹੱਥ ਵਾਲੇ ਸਾਧਾਰਨ ਕੈਮਰਿਆਂ ਦੀ ਵਰਤੋਂ ਕਰਨੀ ਸ਼ੁਰੂ ਕੀਤੀ, ਇਸ ਨਾਲ ਕੈਮਰੇ ਦਾ ਕਿਰਦਾਰਾਂ ਅਤੇ ਦਰਸ਼ਕਾਂ ਨਾਲ ਬੇਹੱਦ ਕਰੀਬੀ ਰਿਸ਼ਤਾ ਬਣ ਜਾਂਦਾ ਹੈ ਜਿਸ ਨਾਲ ਦਰਸ਼ਕ ਫਿਲਮ ਦੀ ਪਟਕਥਾ ਦਾ ਹੀ ਹਿੱਸਾ ਬਣ ਜਾਂਦਾ ਹੈ। ਉਸ ਦੇ ਇੱਕ ਆਲੋਚਕ ਦਾ ਕਹਿਣਾ ਹੈ, "ਗੋਦਾਦ ਦੀਆਂ ਫਿਲਮਾਂ ਨੂੰ ਪਤਾ ਹੈ ਕਿ ਉਹ ਫਿਲਮਾਂ ਹਨ।" ਕਿਰਦਾਰਾਂ ਦੇ ਮਸਲੇ ਵਿਚ ਵੀ ਉਸ ਨੇ ਨਾਟਕੀ ਜੁਗਤਾਂ ਤੋਂ ਕਿਨਾਰਾ ਕਰਦਿਆਂ ਉਨ੍ਹਾਂ ਨੂੰ ਇੱਕ-ਦੂਜੇ ਵੱਲ ਝਾਕਣ ਤੋਂ ਵਰਜਿਆ। ਉਸ ਦੀਆਂ ਫਿਲਮਾਂ ਦੇ ਕਿਰਦਾਰ ਰਵਾਇਤੀ ਥੀਏਟਰ ਤੇ ਫਿਲਮਾਂ ਵਾਂਗ ਨਹੀਂ ਸਗੋਂ ਆਪਣੇ ਰੋਜ਼ਮੱਰਾ ਕੰਮਾਂ-ਕਾਰਾਂ ਵਿਚ ਉਲਝੇ ਹੀ ਇੱਕ-ਦੂਜੇ ਨਾਲ ਸੰਵਾਦ ਕਰਦੇ ਹਨ। ਇਸੇ ਕਾਰਨ ਉਸ ਦੀਆਂ ਫਿਲਮਾਂ ਵਿਚ ਖਾਸ ਕਿਸਮ ਦੀ ਅਲਹਿਦਗੀ ਤੇ ਬੇਤੁਕਾਪਣ ਹੈ ਜਿਸ ਤੋਂ ਉਸ ਦੇ ਸਮਕਾਲੀ ਫਿਲਮ ਆਲੋਚਕ ਨਾਰਾਜ਼ ਵੀ ਹੁੰਦੇ ਰਹੇ ਪਰ ਉਦੋਂ ਇਸ ਤੱਥ ਦੀ ਕਲਪਨਾ ਕੌਣ ਕਰ ਸਕਦਾ ਸੀ ਕਿ ਫਿਲਮਾਂਕਣ ਦਾ ਇਹ ਗੁਰੀਲਾ ਅੰਦਾਜ਼ ਹੀ ਇੱਕੀਵੀਂ ਸਦੀ ਵਿਚ ਜਾ ਕੇ ਸੋਸ਼ਲ ਮੀਡੀਆ ਤੇ ਮੌਜੂਦ ਮੀਡੀਆ ਸਮੱਗਰੀ ਦਾ ਧੁਰਾ ਬਣ ਜਾਏਗਾ।

ਗੋਦਾਦ ਦੀ ਪਹਿਲੀ ਫਿਲਮ 'ਬਰੈੱਥਲੈਸ' ਰਿਲੀਜ਼ ਹੁੰਦਿਆਂ ਹੀ ਆਲੋਚਕਾਂ ਵਿਚ ਚਰਚਾ ਦਾ ਵਿਸ਼ਾ ਬਣ ਗਈ। ਇਸ ਫਿਲਮ ਦਾ ਪਹਿਲਾ ਹੀ ਦ੍ਰਿਸ਼ ਦਰਸ਼ਕਾਂ ਨੂੰ ਅਚੰਭਿਤ ਕਰ ਦਿੰਦਾ ਹੈ। ਫਿਲਮ ਦੇ ਅੰਤ ਤੱਕ ਦਰਸ਼ਕ ਨੂੰ ਇਹ ਸਮਝ ਨਹੀਂ ਪੈਂਦੀ ਕਿ ਆਖਿਰ ਫਿਲਮ ਦਾ ਮੁੱਖ ਕਿਰਦਾਰ ਮਿਸ਼ੇਲ ਪਾਇਕਾਡ ਫਰਾਂਸ ਦੇ ਉਸ ਖਾਸ ਚੌਕ 'ਤੇ ਕਿਸ ਤਰ੍ਹਾਂ ਪਹੁੰਚਿਆ। ਫਿਲਮ ਉਸ ਸਮੇਂ ਦੇ ਸਿਨੇਮਾ ਦੇ ਹਿਸਾਬ ਨਾਲ ਬੇਤੁਕੀ ਹੈ। ਇਸ ਦੇ ਬਾਵਜੂਦ ਫਿਲਮ ਫਰਾਂਸ ਵਿਚ 'ਲਾ-ਐਕਸਪ੍ਰੈੱਸ' ਵਰਗੇ ਅਖਬਾਰਾਂ ਦੁਆਰਾ ਫੈਲਾਏ ਨਵੇਂ ਵਿਚਾਰਾਂ ਅਤੇ ਨਵੀਂ ਜੀਵਨ ਜਾਚ ਦੇ ਵਾਰ-ਵਾਰ ਦ੍ਰਿਸ਼ ਸਿਰਜਦੀ ਹੈ। ਬਹੁਤ ਸਾਰੇ ਦ੍ਰਿਸ਼ਾਂ ਵਿਚ ਅਖਬਾਰ ਹੀਰੋ ਦੁਆਰਾ ਪੁਲਿਸ ਦੀ ਨਿਗ੍ਹਾ ਵਿਚ ਆਉਣ ਤੋਂ ਬਚਣ ਲਈ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਫਿਲਮ ਵਿਚ ਸਿਆਸੀ ਕਵਿਤਾ ਦੀਆਂ ਟੂਕਾਂ ਅਤੇ ਦਾਰਸ਼ਨਿਕਤਾ ਦੀ ਭਰਮਾਰ ਹੈ। ਇਸੇ ਲਈ ਫਿਲਮ ਸਮੇਂ ਦੀ ਵਿਚਾਰਧਾਰਾ ਦੇ ਹਾਣ ਦੀ ਹੋ ਨਿਬੜਦੀ ਹੈ। ਫਰਾਂਸ ਦੇ ਪ੍ਰਸਿੱਧ ਅਖਬਾਰਾਂ ਨੇ ਇਸ ਫਿਲਮ ਨੂੰ ਸਮੇਂ ਦੀ ਨਬਜ਼ ਫੜਨ ਵਾਲੀ ਫਿਲਮ ਲਿਖਿਆ। ਗੋਦਾਦ ਖੁਦ ਉਸ ਸਮੇਂ 'ਕਾਹੀਏਸ ਡੂ ਸਿਨੇਮਾ' ਦਾ ਕੌਮਾਂਤਰੀ ਪੱਧਰ 'ਤੇ ਚਰਚਿਤ ਆਲੋਚਕ ਸੀ। ਉਸ ਦੀ ਸਿਆਸੀ ਆਲੋਚਨਾ ਤੋਂ ਖਿਝੇ ਕਈ ਫਿਲਮਸਾਜ਼ ਉਸ ਨੂੰ ਕਈ ਵਾਰ ਪੁੱਛਦੇ ਸਨ ਕਿ ਜੇ ਫਿਲਮ ਹਾਲੀਵੁੱਡ ਨਹੀਂ ਹੈ ਤਾਂ ਕੀ ਹੈ? ਇਸ ਫਿਲਮ ਨੇ ਉਨ੍ਹਾਂ ਦੀਆਂ ਸਿਨੇਮਾ ਬਾਰੇ ਬਣੀਆਂ ਪੂਰਵ ਧਾਰਨਾਵਾਂ ਤਾਂ ਰੱਦ ਕੀਤੀਆਂ ਹੀ, ਸਿਨੇਮਾ ਦੇਖਣ ਦੇ ਨਵੇਂ ਜ਼ਾਵੀਏ ਵੀ ਘੜੇ।

ਫਿਲਮ 'ਦਿ ਬਰੈੱਥਲੈੱਸ' ਦੇ ਕਿਰਦਾਰ ਬੇਹੱਦ ਸਟਾਈਲਿਸ਼ ਹਨ। ਉਨ੍ਹਾਂ ਦੇ ਗੱਲਬਾਤ ਦੇ ਤਰੀਕਿਆਂ, ਤੁਰਨ ਢੰਗਾਂ, ਖਾਣ-ਪੀਣ ਦੇ ਅੰਦਾਜ਼ ਵਿਚ ਖਾਸ ਕਿਸਮ ਦੀ ਨਫਾਸਤ ਹੈ ਜਿਹੜੀ ਮੁੱਖ ਕਿਰਦਾਰ ਦੇ ਹਾਲਾਤ ਨਾਲੋਂ ਬਿਲਕੁੱਲ ਉਲਟ ਹੈ। ਉਹ ਕਤਲ ਕਰ ਕੇ ਦੌੜਿਆ ਹੋਇਆ ਹੈ ਤੇ ਪੁਲਿਸ ਉਸ ਨੂੰ ਹਰ ਜਗ੍ਹਾ ਤਲਾਸ਼ ਰਹੀ ਹੈ। ਇੰਨੇ ਮਾੜੇ ਦੌਰ ਵਿਚ ਵੀ ਉਹ ਅਤੇ ਉਸ ਦੀ ਪ੍ਰੇਮਿਕਾ ਲਗਾਤਾਰ ਨਾ ਸਿਰਫ ਇੱਕ-ਦੂਜੇ ਵਿਚ ਗੁੰਮੇ ਰਹਿੰਦੇ ਹਨ ਸਗੋਂ ਉਹ ਦਾਰਸ਼ਨਿਕ ਵਿਆਖਿਆਵਾਂ ਵਿਚ ਵੀ ਉਲਝੇ ਰਹਿੰਦੇ ਹਨ। ਫਿਲਮ ਦੇ ਕੁਝ ਅਹਿਮ ਸੰਵਾਦ ਦੇਖੋ:

ਪੈਟਰੀਸ਼ੀਆ ਫ੍ਰੈਂਚਿਨੀ: ਜਦੋਂ ਫਰਾਂਸੀਸੀ ਇੱਕ ਸਕਿੰਟ ਕਹਿੰਦੇ ਹਨ ਤਾਂ ਉਨ੍ਹਾਂ ਦਾ ਮਤਲਬ ਪੰਜ ਮਿੰਟ ਹੁੰਦਾ ਹੈ।...

... ਸੁਣੋ, ਇਸ ਦਾ ਆਖਰੀ ਵਾਕ ਸੁੰਦਰ ਹੈ- 'ਬਿਰਹਾ' ਜਾਂ 'ਕੁਝ ਵੀ ਨਹੀ', ਮੈਂ ਬਿਰਹਾ ਦੀ ਚੋਣ ਕਰਾਂਗੀ ਤੇ ਤੁਸੀਂ... ਤੁਸੀਂ ਕੀ ਚੁਣੋਗੇ?

ਮਿਸ਼ੇਲ ਪਾਇਕਾਡ: ਬਿਰਹਾ... ਨਿਰੀ ਮੂਰਖਤਾ, ਮੈਂ 'ਕੁਝ ਵੀ ਨਹੀਂ' ਚੁਣਾਂਗਾ। ਇਹ ਬਿਹਤਰ ਤਾਂ ਨਹੀਂ ਪਰ ਬਿਰਹਾ ਤਾਂ ਸਮਝੌਤਾ ਹੈ। ਮੈਨੂੰ ਜਾਂ ਤਾਂ 'ਸਾਰਾ ਕੁਝ' ਚਾਹੀਦਾ ਜਾਂ 'ਕੁਝ ਵੀ ਨਹੀਂ'।

ਪੈਟਰੀਸ਼ੀਆ ਫ੍ਰੈਂਚਿਨੀ: ਤੂੰ ਬਜ਼ੁਰਗੀ ਤੋਂ ਡਰਦਾਂ? ਮੈਂ ਤਾਂ ਬਹੁਤ ਡਰਦੀ ਹਾਂ।...

... ਮੈਂ ਚਾਹੁੰਦੀ ਹਾਂ ਕਿ ਅਸੀਂ ਰੋਮੀਓ ਅਤੇ ਜੂਲੀਅਟ ਵਰਗੇ ਬਣੀਏ।


ਮਿਸ਼ੇਲ ਪਾਇਕਾਡ: ਇਹ ਜਮਾਂ ਤੀਵੀਆਂ ਆਲੀ ਗੱਲ ਆ!


ਪੈਟਰੀਸ਼ੀਆ ਫ੍ਰੈਂਚਿਨੀ: ਦੇਖੋ, ਤੁਸੀਂ ਪਿਛਲੀ ਰਾਤ ਕਿਹਾ ਸੀ ਕਿ ਤੁਸੀਂ ਮੇਰੇ ਬਿਨਾ ਨਹੀਂ ਰਹਿ ਸਕਦੇ ਪਰ ਤੁਸੀਂ ਚੰਗੇ-ਭਲੇ ਜੀ ਤਾਂ ਰਹੇ ਹੋ? ਰੋਮੀਓ ਜੂਲੀਅਟ ਤੋਂ ਬਿਨਾ ਨਹੀਂ ਰਹਿ ਸਕਦਾ ਸੀ ਪਰ ਤੁਸੀਂ ਤਾਂ ਬਹੁਤ ਅਰਾਮ 'ਚ ਹੋ।

ਮਿਸ਼ੇਲ ਪਾਇਕਾਡ: ਨਹੀਂ, ਮੈਂ ਤੇਰੇ ਬਿਨਾ ਨਹੀਂ ਜੀਅ ਸਕਦਾ।

ਪੈਟਰੀਸ਼ੀਆ ਫ੍ਰੈਂਚਿਨੀ: ਇਹ ਹੋਈ ਮਰਦ ਵਾਲੀ ਗੱਲ।

ਉਪਰੋਕਤ ਸੰਵਾਦ ਦੋਵਾਂ ਕਿਰਦਾਰਾਂ ਵਿਚ ਗਹਿਰੇ ਰਿਸ਼ਤੇ ਦੀ ਤਰਜਮਾਨੀ ਕਰਦੇ ਹਨ ਪਰ ਕਿਉਂਕਿ ਇਹ ਦੋਵੇਂ ਗੋਦਾਦ ਦੀ ਫਿਲਮ ਦੇ ਕਿਰਦਾਰ ਹਨ, ਅੰਤ ਵਿਚ ਇਸ ਫਿਲਮ ਦੇ ਬਿਰਤਾਂਤ ਮੁਤਾਬਿਕ ਪੈਟਰੀਸ਼ੀਆ ਫ੍ਰੈਂਚਿਨੀ ਨਾਮ ਦੀ ਇਹ ਕੁੜੀ ਆਪਣੇ ਪ੍ਰੇਮੀ ਮਿਸ਼ੇਲ ਪਾਇਕਾਡ ਬਾਰੇ ਪੁਲਿਸ ਕੋਲ ਮੁਖਬਰੀ ਕਰਦੀ ਹੈ ਤੇ ਉਹ ਸੜਕ 'ਤੇ ਭੰਗ ਦੇ ਭਾਣੇ ਮਾਰਿਆ ਜਾਂਦਾ ਹੈ।




ਫਿਲਮਸਾਜ਼ ਜਾਂ ਲਾਕ ਗੋਦਾਦ ਦੀ ਫਿਲਮ ਫਿਲਮ 'ਬਰੈੱਥਲੈਸ' ਦਾ ਪੋਸਟਰ ਅਤੇ (ਸੱਜੇ) ਇਕ ਝਲਕ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1777 Osage Ave Hayward CA 94545
2. 2249 moody ave Hayward ca 94545
3. 9714 Fall Valley Way Sacramento CA 95829
4. 3597 Skyline dr Hayward CA 94542
5. 1549 -1561 Landess Ave Milpitas CA 95035
6. 11401 Rampart Dr Dublin CA 94568
7. 7790 Squirrel Creek Cir Dublin CA, 94568
8. 2798 Tostalinda Dr Tracy CA 95377
9. 1216 Cliff Swallow Dr Patterson CA 95363-8732
10. 25210 century oaks Cir Castro valley, CA , 94552
11. 15583 via vega San Lorenzo, CA, 94580
12. 3626 Platt ct S Pleasanton CA 94588
13. 1401 Angus St Patterson, CA, 95363
14. 1548 Spring St Mountain View, CA, 94043
15. 1978 Catalpa Way Hayward, CA, 94545

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20